

ਬਹੁ-ਚਰਚਿਤ ਕਾਂਡ 'ਭਾਰਤ ਬਨਾਮ ਪੰਜਾਬ' ਸਮੇਤ

ਅਬ ਜੂਝਨ ਕੋ ਦਾਉ



ਜਗਦੀਪ ਸਿੰਘ ਫਰੀਦਕੋਟ



"ਕੌਮੀਂ ਦਰਦ ਨਾਲ ਨੱਕੋ ਨੱਕ ਭਰਿਆ ਹੋਇਆ ਬਾਈ ਅਮਰਦੀਪ ਸਿੰਘ ਅਮਰ"

• ਉਸ ਨੇ ਪਹਿਲਾ ਨਾਵਲ, ਆਮ ਲੇਖਕਾਂ ਵਾਂਗ, ਇਸ ਕਰਕੇ ਨਹੀਂ ਲਿਖਿਆ ਸੀ ਕਿ ਅਖ਼ਬਾਰਾਂ, ਰਸਾਲਿਆਂ ਵਿਚ ਕਵਿਤਾਵਾਂ ਤੇ ਲੇਖ ਪ੍ਰਕਾਸ਼ਿਤ ਹੋਣ ਤੋਂ ਬਾਅਦ ਹੁਣ ਉਹ ਇਕ ਲੇਖਕ ਵਜੋਂ ਪੱਕੇ ਪੈਰੀਂ ਸਥਾਪਤ ਹੋਣਾ ਚਾਹੁੰਦਾ ਸੀ ਤੇ ਨਾ ਹੀ ਉਹ ਨੇ ਇਸ ਲਈ ਲਿਖਿਆ ਸੀ ਕਿ ਕੋਈ 'ਸਰਕਾਰੀ ਪੁਰਸਕਾਰ' ਜਿੱਤ ਸਕੇ।

ਅਸਲ ਵਿਚ ਉਸ ਦੇ ਘਰ ਦੇ ਨਜ਼ਦੀਕੀ ਨਹਿਰ ਦੇ ਪੁਲ 'ਤੇ ਗੋਲੀਆਂ ਨਾਲ ਵਿੰਨ੍ਹੀਆਂ ਹੋਈਆਂ ਸਿਖ ਗੱਭਰੂਆਂ ਦੀਆਂ ਲਾਸ਼ਾਂ ਉਸ ਨੂੰ ਸੱਚ ਬਾਹਰ ਲਿਆਉਣ ਲਈ ਪੁਕਾਰ ਰਹੀਆਂ ਸਨ, ਤੇ ਉਸ ਨੂੰ ਸੁਪਨੇ ਆਉਣ ਲੱਗੇ, ਜਿਨ੍ਹਾਂ ਵਿਚ ਉਸ ਨੂੰ ਢੱਠੇ ਅਕਾਲ ਤਖ਼ਤ ਤੋਂ ਲੈ ਕੇ ਪੰਜਾਬ ਦੀਆਂ ਸਾਰੀਆਂ ਨਹਿਰਾਂ ਦੇ ਪੁਲਾਂ, ਚਰ੍ਹੀਆਂ, ਕਮਾਦਾਂ ਦੇ ਖੇਤਾਂ, ਹਰੀਕੇ ਪੱਤਣ ਵਿਚ ਤਰਦੀਆਂ ਲਾਸ਼ਾਂ ਹੀ ਲਾਸ਼ਾਂ ਦਿਖਣ ਲੱਗ ਪਈਆਂ। ਲੱਥੀਆਂ ਪੱਗਾਂ ਵਾਲੀਆਂ ਲਾਸ਼ਾਂ, ਖਿੱਲਰੇ ਕੇਸਾਂ ਵਾਲੀਆਂ ਲਾਸ਼ਾਂ...... ਤੇ ਫੇਰ ਸਾਰੇ ਪੰਜਾਬ ਦੀ ਧਰਤੀ ਇਹਨਾਂ ਸਿਖ ਗੱਭਰੂਆਂ ਦੇ ਲਹੂ ਨਾਲ ਲਾਲ ਹੋ ਜਾਂਦੀ, ਲਹੂ ਦੀਆਂ ਨਦੀਆਂ ਵਗ ਪੈਂਦੀਆਂ, ਉਹਨਾਂ ਵਿਚ ਹੜ੍ਹ ਆ ਜਾਂਦਾ ਤੇ ਇਹ ਤ੍ਰਭਕ ਕੇ ਸੁਪਨੇ ਵਿਚੋਂ ਉੱਠਦਾ, ਮੁੜਕੋ ਮੁੜਕੀ ਤੇ ਸਾਹੋ ਸਾਹੀ ਹੋਇਆ।

ਇਹ ਨਾਵਲ 'ਕੁੰਡਲੀਏ ਸੱਪ' ਬਾਈ ਅਮਰ ਦਾ ਗਿਣਤੀ ਵਿਚ ਪੰਜਵਾਂ ਨਾਵਲ ਹੈ। ਤੇ ਹੁਣ ਤਾਂ ਸ਼ਾਇਦ ਉਸ ਤੋਂ ਕੁਝ ਹੋਰ ਲਿਖ ਹੀ ਨਹੀਂ ਹੁੰਦਾ। ਕਈ ਵਾਰ ਉਹ ਕਹਿੰਦਾ ਹੁੰਦੈ, "ਯਾਰ ਸਾਡੀ ਤਾਂ ਆਪਣੀ ਪੀੜ ਹੀ ਏਨੀ ਐਂ...... ਕਿਸੇ ਹੋਰ ਬਾਰੇ ਕੀ ਲਿਖੀਏ...... ਤੇ ਇਸ਼ਕ ਮੁਸ਼ਕ ਬਾਰੇ ਲਿਖਣ ਵਾਲੇ ਤਾਂ ਪਹਿਲਾਂ ਈ ਬਥੇਰੇ ਨੇ...... ਬਸ ਆਹ ਪੀੜ ਹੀ ਕੋਈ ਮੂਹਰੇ ਨਹੀਂ ਲਿਆ ਰਿਹਾ।" ਉਸੇ ਪੀੜ ਨੂੰ ਬਿਆਨਦਾ ਹੈ ਇਹ ਨਵਾਂ ਨਾਵਲ। ਮਾਲਵੇ ਦੇ ਅਨੇਕਾਂ ਨਾਮਵਰ ਜੁਝਾਰੂਆਂ ਦੀਆਂ ਕਈ ਅਣਸੁਣੀਆਂ ਬਾਤਾਂ ਤੁਹਾਨੂੰ ਸੁਣਾਏਗਾ 'ਕੁੰਡਲੀਏ ਸੱਪ'।

ਸਿਖ ਸੰਘਰਸ਼ ਨੂੰ ਜਾਨਣ ਸਮਝਣ ਤੇ ਸੰਘਰਸ਼ ਦੀਆਂ ਪ੍ਰਾਪਤੀਆਂ ਤੇ ਕੁਝ ਕੁ ਗਲਤੀਆਂ ਨੂੰ ਨਿੱਤ ਦਿਹਾੜੀ ਆਪਣੇ ਦਿਮਾਗ ਵਿਚ ਰਿੜਕਦੇ ਰਹਿਣ ਵਾਲੇ ਇਸੇ ਸ਼ਖ਼ਸ਼ ਦਾ ਨਾਮ ਹੈ "ਅਮਰਦੀਪ ਸਿੰਘ ਅਮਰ"। ਪੰਥਕ ਦਰਦ ਨੂੰ ਆਪਣੇ ਧੁਰ ਅੰਦਰ ਤੱਕ ਮਹਿਸੂਸਣ ਵਾਲਾ ਅਮਰਦੀਪ ਸਭਰਾਵਾਂ ਦੇ ਮੈਦਾਨ ਵਿਚ ਡਿੱਗੇ ਕੇਸਰੀ ਨਿਸ਼ਾਨ ਤੇ ਜੂਨ ੮੪ ਵਿਚ ਢੱਠੇ ਅਕਾਲ ਤਖ਼ਤ ਦੀ ਤਸਵੀਰ ਆਪਣੇ ਮਨ ਵਿਚ ਉੱਕਰੀ ਫਿਰਦਾ ਹੈ।

ਜਗਦੀਪ ਸਿੰਘ ਫਰੀਦਕੋਟ

ਅਬ ਜੂਝਨ ਕੋ ਦਾਉ

ਲੇਖਕ :

ਜਗਦੀਪ ਸਿੰਘ ਫਰੀਦਕੋਟ

ਪ੍ਰਕਾਸ਼ਕ :

ਗੁਰਮਤਿ ਪੁਸਤਕ ਭੰਡਾਰ (31 ਨੰਬਰ ਵਾਲੇ)

ਦੁਕਾਨ ਨੰ : 154, ਸਕੂਟਰ ਸਟੈਂਡ ਦੇ ਉੱਪਰ,

ਘੰਟਾ ਘਰ ਮਾਰਕੀਟ, ਅੰਮ੍ਰਿਤਸਰ।

AAB JUJHAN KO DAU

by
Jagdeep Singh Faridkot
Street No. 6,
New Cantt. Road, Faridkot
98157-63313

ਪਹਿਲੀ ਵਾਰ : 2009

ਕੀਮਤ : 100-00 ਰੁਪਏ

ਪ੍ਰਕਾਸ਼ਕ :
ਗੁਰਮਤਿ ਪੁਸਤਕ ਭੰਡਾਰ (31 ਨੰਬਰ ਵਾਲੇ)
ਦੁਕਾਨ ਨੰ: 154, ਸਕੂਟਰ ਸਟੈਂਡ ਦੇ ਉੱਪਰ,
ਘੰਟਾ ਘਰ ਮਾਰਕੀਟ, ਅੰਮ੍ਰਿਤਸਰ।
ਫੋਨ: 0183-5101231
ਮੋਬਾਇਲ: 98726-58302, 98151-61234

ਪ੍ਰਿੰਟਰ :
ਦਸ਼ਮੇਸ਼ ਪ੍ਰਿੰਟਿੰਗ ਪ੍ਰੈਸ, ਜਲੰਧਰ।
Printed in India

ਸਮਰਪਣ

ਸਰਕਾਰ-ਏ-ਖ਼ਾਲਸਾ ਦੀ ਰਾਖੀ ਲਈ ਸਭਰਾਵਾਂ

ਦੇ ਮੈਦਾਨ ਵਿਚ ਲਹੂ ਦਾ

ਆਖਰੀ ਕਤਰਾ ਵਹਾ ਦੇਣ ਵਾਲੇ ਯੋਧੇ ਜਰਨੈਲ

ਸਰਦਾਰ ਸ਼ਾਮ ਸਿੰਘ ਅਟਾਰੀ

ਨੂੰ

ਲੇਖਕ ਬਾਰੇ

ਜੀਹਦੀ ਕਲਮ ਦੁਸ਼ਮਨ ਦੀ ਹਿੱਕ ਵਿਚ ਚੁੱਭਦੀ ਹੈ। ਮੇਰੇ ਭਰਾਵਾਂ ਦੀ ਦੁਨੀਆਂ ਵਿਚੋਂ ਸਭ ਤੋਂ ਪਿਆਰਾ ਵੀਰ ਹੈ ਜਗਦੀਪ। ਜਗਦੀਪ ਦੀਆਂ ਲਿਖਤਾਂ ਵਿਚੋਂ ਸੱਚ ਸ਼ੀਸ਼ੇ ਵਾਂਗ ਲਿਸ਼ਕੋਰਾਂ ਮਾਰਦਾ ਹੈ। ਸਮੁੰਦਰਾਂ ਦੀ ਡੂੰਘਾਈ ਤੇ ਅਕਾਸ਼ ਦੀ ਤਰ੍ਹਾਂ ਵਿਸ਼ਾਲ ਸੋਚ ਰੱਖਣ ਵਾਲੇ ਜਗਦੀਪ ਵੀਰ ਕੋਲ ਹਰ ਤਰ੍ਹਾਂ ਦੀ ਦਲੀਲ, ਹਰ ਤਰ੍ਹਾਂ ਦੀ ਜਾਣਕਾਰੀ ਤੇ ਹਰ ਤਰ੍ਹਾਂ ਦਾ ਜਵਾਬ ਮੌਜੂਦ ਹੈ ਕਿਉਂਕਿ ਇਸ ਕਲਮਬਾਜ਼ ਨੇ ਬਹੁਤ ਕੁਝ ਪੜ੍ਹਿਆ ਸਮਝਿਆ ਤੇ ਚੰਗਾ ਕੁਝ ਅਪਣਾਇਆ ਹੈ। ਜਗਦੀਪ ਦੀ ਕਲਮ ਨਿਡਰ, ਬੇਝਿਜਕ ਤੇ ਤਲਵਾਰ ਦੀ ਧਾਰ ਤੋਂ ਤਿੱਖੀ ਹੈ। ਜਗਦੀਪ ਦੀਆਂ ਲਿਖਤਾਂ ਨੇ ਬੱਚਿਆਂ ਤੋਂ ਬਜ਼ੁਰਗਾਂ ਤੱਕ ਨੂੰ ਪ੍ਰਭਾਵਿਤ ਕੀਤਾ ਹੈ। ਮੇਰੇ ਦੋਸਤ ਰਜਿੰਦਰ ਸਿੰਘ ਅਮਰੀਕਾ, ਗੁਰਦੀਪ ਕੱਸਾ, ਰਸ਼ਪਾਲ ਤੇ ਅਵਤਾਰ ਸਿੰਘ ਖੁਖਰਾਣਾ ਦੇ ਕਹਿਣ ਵਾਂਗੂ, ਜਗਦੀਪ ਦੀਆਂ ਲਿਖਤਾਂ ਪੜ੍ਹਦਾ-ਪੜ੍ਹਦਾ ਬੰਦਾ ਲੋਕਾਂ ਦੇ ਚਿਹਰੇ ਪੜ੍ਹਣ ਲੱਗ ਜਾਂਦਾ ਹੈ ਕਿਉਂਕਿ ਜਗਦੀਪ ਦੀ ਕਲਮ ਸੱਚ ਲਿਖਦੀ ਹੈ। ਲੇਖਕ ਦੀ ਕਲਮ ਭਾਵੇਂ ਕਾਗਜ਼ 'ਤੇ ਫਿਰਦੀ ਹੈ ਪਰ ਦੁਸ਼ਮਨਾਂ ਨੂੰ ਆਪਣੀ ਹਿੱਕ ਤੇ ਦਿੱਲੀ ਦੇ ਲਾਲ ਕਿਲੇ ਦੇ ਬਨੇਰਿਆਂ 'ਤੇ ਝਰੀਟਾਂ ਮਾਰਦੀ ਲੱਗਦੀ ਹੈ।

ਜਗਦੀਪ ਦਾ ਮੂੰਹ ਸਦਾ ਅਕਾਲ ਤਖ਼ਤ ਵੱਲ ਹੀ ਰਹੇਗਾ, ਭਾਵੇਂ ਹੁਕਮਰਾਨਾਂ ਨੇ ਬਹੁਤ ਹਥਕੰਡੇ ਵਰਤੇ ਪਰ ਇਸ ਯੋਧੇ ਵੀਰ ਨੇ ਦਿੱਲੀ ਵੱਲ ਪਿੱਠ ਹੀ ਰੱਖੀ ਹੈ।

ਮੈਂ ਆਪਣੇ ਦੋਸਤਾਂ ਤੇ ਜਗਦੀਪ ਦੇ ਸਾਰੇ ਪਾਠਕਾਂ ਸਮੇਤ ਪ੍ਰਮਾਤਮਾਂ ਅੱਗੇ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਜਗਦੀਪ ਨੂੰ ਵਧੇਰੇ ਤਾਕਤ ਦੇਵੇ ਤਾਂ ਕਿ ਇਸ ਵੀਰ ਦੀ ਕਲਮ ਹਮੇਸ਼ਾਂ ਇਸੇ ਤਰ੍ਹਾਂ ਸੱਚ ਬਿਆਨਦੀ ਰਹੇ ਤੇ ਵੈਰੀਆਂ ਨੂੰ ਤਲਵਾਰੋਂ ਡੂੰਘੇ ਫੱਟ ਦਿੰਦੀ ਰਹੇ।

ਜਗਦੀਪ ਦੇ ਇਸ ਨਾਵਲ 'ਅਬ ਜੂਝਨ ਕੋ ਦਾਉ' ਨੂੰ ਜੋ ਵੀ ਪੜੇਗਾ, ਇੱਕ ਬਹੁਤ ਵੱਡੀ ਜਾਣਕਾਰੀ ਪ੍ਰਾਪਤ ਕਰੇਗਾ। ਸਾਨੂੰ ਵਿਸ਼ਵਾਸ਼ ਹੈ ਕਿ ਇਸ ਕਿਤਾਬ ਦੇ ਟਾਈਟਲ ਵਾਂਗ ਜਗਦੀਪ ਦੀ ਕਲਮ ਵੀ ਸਦਾ ਜੂਝਦੀ ਰਹੇਗੀ।

ਗੁਰੂ ਮਹਾਰਾਜ ਜਗਦੀਪ ਨੂੰ ਹੋਰ ਤਾਕਤ ਬਖਸ਼ੇ।

'ਰਹਿਣੇ ਸਦਾ ਝੂਲਦੇ ਇਹ ਝੰਡੇ ਬੁੰਗੇ ਨੇ,
ਕਲਮਾਂ ਦੇ ਫੱਟ ਹੁੰਦੇ ਤਲਵਾਰਾਂ ਤੋਂ ਡੂੰਘੇ ਨੇ,
ਦਿਲਾਂ ਵਿਚ ਸੁਲਘਦੀ ਚੰਗਿਆਰੀ ਰਹੇਗੀ,
ਜਿੰਨਾ ਚਿਰ ਮਿਲਦਾ ਨਈ ਹੱਕ ਹੱਕਦਾਰਾਂ ਨੂੰ,
ਨਹੀਂ ਰੁਕਣੀ ਇਹ ਜੰਗ ਜਾਰੀ ਰਹੇਗੀ......

ਸੁਖਜੀਵਨ ਸਿੰਘ ਕੁੱਸਾ

ਦੋ-ਚਾਰ ਗੱਲਾਂ

ਸਭ ਤੋਂ ਪਹਿਲਾਂ ਉਸ ਅਕਾਲ ਪੁਰਖ ਦਾ ਬਹੁਤ-ਬਹੁਤ ਰਿਣੀ ਹਾਂ ਜਿਹਨਾਂ ਨੇ ਮੈਨੂੰ ਪੰਜਾਬ ਵਿਚ ਜਨਮ ਦਿੱਤਾ ਤੇ ਐਸੇ ਮਾਤਾ-ਪਿਤਾ ਦੀ ਨਿੱਘੀ ਗੋਦ ਬਖ਼ਸ਼ੀ, ਜਿਹਨਾਂ ਨੇ ਮੇਰੀ ਅੱਜ ਤੱਕ ਹਰੇਕ ਮੰਗ ਪੂਰੀ ਕੀਤੀ, ਫੇਰ ਭਾਵੇਂ ਉਹਨਾਂ ਨੂੰ ਔਖੇ ਹੀ ਕਿਉਂ ਨਾ ਹੋਣਾ ਪਿਆ ਹੋਵੇ।

ਉਸ ਤੋਂ ਬਾਅਦ ਮੇਰੀ ਜ਼ਿੰਦਗੀ ਵਿਚ ਆਏ ਕੁਝ ਉਹਨਾਂ ਵੀਰਾਂ ਦਾ ਵੀ ਵਿਸ਼ੇਸ਼ ਧੰਨਵਾਦ ਜਿਹਨਾਂ ਨੇ ਮੈਨੂੰ ਮਾਸਕੋ ਜਾਂਦੇ ਨੂੰ ਫੜ੍ਹ ਕੇ ਅਨੰਦਪੁਰ ਦੇ ਰਾਹ ਪਾਇਆ।

ਮੈਂ ਆਪਣੀ ਜ਼ਿੰਦਗੀ ਦਾ ਸਭ ਤੋਂ ਪਹਿਲਾ ਨਾਵਲ 'ਤੂਤਾਂ ਵਾਲਾ ਖੂਹ' ਪੜ੍ਹਿਆ ਸੀ। ਓਦੋਂ ਮੈਂ ਨੌਵੀਂ ਜਮਾਤ ਵਿਚ ਪੜ੍ਹਦਾ ਸੀ। ਮੇਰੇ ਮਾਮੇ ਦੇ ਮੁੰਡੇ, ਰਾਜਾ ਤੇ ਕਾਲਾ, ਮੇਰੇ ਤੋਂ ਇੱਕ ਜਮਾਤ ਅੱਗੇ ਸਨ। ਮੇਰੀ ਆਦਤ ਸੀ ਕਿ ਮੈਂ ਜਦੋਂ ਵੀ ਛੁੱਟੀਆਂ ਵਿਚ ਨਾਨਕੇ ਜਾਂਦਾ ਤਾਂ ਮੈਂ ਉਹਨਾਂ ਦੀਆਂ ਕਿਤਾਬਾਂ ਚੁੱਕ ਕੇ ਪੜ੍ਹ ਲੈਂਦਾ। ਸਾਡੇ ਸਮਿਆਂ ਵਿਚ ਸੋਹਣ ਸਿੰਘ ਸੀਤਲ ਦਾ ਪ੍ਰਸਿੱਧ ਨਾਵਲ 'ਤੂਤਾਂ ਵਾਲਾ ਖੂਹ' ਦਸਵੀਂ ਦੇ ਸਲੇਬਸ ਵਿਚ ਹੁੰਦਾ ਸੀ। ਕੁਝ ਕੁ ਦਿਨਾਂ ਵਿਚ ਹੀ ਮੈਂ ਉਹ ਨਾਵਲ ਨਬੇੜ ਦਿੱਤਾ। ਮੈਨੂੰ ਕਹਾਣੀਆਂ ਪੜ੍ਹਨ ਸੁਣਨ ਦਾ ਸ਼ੌਕ ਬਚਪਨ ਤੋਂ ਹੀ ਸੀ। ਪਰ ਜੋ ਅਨੰਦ ਇਹ ਨਾਵਲ ਪੜ੍ਹ ਕੇ ਆਇਆ, ਉਹ ਏਦੂੰ ਪਹਿਲਾਂ ਕਦੇ ਨਹੀਂ ਆਇਆ ਸੀ। ਇਲਮ ਦੀਨ ਤੇ ਸੱਜਣ ਸਿਹੁੰ ਦੀ ਯਾਰੀ, ਲਾਲੇ ਧਨੀ ਰਾਮ ਦੀ ਬਾਹਮਣ ਬਾਣੀਆਂ ਵਾਲੀ ਲੋਟੂ ਬਿਰਤੀ, ਵੰਡ ਵੇਲੇ ਆਪਣਿਆਂ ਹੱਥੋਂ ਆਪਣਿਆਂ ਦੀ ਹੋਈ ਵੱਢ ਟੁੱਕ, ਕੁਰਸੀ ਦੇ ਲੋਭੀ ਲੀਡਰਾਂ ਵੱਲੋਂ ਪੰਜਾਬ ਦੀ ਧਰਤੀ 'ਤੇ ਖਿੱਚੀ ਗਈ ਲੀਕ ਬਹੁਤ ਕੁਝ ਸੀ ਇਸ ਨਾਵਲ ਵਿਚ, ਜਿਹੜਾ ਅੱਜ ਪੰਦਰਾਂ ਸਾਲਾਂ ਬਾਅਦ ਵੀ ਮੈਨੂੰ ਯਾਦ ਹੈ।

ਦੂਜਾ ਨਾਵਲ ਜੋ ਮੈਂ ਪੜ੍ਹਿਆ ਉਹ ਸੀ, 'ਖੂਨ ਕੇ ਸੋਹਿਲੇ ਗਾਵੀਅਹਿ ਨਾਨਕ'। ਬਾਪੂ ਸੋਹਣ ਸਿੰਘ ਸੀਤਲ ਨੇ ਕਹਾਣੀ ਜਿੱਥੇ ਛੱਡੀ ਸੀ, ਬਾਪੂ ਜਸਵੰਤ ਸਿੰਘ ਕੰਵਲ ਨੇ ਉੱਥੋਂ ਚੁੱਕ ਲਈ। ਸੱਚ ਪੁੱਛੋ ਤਾਂ ਇਹ ਨਾਵਲ ਪੜ੍ਹ ਕੇ ਪਹਿਲੀ ਵਾਰ ਮੇਰਾ ਜੀਅ ਕੀਤਾ ਕਿ ਕੋਠੇ 'ਤੇ ਚੜ੍ਹ ਕੇ ਉੱਚੀ ਸਾਰੀ ਕਹਾਂ 'ਹਿੰਦੋਸਤਾਨ ਮੁਰਦਾਬਾਦ'।

ਤੇ ਪਹਿਲੀ ਵਾਰ ਜੋ ਨਾਵਲ ਮੈਂ ਇੱਕੋ ਬੈਠਕ ਵਿਚ ਪੜ੍ਹਿਆ ਸੀ ਉਹ ਸੀ, 'ਤੇ ਦੀਵਾ ਜਗਦਾ ਰਹੇਗਾ'। ਤੇ ਜੇ ਇਹ ਕਹਿ ਲਿਆ ਜਾਵੇ ਕਿ ਬਾਪੂ ਜਸਵੰਤ ਸਿੰਘ ਕੰਵਲ ਦੀ ਛੱਡੀ ਬਾਤ ਬਾਈ ਅਮਰਦੀਪ ਸਿੰਘ ਅਮਰ ਨੇ ਅੱਗੇ ਪਾਉਣੀ ਸ਼ੁਰੂ ਕਰ ਦਿੱਤੀ ਤਾਂ ਇਸ ਵਿਚ ਕੋਈ ਅਤਕਥਨੀ ਨਹੀਂ ਹੋਵੇਗੀ।

ਕੁਝ ਨਾਵਲ (ਜਿਹਨਾਂ ਵਿਚੋਂ ਬਾਈ ਜੱਗੀ ਦਾ 'ਪੁਰਜਾ ਪੁਰਜਾ ਕਟ ਮਰੈ' ਵਿਸ਼ੇਸ਼ ਸੀ, ਜਿਸ ਨੇ ਮੈਨੂੰ ਕਈ ਰਾਤਾਂ ਸੌਣ ਨਈ ਦਿੱਤਾ) ਤੇ ਇਤਿਹਾਸਕ ਕਿਤਾਬਾਂ

ਪੜ੍ਹ ਕੇ ਖਾੜਕੂ ਲਹਿਰ ਨਾਲ ਮੈਨੂੰ ਹਮਦਰਦੀ ਜਹੀ ਹੋਣ ਲੱਗ ਪਈ ਸੀ, ਪਰ ਅਮਰਦੀਪ ਦੇ ਇਸ ਨਾਵਲ ਨੇ ਮੇਰਾ ਜੁਝਾਰੂਆਂ ਨਾਲ ਮੋਹ ਜਿਹਾ ਪਾ ਦਿੱਤਾ ਤੇ ਉਹ ਆਪਣੇ-ਆਪਣੇ ਲੱਗਣ ਲੱਗ ਪਏ। ਖਾੜਕੂਆਂ ਦਾ ਜੀਵਨ ਏਡਾ ਉੱਚਾ-ਸੁੱਚਾ ਸੀ, ਇਸ ਤੋਂ ਮੈਂ ਇਹ ਨਾਵਲ ਪੜ੍ਹਣ ਤੱਕ ਅਣਜਾਣ ਸਾਂ।

ਇਸ ਤੋਂ ਪਿਛੋਂ ਵਿਸ਼ਵ ਸਾਹਿਤ ਤੇ ਕੁਝ ਸਰਬੋਤਮ ਨਾਵਲ, ਗੋਰਕੀ ਦਾ ਮਾਂ, ਵਾਂਦਾ ਵਾਸੀਲਿਊਸਕਾ ਦਾ ਸਤਰੰਗੀ ਪੀਂਘ, ਨਿਕੋਲਾਈ ਦਾ ਕਬਹੂ ਨ ਛਾਡੈ ਖੇਤੁ, ਹੈਮਿੰਗਵੇ ਦਾ ਬੁੱਢਾ ਆਦਮੀਂ ਅਤੇ ਸਮੁੰਦਰ, ਵਿਕਟਰ ਹਿਊਗੋ ਦਾ ਦੁਖੀਏ, ਹਰਮਨ ਹਾਂਸ ਦਾ ਸਿਧਾਰਥ ਅਤੇ ਐਸੇ ਕੁਝ ਹੋਰ ਨਾਵਲ ਪੜ੍ਹ ਕੇ ਸਾਹਿਤ ਦੇ ਇਸ ਰੂਪ ਨਾਲ ਤਾਂ ਜਿਵੇਂ ਖਾਸ ਲਗਾਵ ਜਿਹਾ ਹੋ ਗਿਆ ਸੀ।

ਕਿਸੇ ਵਾਰਤਾ, ਕਹਾਣੀ ਨੂੰ ਖੋਲ ਕੇ ਲਿਖਣ ਲਈ ਨਾਵਲ ਸਾਹਿਤ ਦਾ ਸਭ ਤੋਂ ਵਧੀਆ ਰੂਪ ਹੈ। ਇਸ ਤੋਂ ਪਹਿਲਾਂ ਮੈਂ ਬਥੇਰੇ ਲੇਖ, ਕਵਿਤਾਵਾਂ ਤੇ ਕਹਾਣੀਆਂ ਅਖ਼ਬਾਰਾਂ ਰਸਾਲਿਆਂ ਲਈ ਲਿਖੀਆਂ, ਪਰ ਜਿੰਨਾ ਅਨੰਦ ਏਸ ਨਾਵਲ ਨੂੰ ਲਿਖ ਕੇ ਆਇਆ ਓਨਾ ਅੱਜ ਤੱਕ ਕਿਸੇ ਹੋਰ ਚੀਜ਼ ਵਿਚ ਨਹੀਂ ਆਇਆ। ਜਿਵੇਂ ਅੰਦਰੋਂ ਇਕ ਤ੍ਰਿਪਤੀ ਜਹੀ ਹੋ ਗਈ।

ਇਸ ਨਾਵਲ ਦਾ ਆਰੰਭ ਮੇਰੀ ਆਪਣੀ ਜ਼ਿੰਦਗੀ ਵਿਚ ਵਾਪਰੀਆਂ ਕੁਝ ਘਟਨਾਵਾਂ ਤੋਂ ਬੱਝਾ ਸੀ, ਪਰ ਪਿੱਛੋਂ ਕਹਾਣੀ ਵਧਦੀ ਗਈ। ਸ਼ਾਇਦ ਮੈਂ ਇਸ ਨਾਵਲ ਨੂੰ ਛਪਾਉਣ ਬਾਰੇ ਕਦੇ ਨਾ ਸੋਚਦਾ ਜੇ ਮੈਨੂੰ ਕੁਝ ਵਿਦਵਾਨ ਦੋਸਤਾਂ ਦਾ ਹੁੰਗਾਰਾ ਨਾ ਮਿਲਿਆ ਹੁੰਦਾ।

ਅਸਲ ਵਿਚ ਨਾਵਲ ਦਾ ਇਕ ਅਹਿਮ ਕਾਂਡ 'ਭਾਰਤ ਬਨਾਮ ਪੰਜਾਬ' ਰੋਜ਼ਾਨਾਂ ਸਪੋਕਸਮੈਨ ਵਿਚ ਤਿੰਨ ਭਾਗਾਂ ਵਿਚ ਛਪ ਗਿਆ। ਆਖ਼ਰੀ ਭਾਗ ਦੀ ਸਮਾਪਤੀ ਵਾਲੇ ਦਿਨ ਮੈਨੂੰ ਸਵੇਰੇ ਛੇ ਵਜੇ ਫੋਨ ਆਉਣੇ ਸ਼ੁਰੂ ਹੋ ਗਏ। ਆਖ਼ਰੀ ਭਾਗ ਵਾਲੇ ਦਿਨ ਇਸ ਲਈ ਕਿਉਂਕਿ ਅਖ਼ਬਾਰ ਵਾਲਿਆਂ ਨੇ ਮੇਰਾ ਨੰਬਰ ਤੀਜੀ ਤੇ ਆਖ਼ਰੀ ਕਿਸ਼ਤ ਵਾਲੇ ਦਿਨ ਦਿੱਤਾ ਸੀ।

ਸਭ ਤੋਂ ਪਹਿਲੇ ਫੋਨ ਵਾਲੇ ਵੀਰ ਦੀ ਕਾਲ ਆਈ, ਮੈਂ ਫੋਨ ਚੁੱਕਿਆ,

"ਹਾਂ ਜੀ ਜਗਦੀਪ ਸਿੰਘ ਬੋਲਦੇ ਓਂ ਜੀ... ਫਰੀਦਕੋਟ"

"ਹਾਂ ਜੀ ਜਗਦੀਪ ਸਿੰਘ ਬੋਲਦਾਂ" ਬਸ ਉਸ ਨੇ ਮੈਨੂੰ ਏਨਾ ਕੁ ਬੋਲਣ ਦਿੱਤਾ ਤੇ ਇਸ ਤੋਂ ਬਾਅਦ ਡੇਢ-ਦੋ ਮਿੰਟ ਉਹ ਲਗਾਤਾਰ ਹੀ ਬੋਲੀ ਗਿਆ, ਬਿਨਾ ਕਿਸੇ ਫਤਹਿ, ਬਿਨਾ ਕਿਸੇ ਸਤਿ ਸ੍ਰੀ ਅਕਾਲ ਤੋਂ,

"ਬਾਈ ਜੀ ਕਮਾਲ ਕਰਤੀ... ਬਸ ਸਿਰੇ ਲਾਤਾ... ਮੈਂ ਬਾਈ ਜੀ ਕਿੱਦੇਂ ਦਾ ਥੋਡਾ ਨੰਬਰ ਲੱਭਦਾ ਸੀ... ਪਹਿਲੀਆਂ ਦੋਵੇਂ ਕਿਸ਼ਤਾਂ ਬਾਈ ਜੀ ਮੈਂ ਲੈਮੀਨੇਸ਼ਨ ਕਰਵਾ ਕੇ ਰੱਖੀਐਂ ਤੇ ਅੱਜ ਤੀਜੀ ਕਿਸ਼ਤ ਆਈ ਐ... ਥੱਲੇ ਥੋਡਾ ਨੰਬਰ ਸੀ... ਮੈਂ ਕਿਹਾ ਪਹਿਲਾਂ ਗੱਲ ਕਰੀਏ... ਬਸ ਬਾਈ ਜੀ ਹੁਣ ਹੋਰ ਕੀ ਕਹਾਂ ਤੁਸੀ ਤਾਂ ਗੱਲ ਸਿਰੇ ਈ ਲਾਤੀ ਐ..."

ਐਸੇ ਹੀ ਉਸ ਦਿਨ ਘੱਟੋ ਘੱਟ (ਹਲਾਂਕਿ ਉਸ ਤੋਂ ਬਾਅਦ ਵੀ ਕਈ ਦਿਨ ਫੋਨ ਆਉਂਦੇ ਰਹੇ) ੧੦੦-੧੫੦ ਫੋਨ ਆਏ ਹੋਣਗੇ, ਜਿੰਨਾ ਨੇ ਮੈਨੂੰ ਵੱਧ ਤੋਂ ਵੱਧ ਹੱਲਾਸ਼ੇਰੀ ਦਿੱਤੀ। ਕੋਈ ਵੀ ਫੋਨ ਵਿਰੋਧ ਵਿਚ ਨਹੀਂ ਆਇਆ। ਇਹਨਾਂ ਸਾਰੇ ਵੀਰਾਂ ਭੈਣਾ ਨੇ ਮੈਨੂੰ ਨਾਵਲ ਛੇਤੀ ਤੋਂ ਛੇਤੀ ਨਬੇੜ ਕੇ ਛਪਾਉਣ ਲਈ ਕਿਹਾ।

ਇਹਨਾਂ ਸਾਰੇ ਫ਼ੋਨਾਂ ਵਿਚੋਂ ਕੁਝ ਫੋਨ ਉਹਨਾਂ ਦੇ ਵੀ ਆਏ ਜਿੰਨ੍ਹਾਂ ਤੋਂ ਸ਼ਾਬਾਸ਼ੇ ਸੁਣ ਕੇ ਮੇਰਾ ਹੌਸਲਾ ਪਹਾੜ ਜਿੱਡਾ ਹੋ ਗਿਆ। ਸਭ ਤੋਂ ਪਹਿਲਾਂ ਪ੍ਰੋਫੈਸਰ ਕੁਲਬੀਰ ਸਿੰਘ, ਏ.ਆਰ.ਦਰਸ਼ੀ ਦੀ ਪ੍ਰਸਿੱਧ ਪੁਸਤਕ ਜਾਂਬਾਜ਼ ਰਾਖਾ ਦੇ ਅਨੁਵਾਦਕ, ਦੀ ਕਾਲ ਆਈ। ਨਾਂਵਲ ਦੇ ਇਸ ਕਾਂਡ ਦੀ ਸ਼ਾਬਾਸ਼ ਦੇਣ ਤੋਂ ਬਾਅਦ ਉਹਨਾਂ ਦੁਆਰਾ ਕਹੀ ਗਈ ਇਹ ਸਤਰ ਕਿ , "ਕਦੇ ਚੰਡੀਗੜ੍ਹ ਆਇਆ ਤਾਂ ਜ਼ਰੂਰ ਮਿਲ ਕੇ ਜਾਈਂ, ਤੇਰੀ ਅਗਲੇਰੀ ਪੜਾਈ ਵਿਚ ਮੈਂ ਤੇਰੀ ਮਦਦ ਕਰਾਂਗਾ" ਮੈਨੂੰ ਅੱਜ ਤੱਕ ਯਾਦ ਹੈ, ਇਸ ਨੇ ਮੇਰੇ ਮਨ ਨੂੰ ਬਹੁਤ ਖੁਸ਼ੀ ਦਿੱਤੀ ਸੀ। ਫੇਰ ਹੌਸਲਾ ਦਿੱਤਾ ਪ੍ਰਸਿੱਧ ਨਾਵਲਕਾਰ ਬਾਈ ਸ਼ਿਵਚਰਨ ਜੱਗੀ ਕੁੱਸੇ ਨੇ। ਤੇ ਬਾਈ ਜੱਗੀ ਤਾਂ ਜਦੋਂ ਕਿਸੇ ਦੀ ਤਾਰੀਫ ਕਰੇ ਤਾਂ ਬਸ ਅੰਬਰੀਂ ਹੀ ਪੁਚਾ ਦਿੰਦਾ ਹੈ। ਵੀਰ ਜੀ ਕਰਮਜੀਤ ਸਿੰਘ ਸਿੱਖਾਂਵਾਲਾ ਤੇ ਬਾਈ ਅਮਰਦੀਪ ਵੱਲੋਂ ਵੀ ਇਸ ਨੂੰ ਬਹੁਤ ਸਲਾਹਿਆ ਗਿਆ। ਆਮ ਤੌਰ 'ਤੇ ਕੁਝ ਲਿਖਣ ਛਾਪਣ ਤੋਂ ਪਹਿਲਾਂ ਮੈਂ ਇਹਨਾਂ ਤੋਂ ਸਲਾਹ ਜ਼ਰੂਰ ਲੈਂਦਾ ਹਾਂ। ਬਾਈ ਅਮਰਦੀਪ ਦੁਆਰਾ ਕਹੇ ਬੋਲਾਂ, "ਜਗਦੀਪ ਚੱਕ ਦੇ ਫੱਟੇ ਬਸ" ਤੋਂ ਬਾਅਦ ਮੈਂ ਪਿੱਛੇ ਮੁੜ ਕੇ ਨਹੀਂ ਦੇਖਿਆ, ਤੇ ਅੱਜ ਇਹ ਨਾਵਲ ਤੁਹਾਡੇ ਹੱਥਾਂ ਵਿਚ ਹੈ।

ਮੈਂ ਮੰਨਦਾ ਹਾਂ ਕਿ ਬਹੁਤੀ ਵਿਦਿਅਕ ਯੋਗਤਾ ਨਾ ਹੋਣ ਕਰਕੇ ਇਸ ਵਿਚ ਸਾਹਿਤਕ ਪੱਖੋਂ ਬਹੁਤ ਖਾਮੀਆਂ ਰਹਿ ਗਈਆਂ ਹੋਣਗੀਆਂ। ਹੋ ਸਕਦੈ ਕਿ ਇਹ ਨਾਵਲ ਦੇ ਮਾਪ ਤੋਲ 'ਤੇ ਪੂਰਾ ਹੀ ਨਾ ਉਤਰਦਾ ਹੋਵੇ। ਪਰ ਕੋਈ ਇਹ ਨਹੀਂ ਕਹਿ ਸਕਦਾ ਕਿ ਇਹ ਦਿੱਲੀ ਤਖ਼ਤ ਦੇ ਹੱਕ ਵਿਚ ਖੜ੍ਹਦਾ ਹੈ। ਮੈਂ ਕੋਸ਼ਿਸ਼ ਕੀਤੀ ਹੈ ਕਿ ਜ਼ਾਲਮ ਦਿੱਲੀ ਦੁਆਰਾ ਪੰਜਾਬ ਦੇ ਪਿੰਡੇ 'ਤੇ ਕੀਤੇ ਗਏ ਅਣਮਨੁੱਖੀ ਤਸ਼ੱਦਦ ਨੂੰ ਇੰਨ-ਬਿੰਨ ਤੁਹਾਡੇ ਸਾਹਮਣੇ ਪੇਸ਼ ਕਰਾਂ, ਤੇ ਜੇ ਕਿਤੋਂ ਮੈਂ ਉੱਕ ਗਿਆ ਹੋਵਾਂ ਤਾਂ ਕੰਨੋਂ ਫੜ ਕੇ ਸਮਝਾਉਣਾ ਵੀ ਤੁਹਾਡਾ ਫਰਜ਼ ਹੈ।

ਅਖ਼ੀਰ ਵਿਚ ਮੈਂ ਕੁਝ ਵੀਰਾਂ ਦਾ ਧੰਨਵਾਦ ਕਰਨਾ ਚਾਹਾਂਗਾ। ਜਿਹਨਾਂ ਵਿਚੋਂ ਸਭ ਤੋਂ ਪਹਿਲਾ ਨਾਂ ਸੁਖਜੀਵਨ ਸਿੰਘ ਕੁੱਸਾ ਦਾ ਆਉਂਦਾ ਹੈ, ਜੋ ਹਰ ਰੋਜ਼ ਮੈਨੂੰ ਫੋਨ ਕਰਕੇ ਪੁੱਛਦਾ ਰਹਿੰਦਾ ਸੀ, "ਬਾਈ ਕਿੰਨਾ ਕੁ ਨਿੱਬੜ ਗਿਆ"। ਉਸ ਦੇ ਨਿੱਤ ਦਿਹਾੜੀ ਯਾਦ ਕਰਵਾਉਣ ਨੇ ਵੀ ਮੈਨੂੰ ਆਹਰੇ ਲਾਈ ਰੱਖਿਆ। ਮੇਰੀ ਛੋਟੀ ਭੈਣ ਗੀਤਾ, ਜਦੋਂ ਵੀ ਮੈਂ ਬਾਰਦੇਕੇ ਜਾਂਦਾ, ਹਰ ਵਾਰ ਮੈਨੂੰ ਪੁੱਛਦੀ, "ਜਗਦੀਪ ਵੀਰੇ ਤੇਰਾ ਨਾਵਲ ਨ੍ਹੀ ਆਇਆ"। ਵੀਰ ਦਿਲਬਾਗ ਸਿੰਘ, ਜਿਸ ਨੇ ਨਾਵਲ ਦਾ ਟਾਈਟਲ ਆਪਣੀ ਮਿਹਨਤ ਨਾਲ ਦੋ-ਤਿੰਨ ਦਿਨ ਲਾ ਕੇ ਬਣਵਾਇਆ, ਦਾ ਵੀ ਇਸ ਨਾਵਲ ਨੂੰ ਛਪਾਉਣ ਵਿਚ ਅਹਿਮ ਯੋਗਦਾਨ ਰਿਹਾ ਹੈ। ਵੀਰ ਹਰਮਿੰਦਰ ਸਿੰਘ ਅਮਰੀਕਾ, ਅਮਨਦੀਪ

ਸਿੰਘ ਗਲਾਸਗੋ, ਭਾਈ ਗੁਰਜਿੰਦਰ ਸਿੰਘ ਵੀ ਹਰ ਸਮੇਂ ਹੌਸਲਾ ਦਿੰਦੇ ਰਹੇ ਹਨ।

......ਤੇ ਮੇਰੇ ਵੀਰ ਅਜੇਪਾਲ, ਖੁਸ਼ਵਿੰਦਰ, ਅਮਨ, ਮਨਜੀਤ ਤੇ ਦਾਰਾ, ਜਿਹੜੇ ਹਰ ਸਮੇਂ ਮੇਰੇ ਨਾਲ ਬਾਹਵਾਂ ਬਣ ਕੇ ਖੜੇ ਰਹਿੰਦੇ ਹਨ, ਦਾ ਵੀ ਮੈਨੂੰ ਬਹੁਤ ਆਸਰਾ ਰਿਹਾ ਹੈ। ਤੇ ਕੁਝ ਉਹਨਾਂ ਵੀਰਾਂ, ਜਿਹੜੇ ਸ਼ਾਇਦ ਮੇਰੀ ਕਿਸੇ ਗਲਤੀ ਕਰਕੇ ਹੀ ਮੇਰੇ ਨਾਲ ਗੁੱਸੇ ਨੇ, ਜਿਨ੍ਹਾਂ ਦਾ ਇਸ ਨਾਵਲ ਵਿਚ ਨਹੀਂ ਸਗੋਂ ਮੇਰੇ ਜੀਵਨ ਵਿਚ ਅਹਿਮ ਯੋਗਦਾਨ ਰਿਹਾ ਹੈ, ਦਾ ਵੀ ਬਹੁਤ ਧੰਨਵਾਦ ਹੈ।

ਅੰਤ ਵਿਚ ਇਹਨਾਂ ਸਾਰੇ ਵੀਰਾਂ-ਭੈਣਾ, ਜਿਹਨਾਂ ਨੇ ਮੈਨੂੰ ਹੱਲਾਸ਼ੇਰੀ ਦੇ ਕੇ ਇਸ ਨਾਵਲ ਨੂੰ ਪੂਰਾ ਕਰਵਾਇਆ ਹੈ, ਬਹੁਤ-ਬਹੁਤ ਧੰਨਵਾਦ।

ਤੁਹਾਡੇ ਸੁਝਾਵਾਂ ਤੇ ਹੁੰਗਾਰਿਆਂ ਦੀ ਉਡੀਕ ਵਿਚ

ਤੁਹਾਡਾ
ਜਗਦੀਪ ਸਿੰਘ ਫਰੀਦਕੋਟ

ਕਾਂਡ ੧

ਹਟਕੋਰੇ, ਹਾਵਾਂ, ਚੀਕਾਂ, ਵੈਣ ਸਾਰੇ ਪਾਸੇ ਇਹੀ ਹਾਲ ਸੀ। ਹੰਝੂਆਂ ਦੇ ਦਰਿਆ ਵਹਿੰਦੇ ਸਨ। ਹੰਝੂ, ਕਿਸੇ ਦੇ ਪੁੱਤਰਾਂ ਲਈ, ਕਿਸੇ ਦੇ ਵੀਰਾਂ ਲਈ ਤੇ ਕਿਸੇ ਦੇ ਸੁਹਾਗਾਂ ਲਈ। ਖੁਸ਼ੀ ਤਾਂ ਮਾਨੋ ਖੰਬ ਲਾ ਕੇ ਉੱਡ ਗਈ ਸੀ। ਪੰਜਾਬ ਵੀ ਭੁੱਬਾਂ ਮਾਰ-ਮਾਰ ਰੋਂਦਾ ਸੀ। ਕਰਦਾ ਵੀ ਕੀ, ਜੀਹਨੂੰ ਪਹਿਲਾਂ ਹਾਕਮਾਂ ਨੇ ਕਾਗਜ਼ਾਂ ਉੱਤੇ ਲੀਕਾਂ ਮਾਰ ਕੇ ਵਿਚਾਲੋਂ ਵੱਢ ਦਿੱਤਾ, ਫੇਰ ਸਬਰ ਨਾ ਆਇਆ ਤੇ ਬਾਹਮਣੀ ਸਰਕਾਰ ਨੇ ਤਿੰਨ ਟੁਕੜੇ ਹੋਰ ਕਰ ਦਿੱਤੇ ਤੇ ਫੇਰ ਲੱਖਾਂ ਪੁੱਤ ਅੱਤਵਾਦੀ ਕਹਿ ਕੇ ਮਾਰ ਦਿੱਤੇ, ਉਹ ਰੋਣ ਤੋਂ ਸਿਵਾ ਹੋਰ ਕਰ ਵੀ ਕੀ ਸਕਦਾ ਸੀ। ਬੜੀ ਚੰਦਰੀ ਹਵਾ ਚੱਲ ਰਹੀ ਸੀ।

......ਤੇ ਹਵਾ ਵਿਚ ਹਰ ਪਲ ਕੋਈ ਨਾ ਕੋਈ ਮਨਹੂਸ ਖਬਰ ਆਉਂਦੀ ਰਹਿੰਦੀ, ਤੇ ਕਿਸੇ ਨਾ ਕਿਸੇ ਘਰ ਵਿਚ ਮਾਤਮ ਛਾ ਜਾਂਦਾ। ਹਵਾ ਵਿਚ ਸੇਕ ਵੀ ਸੀ, ਸਿਵਿਆਂ ਦੀ ਹਮੇਸ਼ਾਂ ਬਲਦੀ ਰਹਿਣ ਵਾਲੀ ਅੱਗ ਦਾ। ਹਵਾ ਵਿਚ ਸੜਿਆਂਦ ਸੀ, ਦਰਿਆਵਾਂ ਨਹਿਰਾਂ ਵਿਚ ਤਰਦੀਆਂ ਜਾ ਰਹੀਆਂ ਖਿੱਲਰੇ ਕੇਸਾਂ ਵਾਲੀਆਂ ਲਾਸ਼ਾਂ ਦੀ। ਹਵਾ ਵਿਚ ਬੋ ਸੀ, ਪੁਲਾਂ 'ਤੇ ਪਈਆਂ ਬੇਪਛਾਣ ਲਾਸ਼ਾਂ ਦੀ ਤੇ ਹਵਾ ਵਿਚ ਬਾਰੂਦ ਦਾ ਮੁਸ਼ਕ ਸੀ। ਸਰਕਾਰੀ ਕੁੱਤੇ ਹਲਕ ਗਏ ਸਨ ਤੇ ਪ੍ਰੇਤ ਕਥਾਵਾਂ ਦੇ ਰਾਖਸ਼ਾਂ ਵਾਂਗ ਆਦਮ ਬੋ-ਆਦਮ ਬੋ ਕਰਦੇ ਫਿਰਦੇ ਸਨ। ਮਨੁੱਖੀ ਲਹੂ ਇਹਨਾਂ ਦੇ ਮੂੰਹ ਨੂੰ ਲੱਗ ਗਿਆ ਸੀ...... ਤੇ ਓਸ ਲਹੂ ਦੀ ਪਿਆਸ ਇਹਨਾਂ ਨੂੰ ਨਿੱਤ ਦਿਹਾੜੀ ਵਧਦੀ ਜਾਂਦੀ ਸੀ।

ਸਭ ਕੁਝ ਤਹਿਸ ਨਹਿਸ ਹੋ ਰਿਹਾ ਸੀ। ਇਹੋ ਜਹੇ ਚੰਦਰੇ ਦਿਨ ਪੰਜਾਬ ਦੀ ਧਰਤੀ ਨੇ ਕਈ ਵਾਰ ਵੇਖੇ ਸਨ, ਪਰ ਐਤਕੀਂ ਇਹ ਲਗਾਤਾਰ ਚੱਲ ਰਹੇ ਨੇ, ੫੦ ਸਾਲ ਤੋਂ, ਮੁੱਕਣ ਦਾ ਨਾਮ ਹੀ ਨਹੀਂ ਲੈਂਦੇ। ਪੰਜਾਬ, ਸਾਡੀ ਮਾਂ ਧਰਤੀ। ਮਾਂ, ਜਿਹੜੀ ਮਿਹਨਤੀ ਪੁੱਤਰਾਂ ਦਾ ਮੁੜਕਾ ਡੁੱਲਦਾ ਤਾਂ ਜਰ ਲੈਂਦੀ ਹੈ, ਪਰ ਲਹੂ ਡੁੱਲਦਾ ਨਹੀਂ ਜਰ ਸਕਦੀ। ਭੁੱਬਾਂ ਨਿਕਲ ਜਾਂਦੀਆਂ ਨੇ। ......ਤੇ ਪੁੱਤ ਵੀ ਐਸੇ ਸਾਊ ਕਿ ਮਾਂ ਦੀ ਇੱਕੋ ਆਵਾਜ਼ 'ਤੇ ਸਭ ਕੁਝ ਵਾਰਨ ਨੂੰ ਤਿਆਰ। ਐਸੇ ਪੁੱਤਰਾਂ ਦੇ ਨਿੱਤ ਦਿਹਾੜੀ ਕਤਲਾਂ 'ਤੇ ਕੋਈ ਮਾਂ ਚੁੱਪ ਕਿਵੇਂ ਬੈਠਦੀ। ਕਾਲਜਾ ਪਾਟ ਜਾਂਦੈ ਜੇ ਕਿਸੇ ਦਾ ਇਕ ਜਵਾਨ ਪੁੱਤ ਮਰ ਜਾਵੇ ਤੇ ਏਥੇ ਤਾਂ ਗਿਣਤੀ ਲੱਖਾਂ ਟੱਪ ਚੁੱਕੀ ਸੀ।

ਇਕੱਠ ਹੁਣ ਸਿਰਫ ਸਿਵਿਆਂ ਵਿਚ ਰਹਿੰਦਾ ਸੀ। ਸੱਥਾਂ, ਤ੍ਰਿੰਝਣ, ਛੰਪੜ ਸਭ ਕਿਤੇ ਸੁੰਨ ਸਰਾਂ ਸੀ। ਜਿਹੜੀਆਂ ਸੱਥਾਂ ਵਿਚ ਸਾਰਾ ਦਿਨ ਬਜ਼ੁਰਗ ਜੁੜ ਕੇ

ਬੈਠੇ ਰਹਿੰਦੇ ਸਨ, ਜਿੱਥੇ ਸਾਰਾ ਦਿਨ ਹਾਸੇ-ਮਖੌਲ ਦੇ ਦੌਰ ਚੱਲਦੇ ਰਹਿੰਦੇ ਸਨ, ਉੱਥੋਂ ਦਿਆਂ ਤਖਤਪੋਸ਼ਾਂ ਤੋਂ ਹੁਣ ਕਦੇ ਕਿਸੇ ਨੇ ਘੱਟਾ ਨਹੀਂ ਝਾੜਿਆ ਸੀ।

ਜਿਹੜੇ ਤ੍ਰਿੰਞਣਾ ਵਿਚ ਕੁੜੀਆਂ ਸਾਰਾ ਦਿਨ ਰੌਲਾ ਪਾਉਂਦੀਆਂ ਰਹਿੰਦੀਆਂ ਸਨ, ਵੀਰਾਂ ਦੇ ਨਾਂ 'ਤੇ ਗੀਤ ਗਾਉਂਦੀਆਂ ਰਹਿੰਦੀਆਂ ਸਨ ਉੱਥੇ ਹੁਣ ਕਬੂਤਰਾਂ ਦਾ ਵਾਸਾ ਸੀ। ਹੁਣ ਕੋਈ ਵੀਰਾਂ ਦੇ ਗੀਤ ਨਹੀਂ ਗਾਉਂਦਾ ਸੀ ਤੇ ਨਾ ਹੀ ਕੋਈ ਵੀਰਾਂ ਦੀ ਬੋਲੀ ਪਾਉਂਦਾ ਸੀ, ਜਦ ਵੀਰ ਹੀ ਨਿੱਤ ਦਿਹਾੜੀ ਕਤਲ ਹੋ ਰਹੇ ਹੋਣ ਉਦੋਂ ਗੀਤਾਂ ਦੀ ਕਿਸ ਨੂੰ ਸੁੱਝਦੀ ਹੈ। ਹਾਸਾ ਠੱਠਾ ਤਾਂ ਜਿਵੇਂ ਲੋਕ ਭੁੱਲ ਹੀ ਗਏ ਹੋਣ।

ਪਰ ਇਹ ਨਹੀਂ ਕਿ ਕੋਈ ਵੀ ਖੁਸ਼ ਨਹੀਂ ਸੀ। ਖੁਸ਼ ਸੀ ਉਹ, ਜਿਸਦੇ "ਮਥੈ ਟਿਕਾ ਤੇੜਿ ਧੋਤੀ ਕਖਾਈ ॥" ਸੀ। ਉਸ ਦੀ ਖੁਸ਼ੀ ਤਾਂ ਸਾਂਭਿਆਂ ਨਹੀਂ ਸੰਭਲਦੀ ਸੀ, ਤੇ ਉਹ ਖੁਸ਼ੀ ਦਾ ਇਜ਼ਹਾਰ ਵੀ ਕਰ ਰਿਹਾ ਸੀ, ਕਦੇ ਲੱਡੂ ਵੰਡ ਕੇ, ਕਦੇ ਹਮਲਾਵਰ ਫੌਜੀਆਂ ਨੂੰ ਪੂਰੀਆਂ ਖਵਾ ਕੇ। ਸਚੁਮੱਚ ਇਹ ''ਜਗਤ ਕਾਸਾਈ '' ਬਹੁਤ ਖੁਸ਼ ਸੀ। ਜਿਸ ਨੇ ਕਦੇ ਪੰਜਾਬ ਨੂੰ ਤੇ ਏਥੋਂ ਦੇ ਜਾਇਆਂ ਨੂੰ ਆਪਣੇ ਨਹੀਂ ਸਮਝਿਆ। ਜਿਸ ਨੇ ਜਦੋਂ ਵੀ ਮੌਕਾ ਲੱਗਿਆ, ਏਸ ਧਰਤੀ ਨਾਲ ਧ੍ਰੋਹ ਕਮਾਇਆ। ਇਹਨਾਂ ਲਈ 'ਹਰਿਮੰਦਰ' ਦੀ ਤਬਾਹੀ ਤਾਂ ਲੰਕਾਂ ਦੇ ਸੜਨ ਵਾਂਗ ਸੀ। 'ਹਰਿਮੰਦਰ' ਦਾ ਰਾਖੇ ਇਹਨਾਂ ਲਈ ਰਾਖਸ਼ਸ਼। ਸਚੁਮੱਚ ਅਸੀਂ ਰਾਖਸ਼ਸ਼ ਹੀ ਤਾਂ ਹਾਂ, ਅਸੀਂ ਕਿਉਂ, ਹਰੇਕ ਸੱਚਾ ਬੰਦਾ ਝੂਠੇ ਲਈ ਰਾਖਸ਼ਸ਼ ਹੀ ਹੁੰਦਾ ਹੈ, ਹਾਂ ਨਾਂ ਬਦਲੇ ਜਾ ਸਕਦੇ ਨੇ ਕਦੇ ਰਾਖਸ਼ਸ਼, ਕਦੇ ਅਸੁਰ, ਅੱਤਵਾਦੀ, ਉਗਰਵਾਦੀ, ਅਲਗਾਵਵਾਦੀ ਕੁਝ ਵੀ।

ਬਸ, ਇਹਨਾਂ ਨੂੰ ਛੱਡ ਕੇ ਬਾਕੀ ਸਭ ਕੁਝ ਉਦਾਸ ਸੀ। ਸੋਗ ਵਿਚ ਡੁੱਬਿਆ ਹੋਇਆ ਸੀ। ਖੇਤ, ਟਿੱਬੇ, ਰੋਹੀਆਂ, ਪਹੀਆਂ ਸਭ ਕਿਤੇ 'ਕਬਰਾਂ ਦੀ ਚੁੱਪ' ਵਰਤੀ ਹੋਈ ਸੀ । ਸਾਰੇ ਦੇਸ਼ ਪੰਜਾਬ ਦਾ ਇਹੀ ਹਾਲ ਸੀ। ਇਸ ਸਭ ਦੇ ਕਾਰਨ ਬਹੁਤ ਵੱਡੇ ਸਨ। ਦੁਸ਼ਮਨ ਪੰਜ ਸਦੀਆਂ ਪੁਰਾਣੇ ਸਨ। ਪਰ ਅਜੇ ਵੀ ਅਣਖੀਲਾ ਪੰਜਾਬ ਉੱਜੜਿਆ ਨਹੀਂ ਸੀ, ਪੂਰੀ ਤਰ੍ਹਾਂ ਨਹੀਂ ਡਿੱਗਿਆ, ਗੋਡਿਆਂ ਭਾਰ ਸੀ ਤੇ ਆਪਣੇ ਬਚੇ ਪੁੱਤਰਾਂ ਵੱਲ ਆਸ ਭਰੀਆਂ ਨਜ਼ਰਾਂ ਨਾਲ ਤੱਕ ਰਿਹਾ ਸੀ, ਜਿਹੜੇ 'ਦਸਮੇਸ਼ ਪਿਤਾ' ਦੀ ਬਖਸ਼ੀ ਕ੍ਰਿਪਾਨ ਲੈ ਕੇ ਆਉਣਗੇ, ਦੁਸ਼ਮਨਾਂ ਦੇ ਡੱਕਰੇ ਕਰਨਗੇ ਤੇ ਪੰਜਾਬ ਨੂੰ ਮੁੜ ਪੈਰਾਂ ਉੱਤੇ ਖੜਾ ਕਰਨਗੇ। ਜਿਹੜੇ 'ਅਬ ਜੂਝਨ ਕੋ ਦਾਉ' ਦਾ ਉਦੇਸ਼ ਲੈ ਕੇ ਆਪਣੇ ਦੇਸ਼ ਨੂੰ ਜ਼ਾਲਮਾਂ ਦੇ ਪੰਜੇ ਵਿਚੋਂ ਛੁਡਵਾ ਕੇ ਮੁੜ ਆਬਾਦ ਕਰਨਗੇ।

ਦੂਰ ਕਿਤੋਂ ਇਲਾਹੀ ਆਵਾਜ਼ ਆ ਰਹੀ ਸੀ,

"ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥"

ਕਾਂਡ ੨

"ਦੋ ਚੀਜ਼ਾਂ ਜੱਟ ਮੰਗਦਾ ਦਾਰੂ ਘਰ ਦੀ ਬੰਦੂਕ ਬਾਰਾਂ ਬੋਰ ਦੀ, ਹੋ ਦੋ ਚੀਜ਼ਾਂ........."

ਗੁਰਿੰਦਰ ਕਾਲਜ ਵਿਚ ਯੂਥ ਫੈਸਟੀਵੈਲ ਚੱਲ ਰਿਹਾ ਸੀ। ਮੁੰਡੇ ਲਗਾਤਾਰ ਨੱਚ ਰਹੇ ਸਨ। ਜਦੋਂ ਉਹ ਹਟਦੇ ਤਾਂ ਕੁੜੀਆਂ ਸਟੇਜ ਮੱਲ ਲੈਂਦੀਆਂ, ਗਿੱਧਾ ਪਾਉਂਦੀਆਂ ਤੇ ਬੋਲੀਆਂ ਉਹੀ ਅੱਜ ਕੱਲ ਵਾਲੀਆਂ,

"ਕੱਦ ਸਰੂੰ ਦੇ ਬੂਟੇ ਵਰਗਾ, ਤੁਰਦਾ ਨੀਵੀਂ ਪਾ ਕੇ,
ਬੜਾ ਮੋੜਿਆ ਨਹੀਓਂ ਮੁੜਦਾ, ਵੇਖ ਲਿਆ ਸਮਝਾ ਕੇ,
ਸਈਓ ਨੀ ਮੈਨੂੰ ਰੱਖਣਾ ਪਿਆ, ਮੁੰਡਾ ਹਿੱਕ ਦਾ ਤਵੀਤ ਬਣਾ ਕੇ ਸਈਓ ਨੀ ਮੈਨੂੰ....."

ਤੇ ਕਿਤੇ-ਕਿਤੇ ਕੁੜੀਆਂ, ਗੀਤਾਂ 'ਤੇ ਨੱਚਣ ਦੀ 'ਆਈਟਮ' ਵੀ ਲੈ ਕੇ ਆਉਂਦੀਆਂ,

".......ਜਾਂ ਵਿਆਹ ਕਰਵਾ ਲੈ ਵੇ, ਨਹੀਂ ਮੈਨੂੰ ਲੈ ਚੱਲ ਕਿਤੇ ਭਜਾ ਕੇ......"

ਸਭ ਕੁਝ ਬੇਰੋਕ ਚੱਲ ਰਿਹਾ ਸੀ, ਅੱਜ ਕੱਲ ਦੇ ਮਾਹੌਲ ਮੁਤਾਬਿਕ। ਕੁੜੀਆਂ ਮੁੰਡੇ ਹੱਥ ਫੜ ਕੇ ਤੇ ਕਦੇ-ਕਦੇ ਜੱਫੀਆਂ ਪਾ ਕੇ ਵੀ ਨੱਚ ਰਹੇ ਸਨ। ਕੋਈ ਰੋਕਣ ਵਾਲਾ ਨਹੀਂ ਸੀ। ਪ੍ਰੋਫੈਸਰ ਵੀ ਪੂਰਾ ਅਨੰਦ ਲੈ ਰਹੇ ਸਨ। ਸ਼ਾਇਦ ਉਹ ਮੁੰਡੇ ਕੁੜੀਆਂ ਨੂੰ ਜਿਹੜਾ ਸੱਭਿਆਚਾਰ ਸਿਖਾ ਰਹੇ ਸਨ, ਉਸ ਵਿਚ ਪੂਰੇ ਸਫਲ ਹੋ ਰਹੇ ਸਨ। ਕਈ ਮੁੰਡੇ ਕੁੜੀਆਂ ਤਾਂ ਉਹਨਾਂ ਦੇ ਸਿਖਾਏ ਤੋਂ ਕਿਤੇ ਅੱਗੇ ਲੰਘ ਗਏ ਸਨ, ਸ਼ਾਇਦ ਇਹ ਸਭ ਕੁਝ ਉਹਨਾਂ ਨੂੰ ਟੀ.ਵੀ. ਨੇ ਸਿਖਾਇਆ ਸੀ, ਜਾਂ ਕਹਿ ਲਉ ਸਰਕਾਰ ਨੇ। ਕੁਝ ਘਟੀਆ ਕਿਸਮ ਦੇ ਕਾਮਰੇਡ, ਸਿਰਫ ਨਾਮ ਦੇ, ਪ੍ਰੋਫੈਸਰ ਸਭ ਤੋਂ ਵੱਧ 'ਸਵਾਦ' ਲੈ ਰਹੇ ਸਨ। ਘਟੀਆ ਕਿਸਮ ਦੇ ਇਸ ਲਈ ਕਿਉਂਕਿ ਇਹਨਾਂ ਨੇ ਅਧਿਆਪਕ ਅਤੇ ਵਿਦਿਆਰਥੀ ਦੇ ਪਾਕ ਰਿਸ਼ਤੇ ਨੂੰ ਵੀ ਕਾਮ ਦੀ ਭੇਂਟ ਚਾੜ੍ਹ ਕੇ ਨਾਪਾਕ ਕਰ ਦਿੱਤਾ ਸੀ। ਇਹ 'ਦੱਲੇ' ਕਿਸਮ ਦੇ ਬੰਦੇ ਕੁੜੀਆਂ ਦੀ ਪਿੱਠ ਉੱਤੇ ਹੱਥ ਫੇਰ ਕੇ ਹਾਜ਼ਰੀਆਂ ਪੂਰੀਆਂ ਕਰ ਦਿੰਦੇ ਸਨ। ਸਲੇਬਸ ਪੁੱਛਣ ਆਈ ਕਿਸੇ ਕੁੜੀ ਨੂੰ ਬਹਾਨੇ ਜਹੇ ਨਾਲ ਕਹਿੰਦੇ,

"ਅੱਜ ਤੁਹਾਡੀ ਆਂਟੀ ਘਰ ਨਹੀਂ...... ਹੀ... ਹੀ...ਹੀ... ਜੇ ਤੁਸੀਂ ਸ਼ਾਮ ਨੂੰ ਮੇਰੀਆਂ ਰੋਟੀਆਂ ਪਕਾ ਜਾਂਦੇ......"

"ਸਰ...... ਸ਼ਾਮ ਨੂੰ ਜੀ...... ਪਰ......"

"ਨਹੀਂ... ਨਹੀਂ... ਜੇ ਕੋਈ ਪ੍ਰੋਬਲਮ ਹੈ ਤਾਂ ਰਹਿਣ ਦਿਓ...... ਹੀ ...ਹੀ... ਹੀ"

"ਕੋਈ ਗੱਲ ਨਹੀਂ ਸਰ ਮੈਂ ਦੇਖ ਲਊਂਗੀ ਜੀ......"

ਤੇ ਫੇਰ ਜੇ ਉਹ ਕੁੜੀ ਆ ਜਾਂਦੀ ਤਾਂ ਉਸ ਨੂੰ 'ਸਰ' ਸ਼ਬਦ ਤੋਂ ਹੀ ਨਫਰਤ ਹੋ ਜਾਂਦੀ। ਤੇ ਜੇ ਨਾ ਆਉਂਦੀ ਤਾਂ ਅਗਲੀਆਂ ਕੰਡੀਸ਼ਨਾਂ ਵਿਚੋਂ ਉਹ ਫੇਲ੍ਹ ਹੁੰਦੀ।

ਤੇ ਕਈ ਇਹਨਾਂ ਵਿਚੋਂ ਟਿਊਸ਼ਨਾਂ ਦੇ ਬਹਾਨੇ........।

ਪਰ ਇਹ ਨਹੀਂ ਕਿ ਸਾਰੇ ਕਾਮਰੇਡ ਪ੍ਰੋਫੈਸਰ ਹੀ ਮਾੜੇ ਸਨ, ਕੁਝ ਸਿਆਣੇ ਜਾਂ ਕਹਿ ਲਉ ਅਸਲੀ ਕਾਮਰੇਡ ਪ੍ਰੋਫੈਸਰ ਵੀ ਸਨ ਜਿਹੜੇ ਐਸੇ ਲੱਚਰ ਪ੍ਰੋਗਰਾਮਾਂ 'ਚ ਆਉਂਦੇ ਹੀ ਨਹੀਂ ਸਨ।

ਤੇ ਕਾਲਜ ਵਿਚ ਇਕ ਅੰਮ੍ਰਿਤਧਾਰੀ ਪ੍ਰੋਫੈਸਰ ਵੀ ਸੀ, ਪ੍ਰੋ. ਜਤਿੰਦਰ ਸਿੰਘ। ਇਸ ਦਾ ਇਕ ਆਪਣਾ ਘੇਰਾ ਸੀ। ਇਹ ਅਜਿਹੇ ਪ੍ਰੋਗਰਾਮਾਂ ਵਾਲੇ ਦਿਨ ਭਾਵੇਂ ਕਾਲਜ 'ਚ ਵੀ ਹੁੰਦਾ ਪਰ ਉੱਥੇ ਨਾ ਜਾਂਦਾ। ਕਿਸੇ ਦਰਖਤ ਦੀ ਛਾਵੇਂ ਕੁਝ ਸਿਆਣੇ ਮੁੰਡਿਆਂ ਨੂੰ ਲੈ ਕੇ ਉਹਨਾਂ ਨਾਲ ਗੱਲਾਂ ਕਰਦਾ ਰਹਿੰਦਾ। ਉਹਨਾਂ ਦੇ ਮਨ ਪੜ੍ਹਦਾ ਰਹਿੰਦਾ। ਕੌਮੀ ਭਵਿੱਖ ਸਵਾਰਨ ਬਾਰੇ ਉਹਨਾਂ ਨਾਲ ਵਿਚਾਰ ਕਰਦਾ ਰਹਿੰਦਾ। ਅੱਜ ਉਹ, ਸਿਖ ਨੌਜਵਾਨੀ 'ਤੇ ਥੋਪੇ ਜਾ ਰਹੇ, ਇਸ ਅਖੌਤੀ ਸੱਭਿਆਚਾਰ ਬਾਰੇ ਚਰਚਾ ਕਰ ਰਹੇ ਸਨ।

"ਹਾਂ ਬੀ ਮੁੰਡਿਓ, ਕੀ ਵਿਚਾਰ ਐ ਥੋਡਾ ਫੇਰ ਏਸ ਅਖੌਤੀ ਸੱਭਿਆਚਾਰ ਬਾਰੇ। ਥੋਨੂੰ ਵੀ ਲੱਗਦੈ ਬਈ ਏਸ ਨੇ ਸਾਡੀ ਨੌਜਵਾਨ ਪੀੜੀ ਦਾ ਨੁਕਸਾਨ ਕੀਤੈ ਜਾਂ ਐਵੇਂ ਮੈਨੂੰ ਈ ਭਰਮ ਐਂ" ਪ੍ਰੋ. ਜਤਿੰਦਰ ਸਿੰਘ ਨੇ ਮੁੰਡਿਆਂ ਨੂੰ ਪੁੱਛਿਆ।

"ਤੁਸੀਂ ਬਿਲਕੁਲ ਠੀਕ ਕਹਿੰਨੇ ਓਂ ਪ੍ਰੋਫੈਸਰ ਸਾਬ, ਏਸ ਕੰਜਰ ਕਿੱਤੇ ਨੇ ਬਹੁਤ ਬੇੜਾ ਗਰਕ ਕੀਤੈ ਸਾਡਾ, ਸਾਨੂੰ ਸਾਡਾ ਅਸਲੀ ਵਿਰਸਾ ਜਵਾਂ ਈ ਭੁਲਾ ਦਿੱਤੈ" ਮੰਦਰ ਸਿੰਘ ਨੇ ਪ੍ਰੋਫੈਸਰ ਦੀ ਗੱਲ ਦਾ ਜਵਾਬ ਦਿੱਤਾ।

"ਪ੍ਰੋਫੈਸਰ ਸ੍ਹਾਬ ਮੈਂ ਕਿਸੇ ਕਿਤਾਬ 'ਚ ਪੜਿਆ ਸੀ ਜੀ ਕਿ 'ਜੇ ਕਿਸੇ ਕੌਮ ਨੂੰ ਖਤਮ ਕਰਨਾ ਹੋਵੇ ਤਾਂ ਪਹਿਲਾਂ ਉਸ ਦਾ ਸੱਭਿਆਚਾਰ ਖਤਮ ਕਰ ਦਿਉ, ਉਹ ਕੌਮ ਆਪੇ ਖਤਮ ਹੋ ਜਾਵੇਗੀ'। ਮੈਨੂੰ ਲਗਦੈ ਜੀ ਆਪਣੇ ਨਾਲ ਵੀ ਇਹੀ ਕੁਝ ਵਾਪਰ ਰਿਹੈ" ਹਰਪ੍ਰੀਤ ਨੇ ਵੀ ਆਪਣੇ ਵਿਚਾਰ ਰੱਖੇ।

"ਤੂੰ ਬਿਲਕੁਲ ਠੀਕ ਕਹਿੰਨੈ ਹਰਪ੍ਰੀਤ ਸਿਆਂ, ਮੁੱਖ ਮੁੱਦਾ ਤਾਂ ਏਹੀ ਐ ਕਿ ਸਾਨੂੰ ਸਾਡੇ ਧੁਰੇ ਨਾਲੋਂ ਤੋੜਿਆ ਜਾ ਰਿਹੈ ਤੇ ਜੇ ਅਸੀਂ ਧੁਰੇ ਨਾਲੋਂ, ਆਪਣੀਆਂ ਜੜਾਂ ਨਾਲੋਂ ਜਾਂ ਸਿੱਧਾ ਕਹਿ ਲਉ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ' ਨਾਲੋਂ ਟੁੱਟ ਗਏ ਤਾਂ ਸਾਨੂੰ ਕਿਤੇ ਢੋਈ ਨਹੀਂ ਮਿਲਣੀ। ਗੁਰੂ ਸਾਹਿਬ ਕਹਿੰਦੇ ਹਨ,

"ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥
ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ ॥੧॥"

ਸਾਨੂੰ ਗੁਰਸਿਖ ਬਣ ਕੇ 'ਗੁਰ ਚਾਲੀ' ਹੀ ਚੱਲਣਾ ਚਾਹੀਦੈ। ਪਰ ਹਕੂਮਤਾਂ ਨੂੰ ਇਹ ਗੱਲ ਨਹੀਂ ਭਾਉਂਦੀ, ਕਿਉਂਕਿ ਜੇ ਅਸੀਂ ਉਰੇ-ਪਰੇ ਨਾ ਜਾ ਕੇ ਜਾਂ ਭਟਕਣਾ ਛੱਡ ਕੇ ਸਿੱਧਾ ਗੁਰੂ ਦੇ ਦੱਸੇ ਰਸਤੇ 'ਤੇ ਚੱਲਾਂਗੇ ਤਾਂ ਅਸੀਂ ਜ਼ਾਲਮਾਂ ਨੂੰ ਵੀ ਮੂੰਹ 'ਤੇ ਵੰਗਾਰਾਂਗੇ। ਤੇ ਅੱਜ ਸਭ ਤੋਂ ਵੱਡੀਆਂ ਜ਼ਾਲਮ, ਹਕੂਮਤਾਂ ਹਨ। ਇਸ ਲਈ ਉਹ ਸਾਡੀ ਗੁਰੂ ਵੱਲ ਪਿੱਠ ਕਰਵਾ ਰਹੀਆਂ ਹਨ ਤੇ ਫਿਰ,

"ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥"

'ਗੁਰੂ ਵੀ ਤਾਂ ਹੀ ਸਾਥ ਦੇਵੇਗਾ ਜੇ ਅਸੀਂ ਸਿਰ 'ਤੇ ਆਰਾ ਰੱਖੇ ਹੋਣ ਦੇ ਬਾਵਜੂਦ ਵੀ ਭਾਈ ਮਤੀ ਦਾਸ ਵਾਂਗ ਗੁਰੂ ਵੱਲ ਮੂੰਹ ਹੀ ਰੱਖੀਏ" ਪ੍ਰੋਫੈਸਰ ਜਤਿੰਦਰ ਸਿੰਘ ਨੇ ਸਿਰੇ ਦੀਆਂ ਗੱਲਾਂ ਮੁੰਡਿਆਂ ਨੂੰ ਦੱਸ ਦਿੱਤੀਆਂ।

"ਬਿਲਕੁਲ ਸਹੀ ਐ ਪ੍ਰੋਫੈਸਰ ਸਾਬ, ਸਾਡੀ ਪੀੜ੍ਹੀ ਇਤਿਹਾਸ ਤੋਂ ਬਿਲਕੁਲ ਟੁੱਟ ਚੁੱਕੀ ਹੈ। ਦਸ ਪਾਤਸ਼ਾਹੀਆਂ ਦੇ ਨਾਮ ਵੀ ਸਾਨੂੰ ਯਾਦ ਨਹੀਂ, ਤੇ ਜੇ ਗੁਰੂ ਸਾਹਿਬ ਦੇ ਨਾਮ ਹੀ ਯਾਦ ਨਹੀਂ ਫੇਰ ਉਹਨਾਂ ਦੇ ਦੱਸੇ ਰਸਤੇ 'ਤੇ ਚੱਲਣ ਦੀ ਗੱਲ ਤਾਂ ਬੜੀ ਦੂਰ ਰਹੀ" ਬੇਅੰਤ ਨੇ ਅਸਲੀ ਹਕੀਕਤ ਬਿਆਨ ਕੀਤੀ।

"ਓ ਹਾਂ ਪੁੱਤਰੋ, ਰੂਸ ਦਾ ਇਕ ਬਹੁਤ ਚੰਗਾ ਕਵੀ ਹੋਇਐ ਅਬੂਤਾਲਿਬ। ਰਸੂਲ ਹਮਜ਼ਾਤੋਵ ਨੇ ਆਪਣੀ ਕਿਤਾਬ 'ਮੇਰਾ ਦਾਗਿਸਤਾਨ' ਵਿਚ ਅਬੂਤਾਲਿਬ ਦੀ ਇਕ ਬਹੁਤ ਸੋਹਣੀ ਸਤਰ ਲਿਖੀ ਹੋਈ ਹੈ ਕਿ,

'ਜੇ ਤੁਸੀਂ ਬੀਤੇ 'ਤੇ ਪਿਸਤੌਲ ਨਾਲ ਗੋਲੀ ਚਲਾਉਗੇ,
ਤਾਂ ਭਵਿੱਖ ਤੁਹਾਨੂੰ ਤੋਪ ਨਾਲ ਫੁੰਡੇਗਾ'

ਜਿਹੜੀ ਕੌਮ ਆਪਣੇ ਇਤਿਹਾਸ ਨੂੰ ਭੁੱਲ ਜਾਵੇ ਉਸਦਾ ਬਚਣਾ ਮੁਸ਼ਕਿਲ ਹੀ ਨਹੀਂ ਨਾਮੁਮਕਿਨ ਹੈ। ਇਤਿਹਾਸ ਸਾਨੂੰ ਪ੍ਰੇਰਨਾ ਦਿੰਦਾ ਹੈ, ਤਾਕਤ ਦਿੰਦਾ ਹੈ, ਸ਼ਕਤੀ ਦਿੰਦਾ ਹੈ। ਕਰਨੈਲ ਸਿੰਘ ਪਾਰਸ ਨੇ ਲਿਖਿਐ ਨਾ,

"ਤਾਗਾ ਤਾਗਾ ਹੋ ਜਾਂਦੀ ਕਬੀਲਦਾਰੀ, ਜੇਕਰ ਗੰਢ ਇਤਫਾਕ ਦੀ ਖੁੱਲ ਜਾਵੇ,
ਪਾਰਸ ਮਿਟ ਜਾਂਦੀ ਅੱਖਰ ਗਲਤ ਵਾਂਗਰ ਜਿਹੜੀ ਕੌਮ ਇਤਿਹਾਸ ਨੂੰ ਭੁੱਲ ਜਾਵੇ"

ਇਤਿਹਾਸ ਤੋਂ ਸੱਖਣੀਆਂ ਕੌਮਾਂ ਲਈ ਆਪਣੀ ਹੋਂਦ ਬਚਾਉਣੀ ਅਸੰਭਵ ਹੈ। ਅਸੀਂ ਵੀ ਓਨੀ ਦੇਰ ਤੱਕ ਹੀ ਜਿਉਂਦੇ ਰਹਾਂਗੇ ਜਿੰਨੀ ਦੇਰ ਸਾਡੇ ਪਿੱਛੇ ਤੱਤੀ ਤਵੀ 'ਤੇ ਬੈਠੇ ਸੱਚੇ ਪਾਤਸ਼ਾਹ, ਚਾਂਦਨੀ ਚੌਕ ਵਿਚ ਧਰਮ ਲਈ ਕੁਰਬਾਨੀ ਦੇ ਰਹੇ ਸਤਿਗੁਰੂ, ਸਰਹੰਦ ਦੀਆਂ ਦੀਵਾਰਾਂ ਵਿਚ ਅਡੋਲ ਖੜ੍ਹੇ ੭ ਅਤੇ ੯ ਸਾਲ ਦੇ ਬਾਬੇ, ਚਮਕੌਰ ਦੀ ਜੰਗ ਵਿਚ ਦੁਸ਼ਮਨਾਂ ਦੇ ਆਹੂ ਲਾਹ ਰਹੇ ਅਜੀਤ ਸਿੰਘ ਤੇ ਜੁਝਾਰ ਸਿੰਘ, ਗੁਰਦਾਸ ਨੰਗਲ ਦੇ ੮ ਮਹੀਨੇ ਦੇ ਘੇਰੇ ਵਿਚ ਵੀ ਸਿੰਘਾਂ ਦਾ ਨਾ ਡੋਲਣ ਵਾਲਾ ਸਿਦਕ, ਜਮੂਰਾਂ ਨਾਲ ਮਾਸ ਨੋਚੇ ਜਾਣ ਤੋਂ ਬਾਅਦ ਆਪਣੇ ਚਾਰ ਸਾਲ ਦੇ ਪੁੱਤਰ ਅਜੇ ਸਿੰਘ ਦਾ ਕਲੇਜਾ ਮੂੰਹ ਵਿਚ ਪਵਾ ਰਿਹਾ ਬੰਦਾ ਸਿੰਘ ਬਹਾਦਰ, ਤਲੀ 'ਤੇ ਸਿਰ ਰੱਖ ਕੇ ੧੮ ਸੇਰ ਪੱਕਾ ਖੰਡਾ ਵਾਹੁਣ ਵਾਲਾ ੮੦ ਸਾਲਾ ਬਾਪੂ, ਨੂਰਦੀਨ ਦੀ ਸਰਾਂ ਕੋਲ ਪਿੱਠਾ

ਜੋੜ ਕੇ ਖੜੇ ਦੋ ਸੂਰਮੇਂ, ਲਾਲ ਕਿਲ੍ਹੇ ਅਤੇ ਲਾਹੌਰ ਦੇ ਸ਼ਾਹੀ ਕਿਲ੍ਹੇ 'ਤੇ ਝੂਲਿਆ ਨਿਸ਼ਾਨ ਸਾਹਿਬ, ਦੱਰਾ-ਏ-ਖ਼ੈਬਰ ਅਤੇ ਜਮਰੌਦ ਦਾ ਕਿਲਾ, ਸਭਰਾਵਾਂ ਦੇ ਮੈਦਾਨ ਵਿਚ ਬੇਰੋਕ ਕ੍ਰਿਪਾਨ ਵਾਹ ਰਿਹਾ ਚਿੱਟੇ ਨੂਰਾਨੀ ਦਾਹੜੇ ਵਾਲਾ ਯੋਧਾ, ਰੇਲ ਗੱਡੀ ਨੂੰ ਆਪਣੀਆਂ ਹਿੱਕਾਂ ਡਾਹ ਕੇ ਰੋਕਣ ਵਾਲੇ ਕਰਮ ਸਿੰਘ ਤੇ ਪ੍ਰਤਾਪ ਸਿੰਘ, ਨਨਕਾਣਾ ਸਾਹਿਬ ਵਿਖੇ ਜੰਡਾਂ ਨਾਲ ਬੰਨ੍ਹ ਕੇ ਸਾੜੇ ਗਏ ਸਿੰਘ ਤੇ ਫੇਰ ਅਖੌਤੀ ਆਜ਼ਾਦੀ ਪਿੱਛੋਂ ਲੱਖਾਂ ਮਾਵਾਂ ਦੇ ਜਿਗਰ ਦੇ ਟੋਟੇ, ਅੱਤਵਾਦੀ................" ਪ੍ਰੋਫੈਸਰ ਜਤਿੰਦਰ ਸਿੰਘ ਤੋਂ ਗੱਲ ਪੂਰੀ ਨਹੀਂ ਹੋਈ। ਉਹ ਕੁਝ ਸਤਰਾਂ ਵਿਚ ਹੀ ਮੁੰਡਿਆਂ ਨੂੰ ਸਾਰਾ ਇਤਿਹਾਸ ਸੁਣਾ ਗਏ, ਮੁੰਡੇ ਚੁੱਪ-ਚਾਪ ਸੁਣਦੇ ਰਹੇ, ਪਰ ੧੯੪੭ ਤੇ ਆ ਕੇ ਪ੍ਰੋਫੈਸਰ ਸਾਹਬ ਦੀਆਂ ਅੱਖਾਂ ਨਮ ਹੋ ਗਈਆਂ, ਉਹ ਬਹੁਤ ਭਾਵੁਕ ਹੋ ਗਏ ਸਨ, ਉਹਨਾਂ ਦਾ ਗੱਚ ਭਰ ਆਇਆ ਪਰ ਉਹ ਮੁੰਡਿਆਂ ਦੇ ਸਾਹਮਣੇ ਅੱਥਰੂ ਨਹੀਂ ਡਿੱਗਣ ਦੇਣਾ ਚਾਹੁੰਦੇ ਸਨ ਇਸ ਲਈ ਚੁੱਪ ਕਰ ਗਏ। ਮੁੰਡੇ ਵੀ ਚੁਪ ਸਨ ਤੇ ਪ੍ਰੋਫੈਸਰ ਸਾਹਬ ਵੱਲ ਵੇਖ ਰਹੇ ਸਨ ਪਰ ਕਿਸੇ ਵਿਚ ਵੀ ਹੌਸਲਾ ਨਹੀਂ ਸੀ ਪੁੱਛਣ ਦਾ ਕਿ ਅੱਗੇ ਕੀ ਹੋਇਆ।

ਓਧਰ ਫੈਸਟੀਵੈਲ ਵਿਚ ਉਹੀ ਕੰਜਰ ਕਿੱਤਾ ਚੱਲ ਰਿਹਾ ਸੀ,

"ਤੇਰਾ ਹੁਸਨ ਇਹ ਕਤਲ ਕਰਾਦੂ, ਗੱਭਰੂ ਪੰਜ ਦਰਿਆਵਾਂ ਦੇ....."

ਜਿਵੇਂ ਪੰਜ ਦਰਿਆਵਾਂ ਦੇ ਗੱਭਰੂਆਂ ਨੂੰ ਕੋਈ ਹੋਰ ਕੰਮ ਬਚਿਆ ਹੀ ਨਾ ਹੋਵੇ। ਹਕੂਮਤ ਪੂਰੀ ਸਫਲ ਰਹੀ ਸੀ ਆਪਣੇ ਸੱਭਿਆਚਾਰਕ ਹਮਲੇ ਵਿਚ। ਨਾਲੇ ਸਾਮ, ਦਾਮ, ਦੰਡ, ਭੇਦ ਵਿਚੋਂ ਕੋਈ ਨਾ ਕੋਈ ਤਾਂ ਕੰਮ ਕਰ ਹੀ ਜਾਂਦੈ। ਪੰਜਾਬ ਦੇ ਜਿਹੜੇ ਗੱਭਰੂ ਲੋਕਾਂ ਦੀਆਂ ਧੀਆਂ ਭੈਣਾ ਦੀਆਂ ਇੱਜ਼ਤਾਂ ਦੇ ਰਾਖੇ ਸਨ, ਉਹਨਾਂ ਤੋਂ ਹੀ ਅੱਜ ਕੁੜੀਆਂ ਨੂੰ ਸਭ ਤੋਂ ਵੱਧ ਖਤਰਾ ਸੀ। ਹਲਕੇ ਕੁੱਤਿਆਂ ਵਾਂਗ ਸਾਰਾ ਦਿਨ ਭੌਂਦੇ ਫਿਰਦੇ ਸਨ। ਕੁੜੀਆਂ ਦੇ ਪਿੱਛੇ ਜਾਣ ਤੋਂ ਬਿਨਾ ਸ਼ਾਇਦ ਹੋਰ ਕੋਈ ਕੰਮ ਬਚਿਆ ਹੀ ਨਹੀਂ ਸੀ, ਗਾਣਾ ਚੱਲ ਰਿਹਾ ਸੀ,

"ਪਿੰਡ ਛੱਡ ਚੰਡੀਗੜ੍ਹ ਲੈ ਲੇ ਦਾਖਲੇ ਨੀ ਇਕ ਤੇਰੇ ਕਰਕੇ........"

ਖ਼ੈਰ, ਏਧਰ ਕਾਫੀ ਚਿਰ ਦੀ ਚੁੱਪੀ ਪਿੱਛੋਂ ਹਰਪ੍ਰੀਤ ਨੇ ਹੌਸਲਾ ਕੀਤਾ, "ਪ੍ਰੋਫੈਸਰ ਸਾਬ ਤੁਸੀਂ ਆਜ਼ਾਦੀ 'ਤੇ ਆ ਕੇ ਚੁੱਪ ਕਿਉਂ ਕਰ ਗਏ। ਕੀ ਆਜ਼ਾਦੀ ਤੋਂ ਬਾਅਦ ਵੀ ਕੌਮ ਨਾਲ ਇਹੀ ਕੁਝ ਹੁੰਦਾ ਰਿਹੈ। ਜਦੋਂ ਵੀ ਕੋਈ ਇਤਿਹਾਸ ਸੁਣਾਉਂਦੈ ਉਹ ੧੯੪੭ 'ਤੇ ਆ ਕੇ ਚੁੱਪ ਕਰ ਜਾਂਦੈ। ਸਾਨੂੰ ਸਾਡੇ ਬਾਪੂ ਜੀ ਨੇ ਵੀ ਪਿਛਲਾ ਸਾਰਾ ਇਤਿਹਾਸ ਸੁਣਾਇਐ, ਪਰ ੧੯੪੭ ਤੋਂ ਬਾਅਦ ਕੀ ਹੋਇਆ ਇਸ ਬਾਰੇ ਉਹ ਹਮੇਸ਼ਾਂ ਲਾਰਾ ਲਾ ਦਿੰਦੇ ਹਨ ਕਿ ਕਦੇ ਫੇਰ ਸੁਣਾਊ ਪਰ ਕਦੇ ਕੁਝ ਨਹੀਂ ਦੱਸਿਆ। ਅੱਜ ਮੌਕਾ ਲੱਗਿਐ ਤੁਸੀ ਹੀ ਕੁਝ ਦੱਸ ਦਿਉ"

"ਹਾਂ ਜੀ ਪ੍ਰੋਫੈਸਰ ਸਾਬ, ਸਾਨੂੰ ਬਸ ਏਥੋਂ ਤੱਕ ਈ ਪਤੈ ਬੀ ੧੫ ਅਗਸਤ ੧੯੪੭ ਨੂੰ ਨਹਿਰੂ ਨੇ ਲਾਲ ਕਿਲ੍ਹੇ 'ਤੇ ਝੰਡਾ ਲਹਿਰਾਇਆ ਸੀ ਜਾਂ ਬਸ ਇਹ ਕਿ ਭਾਰਤ ਪਾਕਿਸਤਾਨ ਦੀ ਵੰਡ ਵਿਚ ਲੱਖਾਂ ਲੋਕ ਮਾਰੇ ਗਏ ਸਨ। ਉਸ ਤੋਂ ਵੱਧ ਅਸੀਂ ਕੁਝ ਨਹੀਂ ਜਾਣਦੇ। ਕਹਿੰਦੇ ਐ ੧੫-੨੦ ਸਾਲ ਪਹਿਲਾਂ ਵੀ ਪੰਜਾਬ ਦੀ ਧਰਤੀ

'ਤੇ ਕੋਈ ਲਹਿਰ ਚੱਲੀ ਸੀ, ਪ੍ਰੋਫੈਸਰ ਸਾਬ ਕ੍ਰਿਪਾ ਕਰਕੇ ਉਸ ਸਭ ਬਾਰੇ ਜਰੂਰ ਦੱਸੋ" ਮੰਦਰ ਸਿੰਘ ਨੇ ਵੀ ੧੯੪੭ ਤੋਂ ਬਾਅਦ ਦੇ ਇਤਿਹਾਸ ਬਾਰੇ ਜਾਨਣ ਦੀ ਇੱਛਾ ਜਾਹਰ ਕੀਤੀ।

"ਓ ਪੁੱਤਰੋ, ਤੁਸੀਂ ਅਜੇ ਛੋਟੇ ਓ, ਤਾਂ ਹੀ ਤੁਹਾਨੂੰ ਕੋਈ ਇਸ ਬਾਰੇ ਦੱਸਦਾ ਨਹੀਂ, ਘਟਨਾਵਾਂ ਈ ਏਡੀਆਂ ਵੱਡੀਆਂ ਨੇ ਕਿ ਤੁਹਾਡੀ ਉਮਰ ਦੇ ਬੱਚਿਆਂ ਕੋਲੋਂ ਸੰਭਾਲੀਆਂ ਨਹੀਂ ਜਾਣੀਆਂ। ਜਿਹੜੇ ਫੱਟ ਸਾਨੂੰ ਆਜਾਦੀ ਤੋਂ ਬਾਅਦ ਮਿਲੇ ਐ ਨਾ ਮੇਰੇ ਪੁੱਤਰੋ, ਇਸ ਤਰ੍ਹਾਂ ਦੇ ਪਹਿਲਾਂ ਕਦੇ ਕਿਸੇ ਨੇ ਨਹੀਂ ਦਿੱਤੇ। ਸਾਡੇ ਫੱਟਾਂ 'ਤੇ ਤਾਂ ਕਿਸੇ ਨੇ ਮਲਮ ਵੀ ਨਹੀਂ ਲਾਈ। ਲਾਉਂਦਾ ਵੀ ਕੌਣ, ਜੋ ਵੀ ਸਾਡੇ ਨਾਲ ਹਮਦਰਦੀ ਵਿਖਾਉਂਦਾ, ਅਗਲੇ ਦਿਨ ਉਸਦੀ ਬੇਪਛਾਣ ਲਾਸ਼ ਹੀ ਮਿਲਦੀ ਸੀ, ਫਿਰ ਭਾਵੇਂ ਉਹ ਸ਼ਹੀਦ ਭਗਤ ਸਿੰਘ ਦਾ ਰਿਸ਼ਤੇਦਾਰ ਹੀ ਕਿਉਂ ਨਾ ਹੋਵੇ। ਤੁਸੀਂ ਮੇਰੇ ਪੁੱਤਰੋ ਥੋੜੇ ਵੱਡੇ ਹੋ ਜਾਉ, ਮੈਂ ਆਪ ਥੋਨੂੰ ਸਾਰਾ ਕੁਝ ਦੱਸ ਦਿਊਂ। ਆਹ ਜੋ ਤੁਸੀਂ ਸਾਰਾ ਗੰਦ ਵੇਖ ਰਹੇ ਹੋ ਨਾ ਇਹ ਸਭ ਉਸੇ ਦਾ ਹਿੱਸੈ, ਸਾਡੇ 'ਤੇ ਕੀਤੇ ਵੱਖ-ਵੱਖ ਹਮਲਿਆਂ ਵਿਚੋਂ ਹੀ ਇਕ ਹੈ ਇਹ।" ਪ੍ਰੋਫੈਸਰ ਸਾਹਬ ਜਾਣਦੇ ਸਨ ਕਿ ਮੁੰਡਿਆਂ ਦੀ ਉਮਰ ਅਜੇ ਛੋਟੀ ਹੈ ਤੇ ਇਹਨਾਂ ਘਟਨਾਵਾਂ ਦਾ ਉਹਨਾਂ ਦੇ ਮਨ 'ਤੇ ਗਹਿਰਾ ਅਸਰ ਹੋਵੇਗਾ, ਸੋ ਉਹਨਾਂ ਨੇ ਮੁੰਡਿਆਂ ਨੂੰ ਸਮਝਾਇਆ ਕਿ ਸਮਾਂ ਆਉਣ 'ਤੇ ਉਹ ਸਾਰਾ ਕੁਝ ਦੱਸ ਦੇਣਗੇ।

ਪਰ ਮੁੰਡੇ ਕੁਝ ਨਾ ਕੁਝ ਤਾਂ ਜਰੂਰ ਜਾਨਣਾ ਚਾਹੁੰਦੇ ਸਨ, ਸੋ ਬੇਅੰਤ ਨੇ ਗੱਲ ਅੱਗੇ ਤੋਰੀ, "ਚਲੋ ਪ੍ਰੋਫੈਸਰ ਸਾਬ, ਜੇ ਹੋਰ ਨਹੀਂ ਤਾਂ ਆਹ ਸੱਭਿਆਚਾਰਕ ਹਮਲੇ ਬਾਰੇ ਹੀ ਦੱਸ ਦਿਉ, ਇਸ ਦੀ ਸ਼ੁਰੂਆਤ ਕਿਵੇਂ ਹੋਈ, ਕਿਸ ਨੇ ਕੀਤੀ, ਕਿਸ ਨੇ ਕਰਵਾਈ ਤੇ ਐਨਾ ਗੰਦ ਕਿਵੇਂ ਪੈ ਗਿਆ ਕਿਉਂਕਿ ਇਹ ਸਭ ਇਕ ਦਿਨ ਵਿਚ ਤਾਂ ਹੋਇਆ ਨਹੀਂ। ਨਾਲੇ ਗਿੱਧੇ, ਭੰਗੜੇ ਤਾਂ ਪੰਜਾਬ ਵਿਚ ਬਹੁਤ ਚਿਰ ਤੋਂ ਚੱਲ ਰਹੇ ਨੇ, ਫੇਰ ਇਹਨਾਂ ਨੇ ਏਨਾ ਘਾਤਕ ਰੂਪ ਕਦੋਂ ਲੈ ਲਿਆ"।

"ਤਿਫਲ ਮੇਂ ਬੂ ਆਏ ਕਿਆ ਮਾਂ ਬਾਪ ਕੇ ਕਿਰਦਾਰ ਕੀ,
ਦੂਧ ਤੋ ਡਿੱਬੇ ਕਾ ਹੈ, ਤਾਲੀਮ ਹੈ ਸਰਕਾਰ ਕੀ,

ਇਹ ਪੁੱਤ ਸਾਰਾ ਕੁਝ ਸਰਕਾਰਾਂ ਦਾ ਕੀਤਾ ਕਰਾਇਐ, ਮੇਰਾ ਇਕ ਮਿੱਤਰ ਐ ਅਮਰਦੀਪ ਸਿੰਘ ਅਮਰ, ਨਾਵਲਿਸਟ, ਜਗਰਾਉਂ ਕੋਲੇ ਪਿੰਡ ਐ ਓਹਦਾ 'ਬਾਰਦੇਕੇ', ਉਹ ਕਹਿੰਦਾ ਹੁੰਦੈ ਕਿ ਹਕੂਮਤਾਂ ਨੇ ਸਮਝ ਲਿਆ ਸੀ ਕਿ ਜੇ ਇਹਨਾਂ ਦਾ ਧਿਆਨ ਹੋਰ ਪਾਸੇ ਨਾ ਲਾਇਆ ਤਾਂ ਸਭ ਕੁਝ ਖੋਹ ਕੇ ਲੈ ਜਾਣਗੇ ਤੇ ਉਹਨਾਂ ਨੇ ਸਾਡਾ ਧਿਆਨ ਪਾਸੇ ਹਟਾਉਣ ਲਈ ਇਹ ਹਮਲਾ ਕੀਤਾ ਕਿਉਂਕਿ ਉਹਨਾਂ ਨੇ ਵੇਖ ਲਿਆ ਸੀ ਕਿ ਜਦੋਂ ਸਟੇਜ 'ਤੇ ਗਾਇਕ ਦੇ ਨਾਲ ਗਾਇਕਾ ਆ ਜਾਂਦੀ ਐ ਤਾਂ ਸਾਡੇ ਵਿਚੋਂ ਬਹੁਤ ਸਾਰਿਆਂ ਦੀਆਂ ਅੱਖਾਂ ਟੱਡੀਆਂ ਜਾਂਦੀਆਂ ਸਨ ਤੇ ਜੇ ਗਾਇਕਾ ਦੇ ਸਿਰ ਤੋਂ ਚੁੰਨੀ ਲਹਿ ਜਾਵੇ ਤਾਂ ਭੀੜ ਵਿਚੋਂ ਕਈ ਪੱਬਾਂ ਭਾਰ ਹੋ ਜਾਂਦੇ ਸਨ। ਸੋ ਉਹਨਾਂ ਨੇ ਸਟੇਜਾਂ 'ਤੇ ਕਈ-ਕਈ ਕੁੜੀਆਂ ਚਾੜ੍ਹ ਦਿੱਤੀਆਂ ਤੇ ਸਾਰੀਆਂ ਕਰੀਬ-ਕਰੀਬ ਬਿਨਾ ਕੱਪੜਿਆਂ

ਤੋਂ, ਬੱਸ ਫੇਰ ਕੀ ਸੀ ਅਸੀਂ ਅੱਖਾਂ ਪੱਟੀਆਂ ਹੀ ਨਹੀਂ......"

"ਹੂੰ......ਅ......ਅ......" ਇਕ ਆਵਾਜ ਤਕਰੀਬਨ ਸਾਰਿਆਂ ਦੇ ਗਲਾਂ ਵਿਚੋਂ ਆਈ।

"......ਨਾਲੇ ਜਦੋਂ ਕੋਈ ਹਾਰ ਜਾਵੇ ਤਾਂ ਉਹ ਹਮਦਰਦੀ ਭਾਲਦਾ ਹੁੰਦੈ ਤੇ ਸਾਡੇ ਜੋ ਹਮਦਰਦ ਬਣ ਕੇ ਆਏ ਉਨ੍ਹਾਂ ਨੇ ਹੀ ਸਾਡਾ ਸਭ ਕੁਝ ਲੁੱਟ ਲਿਆ। ਜਦੋਂ ਸਾਡੀ ਖਾੜਕੂ ਲਹਿਰ ਦਾ ਅੰਤ ਹੋ ਰਿਹਾ ਸੀ, ਉਸ ਸਮੇਂ ਪੰਜਾਬ ਦੇ ਬੁੱਚੜ ਮੁੱਖ ਮੰਤਰੀ ਨੇ ਆਪਣੇ ਝੋਲੀ ਚੁੱਕਾਂ ਵਿਚੋਂ ਕੋਈ ਭਰੋਸੇਮੰਦ ਲੱਭਣਾ ਸ਼ੁਰੂ ਕੀਤਾ, ਜਿਸ ਨੂੰ ਉਸ ਨੇ ਇਕ ਖਾਸ ਕੰਮ ਸੌਂਪਣਾ ਸੀ। ਤੇ ਉਸ ਨੂੰ ਆਪਣੇ ਵਰਗਾ ਇਕ ਕਮੀਨਾ ਲੱਭ ਪਿਆ। ਵੇਖਣ ਨੂੰ ਇਹ ਬੜਾ ਸਿਆਣਾ ਸਿਖ ਲਗਦਾ ਸੀ, ਇਸ ਲਈ ਇਹ ਹਕੂਮਤ ਦੇ ਪੂਰਾ ਫਿੱਟ ਬੈਠਾ। ਇਸ ਨੂੰ ਕਰੋੜਾਂ ਰੁਪਏ ਦਿੱਤੇ ਗਏ ਤੇ ਕੰਮ ਸੌਂਪਿਆ ਗਿਆ ਕਿ ਤੂੰ ਸਾਰੇ ਪੰਜਾਬ ਵਿਚ (ਅ)ਸੱਭਿਆਚਾਰਕ ਮੇਲੇ ਕਰਵਾਉਣੇ ਹਨ। ਵੱਧ ਤੋਂ ਵੱਧ ਇਕੱਠ ਕਰਨੇ ਹਨ। ਕਲਾਕਾਰਾਂ ਤੋਂ ਪੂਰਾ ਗੰਦ ਪਵਾਉਣਾ ਹੈ, ਫੇਰ ਜਿੰਨੇ ਮਰਜ਼ੀ ਪੈਸੇ ਲੱਗ ਜਾਣ ਕੋਈ ਪ੍ਰਵਾਹ ਨਹੀਂ। ਜਿਹੜੇ ਕਲਾਕਾਰ ਆਪਣਾ ਇਸ ਕੰਮ ਵਿਚ ਵੱਧ ਸਹਿਯੋਗ ਦੇਣਗੇ ਉਹਨਾਂ ਦਾ ਹਰ ਸਾਲ ਇਕ ਵੱਡੇ ਪ੍ਰੋਗਰਾਮ ਵਿਚ ਸਨਮਾਨ ਕੀਤਾ ਜਾਇਆ ਕਰੇਗਾ। ਵੱਧ ਤੋਂ ਵੱਧ ਗਾਉਣ ਵਾਲੀਆਂ ਦਾ ਇੰਤਜਾਮ ਕਰੋ, ਜਿਹੜੀਆਂ ਸਟੇਜ 'ਤੇ ਕੱਪੜੇ ਲਾਹੁਣ ਤੋਂ ਵੀ ਗੁਰੇਜ਼ ਨਾ ਕਰਨ। ਕੋਈ ਮਰਜ਼ੀ ਲਾਲਚ ਦਿਉ, ਪਰ ਇਹ ਕੰਮ ਜਰੂਰ ਹੋਣਾ ਚਾਹੀਦਾ ਹੈ......

......ਆਪਣੇ ਮਾਲਕਾਂ ਨੂੰ ਪੂਛ ਹਿਲਾ ਕੇ, ਹਾਂ ਕਹਿ ਇਹ ਕਤੀੜ ਤੁਰ ਪਿਆ ਆਪਣੇ ਵਰਗੇ ਹੋਰ ਲੱਭਣ ਤੇ ਜਦੋਂ ਕੁਝ ਹੋਰ ਲੱਭ ਗਏ ਤਾਂ ਇਹਨਾਂ ਸਾਰਿਆਂ ਨੇ ਮਿਲ ਕੇ ਸਭ ਤੋਂ ਪਹਿਲਾ ਅਸੱਭਿਆਚਾਰਕ ਮੇਲਾ ਕੀਤਾ, ਇਕ ਕਹਿੰਦੇ ਕਹਾਉਂਦੇ ਖਾੜਕੂ ਦੇ ਪਿੰਡ, ਕਿਉਂਕਿ ਸ਼ੁਰੂਆਤ ਧੜੱਲੇਦਾਰ ਹੋਣੀ ਚਾਹੀਦੀ ਸੀ। ਬਸ ਫੇਰ ਕੀ ਸੀ ਇਕ ਲੜੀ ਤੁਰ ਪਈ। ਖਾੜਕੂ ਧਿਰਾਂ ਨੂੰ ਬਦਨਾਮ ਕਰਕੇ, ਆਪਣੇ ਬਲੈਕ ਕੈਟਸ ਵਿਚ ਰਲਾ ਕੇ ਲੋਕਾਂ ਦਾ ਲਹਿਰ ਨਾਲੋਂ ਮੋਹ ਤੋੜਨਾ ਸ਼ੁਰੂ ਕੀਤਾ ਗਿਆ ਤੇ ਹਮਦਰਦ ਬਣ ਕੇ ਪਿੰਡ-ਪਿੰਡ ਮੇਲੇ ਲਗਾਏ ਤੇ ਹਰ ਸਟੇਜ ਤੋਂ ਕਿਹਾ ਗਿਆ ਕਿ ਹੁਣ ਕਾਲੇ ਦਿਨਾਂ ਦਾ ਅੰਤ ਹੋ ਗਿਐ। ਪੰਜਾਬ ਦੇ ਭੋਲੇ ਲੋਕ ਵਿਚਾਰੇ ਜਾਣਦੇ ਨਹੀਂ ਸਨ ਕਿ ਕਾਲੇ ਦਿਨ ਤਾਂ ਹੁਣ ਸ਼ੁਰੂ ਹੋਏ ਨੇ ਕਿਉਂਕਿ 'ਚਾਨਣਾ ਦਾ ਕਤਲ' ਕਰ ਦਿੱਤਾ ਗਿਐ। ਬਸ ਲੋਕ ਹੌਲੀ-ਹੌਲੀ ਫਸਦੇ ਗਏ ਇਹਨਾਂ ਦੇ ਜਾਲ ਵਿਚ। ਸ਼ਬਾਬ ਦੇ ਚਸਕੇ ਲੈ ਰਹੇ ਲੋਕਾਂ ਦੇ ਸਿਰਾਂ 'ਤੇ ਸ਼ਰਾਬ ਦੇ ਡਰੰਮ ਡੋਲ੍ਹ ਦਿੱਤੇ ਗਏ। ਜਿਹੜੀ ਕੋਈ ਮਾੜੀ ਮੋਟੀ ਆਸ ਸੀ ਮੁੜ ਉੱਠਣ ਦੀ ਉਹ ਵੀ ਖਤਮ ਕਰ ਦਿੱਤੀ ਗਈ। ਸਾਡਾ ਸਭ ਕੁਝ ਲੁੱਟਿਆ ਗਿਆ ਪਰ ਸਾਨੂੰ ਕੁਝ ਪਤਾ ਨਾ ਲੱਗਾ। ਰਾਖੇ ਤਾਂ ਸ਼ਰਾਬ ਨਾਲ ਰੱਜ ਕੇ ਸਟੇਜ ਉੱਤੇ ਆਰਕੈਸਟਰਾ ਵਾਲੀਆਂ ਨਾਲ ਭੰਗੜਾ ਪਾ ਰਹੇ ਸਨ ਤੇ ਧਾੜਵੀਆਂ ਨੂੰ ਕਿਸ ਨੇ ਰੋਕਣਾ ਸੀ। ਮੰਨਿਆਂ ਕਿ ਭੰਗੜਾ ਪੰਜਾਬ ਦਾ ਲੋਕ ਨਾਚ ਹੈ, ਪਰ ਇਹ ਕਿੱਥੇ ਲਿਖਿਐ ਕਿ ਬਸ ਨੱਚੀ ਜਾਉ। ਨਾਲੇ ਨਾਚ-ਗਾਣੇ ਵੀ ਸੁਖੀ ਵਸਦਿਆਂ ਦੇ ਹੀ

ਸੋਹਣੇ ਲੱਗਦੇ ਐ, ਜੀਹਦੇ ਘਰ ਨੂੰ ਅੱਗ ਲੱਗੀ ਹੋਵੇ ਉਸ ਨੂੰ ਨਾਚ ਨਹੀਂ ਸੋਂਹਦੇ। ਸਾਰਾ ਪੰਜਾਬ ਸੜਦਾ ਜਾ ਰਿਹੈ ਪਾਣੀ ਤੋਂ ਬਿਨਾ ਤੇ ਪਾਣੀ ਉਹ ਖੋਹ ਕੇ ਲਿਜਾ ਰਹੇ ਜਿਹਨਾਂ ਦਾ ਪਾਣੀ 'ਤੇ ਭੋਰਾ ਹੱਕ ਨਹੀਂ। ੯੯% ਕਿਰਸਾਨੀ ਕਰਜ਼ਿਆਂ ਹੇਠ ਦੱਬੀ ਖੁਦਕੁਸ਼ੀਆਂ ਕਰ ਰਹੀ ਹੈ। ਝੋਨੇ ਦੇ ਢੇਰ 'ਤੇ ਮੰਜੀ ਡਾਹੀ ਪਿਆ ਕਿਸਾਨ ਸੁਪਨੇ ਲੈ ਰਿਹਾ ਹੁੰਦੈ ਬਈ ਫਸਲ ਚੰਗੀ ਹੋਈ ਐ, ਐਤਕੀਂ ਲਾਡੋ ਧੀ ਦਾ ਵਿਆਹ ਜ਼ਰੂਰ ਕਰ ਦਿਆਂਗੇ। ਪਰ ਉਦੋਂ ਉਸ ਦਾ ਜ਼ਹਿਰ ਖਾ ਲੈਣ ਨੂੰ ਦਿਲ ਕਰਦੈ ਜਦੋਂ ਪੋਲਾ ਜਿਹਾ ਮੂੰਹ ਬਣਾ ਕੇ ਸੇਠ ਕਹਿ ਦਿੰਦੈ, "ਸਰਦਾਰਾ ਪੈਸੇ ਤਾਂ ਐਤਕੀ ਫੇਰ ਤੇਰੇ ਪਿਛਲੇ ਈ ਮਸਾ ਲਹੇ ਐ"। ਸਾਰਾ ਸਾਲ ਗਰਮੀਆਂ ਤੇ ਸਿਆਲ ਪਿੰਡੇ 'ਤੇ ਕੱਟ ਕੇ, ਮਿੱਟੀ ਨਾਲ ਮਿੱਟੀ ਹੋ ਕੇ, ਰਾਤਾਂ ਜਾਗ ਕੇ ਪੈਦਾ ਕੀਤੀ ਫਸਲ ਦਾ ਕਿਸਾਨ ਨੂੰ ਓਨਾ ਮੁੱਲ ਨਹੀਂ ਮਿਲਦਾ ਜਿੰਨਾ ਮਿਲਣਾ ਚਾਹੀਦੈ ਤੇ ਇਹ ਏ.ਸੀ. ਦੁਕਾਨਾਂ ਵਿਚ ਸਿਰਾਹਣਿਆਂ ਦੀ ਢੋਅ ਲਾ ਕੇ ਪਏ ਲਾਲੇ ਬੈਠੇ ਬਿਠਾਏ ਕਿਸਾਨ ਦੀ ਉਸੇ ਫਸਲ ਵਿਚੋਂ ਲੱਖਾਂ ਕਮਾ ਜਾਂਦੇ ਐ......"

"ਸਹੀ ਗੱਲ ਐ ਪ੍ਰੋਫੈਸਰ ਸਾਹਬ...... ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਦਾ ਕਿਸਾਨ ਦਿਨ-ਦੀਵੀ ਲੁੱਟਿਆ ਜਾ ਰਿਹੈ......" ਮੰਦਰ ਬੋਲਿਆ। ਪੇਂਡੂ ਜੱਟ ਪਰਿਵਾਰਾਂ ਵਿਚੋਂ ਹੋਣ ਕਰਕੇ ਮੁੰਡੇ ਕਿਸਾਨਾਂ ਦੀ ਮੰਡੀਆਂ ਵਿਚ ਸਰਕਾਰੀ ਅਫਸਰਾਂ ਤੇ ਆੜਤੀਆਂ ਦੁਆਰਾ ਕੀਤੀ ਜਾਂਦੀ ਲੁੱਟ ਤੋਂ ਭਲੀ-ਭਾਂਤ ਜਾਣੂ ਸਨ।

"......ਪੁੱਤਰੋ ਥੋਡਾ ਧਿਆਨ ਵਟਾਇਆ ਗਿਐ, ਇਹਨਾਂ ਗੀਤਾਂ ਤੇ ਭੰਗੜੇ ਗਿੱਧੇ ਦੇ ਰੌਲੇ ਵਿਚ ਉਲਝਾ ਕੇ। ਹੁਣ ਤਾਂ ਹਕੂਮਤਾਂ ਨੇ ਇਕ ਹੋਰ ਕਦਮ ਅਗਾਹ ਨੂੰ ਪੱਟਿਐ, ਕਿਉਂਕਿ ਪੰਜਾਬ ਵਿਚ ਹੁਣ 'ਕੁਝ' ਨਹੀਂ ਬਚਿਆ ਸੋ ਆਪਣਾ ਸਾਰਾ ਧਿਆਨ ਬਾਹਰਲੇ ਦੇਸ਼ਾਂ ਵੱਲ ਲਗਾਇਆ ਜਾ ਰਿਹੈ। ਉੱਥੇ ਵਸਦੇ ਸਿਖਾਂ ਦੇ ਮਨ ਵਿਚ ਭਾਰਤ ਪ੍ਰਤੀ ਨਫਰਤ ਉਵੇਂ ਈ ਬਰਕਰਾਰ ਐ। ਸੋ ਹੁਣ ਗਾਇਕਾਂ ਦੀਆਂ ਧਾੜਾਂ ਉੱਧਰ ਨੂੰ ਭੇਜੀਆਂ ਜਾ ਰਹੀਐਂ, ਉੱਥੇ ਮੇਲੇ ਕਰਵਾਏ ਜਾ ਰਹੇ ਨੇ ਤਾਂ ਕਿ ਉਹਨਾਂ ਦੀ ਆਉਣ ਵਾਲੀ ਪੀੜੀ ਦੇ ਮਨ ਵਿਚੋਂ ਵੀ ਇਹ ਸਭ ਕੁਝ ਕੱਢ ਦਿੱਤਾ ਜਾਵੇ ਜਿਵੇਂ ਪੰਜਾਬ ਵਿਚ ਕੀਤਾ ਗਿਐ। ਜਿਵੇਂ ਪੰਜਾਬ ਦੇ ਹੱਕਾਂ ਲਈ ਲੜੇ ਸੂਰਮਿਆਂ ਨੂੰ ਉਹਨਾਂ ਦੇ ਆਪਣਿਆਂ ਤੋਂ ਹੀ 'ਅੱਤਵਾਦੀ' ਕਹਾਇਆ ਗਿਐ। ਕਿਉਂਕਿ ਹਕੂਮਤਾਂ ਨੂੰ ਪਤੈ ਕਿ ਜੇ ਹੁਣ ਕੋਈ ਪੰਜਾਬ ਨੂੰ ਬਚਾ ਸਕਦੈ ਤਾਂ ਉਹ ਨੇ ਵਿਦੇਸ਼ਾਂ ਵਿਚ ਵਸਦੇ ਪੰਜਾਬੀ, ਇਸ ਲਈ ਉਹਨਾਂ ਨੂੰ ਭਾਰਤੀ ਮੁੱਖ ਧਾਰਾ 'ਚ ਲਿਆਉਣ ਦੇ ਯਤਨ ਕੀਤੇ ਜਾ ਰਹੇ ਹਨ। ਜਿਹੜਾ ਇਸ ਕੰਜਰ ਕਿੱਤੇ ਨੂੰ ਅਸਲੀ ਸੱਭਿਆਚਾਰ ਕਹੇ ਤੇ ਸ਼ਰਾਬ ਨੂੰ ਪੰਜਾਬ ਦੀ ਪਛਾਣ ਕਹੇ ਸਮਝ ਲਉ ਉਹ ਭਾਰਤੀ ਮੁੱਖ ਧਾਰਾ ਵਿਚ ਹੈ ਤੇ ਭਾਰਤ ਲਈ ਉਹ ਪੱਕਾ ਦੇਸ਼ ਭਗਤ ਹੈ। ਸੋ ਵਿਦੇਸ਼ਾਂ ਵਿਚ ਵੀ ਸ਼ਰਾਬਾਂ 'ਤੇ ਭੰਗੜਿਆਂ ਦੇ ਦੌਰ ਚਲਾਏ ਜਾ ਰਹੇ ਹਨ......

...... ਇਕ ਗੱਲ ਯਾਦ ਰੱਖਿਓ ਮੁੰਡਿਓ ਕਿ ਕਦੇ ਵੀ ਨੱਚਦੇ ਹੋਏ ਤੁਸੀਂ ਸੋਚ ਨਹੀਂ ਸਕਦੇ, ਸੋਚਣ ਲਈ ਸ਼ਾਂਤ ਬੈਠਣ ਦੀ ਲੋੜ ਹੁੰਦੀ ਹੈ। ਹੁਣ ਲੋੜ ਹੈ

ਕਿ ਤੁਹਾਡੀ ਪੀੜੀ ਨੱਚਣਾ ਗਾਉਣਾ ਛੱਡ ਕੇ ਕੌਮ ਦੇ ਭਵਿੱਖ ਬਾਰੇ ਕੁਝ ਸੋਚੇ। ਅਸੀਂ ਬਹੁਤ ਪਾਸਿਆਂ ਤੋਂ ਘਿਰ ਚੁੱਕੇ ਹਾਂ, ਬਚਣ ਦਾ ਕੋਈ ਰਾਹ ਨਹੀਂ ਦਿਸ ਰਿਹਾ। ੬੦ ਲੱਖ ਭਈਆ ਹਰਲ-ਹਰਲ ਕਰਦਾ ਪਵਿੱਤਰ ਧਰਤੀ 'ਤੇ ਪਾਨ ਦਾ ਥੁੱਕ ਸੁੱਟ ਰਿਹੈ ਤੇ ਸਾਡੀ ਅਣਖ ਦਾ ਬੀੜੀਆਂ ਦੇ ਧੂਏਂ ਨਾਲ ਦੀਵਾਲਾ ਕੱਢ ਰਿਹੈ। ਪੰਥ ਵਿਰੋਧੀ ਸ਼ਕਤੀਆਂ ਪੂਰੀਆਂ ਇਕ ਮੁੱਠ ਹਨ। ਆਰ.ਐੱਸ.ਐੱਸ. ਇਹਨਾਂ ਦੀ ਮਾਂ ਹੈ ਤੇ ਹਕੂਮਤ ਇਹਨਾਂ ਦੀ ਪਿੱਠ 'ਤੇ ਹੈ ਤੇ ਜੇ ਤੁਸੀਂ ੧੦ ਕੁ ਸਾਲ ਹੋਰ ਇਸੇ ਤਰ੍ਹਾਂ ਭੰਗੜੇ ਪਈ ਗਏ ਤਾਂ ਸਮਝੋ........" ਤੇ ਸਮਝੋ 'ਤੇ ਆ ਕੇ ਪ੍ਰੋਫੈਸਰ ਸਾਹਬ ਚੁੱਪ ਕਰ ਗਏ ਕਿਉਂਕਿ ਉਹ ਜਾਣਦੇ ਸਨ ਕਿ ਇਸ ਤੋਂ ਅੱਗੇ ਮੁੰਡੇ ਆਪੇ ਸਮਝ ਲੈਣਗੇ।

ਓਧਰ ਭੰਗੜੇ 'ਚ ਕਿਸੇ ਨੇ ਬੋਲੀ ਪਾਈ, ਜੋ ਇਹਨਾਂ ਸਾਰਿਆਂ ਨੂੰ ਵੀ ਸੁਣੀ,

"ਗੁੱਸੇ 'ਚ ਦੁੱਲੇ ਨੂੰ ਮੇਹਰੂ ਮਾਰੇ ਬੋਲੀਆਂ ਬਈ ਇੱਜ਼ਤਾਂ ਤੂੰ ਰੋਲੀਆਂ,
ਪਿੰਡੀ ਦੇ ਦੁਆਲੇ ਚੱਲਦੀਆਂ ਗੋਲੀਆਂ ਬਈ ਕੰਧਾਂ ਹੋਈਆਂ ਪੋਲੀਆਂ,
ਆਪ ਤਾਂ ਤੂੰ ਸੌਂ ਗਿਆ ਏ ਜਾ ਕੇ ਨਾਨਕੀ ਓ ਉੱਤੇ ਲੈ ਕੇ ਚਾਦਰਾ,
ਮੁਗਲਾਂ ਨੇ ਤੇਰਾ ਸਭ ਕੁਝ ਲੁੱਟਿਆ ਓ ਵੱਡਿਆ ਬਹਾਦਰਾ"

"ਪਰ ਪ੍ਰੋਫੈਸਰ ਸਾਬ ਕੀ ਪੰਜਾਬੀ ਸੱਭਿਆਚਾਰ ਸਾਰਾ ਈ ਮਾੜੈ" ਬੇਅੰਤ ਨੇ ਬੋਲੀ ਸੁਣਦੇ ਨੇ ਪੁੱਛਿਆ।

"ਨਹੀਂ ਪੁੱਤਰ, ਸੱਭਿਆਚਾਰ ਕਦੇ ਮਾੜਾ ਨਹੀਂ ਹੁੰਦਾ, ਜਿਹੜਾ ਮਾੜਾ ਹੋਵੇ ਉਹ ਸੱਭਿਆਚਾਰ ਨਹੀਂ ਅਸੱਭਿਆਚਾਰ ਹੁੰਦੈ ਤੇ ਨਾਲੇ ਪੰਜਾਬੀ ਸੱਭਿਆਚਾਰ ਤਾਂ ਬਹੁਤ ਮਹਾਨ ਐਂ। ਇਹ ਜੋ ਅੱਜ ਕੱਲ ਦਿਖਾਇਆ ਜਾ ਰਿਹੈ ਇਹ ਤਾਂ ਪੰਜਾਬੀ ਸੱਭਿਆਚਾਰ ਵਿਚ ਵੀ ਪ੍ਰਵਾਨ ਨਈਂ। ਸੂਫੀ ਕਾਵਿ, ਕਿੱਸਾ ਕਾਵਿ, ਜੰਗਨਾਮੇਂ, ਵਾਰਾਂ ਆਦਿ ਤਾਂ ਆਪਣੀ ਮਿਸਾਲ ਆਪ ਨੇ। ਇਹ ਜੋ ਅੱਜ ਕੱਲ ਦੇ ਗਾਣਿਆਂ ਵਿਚ ਚੱਲ ਰਿਹੈ ਨਾ ਬਈ ਕੁੜੀ ਮੁੰਡੇ ਨੂੰ ਕਹਿੰਦੀ ਐ ਕਿ ਮੈਨੂੰ ਭਜਾ ਕੇ ਲੈ ਚੱਲ ਤੇ ਮੁੰਡਾ ਕੁੜੀ ਨੂੰ ਕਹਿੰਦੈ ਕਿ ਮੈਂ ਤੈਨੂੰ ਕੱਢ ਕੇ ਲੈ ਜਾਊਂ, ਇਹ ਸਭ ਤੁਹਾਨੂੰ ਪੁਰਾਣੇ ਪੰਜਾਬੀ ਸਾਹਿਤ ਵਿਚ ਨਹੀਂ ਮਿਲਣਾ। ਸਿਰਫ ਮਿਰਜ਼ੇ ਨੇ ਇਹ ਗਲਤੀ ਕੀਤੀ ਸੀ ਤੇ ਪੰਜਾਬੀ ਸਹਿਤ ਨੇ ਉਸਨੂੰ ਕਦੇ ਨਾਇਕ ਦੇ ਰੂਪ ਵਿਚ ਪ੍ਰਵਾਨ ਨਹੀਂ ਕੀਤਾ, ਕੋਈ ਮਿਰਜ਼ੇ ਨੂੰ ਭੰਡਦਾ ਰਿਹਾ ਤੇ ਕੋਈ ਸਾਹਿਬਾਂ ਨੂੰ। ਹੀਰ ਵਾਰਿਸ ਵਿਚ ਇਕ ਵਾਰ ਹੀਰ ਰਾਂਝੇ ਨੂੰ ਕਹਿੰਦੀ ਹੈ ਕਿ ਉਸ ਨੂੰ ਭਜਾ ਕੇ ਲੈ ਚੱਲ ਤੇ ਅੱਗੋਂ ਰਾਂਝਾ ਕੀ ਜਵਾਬ ਦਿੰਦੈ, ਪਤੈ......"

"ਹੀਰੇ ਇਸ਼ਕ ਨਾ ਮੂਲ ਸਵਾਦ ਦੇਂਦਾ, ਨਾਲ ਚੋਰੀਆਂ ਅਤੇ ਉਧਾਲਿਆਂ ਦੇ,
ਵਰਿਸ ਸ਼ਾਹ ਸਰਾਫ ਸਭ ਜਾਣਦੇ ਨੇ ਐਬ ਖੋਟਿਆਂ ਪੈਸਿਆਂ ਵਾਲਿਆਂ ਦੇ।"

ਪ੍ਰੋਫੈਸਰ ਦੇ ਅੱਗੇ ਕੁਝ ਬੋਲਣ ਤੋਂ ਪਹਿਲਾਂ ਹੀ ਬੇਅੰਤ ਬੋਲ ਗਿਆ।

"......ਨਾਲੇ ਵਾਰਿਸ ਦੀ ਹੀਰ ਤਾਂ ਕਈ ਥਾਵਾਂ 'ਤੇ ਇੰਝ ਲੱਗਦੀ ਹੈ ਜਿਵੇਂ ਪ੍ਰਮਾਤਮਾਂ ਨਾਲ ਮੇਲ ਦੀ ਗੱਲ ਕੀਤੀ ਹੋਵੇ,

'ਅਵਲ ਹਮਦ ਖ਼ੁਦਾ ਦਾ ਬਿਰਦ ਕੀਜੈ, ਇਸ਼ਕ ਕੀਤਾ ਸੁ ਜੱਗ ਦਾ ਮੂਲ ਮੀਆਂ,
ਪਹਿਲਾਂ ਆਪ ਹੀ ਰਬ ਨੇ ਇਸ਼ਕ ਕੀਤਾ, ਤੇ ਮਾਸ਼ੂਕ ਹੈ ਨਬੀ ਰਸੂਲ ਮੀਆਂ।

ਤਾਬ ਇਸ਼ਕ ਦੀ ਝੱਲਣੀ ਬੜੀ ਔਖੀ, ਇਸ਼ਕ ਪੀਰ ਤੇ ਜੱਗ ਸਭ ਚੇਲੜਾ ਈ,

ਵਾਰਿਸ ਸ਼ਾਹ ਫੱਕੀਰ ਦੀ ਆਸ ਕੁੱਜੇ, ਹੀਰ ਮਿਲੇ ਤਾਂ ਕੰਮ ਸੁਹੇਲੜਾ ਈ।

ਸਿਰ ਦਿੱਤਿਆਂ ਬਾਝ ਨਾ ਇਸ਼ਕ ਪੱਕੇ, ਇਹ ਨਹੀਂ ਸੁਖੱਲੀਆਂ ਯਾਰੀਆਂ ਵੇ,

ਓਹਦੇ ਜ਼ਖਮ ਨਾ ਹਸ਼ਰ ਤੱਕ ਹੋਣ ਰਾਜ਼ੀ, ਜਿਨ੍ਹਾਂ ਲੱਗੀਆਂ ਪ੍ਰੇਮ ਕਟਾਰੀਆਂ ਵੇ।

ਸਾਹਿਬ ਹੱਥ ਵਡਿਆਈਆਂ ਸਾਰੀਆਂ ਨੇ, ਕੋਈ ਉਜ਼ਰ ਨਾ ਏਸ ਮਾਜ਼ੂਰ ਦਾ ਏ,

ਵਾਰਿਸ ਸ਼ਾਹ ਵਸਨੀਕ ਜੰਡਿਆਲੜੇ ਦਾ, ਤੇ ਸ਼ਾਗਿਰਦ ਮਕਦੂਮ ਕਸੂਰ ਦਾ ਏ।'

ਇਹ ਸਭ ਕੁਝ ਮਾੜਾ ਨਹੀਂ, ਸਗੋਂ ਇਸ ਨੂੰ ਮਾੜਾ ਕਰਕੇ ਦਿਖਾਇਆ ਜਾ ਰਿਹੈ। ਹੀਰ-ਰਾਂਝੇ ਦਾ ਜੋ ਚਿਹਰਾ ਅੱਜ ਪੇਸ਼ ਕੀਤਾ ਜਾ ਰਿਹੈ ਉਹ ਹੀਰ ਵਾਰਿਸ ਵਿਚ ਬਿਲਕੁਲ ਨਹੀਂ। ਐਵੇਂ ਤਾਂ ਨਈ ਪ੍ਰੋਫੈਸਰ ਪੂਰਨ ਸਿੰਘ ਵਰਗੇ ਵਿਦਵਾਨ ਕਹਿੰਦੇ,

'ਆ ਵੀਰਾ ਰਾਂਝਿਆ ਭੈਣੇ ਹੀਰੇ ਨੀ,

ਅਸੀਂ ਤੁਧ ਬੀ ਸੱਖਣੇ'

ਕਿ ਅਸੀਂ ਤੁਹਾਡੇ ਬਿਨਾ ਅਧੂਰੇ ਹਾਂ। ਪ੍ਰੋਫੈਸਰ ਪੂਰਨ ਸਿੰਘ ਤਾਂ ਇਕ ਥਾਂ 'ਤੇ ਰਾਂਝੇ ਨੂੰ ਗੁਰੂ ਕਾ ਸਿਖ ਵੀ ਕਹਿ ਦਿੰਦੇ ਹਨ,

'ਗੋਰਖ ਨਾਥ ਪਛਤਾਇਆ, ਰਾਂਝੇ ਨੂੰ ਜੋਗ ਦੇ ਕੇ,

ਸਤਿਗੁਰੂ ਦੇ ਸਿਖ ਨਾਲ ਮੱਥਾ ਲਾਇਆ।'

ਸੋ ਪੁੱਤਰੋ ਸਿਖ ਸੱਭਿਆਚਾਰ ਦੇ ਨਾਲ-ਨਾਲ ਪੰਜਾਬੀ ਸੱਭਿਆਚਾਰ ਦਾ ਵੀ ਚੀਰ ਹਰਨ ਕੀਤਾ ਜਾ ਰਿਹੈ। ਤੁਸੀ ਦੇਖੋ ਬੀ ਗਾਣਿਆਂ ਵਿਚੋਂ ਸੁੱਚਾ, ਦੁੱਲਾ, ਜੱਗਾ ਵੀ ਮਨਫੀ ਕਰ ਦਿੱਤੇ ਗਏ ਹਨ। ਤੁਹਾਡੇ ਗੀਤਾਂ ਵਿਚਲਾ ਜੁਝਾਰੂਪਨਾ ਵੀ ਮਾਰ ਦਿੱਤਾ ਗਿਐ। 'ਅੱਗ ਲਾ ਕੇ ਫੂਕ ਦੂੰ ਲੰਡਨ ਸ਼ਹਿਰ ਨੂੰ' ਸਿਰਫ ਸ਼ਰਾਬੀਆਂ ਦੁਆਰਾ ਬੋਲਿਆ ਜਾਣ ਵਾਲਾ ਫਿਕਰਾ ਨਹੀਂ, ਸਗੋਂ ਦਿਲਾਂ ਵਿਚ ਵਸੀ ਹੋਈ ਆਵਾਜ਼ ਹੈ, ਜਿਹੜੀ ਜਲ੍ਹਿਆਂ ਵਾਲੇ ਬਾਗ ਦੇ ਕਾਂਡ ਲਈ ਜ਼ਿੰਮੇਵਾਰ ਅੰਗਰੇਜ਼ਾਂ ਪ੍ਰਤੀ ਤੁਹਾਡਾ ਗੁੱਸਾ ਵਿਖਾਉਂਦੀ ਹੈ, ਤੇ ਜਲ੍ਹਿਆਂ ਵਾਲੇ ਬਾਗ ਦੇ ਕਾਂਡ ਤੋਂ ਪਿੱਛੋਂ ਕਈ ਇਹੋ ਜਿਹੇ ਕਾਂਡ ਪੰਜਾਬ ਦੀ ਧਰਤੀ 'ਤੇ ਵਾਪਰ ਗਏ, ਪਰ ਅਗਲਿਆਂ ਨੇ ਤੁਹਾਡੇ ਗੀਤਾਂ ਦਾ ਹਿੱਸਾ ਨਾ ਬਣਨ ਦਿੱਤੇ।''

ਪ੍ਰੋਫੈਸਰ ਸਾਹਬ ਦੀ ਗੱਲ ਅਜੇ ਚੱਲ ਰਹੀ ਸੀ ਕਿ ਹਰਪ੍ਰੀਤ ਵਿਚੋਂ ਹੀ ਬੋਲਿਆ, ''ਹਾਂ ਜੀ, ਪਿੱਛੇ ਜਹੇ ਇਕ ਗੀਤ ਆਇਆ ਸੀ ਪੰਜਾਬ ਬਾਰੇ 'ਤੇ ਕਹਿੰਦੇ ਨੇ ਉਸ ਦਾ ਵੀਡੀਓ ਹੀ ਨਹੀਂ ਬਣਨ ਦਿੱਤਾ ਗਿਆਂ ਜਾਂ ਸ਼ਾਇਦ ਕੈਸਟ ਕੰਪਨੀ ਨੇ ਜਾਣ ਬੁੱਝ ਕੇ ਨਹੀਂ ਬਣਾਇਆ ਕਿਉਂਕਿ ਇਹ ਟੀ.ਵੀ. 'ਤੇ ਤਾਂ ਕਿਸੇ ਨੇ ਚੱਲਣ ਨਹੀਂ ਦੇਣਾ ਸੀ।

"ਕੀ ਗੈਰਾਂ ਨੂੰ ਦੋਸ਼ ਦਿਆਂ ਮੇਰੇ ਆਪਣੇ ਹੋ ਗਏ ਗੈਰ,
ਕੀਤਾ ਮੇਰਾ ਸਵਾਗਤ ਜਿਨ੍ਹਾਂ ਗਲ ਪਾ ਸੜਦੇ ਟਾਇਰ,
ਮਲਮ ਨਾ ਲੱਗੇ ਇਹ ਫੱਟ ਨੇ ਅਜ਼ਾਬ ਦੇ,
ਉੱਜੜ ਉੱਜੜ ਕੇ ਵਸਣਾ ਲਿਖਿਆ ਲੇਖਾਂ ਵਿਚ ਪੰਜਾਬ ਦੇ, ਉੱਜੜ ਉੱਜੜ ਕੇ......
ਫੇਰ ਦਸ ਵਰ੍ਹੇ ਹਿੱਕ ਮੇਰੀ 'ਤੇ ਰੱਜ ਕੇ ਲੱਥੀ ਮੌਤ,
ਚੁਣ ਚੁਣ ਲੈ ਗਈ ਗੱਭਰੂ ਕਰ ਗਈ ਬੁੱਢੇ ਬਾਪੂ ਔਤ,
ਮੌਜਾਂ ਲੈ ਗਏ ਭੁੱਖੇ ਸੀ ਜੋ ਫੀਤੀ ਤੇ ਖਿਤਾਬ ਦੇ,
ਉੱਜੜ ਉੱਜੜ ਕੇ ਵਸਣਾ ਲਿਖਿਆ ਲੇਖਾਂ ਵਿਚ ਪੰਜਾਬ ਦੇ, ਉੱਜੜ ਉੱਜੜ ਕੇ......"

"ਓ ਇਹ ਤਾਂ ਵੀਡੀਓ ਦੀ ਗੱਲ ਐ, ਕਈ ਸਾਲ ਪਹਿਲਾਂ ਇਕ ਗਾਇਕ ਨੇ ਗਾਣਾ ਗਾਇਆ ਸੀ

'ਨੀ ਤੂੰ ਸਾਡੇ ਨਾਲ ਕੀਤੀ, ਬੜੇ ਹਿਸਾਬ ਨਾਲ ਕੀਤੀ,
ਜਿਵੇਂ ਅੱਜ ਤੱਕ ਦਿੱਲੀ ਨੇ ਪੰਜਾਬ ਨਾਲ ਕੀਤੀ'

ਤੇ ਕਹਿੰਦੇ ਨੇ ਸਰਕਾਰ ਨੇ ਇਸ ਸਾਰੀ ਕੈਸੇਟ 'ਤੇ ਪਾਬੰਦੀ ਲਗਾ ਦਿੱਤੀ ਸੀ। ਇਹ ਗਾਇਕ ਬੜਾ ਸੁਰੀਲਾ ਸੀ ਪਰ ਪਤਾ ਨਹੀਂ ਕਿੱਧਰ ਗੁਆਚ ਗਿਆ, ਜਾਂ ਜਾਣ ਬੁੱਝ ਕੇ ਫਲਾਪ ਕਰ ਦਿੱਤਾ ਗਿਆ" ਹਰਮੀਤ ਨੂੰ ਵੀ ਪੁਰਾਣੀ ਗੱਲ ਚੇਤੇ ਆ ਗਈ।

"ਹੁਣ ਤੁਸੀਂ ਆਪ ਅੰਦਾਜ਼ਾ ਲਗਾ ਲਉ ਪੁੱਤਰੋ, ਬਈ ਜੇ ਸਰਕਾਰ ਨੂੰ ਇਹ ਗਾਣੇ ਵੀ ਪ੍ਰਵਾਨ ਨਹੀਂ, ਫੇਰ ਉਹ ਇਹ ਕਦੋਂ ਚਾਹੁਣਗੇ ਕਿ ਇਹ ਸਾਰੀਆਂ ਘਟਨਾਵਾਂ ਤੁਹਾਡੇ ਤੱਕ ਪਹੁੰਚਣ। ਇਹ ਸਭ ਤੁਹਾਡੇ ਤੱਕ ਨਾ ਪਹੁੰਚੇ ਇਸੇ ਲਈ ਤੁਹਾਡਾ ਧਿਆਨ ਹੋਰ ਪਾਸੇ ਲਗਾਇਆ ਗਿਐ। ਐਤਕੀਂ ਸਾਡਾ ਵਾਹ ਬੜੇ ਸ਼ਾਤਰ ਦੁਸ਼ਮਨ ਨਾਲ ਪਿਐ ਪੁੱਤਰੋ, ਜਿਹੜਾ ਗੁੱਝੇ ਵਾਰ ਕਰਦੈ,

"ਅਮੀ ਉੱਠ ਕੇ ਭਾਬੀਏ ਖੇਰ ਘੱਤੀਂ,
ਵਾਹ ਪੈ ਗਿਆ ਨਾਲ ਕੁਪੱਤਿਆਂ ਦੇ।"

ਤੁਹਾਡੀ ਪਛਾਣ ਨੂੰ ਹੀ ਚੈਲੇਂਜ ਕੀਤਾ ਜਾ ਰਿਹੈ। ਤੁਹਾਡੀ, ਪੰਜਾਬ ਦੇ ਜੰਮਿਆਂ ਦੀ ਪਛਾਣ ਹਮੇਸ਼ਾਂ ਧੀਆਂ-ਭੈਣਾ ਦੀਆਂ ਇੱਜ਼ਤਾਂ ਦੇ ਰਾਖਿਆਂ ਵਜੋਂ ਹੁੰਦੀ ਸੀ। ਜੱਗ ਜਾਣਦੈ ਬਈ ਜਰਵਾਣਿਆਂ ਦੇ ਡਰ ਤੋਂ ਘਰਾਂ ਵਿਚ ਸਹਿਮੀਆਂ ਬੈਠੀਆਂ ਔਰਤਾਂ ਜਦੋਂ ਦੂਰੋਂ ਕਿਸੇ ਦਸਤਾਰ ਵਾਲੇ ਸਿੰਘ ਨੂੰ ਵੇਖ ਲੈਂਦੀਆਂ ਸਨ ਤਾਂ ਖੁਸ਼ੀ ਨਾਲ ਇਕ-ਦੂਜੀ ਨੂੰ ਦੱਸਦੀਆਂ ਸਨ,

'ਆਏ ਨੀ ਨਿਹੰਗ, ਬੂਹੇ ਖੋਲ ਦਿਓ ਨਿਸ਼ੰਗ'

ਕਿ ਹੁਣ ਸਾਡੇ ਵੀਰ ਨਿਹੰਗ ਸਿੰਘ ਆ ਗਏ ਨੇ ਹੁਣ ਸਾਨੂੰ ਕੋਈ ਡਰ ਨਹੀਂ। ਪੱਗ ਦੀ ਪਛਾਣ ਹਮੇਸ਼ਾਂ ਲੋਕਾਂ ਦੀਆਂ ਇੱਜ਼ਤਾਂ ਬਚਾਉਣ ਵਿਚ ਰਹੀ ਹੈ ਤੇ ਅੱਜ ਦੇ ਗਾਇਕ ਤੁਹਾਡੀ ਏਸ ਗੁਰੂ ਵੱਲੋਂ ਬਖਸ਼ੀ 'ਦਸਤਾਰ' ਨੂੰ ਵੀ ਬਦਨਾਮ ਕਰ ਰਹੇ

ਹਨ। ਜੇ ਇਹੀ ਹਾਲ ਰਿਹਾ ਤਾਂ ਲੋਕੀ ਸਾਨੂੰ......"

'ਆਗੇ ਪੱਗਾਂ ਪੋਚਵੀਆਂ ਵਾਲੇ, ਨੀ ਰਹੀਂ ਬਚਕੇ ਨੀ ਰੰਗਲੇ ਦੁਪੱਟੇ ਵਾਲੀਏ......'

ਅਜੇ ਪ੍ਰੋਫੈਸਰ ਸਾਹਬ ਬੋਲ ਹੀ ਰਹੇ ਸਨ ਕਿ ਓਧਰੋਂ ਗੀਤ ਦੀ ਆਵਾਜ਼ ਆਈ।

ਲਓ ਦੱਸੋ...... ਇਸ ਤਰ੍ਹਾਂ ਤਾਂ ਪੁੱਤਰੋ ਇਹਨਾਂ ਗਾਇਕਾਂ ਨੇ ਤੁਹਾਡਾ ਸਾਰਾ ਇਤਿਹਾਸ ਹੀ ਵਿਗਾੜ ਕੇ ਰੱਖ ਦੇਣੈ। ਤੁਹਾਨੂੰ ਸ਼ਰਾਬੀ ਕਬਾਬੀ ਬਣਾ ਕੇ ਦੁਨੀਆਂ ਦੇ ਸਾਹਮਣੇ ਪੇਸ਼ ਕੀਤਾ ਜਾ ਰਿਹੈ। ਸੋ ਸਾਨੂੰ ਹੁਣ ਸਾਰਾ ਧਿਆਨ ਸਾਡੇ 'ਤੇ ਹੋ ਰਹੇ ਗੁੱਝੇ ਹਮਲਿਆਂ ਵੱਲ ਲਗਾਉਣਾ ਪੈਣੈ ਤੇ ਇਹ ਤਾਂ ਹੀ ਸੰਭਵ ਹੋਵੇਗਾ ਜੇ ਅਸੀਂ ਗਿੱਧਿਆਂ, ਭੰਗੜਿਆਂ ਤੇ ਇਸ ਅਸੱਭਿਆਚਾਰ ਤੋਂ ਮੂੰਹ ਮੋੜਾਂਗੇ। ਕਿਉਂਕਿ ਇਸ ਸਭ ਨੇ ਸਾਡੀ ਅਣਖ, ਗ਼ੈਰਤ, ਜ਼ਮੀਰ ਖਤਮ ਕਰਕੇ ਰੱਖ ਦਿੱਤੀ ਹੈ। ਜਿਹੜੇ ਵੀਰ ਕਦੇ ਭੈਣ ਦੇ ਸਿਰ ਤੋਂ ਚੁੰਨੀ ਲੱਥੀ ਨਹੀਂ ਜਰਦੇ ਸਨ, ਉਹੀ ਅੱਜ ਜੀਨ ਤੇ ਟੀ-ਸ਼ਰਟ ਪਾਈ ਭੈਣ ਵੱਲ ਇਸ਼ਾਰੇ ਕਰ ਕਰ ਕੇ ਨੱਚ ਰਹੇ ਹੁੰਦੇ ਹਨ ਤੇ ਗਾਣਾ ਚੱਲ ਰਿਹਾ ਹੁੰਦੈ,

"ਤੂੰ ਨੀ ਬੋਲਦੀ ਰਕਾਨੇ ਤੂੰ ਨਈ ਬੋਲਦੀ ਤੇਰੇ 'ਚ ਤੇਰਾ ਯਾਰ ਬੋਲਦਾ"

ਇਹ ਸਭ ਜ਼ਮੀਰ ਦੇ ਮਰ ਜਾਣ ਦੀਆਂ ਨਿਸ਼ਾਨੀਆਂ ਹਨ। ਭੈਣਾ ਨੂੰ ਵੀ, ਜਿਹੜੀਆਂ ਵੀਰਾਂ ਦੀਆਂ ਬੋਲੀਆਂ ਪਾਉਂਦੀਆਂ ਥੱਕਦੀਆਂ ਨਹੀਂ ਸਨ, ਅੱਜ ਸ਼ਾਇਦ ਵੀਰਾਂ ਦੀਆਂ ਸਾਰੀਆਂ ਬੋਲੀਆਂ ਵਿੱਸਰ ਗਈਆਂ ਹਨ,

"ਪੱਚੀਆਂ 'ਚੋਂ ਪੱਗ ਸਿਆਣਦੀ, ਦੂਰੋਂ ਸਿਆਣਦੀ ਵੀਰਾ ਵੇ ਤੇਰਾ ਬੋਤਾ।
ਵੀਰਾ ਆਵੀਂ ਵੇ ਭੈਣ ਦੇ ਵਿਹੜੇ ਪੁੰਨਿਆਂ ਦਾ ਚੰਨ ਬਣ ਕੇ।
ਤੈਨੂੰ ਵੀਰਾ ਦੁੱਧ ਦਾ ਛੰਨਾ ਤੇਰੇ ਬੋਤੇ ਨੂੰ ਗੁਆਰੇ ਦੀਆਂ ਫਲੀਆਂ।
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ ਸੱਸੇ ਤੇਰੀ ਮਹਿੰ ਮਰ ਜੇ।
ਹੋਰਾਂ ਦੇ ਵੀਰੇ ਦੋ ਦੋ ਕੁੜੀਓ ਮੇਰਾ ਵੀਰਾ ਇਕ ਕੁੜੀਓ,
ਉਹ ਵੀ ਦਸਵੇਂ ਗੁਰਾਂ ਦਾ ਸਿਖ ਕੁੜੀਓ।"

ਤੇ ਜੇ ਕੋਈ ਭੁੱਲ ਭੁਲੇਖੇ ਮਾੜੀ ਬੋਲੀ ਪਾ ਵੀ ਦਿੰਦਾ ਤਾਂ ਕੋਈ ਸਿਆਣੀ ਬੀਬੀ ਵਿਚੋਂ ਟੋਕਦੀ,

"ਵੀਰ ਸੁਣਦੇ ਦਾਹੜੀਆਂ ਵਾਲੇ, ਨੀ ਮਾੜੀ ਮੋਟੀ ਸ਼ਰਮ ਕਰੋ"

ਕੁੜੀਆਂ ਆਪਣੇ ਬਾਬਲ ਦੀ ਸਰਦਾਰੀ 'ਤੇ ਮਾਣ ਕਰਦੀਆਂ,

"ਮੈਂ ਚਾਦਰ ਕੱਢਦੀ ਨੀ ਉੱਤੇ ਪਾਵਾਂ ਵੇਲਾਂ,
ਸਾਡੇ ਪਿੰਡ ਦੇ ਟੇਸ਼ਨ 'ਤੇ ਨਾ ਰੁਕਦੀਆਂ ਰੇਲਾਂ,
ਮੇਰਾ ਧਰਮੀਂ ਬਾਬਲ ਨੀ ਦੇਸ਼ਾਂ ਦਾ ਰਾਜਾ,
ਮੈਂ ਆਖ ਕੇ ਬਾਪੂ ਨੂੰ ਰੇਲਾਂ ਰੁਕਵਾਵਾਂ"

ਤੇ ਬਾਬਲ ਦੀ ਪੱਗ ਨੂੰ ਦਾਗ ਵੀ ਨਾ ਲੱਗਣ ਦਿੰਦੀਆਂ,

"ਮੈਂ ਚਾਦਰ ਕੱਢਦੀ ਨੀ ਗਿਣ ਤੋਪੇ ਪਾਵਾਂ,
ਚੰਨ ਹੁਸਨ ਜਵਾਨੀ ਨੀ ਮਾਵਾਂ ਠੰਡੀਆਂ ਛਾਵਾਂ,
ਫਿਕਰਾਂ ਵਿਚ ਡੁੱਬਿਆ ਨੀ ਮੇਰਾ ਬਾਬਲ ਭੋਲਾ,

ਓਹਦੀ ਚਿੱਟੀ ਪਗੜੀ ਨੂੰ ਕਦੇ ਦਾਗ ਨਾ ਲਾਵਾਂ"

ਇਹ ਸੀ ਸਾਡਾ ਆਪਸੀ ਪਿਆਰ। ਧੀਆਂ, ਮਾਪਿਆਂ ਦਾ ਮਾਣ ਕਰਦੀਆਂ ਤੇ ਵੀਰਾਂ ਤੋਂ ਵਾਰੇ ਵਾਰੇ ਜਾਂਦੀਆਂ ਸਨ। ਪਰ ਅੱਜ ਇਹ ਸਭ ਕੁਝ ਵੀ ਖਤਮ ਹੁੰਦਾ ਜਾ ਰਿਹੈ। ਬਚਾਓ ਮੇਰੇ ਪੁੱਤਰੋ ਜੇ ਬਚਾ ਸਕਦੇ ਓ ਤਾਂ। ਸਭ ਤੋਂ ਵੱਡੀ ਜਿੰਮੇਵਾਰੀ ਤੁਹਾਡੀ ਬਣਦੀ ਐ। ਤਕੜੇ ਹੋਵੋ, ਇਹਨਾਂ ਹਮਲਿਆਂ ਨੂੰ ਪਛਾਣਨ ਲਈ ਕਮਰ ਕਸੇ ਕਰੋ। ਆਪਣੇ ਵਰਗੇ ਹੋਰਾਂ ਨੂੰ ਲੱਭੋ, ਜਥੇਬੰਦ ਹੋਵੋ, ਜਥੇਬੰਦ ਹੋਣਾ ਅੱਜ ਤੁਹਾਡੀ ਸਭ ਤੋਂ ਵੱਡੀ ਲੋੜ ਹੈ। ਏਕੇ ਬਿਨਾ ਨਹੀਂ ਸਰਨਾ। ਸਾਡੀ ਗਿਣਤੀ ਬਹੁਤ ਘੱਟ ਐ ਤੇ ਦੁਸ਼ਮਨ ਦਾ ਲਸ਼ਕਰ ਬਹੁਤ ਭਾਰੀ ਐ। ਪਰ ਘਬਰਾਉਣ ਦੀ ਵੀ ਲੋੜ ਨਹੀਂ , ਅਸੀਂ ਤਾਂ ੧੦ ਲੱਖ 'ਤੇ ੪੦ ਵੀ ਭਾਰੂ ਪੈਂਦੇ ਹਾਂ, ਬਸ ਗੁਰੂ ਅੰਗ ਸੰਗ ਹੋਵੇ, ਤੇ ਗੁਰੂ ਸਹਾਈ ਤਾਂ ਹੀ ਹੋਵੇਗਾ ਜੇ ਗੁਰੂ ਵੱਲ ਮੂੰਹ ਰੱਖਾਂਗੇ। ਮੇਰੇ ਪੁੱਤਰੋ ਗੁਰੂ ਵੱਲ ਕਦੇ ਪਿੱਠ ਨਾ ਹੋਣ ਦਿਉ, ਫਿਰ ਤੁਹਾਡੀ ਕਦੇ ਹਾਰ ਨਹੀਂ ਹੁੰਦੀ, ਵਾਹਿਗੁਰੂ ਭਲੀ ਕਰੇਗਾ" ਪ੍ਰੋਫੈਸਰ ਜਤਿੰਦਰ ਸਿੰਘ ਨੇ ਇਹ ਕਹਿ ਕੇ ਗੱਲ ਮੁਕਾ ਦਿੱਤੀ ਤੇ ਖੜੇ ਹੋ ਗਏ। ਓਧਰ ਫੈਸਟੀਵੈੱਲ ਵੀ ਖਤਮ ਹੋ ਚੁੱਕਾ ਸੀ ਤੇ ਸਟੇਜ ਤੇ ਭੰਗੜੇ ਵਾਲਿਆਂ ਦੀਆਂ ਪੱਗਾਂ ਤੇ ਗਿੱਧਿਆਂ ਵਾਲੀਆਂ ਦੀਆਂ ਚੁੰਨੀਆਂ ਭੁੰਜੇ ਹੀ ਡਿੱਗੀਆਂ ਪਈਆਂ ਹਨ। ਇਕ ਗਰੀਬੜਾ ਜਿਹਾ ਮੁੰਡਾ ਇਸ ਸਾਰੇ ਖਿਲਾਰੇ ਨੂੰ ਸਾਂਭ ਰਿਹਾ ਸੀ। ਸਾਰੇ ਆਪਣੇ ਘਰਾਂ ਨੂੰ ਜਾ ਰਹੇ ਸਨ। ਸੋ ਇਹ ਵੀ ਤੁਰ ਪਏ।

ਕਾਲਜ ਦੇ ਗੇਟ ਦੇ ਬਾਹਰ ਇਕ ਫਕੀਰ ਗਾਉਂਦਾ ਜਾ ਰਿਹਾ ਸੀ,

"ਜੋ ਕੁਝ ਬੀਜ ਸਨ ਏਸ ਜਹਾਨ ਉੱਤੇ ਉਹੀ ਰੋਜ਼ ਕਿਆਮਤੇ ਲੈਣਗੇ ਨੀ,

ਬਦਲੇ ਮਿਲਣਗੇ ਕਰਨੀਆਂ ਭਰਨੀਆਂ ਦੇ ਤੇ ਓਹ ਮਾਲ ਨਾਮੇ ਹੱਥੀਂ ਦੇਣਗੇ ਨੀ।

ਦੁਨੀਆਂ-ਦਾਰ ਨਾ ਰਹੇਗਾ ਕੋਈ ਏਥੇ ਆਸ਼ਿਕ ਫੱਕਰ ਹੀ ਸਾਬਤ ਰਹਿਣਗੇ ਨੀ,

ਆਪੋ ਆਪ ਮਾਲੂਮ ਕਰ ਲੈਣ ਸੱਭੇ, ਜਦੋਂ ਹਸ਼ਰ ਨੂੰ ਮਾਮਲੇ ਪੈਣਗੇ ਨੀ।"

ਕਾਂਡ ੩

"ਉਏ ਹਰਪ੍ਰੀਤ ਆਇਆ ਨੀ ਬਾਪੂ" ਗੁਰਪ੍ਰੀਤ ਨੇ ਪੁੱਛਿਆ ।

"ਆਇਆ ਨੀ ਯਾਰ" ਜਵਾਬ ਮਿਲਿਆ।

ਹਰਪ੍ਰੀਤ ਤੇ ਗੁਰਪ੍ਰੀਤ ਦੋਵੇ ਸਕੇ ਭਰਾ ਸਨ। ਹਰਪ੍ਰੀਤ ਕੋਈ ੨੦ ਕੁ ਸਾਲ ਦਾ ਗੁਰਪ੍ਰੀਤ ੧੯ ਕੁ ਦਾ। ਦੋਵੇ ਬੜੇ ਸਿਆਣੇ ਸਨ ਤੇ ਫਰੀਦਕੋਟ ਕਾਲਜ ਵਿਚ ਪੜ੍ਹਦੇ ਸਨ। ਹਰ ਗੱਲ ਬੜੀ ਛੇਤੀ ਸਮਝਦੇ ਸਨ। ਇਹਨਾ ਦਾ ਦਾਦਾ ਗਿਆਨੀ ਅਜਮੇਰ ਸਿੰਘ ਬੜਾ ਗੁਰਸਿੱਖ ਬਜੁਰਗ ਸੀ। ਇੱਕ ਦਿਨ ਅਜਮੇਰ ਸਿੰਘ ੮੪ ਦੇ ਘੱਲੂਘਾਰੇ ਵਿੱਚ ਢਹਿ-ਢੇਰੀ ਹੋਏ 'ਅਕਾਲ ਤਖਤ' ਸਾਹਿਬ ਦੀ ਤਸਵੀਰ ਅੰਮ੍ਰਿਤਸਰੋਂ ਲਿਆਇਆ ਤੇ ਘਰੇ ਟੰਗ ਦਿੱਤੀ। ਉਸ ਦਿਨ ਤੋਂ ਹੀ ਦੋਵੇ ਭਰਾ ਬਾਪੂ ਦੇ ਖਹਿੜੇ ਪਏ ਹੋਏ ਸਨ, ਇਹ ਪੁੱਛਣ ਲਈ ਕਿ ਇਹ 'ਗੁਰਦਆਰਾ' ਕਿਵੇਂ ਢਿਹਾ, ਕੀਹਨੇ ਢਾਹਿਆ, ਕਿਉਂ ਢਾਹਿਆ?

ਬਾਪੂ ਅਜਮੇਰ ਸਿੰਘ ਇਹਨਾਂ ਨੂੰ ਨਿੱਤ ਟਾਲ ਦਿੰਦਾ ਸੀ ਕਿ ਇਹ ਬੜੀ ਲੰਬੀ ਕਹਾਣੀ ਹੈ, ਜਦੋਂ ਤੁਸੀਂ ਵੱਡੇ ਹੋ ਗਏ ਓਦੋਂ ਦੱਸੂ। ਪਰ ਇਹ ਦੋਹੇ ਰੋਜ ਜਿਦ ਕਰਦੇ। ਅੱਜ ਬਾਪੂ ਨੇ ਲਾਰਾ ਲਾਇਆ ਸੀ ਕਿ ਰਾਤ ਨੂੰ ਸਾਰੀ ਕਹਾਣੀ ਖੋਲ ਕੇ ਦੱਸੂੰਗਾ, ਸੋ ਇਹ ਦੋਹੋਂ ਬਾਪੂ ਨੂੰ ਉਡੀਕ ਰਹੇ ਸਨ।

"ਯਾਰ ਮੈਨੂੰ ਤਾਂ ਆਂਹਦਾ ਸੀ ਹੁਣ ਮੁੜ ਆਉਣੈ"

"ਗਿਆ ਕੀਹਦੇ ਕੰਨੀਂ ਐਂ"

"ਯਰ ਆਂਹਦਾ ਸੀ ਸਰਪੰਚ ਕੰਨੀਂ ਜਾਣੈ ਤੇ ਫੇਰ ਕੰਦੀ ਬੁੜੇ ਨੂੰ ਮਿਲ ਕੇ ਆ ਜਾਨੈ"

"ਕੰਦੀ ਨੀ ਛੇਤੀ ਮੁੜਨ ਦਿੰਦਾ ਓਹਨੂੰ "

"ਚੱਲ ਆ ਜਾਂਦੈ, ਅੱਜ ਤਾ ਸਾਰੀ ਸਟੋਰੀ ਸੁਣ ਕੇ ਹੀ ਸੌਣੈ"

"ਆਹੋ ਯਰ, ਕਿੰਨੇ ਦਿਨ ਹੋਗੇ ਲਾਰੇ ਲਾਉਂਦੇ ਨੂੰ, ਜੇ ਅੱਜ ਵੀ ਨਾਂਹ ਨੁੱਕਰ ਕੀਤੀ ਤਾਂ ਢਾਹ ਲਾਂਗੇ" ਦੋਹੋਂ ਹੱਸਣ ਲੱਗ ਪਏ।

ਏਨੀ ਦੇਰ ਨੂੰ ਬੀਬੀ 'ਵਾਜ ਮਾਰਦੀ ਐ, "ਵੇ ਮੁੰਡਿਓ ਰੋਟੀ ਖਾਲੋ"

"ਆਗੇ ਬੀਬੀ"

ਦੋਹੇ ਰੋਟੀ ਖਾਣ ਲਈ ਮਾਂ ਕੋਲ ਆ ਜਾਂਦੇ ਨੇ। ਰੋਟੀ ਪਵਾ ਕੇ ਉੱਥੇ ਹੀ ਬਹਿ ਕੇ ਖਾਣ ਲੱਗਦੇ ਨੇ।

"ਬੀਬੀ, ਬਾਪੂ ਕਾਹਤੋਂ ਨੀ ਆਇਆ ਅਜੇ ਤੱਕ" ਗੁਰਪ੍ਰੀਤ ਦਾ ਧਿਆਨ ਅਜੇ

ਵੀ ਉਧਰ ਸੀ।

"ਆਜੂਗਾ ਪੁੱਤ, ਬਹਿ ਗਿਆ ਹੋਣੈ ਕਿਸੇ ਕੋਲੇ"

"ਬੀਬੀ ਤੈਨੂੰ ਪਤੈ, ਆਹ 'ਗੁਰਦੁਆਰਾ' ਕੀਹਨੇ ਢਾਹਿਐ"

"ਇਹ ਤਾ ਪੁੱਤ ਹਿੰਦ ਹਕੂਮਤ ਨੇ ਢਾਹਿਆ ਸੀ, ਕਹਿੰਦੇ ਏਥੇ ਅੱਤਵਾਦੀ ਰਹਿੰਦੇ ਐ ਤੇ ਉਹਨਾ ਤੋਂ ਦੇਸ਼ ਨੂੰ ਖਤਰੈ" ਮਾਤਾ ਨੇ ਦੱਸਿਆ।

"ਬੀਬੀ ਕਿਹੜੇ ਅੱਤਵਾਦੀ ਰਹਿੰਦੇ ਸੀ ਏਥੇ" ਮੁੰਡੇ ਨੇ ਗੱਲ ਜਾਰੀ ਰੱਖੀ।

"ਅੱਤਵਾਦੀਆ ਦਾ ਤਾਂ ਪਤਾ ਨੀ ਪੁੱਤ...... ਹਾਂ 'ਸੰਤ' ਜਰੂਰ ਹੁੰਦੇ ਸੀ ਏਥੇ 'ਜਰਨੈਲ ਸਿੰਘ', ਉਹ ਬੋਲਦੇ ਬਹੁਤ ਸੋਹਣਾ ਸੀ, 'ਕੇਰਾਂ ਆਪਣੀ ਮੰਡੀ ਵੀ ਆਏ ਸੀ, ਜਿੰਨਾ ਚਿਰ ਉਹ ਬੋਲੀ ਗਏ ਕੋਈ ਨੀ ਉੱਠਿਆ ਸਾਰੇ ਚੁੱਪ ਚਾਪ ਸੁਣਦੇ ਰਹੇ......"

ਮਾਂ ਦੀਆ ਗੱਲਾਂ ਸੁਣਕੇ ਮੁੰਡਿਆ ਅੰਦਰ 'ਸਭ ਕੁਝ' ਜਾਨਣ ਦੀ ਤਾਂਘ ਹੋਰ ਜਾਗ ਪਈ। ਵੱਡੇ ਮੁੰਡੇ ਨੇ ਮਾਂ ਨੂੰ ਫਿਰ ਕਿਹਾ "ਮਾਂ ਉਹ ਸੰਤ ਕੀ ਬੋਲਦੇ ਹੁੰਦੇ ਸੀ"

"ਮੈਨੂੰ ਸਾਰਾ ਕੁਝ ਤਾਂ ਯਾਦ ਨ੍ਹੀ ਪੁੱਤ, ਹਾਂ ਪਰ ਏਨਾ ਕੁ ਯਾਦ ਐ ਉਹ ਵਾਰ-ਵਾਰ ਕਿਹਾ ਕਰਦੇ ਕਿ ਆਪਾ ਸਾਰੇ ਗੁਲਾਮ ਆਂ, ਇਹ ਗੱਲ ਸਾਰਿਆ ਨੂੰ ਮੰਨਣੀ ਪਊ, ਅਸੀ ਪਹਿਲਾਂ 'ਚ ਧੋਤੀ ਟੋਪੀ ਨੂੰ ਆਜਾਦ ਕਰਾਇਐ ਹੁਣ ਅਸੀ ਆਵਦੀ ਪੱਗ ਆਜਾਦ ਕਰਾਉਣੀ ਐ। ਬਸ ਪੁੱਤ ਜਦੋਂ ਉਹ ਬੋਲਦੇ ਤਾਂ ਉਹਨਾ ਚਿਹਰਾ ਸੂਰਜ ਮਾਂਗੂ ਦਗਦਾ ਸੀ। ਕਹਿੰਦੇ ਕੋਈ ਉਹਨਾਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਗੱਲ ਨਹੀ ਕਰਦਾ ਸੀ, ਬਹੁਤ ਨੂਰ ਸੀ ਉਹਨਾਂ ਛੋਟੀਆਂ-ਛੋਟੀਆਂ ਅੱਖਾਂ 'ਚ, ਹੱਥ 'ਚ ਤੀਰ ਰੱਖਦੇ, ਗਾਤਰੇ ਕ੍ਰਿਪਾਨ ਦੇ ਨਾਲ ਪਸਤੌਲ ਵੀ ਹੁੰਦਾ, ਜੇ ਕੋਈ ਪੈਰੀ ਹੱਥ ਲਾਉਣ ਲੱਗਦਾ ਤਾਂ ਪਾਸੇ ਹੋ ਜਾਂਦੇ ਤੇ ਕਹਿੰਦੇ ਭਾਈ ਸਿੱਖ ਨੂੰ ਹੁਕਮ ਐ ਕਿ ਸਿੱਖ ਸਿਰ ਸਿਰਫ 'ਸ੍ਰੀ ਗੁਰੂ ਗ੍ਰੰਥ ਸਾਹਿਬ' ਮਹਾਰਾਜ ਨੂੰ ਝੁਕਾਵੇ, ਐਵੇਂ ਕਿਸੇ ਦੇ ਪੈਰਾਂ 'ਚ ਨਾ ਢਿੱਗਿਆ ਕਰੋ। ਮੈਂ ਤਾਂ ਸੰਗਤ ਦਾ ਚੌਕੀਦਾਰ ਆਂ, ਜਿੰਨੀ ਸੇਵਾ ਹੋ ਸਕੀ ਕਰਾਂਗਾ, ਤੁਸੀਂ ਵੀ ਸਾਰੇ ਤਕੜੇ ਹੋਵੋ ਅਤੇ ਆਪਣੇ ਹੱਕਾਂ ਲਈ ਲੜੋ। ਬਾਪੂ ਜੀ ਸੰਤਾਂ ਨੂੰ ਮਿਲੇ ਵੀ ਐ ਕਈ ਵਾਰੀ, ਉਹਨਾਂ ਨੂੰ ਸਭ ਕੁਝ ਪਤੈ, ਉਹ ਥੋਨੂੰ ਦੱਸਣਗੇ। ਤੁਸੀ ਹੁਣ ਐਂ ਕਰੋ, ਰੋਟੀ ਖਾ ਕੇ ਆਵਦੇ ਭਾਪੇ ਨੂੰ ਸੱਦ ਲਿਆਓ, ਭਿਤਰੀ ਕੀ ਚੱਕੀ 'ਤੇ ਬੈਠਾ ਹੋਣੈ, ਕਹਿ ਦਿਓ ਆ ਕੇ ਰੋਟੀ ਖਾ ਲੇ।"

ਦੋਹੋਂ ਜਣੇ ਰੋਟੀ ਖਾ ਕੇ ਤੁਰ ਪੈਂਦੇ ਨੇ। ਹਰਪ੍ਰੀਤ, ਬਾਪੂ ਆਲੀ ਬੈਠਕ 'ਚ ਵੜ ਜਾਂਦਾ ਹੈ ਤੇ ਗੁਰਪ੍ਰੀਤ ਆਪਣੇ ਪਿਤਾ ਹਰਬੰਸ ਸਿੰਘ ਨੂੰ ਸੱਦਣ ਚਲਾ ਜਾਂਦੈ। ਏਨੇ ਨੂੰ ਬਾਪੂ ਅਜਮੇਰ ਸਿੰਘ ਵੀ ਘਰੇ ਆ ਜਾਂਦੈ।

ਹਰਪ੍ਰੀਤ ਭੱਜ ਕੇ ਬਾਪੂ ਕੋਲ ਜਾਂਦਾ ਹੈ, "ਬਾਪੂ ਅੱਜ ਤਾਂ ਅਸੀਂ ਸਾਰਾ ਕੁਝ ਸੁਣਨਾ ਈ ਐਂ, ਬਾਪੂ ਬਣਕੇ ਅੱਜ ਲਾਰਾ ਨਾ ਲਾਈਂ"

"ਓ ਚੰਗਾ ਚੰਗਾ ਕਮਲਿਆ, ਮੈਨੂੰ ਰੋਟੀ ਤਾਂ ਖਾ ਲੈਣ ਦੇ, ਨਾਲੇ ਜਦੋਂ ਆਪਾਂ ਪੈਣ ਲੱਗੇ ਓਦੋਂ ਸੁਣਾਊਂ ਸਾਰੀ ਕਹਾਣੀ ਰਾਤ ਨੂੰ" ਹਰਪ੍ਰੀਤ ਬਾਪੂ ਨੂੰ ਰੋਟੀ ਖਵਾ

ਦਿੰਦੇ। ਗੁਰਪ੍ਰੀਤ ਤੇ ਹਰਬੰਸ ਸਿੰਘ ਵੀ ਆ ਜਾਂਦੇ ਨੇ। ਦੋਹੇਂ ਮੁੰਡੇ ਰਾਤ ਦੀ ਉਡੀਕ ਕਰਨ ਲੱਗ ਪੈਂਦੇ ਨੇ।

ਸਾਰੇ ਡੰਗਰ ਵੱਛੇ ਅੰਦਰ ਕਰਕੇ ਤੇ ਪੱਠਾ ਦੱਥਾ ਸਾਂਭ ਕੇ ਰਾਤ ਨੂੰ ਦੋਹੇਂ ਬਾਪੂ ਕੋਲ ਬੈਠਕ 'ਚ ਆ ਗਏ। ਅਜਮੇਰ ਸਿੰਘ ਵੀ ਸੋਚ ਰਿਹਾ ਹੈ ਕਿ ਅੱਜ ਇਹਨਾਂ ਨੂੰ ਸਾਰੀ ਕਹਾਣੀ ਸੁਣਾ ਹੀ ਦੇਣੀ ਚਾਹੀਦੀ ਹੈ, ਇਸ ਤੋਂ ਪਹਿਲਾਂ ਕਿ ਇਹ ਕਿਸੇ ਹੋਰ ਤੋਂ ਕੁਝ ਗਲਤ ਸੁਣ ਲੈਣ। ਸੋ ਸਾਰੇ ਜਣੇ ਸੂਤ ਹੋ ਕੇ ਬੈਠ ਗਏ।

ਕਾਂਡ ੪

ਅਜਮੇਰ ਸਿੰਘ ਨੂੰ ਸਿਖ ਇਤਿਹਾਸ ਦੀ ਚੰਗੀ ਜਾਣਕਾਰੀ ਸੀ। ਉਹ ਸਮੇਂ-ਸਮੇਂ 'ਤੇ ਆਪਣੇ ਪੋਤਰਿਆਂ ਨੂੰ ਇਤਿਹਾਸ ਵਿਚੋਂ ਸਾਖੀਆਂ ਸੁਣਾਉਂਦਾ ਰਹਿੰਦਾ ਸੀ। ਬੱਚੇ ਵੀ ਇਸ ਸਭ ਵਿਚ ਦਿਲਚਸਪੀ ਰੱਖਦੇ ਸਨ ਤੇ ਉਹ ਸਿਖ ਇਤਿਹਾਸ ਵਿਚ ਵਾਪਰੀਆਂ ਮੁੱਖ ਘਟਨਾਵਾਂ ਤੋਂ ਵਾਕਫ ਵੀ ਸਨ। ਅਜਮੇਰ ਸਿੰਘ ਨੇ ੧੯੪੭ ਤੋਂ ਬਾਅਦ ਦਾ ਇਤਿਹਾਸ ਬੱਚਿਆਂ ਨੂੰ ਇਸੇ ਕਰਕੇ ਨਹੀਂ ਸੁਣਾਇਆ ਸੀ ਕਿ ਇਹਨਾਂ ਦੀ ਅਜੇ ਉਮਰ ਛੋਟੀ ਸੀ ਅਤੇ ਇਹਨਾਂ ਘਟਨਾਵਾਂ ਦਾ ਬੱਚਿਆਂ ਦੇ ਮਨ 'ਤੇ ਗਹਿਰਾ ਅਸਰ ਹੋਣਾ ਸੀ, ਸੋ ਉਹ ਅਜੇ ਹੋਰ ਸਮਾਂ ਚਾਹੁੰਦਾ ਸੀ, ਪਰ ਮੁੰਡਿਆਂ ਨੂੰ ਹੁਣ ਟਾਲਿਆ ਨਹੀਂ ਸੀ ਜਾ ਸਕਦਾ।

ਅਜਮੇਰ ਸਿੰਘ ਨੇ ਗੱਲ ਸ਼ੁਰੂ ਕੀਤੀ, "ਤਾਂ ਫਿਰ ਨਹੀਂ ਟਲਦੇ ਤੁਸੀਂ, ਮੈਂ ਤਾਂ ਕਹਿੰਨੈ ਅਜੇ ਠਹਿਰ ਜੋ, ਥੋੜੇ ਵੱਡੇ ਹੋਵੋਗੇ ਤਾਂ ਹੌਲੀ-ਹੌਲੀ ਸਭ ਪਤਾ ਲੱਗ ਜੂ। ਏਡੀਆਂ ਵੱਡੀਆਂ ਘਟਨਾਵਾਂ ਜਿਨ੍ਹਾਂ ਤੋਂ ਕੌਮਾਂ ਦੀ ਹੋਣੀ ਘੜੀ ਜਾਂਦੀ ਐ, ਕਦੇ ਸਿਆਣੇ ਨੌਜੁਆਨਾਂ ਤੋਂ ਗੁੱਝੀਆਂ ਨਹੀਂ ਰਹਿੰਦੀਆਂ। ਸੋ ਅਜੇ ਪੜ੍ਹਾਈ ਵੱਲ ਧਿਆਨ ਦਿਓ।"

"ਨਹੀਂ ਬਾਪੂ, ਤੂੰ ਬੱਸ ਅੱਜ ਸਾਰੀ ਵਾਰਤਾ ਸੁਣਾ, ਅਸੀਂ ਹੁਣ ਕੋਈ ਬਹਾਨਾ ਨਹੀਂ ਸੁਣਨਾ" ਦੋਹਾਂ ਨੇ ਸਾਫ ਕਿਹਾ।

ਸੋ ਹੁਣ ਅਜਮੇਰ ਸਿੰਘ ਨੂੰ 'ਸਭ ਕੁਝ' ਸੁਣਾਉਣਾ ਹੀ ਪੈਣਾ ਸੀ......

......ਤੇ ਉਸ ਨੇ ਕਹਾਣੀ ਸ਼ੁਰੂ ਕੀਤੀ, "ਜਿਵੇਂ ਕਿ ਮੈਂ ਤੁਹਾਨੂੰ ਸਮੇਂ-ਸਮੇਂ 'ਤੇ ਦੱਸਦਾ ਰਿਹਾਂ ਕਿ ਹਜ਼ਾਰਾਂ ਸਾਲਾਂ ਤੋਂ ਗੁਲਾਮੀ ਭੋਗ ਰਹੇ ਤੇ ਗੁਲਾਮੀ ਦੇ ਆਦੀ ਬਣ ਚੁੱਕੇ ਲੋਕਾਂ ਵਿਚ ਸਭ ਤੋਂ ਪਹਿਲੀ ਆਜ਼ਾਦ ਆਵਾਜ਼ 'ਗੁਰੂ ਨਾਨਕ' ਸਾਹਿਬ ਦੀ ਸੀ। ਗੁਲਾਮੀ ਧਾਰਮਿਕ, ਸਮਾਜਿਕ, ਰਾਜਨੀਤਿਕ ਸਭ ਤਰ੍ਹਾਂ ਦੀ ਸੀ। ਰੱਬ ਦਿਆਂ ਨਾਵਾਂ 'ਤੇ ਲੋਕ ਵੰਡੇ ਪਏ ਸਨ। ਇਕ ਘਰ ਵਿਚ ਜੇ ੧੦ ਜੀਅ ਸਨ ਤਾਂ ਦਸਾਂ ਦੇ ਰੱਬ ਵੱਖਰੇ-ਵੱਖਰੇ ਸਨ। ਕਿਸੇ ਦਾ ਵਿਸ਼ਨੂੰ, ਕਿਸੇ ਦਾ ਸ਼ਿਵ, ਰਾਮ, ਕ੍ਰਿਸ਼ਨ, ਬ੍ਰਹਮਾਂ, ਇੰਦਰ, ... ਤੇ ਕੁਲ ੩੩ ਕਰੋੜ। ਜਿਹੜੇ ਲੋਕ ਰੱਬ ਦੇ ਨਾਮ ਤੋਂ ਹੀ ਇਕ ਦੂਜੇ ਦੇ ਵਿਰੋਧੀ ਸਨ, ਉਹਨਾਂ ਤੋਂ ਏਕੇ ਦੀ ਆਸ ਨਹੀਂ ਰੱਖੀ ਜਾ ਸਕਦੀ ਸੀ ਤੇ ਜਿਹਨਾਂ ਵਿਚ ਏਕਾ ਨਹੀਂ ਸੀ ਉਹਨਾਂ ਨੂੰ ਗੁਲਾਮ ਬਣਾਉਣਾ ਬਹੁਤ ਸੌਖੇ। ਸੋ ਕੁਝ ਸੈਂਕੜਿਆਂ ਦੀ ਗਿਣਤੀ ਵਿਚ ਆਏ ਹਮਲਾਵਰ ਇਹਨਾਂ ਲੱਖਾਂ 'ਤੇ ਭਾਰੂ ਪਏ। ਭਾਵੇਂ ਉਹ ਬਖ਼ਤਿਆਰ ਖਿਲਜੀ ਸੀ, ਜਿਸ ਨੇ ਆਪਣੇ ੧੭ ਸਿਪਾਹੀਆਂ ਨਾਲ ਬੰਗਾਲ ਦੇ ਰਾਜੇ ਸੇਨ ਨੂੰ ਗੱਦੀਓਂ ਲਾਹ ਕੇ ਬੰਗਾਲ ਵਿਚ ਇਸਲਾਮੀ ਰਾਜ ਦੀ ਨੀਂਹ

ਰੱਖੀ। ਭਾਵੇਂ ਉਹ ਕਾਸਿਮ ਸੀ, ਮੁਹੰਮਦ ਗੌਰੀ, ਬਾਬਰ, ਨਾਦਰ ਜਾਂ ਮਹਿਮੂਦ ਗਜਨਵੀ। ਮਹਿਮੂਦ ਗਜਨਵੀ ਨੇ ਆਪਣੀ ੩0000 ਸੈਨਾਂ ਨਾਲ ਸੋਮਨਾਥ ਮੰਦਰ 'ਤੇ ਉਸ ਦੇ ਆਲੇ ਦੁਆਲੇ ਦਾ ਇਲਾਕਾ ਲੁੱਟਿਆ, ਜਦ ਕਿ ਸੋਮਨਾਥ ਮੰਦਰ ਦੇ ਅਧੀਨ ਜਾਂ ਕਹਿ ਲਓ ਉਸ ਨੂੰ ਮੰਨਣ ਵਾਲੇ ੩0000 ਪਿੰਡ ਸਨ ਜੇ ਹਰੇਕ ਪਿੰਡ ਵਿਚੋਂ ੨-੨ ਜਣੇ ਵੀ ਆਉਂਦੇ ਤਾਂ ਗਜਨਵੀਂ ਦੀ ਫੌਜ ਤੋਂ ਦੁੱਗਣੀ ਗਿਣਤੀ ਹੋ ਜਾਂਦੀ, ਪਰ ਜ਼ਾਲਮ ਦਾ ਮੁਕਾਬਲਾ ਕਰਨ ਲਈ ਹੌਸਲਾ ਕਿੱਥੋਂ ਲਿਆਉਂਦੇ, ਇਹ ਤਾਂ ਇੰਜ ਕਹਿਣਾ ਜਾਣਦੇ ਸਨ,

"ਕਾਮ ਹਮਾਰਾ ਤੋਲਣ ਤੱਕੜੀ, ਨੰਗੀ ਕਰਦ ਕਬਹੂ ਨਹੀਂ ਪਕੜੀ,
ਚਿੜੀ ਉਡੇ ਡਰ ਸੇ ਮਰ ਜਾਊਂ, ਮੁਗਲੋਂ ਸੇ ਕੈਸੇ ਲੜ ਪਾਊਂ"

ਏਡੇ ਵੱਡੇ ਦੇਸ਼ ਵਿਚੋਂ ਕਿਸੇ ਦੀ ਹਿੰਮਤ ਨਾਂ ਪੈਂਦੀ ਜ਼ਾਲਮ ਦੇ ਮੂਹਰੇ ਖੜਨ ਦੀ। ਇਹ ਤਾਂ ਵਿਚਾਰੇ ਉਡੀਕ ਕਰਦੇ ਰਹਿੰਦੇ ਕਿਸੇ ਅਵਤਾਰ ਦੇ ਪਰਗਟ ਹੋਣ ਦੀ, ਇਹਨਾਂ ਦੇ ਗ੍ਰੰਥਾਂ ਵਿਚ ਜੋ ਲਿਖਿਆ ਹੈ,

"ਜਬ ਜਬ ਹੋਇ ਧਰਮ ਕੈ ਹਾਨੀ, ਬਾੜ੍ਹਹਿ ਅਸੁਰ ਅਧਮ ਅਭਿਮਾਨੀ ।
ਕਰਹਿੰ ਅਨੀਤਿ ਜਾਇ ਨਹਿੰ ਬਰਨੀ, ਸੀਦਹਿੰ ਬਿਪਰ ਧੇਨੁ ਸੁਰ ਧਰਨੀ ।
ਤਬ ਤਬ ਪ੍ਰਭੁ ਧਰਿ ਬਿਬਿਧ ਸਰੀਰਾ, ਹਰਹਿੰ ਕ੍ਰਿਪਾ ਨਿਧਿ ਸਜਨ ਪੀਰਾ ।"

ਕਿ ਜਦੋਂ-ਜਦੋਂ ਧਰਮ ਦੀ ਹਾਨੀ ਹੋਵੇਗੀ, ਅਸੁਰਾਂ ਦਾ ਬੋਲਬਾਲਾ ਵਧੇਗਾ ਤਾਂ ਪ੍ਰਮਾਤਮਾਂ ਤੋਂ ਗਾਂ ਦਾ ਤੇ ਬ੍ਰਾਹਮਣ ਦਾ ਦੁੱਖ ਨਹੀਂ ਜਰਿਆ ਜਾਵੇਗਾ ਤੇ ਉਹ ਅਵਤਾਰ ਲਵੇਗਾ, ਤੇ ਜਾਂ ਫਿਰ ਗੀਤਾ ਅਨੁਸਾਰ ਦੇ ਸਲੋਕ 'ਯਦਹਿ ਯਦਹਿ ਧਰਮਸਯੇ' ਅਨੁਸਾਰ ਕ੍ਰਿਸ਼ਨ, ਅਰਜਨ ਨੂੰ ਕਹਿੰਦਾ ਹੈ ਕਿ ਜਦੋਂ ਜਦੋਂ ਧਰਤੀ 'ਤੇ ਪਾਪਾਂ ਦਾ ਭਾਰ ਵਧੇਗਾ ਤਾਂ ਮੈਂ ਆਵਾਂਗਾ।

ਵਿਚਾਰੇ ਲੋਕ ਉਡੀਕਦੇ ਰਹੇ ਆਪਣੇ ਆਪਣੇ 'ਭਗਵਾਨਾਂ' ਨੂੰ। ਪਰ ੧੦੦੦ ਸਾਲ ਦੀ ਨਰਕ ਵਰਗੀ ਗੁਲਾਮੀਂ ਵਿਚੋਂ ਕੱਢਣ ਲਈ ਕੋਈ ਨਾ ਬਹੁੜਿਆ। ਮਾੜੀ-ਮਾੜੀ ਗੱਲ 'ਤੇ ਤੀਜੀ ਅੱਖ ਖੋਲ ਕੇ ਲੋਕਾਂ ਨੂੰ ਭਸਮ ਕਰ ਦੇਣ ਵਾਲੇ ਸ਼ਿਵ ਨੂੰ ਓਦੋਂ ਗੁੱਸਾ ਨਹੀਂ ਆਇਆ ਜਦੋਂ ਇਹਨਾਂ ਦੇ ਪੈਰੋਕਾਰਾਂ ਦੇ ਮੂੰਹ ਵਿਚ ਤੁਰਕ ਹਾਕਮ ਆਪਣਾ ਪਾਨ ਵਾਲਾ ਥੁੱਕ ਸੁੱਟਦੇ ਸਨ, ਓਦੋਂ ਉਸ ਦਾ ਤੀਜਾ ਨੇਤਰ ਨਹੀਂ ਖੁੱਲਾ।

ਲੱਖਾਂ ਦੁਖ ਕਸ਼ਟ ਸਹਿ ਰਹੀ ਅੰਧੀ ਤੇ ਗਿਆਨ ਵਿਹੂਣੀ ਰਈਅਤ ਨੂੰ ਬਾਹਮਣ ਅਜੇ ਵੀ ਲੁੱਟ ਰਿਹਾ ਸੀ, ਇਹ ਕਹਿ ਕੇ ਕਿ ਮੈਂ ਤੁਹਾਡੀ ਜ਼ਾਲਮਾਂ ਤੋਂ ਰੱਖਿਆ ਕਰਾਂਗਾ। ਯੱਗ ਕਰਕੇ, ਤਪੱਸਿਆ ਕਰਕੇ ਤੇ ਤੰਤਰ ਮੰਤਰ ਮਾਰ ਕੇ ਮੈਂ ਮੁਗਲ ਹਾਕਮਾਂ ਨੂੰ ਭਸਮ ਕਰ ਦਿਆਂਗਾ, ਪਰ,

"ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪॥"

ਜਨਤਾ ਵਿਚਾਰੀ ਬਾਹਮਣ ਦੇ ਬੁਣੇ ਜਾਲ ਵਿਚ ਫਸਦੀ ਗਈ। ਰਹਿੰਦੀ-ਖੂਹਦੀ

ਕਸਰ ਬਾਹਮਣ ਦੇ ਜਾਤ-ਪਾਤੀ ਸਿਸਟਮ ਨੇ ਕੱਢ ਦਿੱਤੀ। ਮਨੂੰ ਦੀ ਵਿਚਾਰਧਾਰਾ ਨੇ ਕਦੇ ਲੋਕਾਂ ਨੂੰ ਇਕ ਨਾ ਹੋਣ ਦਿੱਤਾ।ਬਾਹਮਣ ਰੂਪੀ ਫਨ ਚੁੱਕੀ ਖੜੇ ਕਾਲੇ ਨਾਗ ਅੱਗੇ ਕੋਈ ਨਹੀਂ ਖੜਦਾ ਸੀ। ਧਾਰਮਿਕ ਤੌਰ 'ਤੇ ਲੋਕ ਪੂਰੀ ਤਰ੍ਹਾਂ ਗੁਲਾਮ ਹੋ ਚੁੱਕੇ ਸਨ। ਜੇ ਕੋਈ ਛੋਟੀ ਜਾਤ ਦਾ ਬੰਦਾ ਬੋਲਣ ਦੀ ਹਿੰਮਤ ਕਰਦਾ ਤਾਂ ਉਸ ਦਾ ਸ਼ੰਭੂਕ ਰਿਸ਼ੀ ਵਾਲਾ ਹਸ਼ਰ ਕਰ ਦਿੱਤਾ ਜਾਂਦਾ......"

"ਬਾਪੂ ਸ਼ੰਭੂਕ ਰਿਸ਼ੀ ਕੌਣ ਸੀ ਤੇ ਉਸ ਨਾਲ ਕੀ ਵਾਪਰੀ ਸੀ"

"ਪੁੱਤ ਅਯੋਧਿਆ ਵਿਚ ਕਿਸੇ ਬਾਹਮਣ ਦਾ ਜਵਾਨ ਪੁੱਤ ਮਰ ਗਿਆ। ਸਾਰੇ ਖਬਰ ਪਹੁੰਚ ਗਈ। ਬਾਹਮਣ ਨੇ ਰੌਲਾ ਪਾ ਦਿੱਤਾ ਕਿ ਜੰਗਲ ਵਿਚ ਕੋਈ ਸ਼ੂਦਰ ਤਪ ਕਰ ਰਿਹਾ ਹੈ, ਜਿਸ ਕਰਕੇ ਬਾਹਮਣ ਨੌਜਵਾਨ ਦੀ ਮੌਤ ਹੋ ਗਈ ਹੈ। ਗੱਲ ਰਾਮ ਚੰਦਰ ਤੱਕ ਪੁੱਜ ਗਈ। ਕਿਹਾ ਗਿਆ ਕਿ ਜੇ ਉਸ ਸ਼ੂਦਰ ਨੂੰ ਮਾਰ ਦਿੱਤਾ ਜਾਵੇ ਤਾਂ ਬਾਹਮਣ ਨੌਜਵਾਨ ਜਿੰਦਾ ਹੋ ਸਕਦਾ ਹੈ। ਸੋ ਰਾਮ ਚੰਦਰ ਨੇ ਜੰਗਲ ਵਿਚ ਜਾ ਕੇ ਸ਼ੰਭੂਕ ਰਿਸ਼ੀ ਦਾ ਕਤਲ ਕਰ ਦਿੱਤਾ। ਇਹਨਾਂ ਦੇ 'ਰਾਮਰਾਜ' ਵਿਚ ਕਿਸੇ ਸ਼ੂਦਰ ਨੂੰ ਤਪ ਕਰਨ ਦਾ ਅਧਿਕਾਰ ਨਹੀਂ ਸੀ, ਕਿਉਂਕਿ ਕਿਸੇ ਦੇ ਤਪ ਕਰਨ ਨਾਲ ਇਹਨਾਂ ਦੇ ਭਗਵਾਨਾਂ ਨੂੰ ਆਪਣੀਆਂ ਗੱਦੀਆਂ ਦਾ ਫਿਕਰ ਪੈ ਜਾਂਦਾ ਸੀ। ਖੈਰ ਪੁੱਤ ਜੇ ਆਪਾਂ ਇਹਨਾਂ ਦੀਆਂ ਕਹਾਣੀਆਂ ਵਿਚ ਪੈ ਗਏ ਤਾਂ ਸਾਰੀ ਰਾਤ ਇਹਨਾਂ ਝੂਠ-ਤੂਫਾਨਾਂ ਵਿਚ ਈ ਲੰਘ ਜਾਊ"

"ਪਰ ਬਾਪੂ ਤੂੰ ਤਾਂ ਸਾਨੂੰ 'ਗੁਰਦੁਆਰੇ' ਦੇ ਢਾਹੇ ਜਾਣ ਦੀ ਵਾਰਤਾ ਸੁਣਾਉਣੀ ਸੀ, ਇਹਨਾਂ ਗੱਲਾਂ ਦਾ ਉਸ ਸਭ ਨਾਲ ਕੀ ਸਬੰਧ" ਗੁਰਪ੍ਰੀਤ ਥੋੜੀ ਕਾਹਲ ਕਰ ਰਿਹਾ ਸੀ, ਉਸ ਨੂੰ ਅਜੇ ਸਾਰੀ ਗੱਲ ਸਾਫ ਨਹੀਂ ਹੋ ਰਹੀ ਸੀ।

"ਪੁੱਤਰ ਇਹ ਸਭ ਕੁਝ ਏਸੇ ਨਾਲ ਸਬੰਧਤ ਐ। 'ਗੁਰੂ ਨਾਨਕ ਸਾਹਿਬ' ਨੇ ਏਸ ਤੇਤੀ ਕਰੋੜ ਦੇ ਦੇਸ਼ ਵਿਚ ਸਭ ਤੋਂ ਪਹਿਲਾਂ " ੴ " ਦੀ ਆਵਾਜ਼ ਦਿੱਤੀ, ਜਿਸ ਨਾਲ ਤੇਤੀ ਕਰੋੜ ਦਾ ਸਿੰਘਾਸਣ ਡੋਲ ਗਿਆ ਤੇ ਸਾਰੇ ਦੇਵਤੇ ਮੂਹਦੇ ਮੂੰਹ ਡਿੱਗ ਪਏ। ਗੁਰੂ ਸਾਹਿਬ ਦੁਆਰਾ ਜਨੇਊ ਤੋਂ ਇਨਕਾਰ, ਜਾਤ-ਪਾਤ ਦਾ ਵਿਰੋਧ, ਵਰਤਾਂ, ਪਿੱਤਰ ਪੂਜਾ, ਪੱਥਰ ਪੂਜਾ ਦਾ ਵਿਰੋਧ ਕਰਨ ਨਾਲ ਬਾਹਮਣ ਦੀ ਝੂਠ ਦੀ ਦੁਕਾਨ ਬੰਦ ਹੋ ਗਈ। ਸੋ ਉਸ ਨੇ ਦਿਲ ਵਿਚ ਗੁਰੂ ਸਾਹਿਬ ਪ੍ਰਤੀ ਵੈਰ ਪਾਲਣਾ ਸ਼ੁਰੂ ਕਰ ਦਿੱਤਾ ਤੇ ਇਹ ਉਹੀ ਪੰਜ ਸਦੀਆਂ ਦਾ ਵੈਰ ਹੈ ਜਿਹੜਾ ਉਸਨੇ ਹੁਣ ਕੱਢਿਐ। ਗੁਰੂ ਸਾਹਿਬ ਨੇ ਜ਼ਾਲਮ ਨੂੰ ਉਸ ਦੇ ਮੂੰਹ 'ਤੇ ਜ਼ਾਲਮ ਕਿਹਾ। ਜ਼ਾਲਮ ਭਾਵੇ ਧਾਰਮਿਕ ਲਿਬਾਸ ਵਿਚ ਸੀ ਤੇ ਭਾਵੇ ਰਾਜਸੀ ਲਿਬਾਸ ਵਿਚ। ਗੁਰੂ ਸਾਹਿਬ ਝੂਠ ਰੂਪੀ ਬਦਸੂਰਤ ਇਨਸਾਨਾਂ ਦੇ ਸਾਹਮਣੇ ਸੱਚ ਰੂਪੀ ਸੀਸ਼ਾ ਬਣ ਕੇ ਖਲੋ ਗਏ। ਕੋਈ ਬਦਸੂਰਤ ਇਨਸਾਨ ਕਦੇ ਸੀਸ਼ਾ ਦੇਖ ਕੇ ਖੁਸ਼ ਨਹੀਂ ਹੁੰਦਾ, ਕਿਉਂਕਿ ਉਸ ਵਿਚ ਉਸ ਨੂੰ ਆਪਣਾ ਕਰੂਪ ਚਿਹਰਾ ਦਿਸਦਾ ਹੈ। ਉਹ ਕਿਸੇ ਨਾ ਕਿਸੇ ਬਹਾਨੇ ਜਾਂ ਤਾਂ ਸੀਸ਼ਾ ਘਰੋਂ ਬਾਹਰ ਸੁੱਟ ਦਿੰਦਾ ਹੈ ਤੇ ਜਾਂ ਉਸ ਨੂੰ ਤੋੜ ਦਿੰਦਾ ਹੈ। ਗੁਰੂ ਨਾਨਕ ਸਾਹਿਬ ਨੇ ਆਪਣੇ ਦਸ ਜਾਮਿਆਂ ਵਿਚ ਤੇ ਪਿੱਛੋਂ ਉਹਨਾਂ ਦੀ ਉੱਮਤ ਨੇ ਸੱਚ ਰੂਪ ਇਹ ਸੀਸ਼ਾ ਕੂੜ ਦੇ

ਸਾਹਮਣੇ ਤਾਣੀ ਰੱਖਿਆ। ਸੋ ਕੂੜ ਨੇ ਪੂਰੀ ਟਿੱਲ ਲਾ ਦਿੱਤੀ ਸੀਸ਼ਾ ਤੋੜਨ ਦੀ, ਕਦੇ ਬਾਗੀ ਕਹਿ ਕੇ, ਕਦੇ ਅੱਤਵਾਦੀ ਕਹਿ ਕੇ, ਕਦੇ ਉਗਰਵਾਦੀ ਕਹਿ ਕੇ ਤੇ ਕਦੇ ਟੈਰਾਰਿਸਟ ਕਹਿ ਕੇ। ਸੀਸ਼ੇ ਨੂੰ ਘਰੋਂ ਬਾਹਰ ਕੱਢਣ ਦੇ ਉਪਰਾਲੇ ਵੀ ਕੀਤੇ ਗਏ ਤੇ ਉੱਚੀਆਂ ਆਵਾਜ਼ਾਂ ਵਿਚ ਕਿਹਾ ਗਿਆ,

" ਕੱਛ ਕੜਾ ਕਿਰਪਾਨ ਏਹਨੂੰ ਭੇਜੋ ਪਾਕਿਸਤਾਨ"

ਪਰ ਇਹ ਤਾਂ ਪੁੱਤ ਅਕਾਲ ਪੁਰਖ ਦੀ ਫੌਜ ਹੀ ਸੀ ਜੋ ਅਡੋਲ ਰਹੀ। ਗੁਰੂ ਅੰਗ-ਸੰਗ ਰਿਹਾ ਤੇ ਆਪਣੇ ਪੁੱਤਰਾਂ ਦੀ ਪਿੱਠ ਥਾਪੜਦਾ ਰਿਹਾ। ਪਰ ਬਾਹਮਣ ਲਗਾਤਾਰ ਆਪਣਾ ਵੈਰ ਕਮਾਉਂਦਾ ਰਿਹਾ। ਜਦੋਂ-ਜਦੋਂ ਮੌਕਾ ਮਿਲਿਆ ਇਸ ਨੇ ਪੰਥ ਦੇ ਸੀਨੇ 'ਤੇ ਡੂੰਘੇ ਫੱਟ ਦਿੱਤੇ। 'ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ' ਜੀ ਨੂੰ ਚੰਦੂ ਵੱਲੋਂ ਸ਼ਹੀਦ ਕਰਵਾਉਣ ਤੋਂ ਤੁਰਿਆ ਬ੍ਰਾਹਮਣ ਗੰਗੂ, ਸੁੱਚਾ ਨੰਦ ਦੇ ਰੂਪ ਵਿਚ ਆਪਣੀ ਕਰੂਪਤਾ ਵਿਖਾਉਂਦਾ ਹੋਇਆ ਲਖਪਤ, ਜਸਪਤ ਰੂਪੀ ਦੈਂਤ ਬਣ ਕੇ ਖਾਲਸੇ ਅੱਗੇ ਖਲੋ ਗਿਆ......

......'ਅੱਜ ਤੋਂ ਗੁੜ ਨੂੰ ਰੋੜੀ ਕਿਹਾ ਜਾਵੇ'......

ਫੁਰਮਾਨ ਜਾਰੀ ਕਰ ਦਿੱਤਾ ਗਿਆ, ਕਿਉਂਕਿ ਗੁੜ ਕਿਹਾਂ 'ਗੁਰ' ਯਾਦ ਆਉਂਦੈ ਤੇ ਜਦੋਂ 'ਗੁਰ' ਯਾਦ ਆਉਂਦੈ ਤਾਂ ਸਿਖ ਦਾ ਸਿਦਕ ਕੋਈ ਨਹੀਂ ਤੋੜ ਸਕਦਾ। ਪਰ ਇਹ ਮੂਰਖ ਨਹੀਂ ਜਾਣਦੇ ਸਨ ਕਿ 'ਗੁਰੂ' ਤਾਂ ਸਿਖ ਦੇ ਰੋਮ-ਰੋਮ ਵਿਚ ਵਸਿਆ ਹੋਇਐ। ਏਡੇ-ਏਡੇ ਘੱਲੂਘਾਰੇ ਵਰਤਾ ਦਿੱਤੇ। ਪਰ ਸਿਖ ਦਾ ਸਿਦਕ ਨਹੀਂ ਡੋਲਿਆ, ਉਸ ਨੇ ਗੁਰੂ 'ਤੇ ਪੂਰਾ ਭਰੋਸਾ ਰੱਖਿਆ। ਵੱਡੇ ਘੱਲੂਘਾਰੇ ਵਿਚ ਹਜ਼ਾਰਾਂ ਸਿੰਘ-ਸਿੰਘਣੀਆਂ ਤੇ ਬੱਚੇ ਸ਼ਹੀਦ ਹੋ ਗਏ, ਪਰ ਗੁਰੂ ਕੇ ਲਾਲਾਂ ਨੇ ਅੱਖ 'ਚੋਂ ਹੰਝ ਨਾ ਡਿੱਗਣ ਦਿੱਤੀ। ਆਥਣ ਦੇ ਨਿੱਤਨੇਮ ਤੋਂ ਬਾਅਦ ਅਕਾਲ ਪੁਰਖ ਦੇ ਚਰਨਾਂ ਵਿਚ ਚੜ੍ਹਦੀ ਕਲਾ ਨਾਲ ਅਰਦਾਸ ਕੀਤੀ, "ਹੇ ਅਕਾਲ ਪੁਰਖ ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ, ਆਪ ਜੀ ਦੇ ਭਾਣੇ ਵਿਚ ਚਾਰ ਪਹਿਰ ਦਿਨ ਸੁੱਖਾਂ ਦਾ ਬਤੀਤ ਹੋਇਐ, ਮਿਹਰ ਕਰੋ ਚਾਰ ਪਹਿਰ ਰਾਤ ਵੀ ਸੁੱਖਾਂ ਦੀ ਬਤੀਤ ਹੋਵੇ, ਸਮੂਹ ਖਾਲਸੇ ਨੂੰ ਗੁਰਬਾਣੀ ਦੇ ਮਹਾਂਵਾਕ

" ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥੨॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥੩॥"

ਉੱਪਰ ਚੱਲਣ ਦਾ ਬਲ ਬਖਸ਼ੋ ਜੀ, ਸਿਖ ਪੜ੍ਹਦੇ ਸੁਣਦੇ ਸਰਬੱਤ ਲਾਹੇਵੰਦ ਹੋਣ, ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ"। ਖਾਲਸੇ ਦੀ ਇਸ ਚੜ੍ਹਦੀ ਕਲਾ ਵਾਲੀ ਅਰਦਾਸ ਨੇ ਮੁਰਦਿਆਂ ਵਿਚ ਵੀ ਰੂਹ ਫੂਕ ਦਿੱਤੀ। ਇਹ ਇਸੇ ਅਰਦਾਸ ਦੀ ਕਰਾਮਾਤ ਸੀ ਕਿ ਏਸ ਘੱਲੂਘਾਰੇ ਤੋਂ ਸਿਰਫ ਸੱਤ ਮਹੀਨੇਂ ਬਾਅਦ ਖਾਲਸੇ ਨੇ ਅਬਦਾਲੀ ਨਾਲ ਜਾ ਟੱਕਰ ਲਈ। ਹਕੂਮਤ ਘਬਰਾ ਗਈ। ਉਹਨਾਂ ਨੂੰ ਸਮਝ ਨਹੀਂ ਪੈ ਰਿਹਾ ਸੀ ਕਿ ਸਿਖਾਂ ਵਿਚ ਏਨੀ ਸ਼ਕਤੀ ਕੌਣ ਭਰਦਾ ਹੈ। ਏਨੀਆਂ ਮਾਰਾਂ ਪੈਣ ਤੋਂ ਬਾਅਦ ਵੀ ਇਹ ਅਡੋਲ ਕਿਵੇਂ ਖਲੋਤੇ ਹਨ। ਕਿਸੇ ਨੇ ਕਿਹਾ ਇਹਨਾਂ

ਨੂੰ ਸ਼ਕਤੀ 'ਦਰਬਾਰ ਸਾਹਿਬ' ਤੋਂ ਮਿਲਦੀ ਹੈ। ਜਦੋਂ-ਜਦੋਂ ਵੀ ਇਹ 'ਦਰਬਾਰ ਸਾਹਿਬ' ਦਰਸ਼ਨ ਇਸ਼ਨਾਨ ਕਰਕੇ ਮੁੜਦੇ ਨੇ ਓਦੋਂ-ਓਦੋਂ ਇਹਨਾਂ ਦੇ ਤੇਜ ਅੱਗੇ ਕੋਈ ਨਹੀਂ ਖੜ ਸਕਦਾ। ਜ਼ਾਲਮਾਂ ਨੇ 'ਦਰਬਾਰ ਸਾਹਿਬ' ਨੂੰ ਬਾਰੂਦ ਨਾਲ ਉਡਾਉਣ ਅਤੇ ਸਰੋਵਰ ਨੂੰ ਮਿੱਟੀ ਨਾਲ ਪੂਰਨ ਦੀਆਂ ਵਿਉਂਤਾਂ ਘੜ੍ਹ ਲਈਆਂ। ਜਦੋਂ ਇਹ ਖਬਰ ਤਲਵੰਡੀ ਸਾਬੋ ਬਾਬਾ ਦੀਪ ਸਿੰਘ ਹੋਰਾਂ ਤੱਕ ਪੁੱਜੀ ਤਾਂ ਉਹਨਾਂ ਦੀਆਂ ਅੱਖਾਂ ਵਿਚ ਲਹੂ ਉੱਤਰ ਆਇਆ। ਉਸ ਬੁੱਢੇ ਜਰਨੈਲ ਨੇ ਕਿਸੇ ਨੂੰ ਨਾ ਉਡੀਕਿਆ ਤੇ ਅੰਮ੍ਰਿਤਸਰ ਸਾਹਿਬ ਨੂੰ ਚਾਲੇ ਪਾ ਦਿੱਤੇ। ਹੋਰ ਬਹੁਤ ਸਿੰਘ ਵੀ ਉਹਨਾਂ ਦੇ ਪਿੱਛੇ ਤੁਰ ਪਏ......

......ਜਰਨੈਲ ਨੇ ਦਗਦੀਆਂ ਅੱਖਾਂ ਨਾਲ ਸਭ ਵੱਲ ਤੱਕਿਆ ਤੇ ਧਰਤੀ ਉੱਤੇ ਲੀਕ ਵਾਹ ਦਿੱਤੀ, ਫਿਰ ਗਰਜਵੀਂ ਆਵਾਜ਼ ਵਿਚ ਬੋਲੇ, "ਦਸਮੇਸ਼ ਪਿਤਾ ਦੇ ਸੂਰਮੇਂ ਪੁੱਤਰੋ, ਜ਼ਾਲਮ ਨੇ ਸਾਡੀ ਅਣਖ ਨੂੰ ਵੰਗਾਰਿਐ, ਸਾਡੇ ਜਾਨ ਤੋਂ ਪਿਆਰੇ ਮੁਕੱਦਸ ਅਸਥਾਨ 'ਤੇ ਹਮਲਾ ਕਰ ਦਿੱਤੈ, ਸਿਖ ਆਪਣਾ ਘਰ ਢਹਿੰਦਾ ਤਾਂ ਜਰ ਸਕਦੈ ਪਰ ਪਵਿੱਤਰ ਗੁਰਧਾਮਾਂ ਦੀ ਬੇਅਦਬੀ ਨਹੀਂ ਸਹਾਰ ਸਕਦਾ। ਦੁਸ਼ਮਨ ਗਿਣਤੀ ਵਿਚ ਸਾਥੋਂ ਕਈ ਗੁਣਾ ਵੱਧ ਐ, ਪਰ ਅਸੀਂ ਆਪਣੀ ਕੌਮੀ ਅਣਖ ਅਤੇ ਸਵੈਮਾਣ ਜਿਊਂਦਾ ਰੱਖਣ ਲਈ ਰਣਤੱਤੇ ਵਿਚ ਸਨਮੁਖ ਜੂਝਣੈ, ਸੋ ਜਿਸ-ਜਿਸ ਨੂੰ ਸ਼ਹਾਦਤ ਪ੍ਰਵਾਨ ਐਂ, ਜਿਸ ਨੂੰ ਜੰਗੇ ਮੈਦਾਨ ਵਿਚ ਜੂਝ ਕੇ ਮਰਨਾ ਮਨਜ਼ੂਰ ਐਂ, ਉਹ ਇਸ ਲੀਕ ਤੋਂ ਪਾਰ ਆ ਜਾਵੇ ਤੇ ਬਾਕੀ ਵਾਪਸ ਘਰਾਂ ਨੂੰ ਮੁੜ ਜਾਣ"।

੮੦ ਸਾਲਾ ਜਰਨੈਲ ਦੀ ਇਹ ਵੰਗਾਰ ਸੁਣ ਕੇ ਸਾਰੇ ਸੂਰਮੇਂ ਲੀਕ ਟੱਪ ਗਏ ਤੇ ਦੁਸ਼ਮਨਾਂ 'ਤੇ ਟੁੱਟ ਕੇ ਪੈ ਗਏ। ਬਸ ਫੇਰ ਕੀ ਸੀ, ਸਾਰੀ ਦੁਨੀਆਂ ਨੇ ਮੂੰਹ ਵਿਚ ਉਂਗਲਾਂ ਪਾ ਕੇ ਤੇ ਸਾਹ ਰੋਕ ਕੇ ਇਕ ਅਜਿਹਾ ਕੌਤਕ ਦੇਖਿਆ, ਜਿਸ ਦੇ ਵਾਪਰਨ ਬਾਰੇ ਕਦੇ ਕਿਸੇ ਨੇ ਸੁਪਨੇ ਵਿਚ ਵੀ ਨਹੀਂ ਸੋਚਿਆ ਹੋਣਾ। ਇਕ ਸੂਰਮਾਂ ਜੰਗ ਵਿਚ ਬਿਨਾ ਸਿਰ ਤੋਂ ਲੜ ਰਿਹਾ ਸੀ। ਸੀਸ ਤਲੀ 'ਤੇ ਟਿਕਾ, ੧੮ ਸੇਰ ਪੱਕਾ ਖੰਡਾ ਪੂਰੇ ਜੋਸ਼ ਨਾਲ ਵਾਹ ਰਿਹਾ ਸੀ......"

" ਸਿੰਘ ਸਿਰ ਕਟਵਾਉਣੋ ਨਹੀਂ ਡਰਦੇ, ਮੁੜ ਜਾਂਦੇ ਮੂੰਹ ਤਲਵਾਰਾਂ ਦੇ,
ਇਹ ਦੁਨੀਆਂ ਕਲਮੇਂ ਪੜ੍ਹਦੀ ਏ ਇਹਨਾਂ ਸਿਰ ਲੱਥਿਆਂ ਸਰਦਾਰਾਂ ਦੇ।"

ਹਰਪ੍ਰੀਤ ਦੇ ਮੂੰਹੋਂ ਆਪ ਮੁਹਾਰੇ ਨਿਕਲ ਗਿਆ।

ਜਿਉਂ-ਜਿਉਂ ਬਾਪੂ ਅਜਮੇਰ ਸਿਹੁੰ ਮੁੰਡਿਆਂ ਨੂੰ ਸਾਰੀ ਵਾਰਤਾ ਸੁਣਾ ਰਿਹਾ ਸੀ, ਤਿਉਂ-ਤਿਉਂ ਮੁੰਡਿਆਂ ਨੂੰ ਜੋਸ਼ ਚੜ੍ਹ ਰਿਹਾ ਸੀ। ਕਈ ਵਾਰ ਉਹਨਾਂ ਦੇ ਲੂੰ-ਕੰਡੇ ਖੜੇ ਹੁੰਦੇ ਤੇ ਉਹ ਦੋਹਾਂ ਬਾਹਾਂ 'ਤੇ ਹੱਥ ਫੇਰਦੇ। ਪਰ ਦੋਵੇਂ ਬਿਨਾਂ ਕੁਝ ਬੋਲੇ, ਸ਼ਾਤ ਸਭ ਕੁਝ ਸੁਣ ਰਹੇ ਸਨ। ਬਾਹਰ ਵੀ ਪੂਰੀ ਸ਼ਾਂਤੀ ਹੋ ਚੁੱਕੀ ਸੀ। ਜਿਵੇਂ ਸਾਰੀ ਕਾਇਨਾਤ ਵੀ ਸੁਣ ਰਹੀ ਹੋਵੇ। ਬਾਪੂ ਨੇ ਗੱਲ ਜਾਰੀ ਰੱਖੀ।

"ਇਸੇ ਤਰ੍ਹਾਂ ਪੁੱਤ ਸਮੇਂ-ਸਮੇਂ 'ਤੇ ਸਿਖ, ਜ਼ਾਲਮਾਂ ਨਾਲ ਟੱਕਰ ਲੈਂਦੇ ਰਹੇ ਤੇ ਦੁਸ਼ਟਾਂ ਨੂੰ ਸੋਧਦੇ ਰਹੇ। ਦੁਸ਼ਮਨਾਂ ਨੇ ਬਹੁਤ ਵਾਹ ਲਾਈ ਸਿਖਾਂ ਨੂੰ ਖਤਮ ਕਰਨ ਦੀ, ਪਰ ਕੋਈ ਵੀ ਕਾਮਯਾਬ ਨਾ ਹੋਇਆ। ਜ਼ਕਰੀਆਂ ਖਾਨ, ਮੀਰ ਮੰਨੂੰ ਵਰਗਿਆਂ

ਨੇ ਸਿਖਾਂ ਦੇ ਸਿਰਾਂ ਦੇ ਮੁੱਲ ਵੀ ਪਾਏ, ਪਰ ਸਿਖਾਂ ਦੀ ਨਸਲਕੁਸ਼ੀ ਕਰਨ ਵਿਚ ਸਫਲ ਨਾ ਹੋਏ। ਜ਼ਕਰੀਆ ਖ਼ਾਨ ਨੂੰ ਤਾਂ ਇਹ ਭਰਮ ਵੀ ਹੋ ਗਿਆ ਸੀ ਕਿ ਸਾਰੇ ਸਿਖ ਖਤਮ ਹੋ ਗਏ ਨੇ, ਪਰ ਨੂਰਦੀਨ ਦੀ ਸਰਾਂ ਕੋਲ ਪਿੱਠਾਂ ਜੋੜ ਕੇ ਖੜ੍ਹੇ ਦੋ ਸੂਰਬੀਰਾਂ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਨੇ ਉਸ ਦਾ ਭਰਮ ਤੋੜਿਆ,

'ਸੁਣ ਸਰਕਾਰੇ ਨੀ ਪੰਜਾਬ ਵਿਚ ਖਾਲਸੇ ਦਾ ਰਾਜ ਹੋ ਗਿਆ'

ਦੋਹਾਂ ਜੁਝਾਰੂਆਂ ਨੇ 'ਖਾਲਸਾ ਰਾਜ' ਦਾ ਐਲਾਨ ਕਰ ਕੇ ਟੈਕਸ ਉਗਰਾਹੁਣਾ ਵੀ ਸ਼ੁਰੂ ਕਰ ਦਿੱਤਾ। ਭਾਵੇਂ ਇਹ ਦੋਹੇਂ ਵੀਰ ਹਕੂਮਤ ਨਾਲ ਲੋਹਾ ਲੈਂਦੇ ਸ਼ਹੀਦ ਹੋ ਗਏ, ਪਰ ਇਹਨਾਂ ਨੇ ਲੋਕਾਂ ਨੂੰ ਦਿਖਾ ਦਿੱਤਾ ਕਿ ਖਾਲਸੇ ਨੂੰ ਮੁਕਾਉਣ ਵਾਲਾ ਅਜੇ ਤੱਕ ਕੋਈ ਨਹੀਂ ਜੰਮਿਆਂ ਤੇ ਖਾਲਸੇ ਨੂੰ ਗੁਲਾਮ ਬਣਾ ਕੇ ਰੱਖਣਾ ਵੀ ਹਕੂਮਤਾਂ ਦੇ ਵੱਸੋਂ ਬਾਹਰ ਹੈ ਕਿਉਂਕਿ ਖਾਲਸਾ 'ਅਕਾਲ ਪੁਰਖ' ਤੋਂ ਬਿਨਾ ਕਿਸੇ ਦੀ ਅਧੀਨਗੀ ਕਬੂਲ ਨਹੀਂ ਕਰਦਾ, ਗੁਰੂ ਸਾਹਿਬ ਨੇ ਸਾਨੂੰ ਜਨਮ ਤੋਂ ਹੀ ਬਾਦਸ਼ਾਹ ਬਣਾਇਐ ਤੇ ਪਾਤਸ਼ਾਹੀ ਵੀ ਬਖ਼ਸ਼ੀ ਹੋਈ ਹੈ,

'ਇਨ ਗਰੀਬ ਸਿਖਨ ਕਉ ਦੇਊਂ ਪਾਤਸ਼ਾਹੀ,
ਯਹ ਯਾਦ ਕਰੇਂ ਹਮਰੀ ਗੁਰਿਆਈ'

......ਤੇ ਇਕ ਸਮਾਂ ਐਸਾ ਵੀ ਆਇਆ ਜਦੋਂ ਇਸ ਅਜ਼ਾਦ ਸੋਚ ਦੇ ਮਾਲਕ ਖਾਲਸੇ ਨੇ ਸ. ਬਘੇਲ ਸਿੰਘ ਹੋਰਾਂ ਦੀ ਅਗਵਾਈ ਵਿਚ ਲਾਲ ਕਿਲ੍ਹੇ 'ਤੇ 'ਕੇਸਰੀ ਨਿਸ਼ਾਨ' ਝੁਲਾ ਦਿੱਤਾ। ਅਜਿੱਤ ਮੰਨੀ ਜਾਂਦੀ ਦਿੱਲੀ ਨੂੰ ਇੱਕ ਨਹੀਂ ਕਈ ਵਾਰ ਜਿੱਤਿਆ ਤੇ ਓਦੋਂ ਜੇ ਕੋਈ ਦਿੱਲੀ ਦੀ ਵਡਿਆਈ ਕਰਦਾ ਤਾਂ ਸਿੰਘ ਅੱਗੋਂ ਕਹਿੰਦੇ, "ਦਿੱਲੀ ਦਾ ਕੀ ਐ, ਦਿੱਲੀ ਤਾਂ ਬਿੱਲੀ ਐ ਜਦੋਂ ਮਰਜ਼ੀ ਮਾਰ ਲਉ" ।

ਖ਼ੈਰ ਬਹੁਤ ਘਾਲਨਾਵਾਂ ਤੇ ਕੁਰਬਾਨੀਆਂ ਤੋਂ ਬਾਅਦ ਸਾਰੀਆਂ ਮਿਸਲਾਂ ਨੂੰ ਇਕੱਠੇ ਕਰ ਕੇ ਮੁੜ 'ਖਾਲਸਾ ਰਾਜ' ਦੀ ਸਥਾਪਨਾ ਕੀਤੀ ਗਈ"

ਬਾਪੂ ਅਜੇ ਬੋਲ ਹੀ ਰਿਹਾ ਸੀ ਕਿ ਗੁਰਪ੍ਰੀਤ ਵਿਚੋਂ ਬੋਲਿਆ, "ਮੁੜ ਸਥਾਪਨਾ ਕੀਤੀ ? ਬਾਪੂ ਜੀ ਕੀ ਕਦੇ ਪਹਿਲਾਂ ਵੀ ਖਾਲਸਾ ਰਾਜ ਬਣਿਆਂ ਸੀ ਜਿਹੜਾ ਤੁਸੀਂ ਮੁੜ ਸਥਾਪਨਾਂ ਦੀ ਗੱਲ ਕੀਤੀ ਐ"

"ਤੇ ਹੋਰ ਝੁੱਡੂਆ, ਭੁੱਲ ਗਿਐਂ, " ਹਰਪ੍ਰੀਤ ਥੋੜਾ ਖਿਝ ਕੇ ਬੋਲਿਆ, ਉਹ ਨਹੀਂ ਚਾਹੁੰਦਾ ਸੀ ਕਿ ਕਿਸੇ ਵੀ ਤਰ੍ਹਾਂ ਨਾਲ ਬਾਪੂ ਦੀ ਗੱਲ ਰੁਕੇ, ਸੋ ਉਸਨੇ ਖੁਦ ਗੁਰਪ੍ਰੀਤ ਨੂੰ ਯਾਦ ਦਿਵਾਈ, ਪਹਿਲੇ ਖਾਲਸਾ ਰਾਜ ਦੀ, "ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਖਾਲਸਾ ਪੰਥ ਨੇ ਪਹਿਲਾਂ ਵੀ ਰਾਜ ਖਾਲਸਾ ਸਥਾਪਿਤ ਕੀਤਾ ਸੀ, ਲੋਕਾਂ ਦਾ ਰਾਜ, ਕਿਰਤੀ ਦਾ ਰਾਜ, ਮਜ਼ਦੂਰਾਂ ਤੇ ਕਿਸਾਨਾਂ ਦਾ ਰਾਜ। ਭਾਵੇਂ ਥੋੜੇ ਚਿਰ ਲਈ ਹੀ ਸਹੀ ਪਰ ਲੋਕਾਂ ਨੂੰ ਐਸਾ ਰਾਜ ਦਿੱਤਾ ਗਿਆ ਜਿਸਦੀ ਮਿਸਾਲ ਦੁਨੀਆਂ ਅੱਜ ਤੱਕ ਦਿੰਦੀ ਹੈ"

ਬਾਪੂ ਅਜਮੇਰ ਸਿੰਘ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਸਾਰੇ ਜੀਵਨ ਕਾਲ ਬਾਰੇ ਮੁੰਡਿਆਂ ਨੂੰ ਦੱਸਿਆ ਹੋਇਆ ਸੀ, ਪਰ ਕਾਫੀ ਸਮਾਂ ਹੋ ਗਿਆ ਹੋਣ ਕਰਕੇ

ਗੁਰਪ੍ਰੀਤ ਨੂੰ ਵਿੱਸਰ ਗਿਆ ਸੀ।

ਬਾਪੂ ਨੇ ਮੁੜ ਗੱਲ ਸ਼ੁਰੂ ਕੀਤੀ, "ਹਾਂ ਪੁੱਤਰ, ਹਰਪ੍ਰੀਤ ਠੀਕ ਆਂਹਦੈ, ਬਾਬਾ ਬੰਦਾ ਸਿੰਘ ਦੀ ਅਗਵਾਈ ਵਾਲੇ ਖਾਲਸਾ ਰਾਜ ਵਿਚ ਲੋਕਾਂ ਨੂੰ ਐਸਾ ਸਾਫ ਸੁਥਰਾ ਪ੍ਰਬੰਧ ਦਿੱਤਾ ਗਿਆ, ਜਿਸ ਬਾਰੇ ਕਦੇ ਕਿਸੇ ਨੇ ਸੋਚਿਆ ਵੀ ਨਹੀਂ ਸੀ। ਜਗੀਰਦਾਰੀ ਪ੍ਰਥਾ ਦਾ ਮੁਕੰਮਲ ਖਾਤਮਾਂ ਕਰ ਦਿੱਤਾ ਗਿਆ। ਹੁਣ ਜਮੀਨ ਉਸੇ ਦੀ ਸੀ ਜੋ ਉਸ 'ਤੇ ਹਲ ਵਾਹੁੰਦਾ ਸੀ। ਕਿਸਾਨਾਂ ਦੇ ਚਿਹਰਿਆਂ 'ਤੇ ਰੌਣਕ ਆ ਗਈ। ਰਾਖੀ ਪ੍ਰਥਾ ਦੀ ਸ਼ੁਰੂਆਤ ਕੀਤੀ ਗਈ। ਦੋ ਚਾਰ ਸਿੰਘ ਕਿਸੇ ਪਿੰਡ ਵਿਚ ਜਾਂਦੇ.......... ਕਿਸੇ ਸੋਟੀ ਨਾਲ ਛੋਟਾ ਜਿਹਾ ਕੱਪੜਾ ਬੰਨ੍ਹ ਕੇ ਪਿੰਡ ਦੀ ਸੱਥ ਵਿਚ ਗੱਡ ਦਿੰਦੇ ਤੇ ਨਾਲ ਹੀ ਐਲਾਨ ਕਰ ਦਿੱਤਾ ਜਾਂਦਾ,

"ਅੱਜ ਤੋਂ ਇਹ ਪਿੰਡ ਖਾਲਸਾ ਰਾਜ ਦੇ ਅਧੀਨ ਹੈ, ਹੁਣ ਇਸ ਪਿੰਡ ਦੀ ਜਰਵਾਣਿਆਂ ਤੋਂ ਸੁਰੱਖਿਆ ਦੀ ਜ਼ਿੰਮੇਵਾਰੀ ਖਾਲਸੇ ਦੀ ਹੈ, ਸੋ ਆਪ ਸਭ ਨੂੰ ਰੱਖਿਆ ਦੇ ਬਦਲੇ ਕਰ ਦੇਣਾ ਪਵੇਗਾ"।

ਪਿੰਡ ਦੇ ਕੁਝ ਮੋਹਤਬਰ ਬੰਦੇ ਹੱਥ ਜੋੜ ਕੇ ਖਲੋ ਜਾਂਦੇ ਤੇ ਕਹਿੰਦੇ,

"ਖਾਲਸਾ ਜੀ, ਸਾਡੇ ਕੋਲ ਤਾਂ ਜ਼ਾਲਮਾਂ ਨੇ ਕੁਛ ਛੱਡਿਆ ਈ ਨਈਂ, ਅਸੀਂ ਤੁਹਾਨੂੰ ਕਰ ਕਿੱਥੋਂ ਦੇਵਾਂਗੇ"।

ਅੱਗੋਂ ਸਿੰਘ ਜਵਾਬ ਦਿੰਦੇ, "ਤੁਹਾਨੂੰ ਕਿਸੇ ਨੂੰ ਘਬਰਾਉਣ ਦੀ ਲੋੜ ਨਈਂ, ਅਸੀਂ ਦਸਵੇਂ ਪਾਤਸ਼ਾਹ ਦੇ ਸਪੁੱਤਰ, ਗਰੀਬ ਦਾ ਮੂੰਹ ਗੁਰੂ ਕੀ ਗੋਲਕ ਜਾਣਦੇ ਹਾਂ, ਕਿਸੇ ਤੋਂ ਜਬਰੀ ਕੋਈ ਕਰ ਨਹੀਂ ਉਗਰਾਹਿਆ ਜਾਵੇਗਾ, ਜੇ ਕੋਈ ਦੇ ਸਕਦਾ ਹੋਵੇ ਤਾਂ ਸਿਰਫ ਛੋਲਿਆਂ ਦੀ ਇੱਕ-ਇੱਕ ਮੁੱਠ ਦੇ ਦੇਵੇ ਜਿਸ ਦੇ ਬਦਲੇ ਅਸੀਂ ਜ਼ਾਲਮ ਲੁਟੇਰਿਆਂ ਹੱਥੋਂ ਹੁੰਦੀ ਤੁਹਾਡੀ ਲੁੱਟ ਰੋਕਾਂਗੇ, ਹੁਣ ਤੁਹਾਡੀ ਖ਼ੂਨ ਪਸੀਨਾ ਡੋਲ੍ਹ ਕੇ ਉਗਾਈ ਗਈ ਜਿਨਸ ਨੂੰ ਕੋਈ ਨਹੀਂ ਲੁੱਟੇਗਾ, 'ਬੋਲੇ ਸੋ ਨਿਹਾਲ................ ਸਤਿ ਸ੍ਰੀ ਅਕਾਲ"

ਇਹ ਸਭ ਸੁਣ ਕੇ ਲੋਕਾਂ ਵਿਚ ਖੁਸ਼ੀ ਦੀ ਲਹਿਰ ਦੌੜ ਜਾਂਦੀ। ਬਹੁਤ ਨੌਜੁਆਨ ਖਾਲਸਾ ਦਲਾਂ ਵਿਚ ਭਰਤੀ ਹੋਣ ਲੱਗੇ। ਜੋ ਵੀ ਸ਼ਰਨ ਆਇਆ ਖਾਲਸੇ ਨੇ ਉਸਨੂੰ ਕੰਠ ਲਾਇਆ, ਖ਼ਵਾਰ ਹੋਏ ਸਭ ਮਿਲਣ ਲੱਗੇ।

ਬਾਬਾ ਜੀ ਦੀ ਸ਼ਖ਼ਸ਼ੀਅਤ ਵਿਚ ਐਸੀ ਖਿੱਚ ਸੀ ਕਿ ਸਾਹਮਣੇ ਵਾਲਾ ਕੀਲਿਆ ਜਾਂਦਾ ਸੀ। ਉਹਨਾਂ ਨੂੰ ਮਿਲ ਕੇ ਇਕ ਆਮ ਆਦਮੀਂ ਵਿਚ ਵੀ ਏਨਾ ਹੌਸਲਾ ਆ ਜਾਂਦਾ ਸੀ ਕਿ ਉਹ ਪਹਾੜਾਂ ਨਾਲ ਟਕਰਾਉਣ ਲਈ ਤਿਆਰ ਹੋ ਜਾਂਦਾ। ਇੱਕ ਵਾਰ ਕਿਸੇ ਪਿੰਡ ਦੇ ਕੁਝ ਕਿਸਾਨ ਬਾਬਾ ਜੀ ਕੋਲ ਫਰਿਆਦ ਲੈ ਕੇ ਆਏ ਕਿ ਸਾਡੀਆਂ ਜ਼ਮੀਨਾਂ 'ਤੇ ਚੌਧਰੀਆਂ ਨੇ ਕਬਜ਼ਾ ਕਰ ਲਿਆ ਹੈ ਤੇ ਸਾਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਹੈ, ਕ੍ਰਿਪਾ ਕਰਕੇ ਸਾਡੀ ਕੁਝ ਮਦਦ ਕਰੋ। ਬਾਬਾ ਜੀ ਨੇ ਕਿਸਾਨਾਂ ਨੂੰ ਪੁਛਿਆ,

"ਕਿੰਨੇ ਚੌਧਰੀ ਹਨ"

"ਜੀ ਪੰਜ" ਜਵਾਬ ਆਇਆ।

"ਤੇ ਤੁਸੀਂ"

"ਜੀ ਏਹੀ ਕੋਈ ੩੦-੩੫"

ਇਹ ਸੁਣ ਕੇ ਬਾਬਾ ਜੀ ਨੇ ਇੱਕ ਸਿੰਘ ਨੂੰ ਆਵਾਜ ਮਾਰੀ ਤੇ ਕਿਹਾ, "ਇਹਨਾਂ ਨੂੰ ਜਿਉਣ ਦਾ ਕੋਈ ਹੱਕ ਨਹੀਂ, ਇਹ ਸਭ ਕਾਇਰ ਨੇ, ਇਹਨਾਂ ਨੂੰ ਲੈ ਜਾਓ ਤੇ ਮੌਤ ਦੇ ਘਾਟ ਉਤਾਰ ਦਿਓ"

ਕਿਸਾਨ ਸਾਰੀ ਗੱਲ ਸਮਝ ਗਏ। ਤਿਆਰ ਬਰ ਤਿਆਰ ਸਿੰਘ ਸਜ ਕੇ ਕਿਸਾਨਾਂ ਨੇ ਪਿੰਡ ਪਹੁੰਚ ਕੇ ਚੌਧਰੀਆਂ ਦੇ ਡੱਕਰੇ ਕਰ ਦਿੱਤੇ ਤੇ ਆਪਣੀਆਂ ਜ਼ਮੀਨਾਂ ਛੁਡਵਾ ਲਈਆਂ।

ਇਹ ਸੀ ਓਹ ਖਾਲਸਾ ਰਾਜ, ਜਿੱਥੇ ਸਚਮੁੱਚ ਲੋਕਾਂ ਦਾ ਰਾਜ ਸੀ ਤੇ ਸਾਰੀ ਪਰਜਾ ਸੁਖੀ ਸੀ। ਅੱਜ ਦੇ ਭਾਰਤ ਵਾਂਗ ਨਈ ਕਿ ਕਹਿਣ ਨੂੰ ਲੋਕਾਂ ਦੁਆਰਾ, ਲੋਕਾਂ ਲਈ, ਲੋਕਾਂ ਦਾ ਰਾਜ ਤੇ ਸਾਰੇ ਪਾਸਿਓ ਲੋਕਾਂ ਨੂੰ ਹੀ ਜੋਕਾਂ ਚਿੰਬੜੀਆਂ ਪਈਆਂ ਨੇ ਖੂਨ ਚੂਸਣ ਲਈ"

"ਬਾਪੂ ਜੀ ਏਹ ਖਾਲਸਾ ਰਾਜ ਕਿੰਨਾ ਕੁ ਚਿਰ ਰਿਹਾ" ਗੁਰਪ੍ਰੀਤ ਨੇ ਪੁੱਛਿਆ।

"ਪੁੱਤ, ਬਾਬਾ ਜੀ ਕੋਲ ਖਾਲਸਾ ਫੌਜ ਦੁਸਮਨ ਨਾਲੋਂ ਗਿਣਤੀ ਵਿਚ ਬਹੁਤ ਘੱਟ ਸੀ, ਸੋ ਗੁਰਦਾਸ ਨੰਗਲ ਵਿਚ ਪਏ ਅੱਠ ਮਹੀਨਿਆਂ ਦੇ ਘੇਰੇ ਪਿੱਛੋਂ ਸਿੰਘਾਂ ਦੇ ਗ੍ਰਿਫਤਾਰ ਹੋ ਜਾਣ ਤੇ ਪਿੱਛੋਂ ਅਣਗਿਣਤ ਤਸੀਹੇ ਦੇ ਕੇ ਸ਼ਹੀਦ ਕੀਤੇ ਜਾਣ ਤੋਂ ਬਾਅਦ ਖਾਲਸਾ ਰਾਜ ਦਾ ਵੀ ਛੇਤੀ ਅੰਤ ਹੋ ਗਿਆ"

"ਤੇ ਬਾਪੂ ਜਿਹੜਾ ਖਾਲਸਾ ਰਾਜ ਪਿੱਛੋਂ ਬਣਿਆਂ, ਹੁਣ ਉਸ ਬਾਰੇ ਵੀ ਦੱਸ"

"ਓ ਦੱਸਦਾਂ-ਦੱਸਦਾਂ ਸਹੁਰਿਆ, ਏਨੀ ਕਾਹਲ ਕਿਉਂ ਕਰਦੈ, ਜਾਹ ਮੇਰਾ ਸ਼ੇਰ ਪਹਿਲਾਂ ਪਾਣੀ ਦਾ ਗਲਾਸ ਲਿਆ ਭਰ ਕੇ, ਤੇਹ ਜਈ ਲੱਗੀ ਐ, ਫੇਰ ਅੱਗੋਂ ਸੁਣਾਉਣੈ" ਬਾਪੂ ਅਜਮੇਰ ਸਿੰਘ ਨੇ ਗੁਰਪ੍ਰੀਤ ਨੂੰ ਪਾਣੀ ਲਿਆਉਣ ਲਈ ਕਿਹਾ, ਕਾਫੀ ਦੇਰ ਤੋਂ ਲਗਾਤਾਰ ਬੋਲ ਰਿਹਾ ਹੋਣ ਕਰਕੇ ਉਸ ਦਾ ਗਲ ਕੁਝ ਸੁੱਕ ਗਿਆ ਸੀ।

ਗੁਰਪ੍ਰੀਤ ਨੇ ਜੇ ਜਕ ਜਹੀ ਵਿਚ ਉੱਠਦੇ ਨੇ ਕਿਹਾ, "ਪਾਣੀ ਤਾਂ ਲੈ ਆਉਣੈ, ਪਰ ਮੇਰੇ ਪਿੱਛੋਂ ਕੋਈ ਗੱਲ ਨਾ ਤੋਰਿਓ"

ਉਸਨੂੰ ਡਰ ਸੀ ਕਿ ਕਿਤੇ ਬਾਪੂ ਉਸ ਤੋਂ ਪਿੱਛੋਂ ਕਹਾਣੀ ਸ਼ੁਰੂ ਨਾ ਕਰ ਦੇਵੇ।

"ਓ ਨਹੀਂ ਪੁੱਤ, ਤੇਰੇ ਆਏ ਤੋਂ ਈ ਸ਼ੁਰੂ ਕਰੂੰ, ਜਾ ਮੇਰਾ ਪੁੱਤ ਛੇਤੀ ਨਾਲ ਮੁੜ ਆਈਂ"

ਕਾਂਡ ੫

ਗੁਰਪ੍ਰੀਤ ਆਪ ਪਾਣੀ ਪੀ ਕੇ ਬਾਪੂ ਤੇ ਹਰਪ੍ਰੀਤ ਲਈ ਲੈ ਆਇਆ।

"ਲਉ ਬਾਪੂ ਜੀ, ਮੈਂ ਜੱਗ ਭਰ ਲਿਆਇਆਂ, ਜੇ ਫੇਰ ਲੋੜ ਪਈ ਤਾਂ ਪੀਲਾਂਗੇ"

"ਨਹੀਂ ਮੈਂ ਨੀ ਪੀਣਾ..... ਭਾਪੇ ਹੋਰੀਂ ਤਾਂ ਸੁੱਤੇ ਪਏ ਹੋਣੇ ਐਂ, ਘੂਕ" ਹਰਪ੍ਰੀਤ ਨੇ ਗੁਰਪ੍ਰੀਤ ਨੂੰ ਪਾਣੀ ਤੋਂ ਨਾਂਹ ਕਰਦੇ ਨੇ ਕਿਹਾ। ਠੰਡ ਹੋਣ ਕਰਕੇ ਉਸ ਨੂੰ ਪਾਣੀ ਦੀ ਕੋਈ ਤੇਹ ਨਹੀਂ ਸੀ, ਅਜਮੇਰ ਸਿਹੁੰ ਨੇ ਤਾਂ ਲਗਾਤਾਰ ਬੋਲ ਰਿਹਾ ਹੋਣ ਕਰਕੇ ਪਾਣੀ ਮੰਗਿਆ ਸੀ।

"ਆਹੋ, ਭਾਪਾ ਤਾਂ ਘਰਾੜਿਆਂ ਦੀ ਸ਼ੂਟ ਵੱਟੀ ਆਉਂਦੇ ਤੇ ਬੇਬੇ ਵੀ ਅਰਾਮ ਨਾਲ ਸੁੱਤੀ ਪਈ ਐ, ਚਲੋ ਬਾਪੂ ਜੀ ਤੁਸੀਂ ਅੱਗੇ ਤੋਰੋ"

"ਯਰ ਮੈਨੂੰ ਤਾਂ ਨੀਂਦ ਜੀ ਆਈ ਜਾਂਦੀ ਐ, ਜੇ ਤੁਸੀਂ ਕਹੋਂ ਤਾਂ ਬਾਕੀ ਕਹਾਣੀ ਆਪਾਂ ਕੱਲ੍ਹ ਨੂੰ ਪਾਲਾਂਗੇ" ਬਾਪੂ ਨੇ ਦੋਹਾਂ ਨੂੰ ਫੇਰ ਟੋਹਿਆ।

"ਨਈ ਨਈ ਬਾਪੂ, ਤੂੰ ਨਬੇੜ ਦੇ ਕੰਮ ਅੱਜ, ਖਿੱਚੀ ਚੱਲ ਮੀਟਰ, ਹੁਣ ਤਾਂ ਨਜ਼ਾਰਾ ਆਉਣ ਲੱਗਿਐ, ਨਾਲੇ ਸਰਕਾਰੇ ਖਾਲਸਾ ਦੀ ਵਾਰਤਾ ਵਿਚਾਲੇ ਛੱਡ ਕੇ ਕਿਮੇਂ ਸੌਂ ਜਾਂਗੇ। ਤੂੰ ਹੁਣ ਸ਼ੁਰੂ ਕਰ ਤੇ ਧੁਰ ਤੀਕ ਸਾਰੀ ਕਹਾਣੀ ਸੁਣਾ ਦੇ, ਨਹੀਂ ਅਸੀਂ ਤੈਨੂੰ ਵੀ ਨੀ ਸੌਣ ਦੇਣਾ।" ਹਰਪ੍ਰੀਤ ਨੇ ਦੋ ਟੁਕ ਗੱਲ ਨਬੇੜ ਦਿੱਤੀ

"ਚੰਗਾ ਸੁਣੋਂ ਫੇਰ, ਸਰਦਾਰ ਚੜ੍ਹਤ ਸਿੰਘ ਦੇ ਪੋਤਰੇ ਰਣਜੀਤ ਸਿੰਘ ਨੇ ਆਪਣੀ ਸੱਸ ਸਦਾਂ ਕੌਰ ਤੇ ਹੋਰ ਅਨੇਕਾਂ ਜਰਨੈਲਾਂ ਦੀ ਮਦਦ ਨਾਲ ਇੱਕ ਅਜਿਹੇ ਰਾਜ ਦੀ ਸਥਾਪਨਾ ਕੀਤੀ ਜਿਸ ਨੇ ਇੱਕ ਵਾਰ ਸਾਰੀ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ। ਏਸ ਰਾਜ ਦੀ ਧੁੰਮ ਚੀਨ ਤੋਂ ਲੈ ਕੇ ਕਾਬਲ ਕੰਧਾਰ ਤੀਕ ਸੀ, ਫਰਾਂਸ ਤੇ ਇੰਗਲੈਂਡ ਵਰਗੀਆਂ ਸ਼ਕਤੀਆਂ ਏਸ ਰਾਜ ਵੱਲ ਵੇਖ ਕੇ ਹੈਰਾਨ ਰਹਿ ਜਾਂਦੀਆਂ। ਕੋਈ ਦੁਖੀ ਨਹੀਂ ਸੀ, ਕਿਸੇ ਨੂੰ ਕੋਈ ਮੁਸ਼ਕਿਲ ਨਹੀਂ ਸੀ, ਕੋਈ ਰਾਤ ਨੂੰ ਭੁੱਖਾ ਨਹੀਂ ਸੌਂਦਾ ਸੀ। ਸਭ ਜਾਤਾਂ, ਧਰਮਾਂ ਦੇ ਲੋਕ ਖੁਸ਼ ਸਨ,

"ਸੁਖੀ ਵਸਣ ਹਿੰਦੂ ਮੁਸਲਮਾਨ ਦੋਹੋਂ
ਸਿਰ ਦੋਹਾਂ ਦੇ ਆਫ਼ਤ ਆਈ,
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ
ਕਦੇ ਨਹੀਂ ਸੀ ਤੀਸਰੀ ਜਾਤ ਆਈ"

ਸਿਰਫ ਇੱਕੋ ਵਰਗ ਦੁਖੀ ਸੀ, ਇਹ ਨਹੀਂ ਕਿ ਉਨ੍ਹਾਂ ਦੇ ਰਹਿਣ ਸਹਿਣ ਵਿਚ ਕੋਈ ਤਕਲੀਫ ਸੀ, ਸਗੋਂ ਇਸ ਲਈ ਕਿਉਂਕਿ ਉਹ ਖਾਲਸੇ ਦੀ ਚੜ੍ਹਦੀ ਕਲਾ

ਵੇਖ ਕੇ ਸੁਖਾਂਦਾ ਨਹੀਂ ਸੀ, ਤੇ ਉਹ ਸੀ ਬਾਹਮਣ। ਧਿਆਨ ਸਿਹੁੰ, ਗੁਲਾਬ ਸਿਹੁੰ, ਤੇਜੂ, ਲਾਲੂ। ਇਹ ਸਾਰੇ ਲਗਾਤਾਰ ਸਿਖ ਰਾਜ ਦੀਆਂ ਜੜ੍ਹਾਂ ਵਿਚ ਤੇਲ ਪਾ ਰਹੇ ਸਨ। ਜਦੋਂ ਓਧਰ ਪੂਰੇ ਭਾਰਤ ਉੱਤੇ ਅੰਗਰੇਜ਼ ਕਬਜ਼ਾ ਕਰ ਰਹੇ ਸਨ ਤਾਂ ਸਰਕਾਰੇ ਖਾਲਸਾ ਵਿਚ ਉੱਚ ਅਹੁਦਿਆਂ 'ਤੇ ਬੈਠੇ ਇਹਨਾਂ ਬਾਹਮਣਾ ਨੇ ਅੰਗਰੇਜ਼ਾਂ ਨਾਲ ਗੰਢ ਤੁੱਪ ਕੀਤੀ ਤੇ ਉਹਨਾਂ ਨੂੰ ਦੇਸ਼ ਪੰਜਾਬ 'ਤੇ ਹਮਲੇ ਕਰਨ ਲਈ ਉਕਸਾਇਆ ਤੇ ਨਾਲ ਹੀ ਆਪਣੀ ਵਫਾਦਾਰੀ ਵਿਖਾਉਂਦੇ ਹੋਏ ਉਹਨਾਂ ਨੂੰ ਪੂਰਨ ਸਹਿਯੋਗ ਦੇਣ ਦਾ ਵੀ ਵਾਅਦਾ ਕੀਤਾ। ਅੰਗਰੇਜ਼ ਜਾਣਦੇ ਸਨ ਕਿ ਮਹਾਰਾਜੇ ਦੇ ਰਾਜ ਨੂੰ ਜਿੱਤਣਾ ਕੋਈ ਖਾਲਾ ਜੀ ਦਾ ਵਾੜਾ ਨਈ, ਸੋ ਉਹਨਾਂ ਜਦ ਤੱਕ ਬਾਕੀ ਪੂਰਾ ਭਾਰਤ ਜਿੱਤ ਨਈਂ ਲਿਆ, ਓਨੀ ਦੇਰ ਤੱਕ ਮਹਾਰਾਜੇ ਨਾਲ ਸੁਲਹ ਰੱਖੀ ਤੇ ਖਾਲਸਾ ਰਾਜ ਵੱਲ ਅੱਖ ਚੁੱਕ ਕੇ ਨਹੀਂ ਵੇਖਿਆ। ਪਰ ਹੁਣ ਉਨ੍ਹਾਂ ਪੂਰਾ ਧਿਆਨ ਪੰਜਾਬ ਉੱਤੇ ਹੀ ਕੇਂਦਰਿਤ ਕਰ ਦਿੱਤਾ ਸੀ, ਏਧਰ ਗ਼ੱਦਾਰ ਬਾਹਮਣਾ ਨੂੰ ਵੀ ਕਾਹਲ ਸੀ ਸਿਖ ਰਾਜ ਨੂੰ ਢਹਿੰਦਾ ਵੇਖਣ ਦੀ। ਸੋ ਇਹ ਸਾਰੇ ਮਿਲ ਕੇ ਰਾਤ ਦਿਨ ਵਿਉਂਤਾਂ ਘੜਨ ਲੱਗੇ ਸਿਖ ਰਾਜ ਨੂੰ ਨੇਸਤੋ ਨਾਬੂਦ ਕਰਨ ਦੀਆਂ। ਬਾਹਮਣ, ਧਿਆਨੂ ਤੇ ਗੁਲਾਬੂ ਨੇ ਮਹਾਰਾਜੇ ਨਾਲ ਕਾਫੀ ਨੇੜਤਾ ਬਣਾ ਲਈ ਸੀ। ਕੁਝ ਸਿਖ ਜਰਨੈਲ ਇਹਨਾਂ ਬਾਹਮਣਾ ਦੀਆਂ ਚਾਲਾਂ ਤੋਂ ਜਾਣੂ ਵੀ ਸਨ ਤੇ ਉਹ ਚਾਹੁੰਦੇ ਸਨ ਕਿ ਮਹਾਰਾਜਾ ਇਹਨਾਂ ਨੂੰ ਦਰਬਾਰ ਤੋਂ ਕੱਢ ਦੇਵੇ। ਪਰ ਇਹ ਸ਼ਾਤਰ ਬਾਹਮਣ ਮਹਾਰਾਜੇ ਦੁਆਲੇ ਜਾਲ ਵਿਛਾਈ ਬੈਠੇ ਸਨ ਤੇ ਛੇਤੀ ਕਿਤੇ ਕੋਈ ਖ਼ਬਰ ਉਸ ਤੱਕ ਪਹੁੰਚਣ ਵੀ ਨਹੀਂ ਦਿੰਦੇ ਸਨ। ਏਥੋਂ ਤੱਕ ਕਿ ਜਮਰੌਦ ਦੇ ਕਿਲ੍ਹੇ ਵਿਚ ਸਿਖ ਫੌਜਾਂ ਨਾਲ ਦੁਸ਼ਮਨਾਂ ਦੀ ਚੱਲ ਰਹੀ ਜੰਗ ਵਿਚੋਂ ਸਰਦਾਰ ਹਰੀ ਸਿੰਘ ਨਲੂਏ ਨੇ ਮਹਾਰਾਜੇ ਨੂੰ ਹੋਰ ਸੈਨਾ ਭੇਜਣ ਦੀ ਬੇਨਤੀ ਕੀਤੀ, ਪਰ ਇਹਨਾਂ 'ਜਗਤ ਕਸਾਈਆਂ' ਨੇ ਇਹ ਖ਼ਬਰ ਮਹਾਰਾਜੇ ਤੱਕ ਪੁੱਜਣ ਹੀ ਨਹੀਂ ਦਿੱਤੀ। ਨਤੀਜਾ ਇਹ ਹੋਇਆ ਕਿ ਇਸ ਜੰਗ ਵਿਚ ਸਿਖ ਰਾਜ ਦਾ ਸਭ ਤੋਂ ਵੱਡਾ ਥੰਮ ਜਰਨੈਲ ਹਰੀ ਸਿੰਘ ਨਲੂਏ ਦੇ ਰੂਪ ਵਿਚ ਡਿੱਗ ਪਿਆ। ਜਰਨੈਲ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਇੱਕ ਵਾਰ ਤਾਂ ਸਾਰੀ ਪੰਜਾਬ ਦੀ ਧਰਤੀ ਕੰਬ ਗਈ। ਓਹ ਜਰਨੈਲ, ਜਿਸ ਦਾ ਨਾਂ ਲੈ ਕੇ ਪਠਾਣੀਆਂ ਰਾਤ ਨੂੰ ਆਵਦੇ ਜਵਾਕਾਂ ਨੂੰ ਸਵਾਉਂਦੀਆਂ ਸਨ, ਅੱਜ ਬਾਹਮਣ ਦੀ ਗ਼ੱਦਾਰੀ ਕਾਰਨ ਮਾਰਿਆ ਗਿਆ ਸੀ ਤੇ ਇਹਨਾਂ ਬਾਹਮਣਾ ਤੇ ਡੋਗਰਿਆਂ ਤੋਂ ਬਿਨਾਂ ਸਾਰਾ ਪੰਜਾਬ ਸਰਦਾਰ ਹਰੀ ਸਿੰਘ ਨਲੂਏ ਦੀ ਸ਼ਹੀਦੀ 'ਤੇ ਧਾਹਾਂ ਮਾਰ ਰਿਹਾ ਸੀ। ਏਥੋਂ ਖਾਲਸਾ ਰਾਜ ਦਾ ਪਤਨ ਸ਼ੁਰੂ ਹੋਇਆ। ਇਸ ਤੋਂ ਕੁਝ ਸਮਾਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੀ ਵੀ ਮੌਤ ਹੋ ਗਈ। ਮਹਾਰਾਜਾ ਵੀ ਪੰਜਾਬ ਦਾ ਸੂਰਮਾਂ ਪੁੱਤ ਸੀ। ਗਲਤੀਆਂ ਹਰੇਕ ਬੰਦੇ ਤੋਂ ਹੁੰਦੀਆਂ ਨੇ, ਕੋਈ ਵੀ ਇਨਸਾਨ ਅਭੁੱਲ ਨਹੀਂ, ਪਰ ਜੋ ਖ਼ੂਬੀਆਂ ਮਹਾਰਾਜਾ ਰਣਜੀਤ ਸਿੰਘ ਵਿਚ ਸਨ, ਉਹ ਕਿਸੇ ਰਾਜੇ ਵਿਚ ਮਿਲਣੀਆਂ ਬਹੁਤ ਮੁਸ਼ਕਿਲ ਹਨ। ਜੇ ਕਦੇ ਬੱਚੇ ਬੇਰੀ ਨੂੰ ਵੱਟੇ ਮਾਰ ਰਹੇ ਹੁੰਦੇ ਤੇ ਵਿਚੋਂ ਇੱਕ ਵੱਟਾ ਮਹਾਰਾਜੇ ਦੇ ਵੱਜਦਾ ਤਾਂ ਉਹ ਤੁਰੰਤ ਸਿਪਾਹੀਆਂ ਨੂੰ ਕਹਿੰਦਾ,

'ਬੱਚਿਆਂ ਨੂੰ ਸੋਨੇ ਦੀਆਂ ਮੋਹਰਾਂ ਦਿਓ, ਜੇ ਬੇਰੀ ਵੱਟੇ ਖਾ ਕੇ ਬੱਚਿਆਂ ਨੂੰ ਬੇਰ ਦਿੰਦੀ ਹੈ ਤਾਂ ਕੀ ਪੰਜਾਬ ਦਾ ਮਹਾਰਾਜਾ ਬੇਰੀ ਤੋਂ ਵੀ ਗਿਆ ਗੁਜ਼ਰਿਆ ਹੈ'।

ਜੇ ਕਦੇ ਕੋਈ ਬੁੱਢੀ ਔਰਤ ਮਹਾਰਾਜੇ ਨੂੰ ਪਾਰਸ ਸਮਝ ਕੇ ਆਪਣਾ ਲੋਹੇ ਦਾ ਤਵਾ ਸੋਨੇ ਦਾ ਬਣਾਉਣ ਲਈ ਉਸਦੇ ਪੈਰ ਨਾਲ ਰਗੜਦੀ ਤਾਂ ਉਸ ਨੂੰ ਸਚਮੁੱਚ ਸੋਨੇ ਦਾ ਤਵਾ ਮਿਲਦਾ।

ਤੇ ਜੇ ਕਦੇ ਕਿਸੇ ਬਜ਼ੁਰਗ ਮੋਚੀ ਤੋਂ ਅਨਾਜ ਦੀ ਭਾਰੀ ਪੰਡ ਨਾ ਚੁੱਕੀ ਜਾਂਦੀ ਤਾਂ ਮਹਾਰਾਜਾ ਭੇਸ ਬਦਲ ਕੇ ਉਸ ਦੀ ਪੰਡ ਸਿਰ 'ਤੇ ਚੱਕ ਘਰ ਤੱਕ ਛੱਡ ਕੇ ਆਉਂਦਾ। ਕਦੇ ਕਿਸੇ ਨੇ ਵੇਖੀਆਂ ਨੇ ਕਿਸੇ ਮਹਾਰਾਜੇ ਵਿਚ ਐਸੀਆਂ ਖੂਬੀਆਂ।

ਤੇ ਅੱਜ ੨੬ ਜੂਨ ੧੮੩੯ ਦੀ ਚੰਦਰੀ ਸਵੇਰ ਉਸੇ ਦਇਆਵਾਨ, ਖਾਲਸਾ ਰਾਜ ਦੇ ਸਿਰਜਕ ਮਹਾਰਾਜੇ ਰਣਜੀਤ ਸਿੰਘ ਨੂੰ ਨਾਲ ਲੈ ਕੇ ਸਦਾ ਲਈ ਅਲੋਪ ਹੋ ਗਈ ਤੇ ਸਿਖ ਕੌਮ ਨੂੰ ਕਾਲੀ ਬੋਲੀ ਰਾਤ ਨੇ ਘੇਰ ਲਿਆ। ਲਹੌਰ ਦੇ ਸ਼ਾਹੀ ਕਿਲ੍ਹੇ ਦੇ ਸਾਹਮਣੇ ਚੰਦਨ ਦੀ ਚਿਖਾ ਵਿਚ ਸ਼ੇਰੇ ਪੰਜਾਬ ਨਹੀਂ ਸੜ੍ਹ ਰਿਹਾ ਸੀ ਸਗੋਂ ਸਿਖ ਕੌਮ ਦੀ ਆਜ਼ਾਦੀ ਤੇ ਸੁਤੰਤਰਤਾ ਅਸਮਾਨ ਛੋਹ ਰਹੀਆਂ ਅੱਗ ਦੀਆਂ ਲਾਟਾਂ ਵਿਚ ਬਲ ਰਹੀ ਸੀ। ਇੰਜ ਮਹਿਸੂਸ ਹੋ ਰਿਹਾ ਸੀ ਜਿਵੇਂ ਸ਼ੇਰੇ ਪੰਜਾਬ ਦੀ ਚਿਖਾ ਦਾ ਸੇਕ ਸਿਖਾਂ ਨੂੰ ਇਹ ਸੁਨੇਹਾਂ ਦੇ ਰਿਹਾ ਹੋਵੇ ਕਿ ਆਉਣ ਵਾਲਾ ਹਰੇਕ ਪਲ ਤੁਹਾਨੂੰ ਯਤੀਮ ਤੇ ਅਨਾਥ ਹੋਣ ਦਾ ਅਹਿਸਾਸ ਕਰਵਾਏਗਾ।

ਮਹਾਰਾਜੇ ਦੀ ਮੌਤ ਤੋਂ ਬਾਅਦ ਡੋਗਰੇ ਤੇ ਬਾਹਮਣਾ ਨੂੰ ਹੋਰ ਖੁੱਲ ਮਿਲ ਗਈ। ਅੰਗਰੇਜ਼ਾਂ ਨਾਲ ਮਿਲ ਕੇ ਵਸਦੇ ਰਸਦੇ ਸਿਖ ਰਾਜ ਨੂੰ ਉਜਾੜਨ ਲਈ ਪੂਰਾ ਜ਼ੋਰ ਲਾ ਦਿੱਤਾ। ਫੇਰੂ ਸ਼ਹਿਰ ਤੇ ਮੁੱਦਕੀ ਦੀਆਂ ਜਿੱਤੀਆਂ ਹੋਈਆਂ ਜੰਗਾਂ ਸਿਖ ਫੌਜਾਂ ਨੂੰ ਗ਼ਦਾਰੀ ਨਾਲ ਹਰਾਈਆਂ ਗਈਆਂ। ਦੋਹਾਂ ਜੰਗਾਂ ਵਿਚ ਅੰਗਰੇਜ਼ ਪਿੱਛੇ ਹਟਣੇ ਸ਼ੁਰੂ ਹੋ ਗਏ ਸਨ ਪਰ ਸ਼ਾਤਰ ਬਾਹਮਣ ਉਸੇ ਵੇਲੇ ਕੋਈ ਚਾਲ ਚੱਲਦੇ ਤੇ ਅੰਗਰੇਜ਼ਾਂ ਦਾ ਪੱਲੜਾ ਭਾਰੀ ਹੋ ਜਾਂਦਾ,

"ਲਾਲੂ ਦੀ ਲਾਲੀ ਗਈ ਤੇਜੂ ਦਾ ਗਿਆ ਤੇਜ
ਰਣ ਵਿਚ ਪਿੱਠ ਦਿਖਾਇ ਕੇ ਮੋੜਾ ਆਏ ਫੇਰ"

ਫੇਰੂ ਸ਼ਹਿਰ ਦੀ ਲੜਾਈ ਵਿਚ ਲਾਲੂ ਤੇ ਤੇਜੂ ਦੇ ਭੱਜ ਜਾਣ ਦੀ ਖਬਰ ਮਹਾਰਾਣੀ ਜਿੰਦ ਕੌਰ ਨੂੰ ਪਹੁੰਚੀ। ਉਸ ਵੇਲੇ ਉਸ ਦੀ ਸੁਰਤ ਸਿੱਧੀ ਅਟਾਰੀ ਨੂੰ ਗਈ ਤੇ ਉਸ ਨੇ ੧੦ ਸਵਾਰ ਸਰਦਾਰ ਵੱਲ ਭੇਜੇ ਤੇ ਜੰਗ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ।

"ਚਿੱਠੀ ਲਿਖੀ ਮਹਾਰਾਣੀ ਨੇ ਸ਼ਾਮ ਸਿੰਘ ਨੂੰ, ਬੈਠ ਰਿਹੋਂ ਕੀ ਚਿੱਤ ਵਿਚ ਧਾਰ ਸਿੰਘਾ।

ਦੋਵੇਂ ਜੰਗ ਮੁੱਦਕੀ ਫੇਰੂ ਸ਼ਹਿਰ ਵਾਲੇ, ਸਿੰਘ ਆਏ ਅੰਗਰੇਜ਼ਾਂ ਤੋਂ ਹਾਰ ਸਿੰਘਾ।

ਕਾਹਨੂੰ ਹਾਰਦੇ, ਕਿਉਂ ਮਿਹਣੇ ਜੱਗ ਦਿੰਦਾ, ਜਿਉਂਦੀ ਹੁੰਦੀ ਜੇ ਅੱਜ ਸਰਕਾਰ ਸਿੰਘਾ।

ਤੇਗ ਸਿੰਘਾਂ ਦੀ ਤਾਂ ਖੁੰਢੀ ਨਹੀਂ ਹੋਈ, ਐਪਰ ਆਪਣੇ? ਹੋ ਗਏ ਗਦਾਰ ਸਿੰਘਾ।

ਹੁਣ ਵੀ ਚਮਕੀ ਨਾ ਜੇ ਸਿੰਘਾ 'ਤੇਗ' ਤੇਰੀ, ਤਾਂ ਫਿਰ ਸਾਰੇ ਨਿਸ਼ਾਨ ਮਿਟਾਏ ਜਾਸਨ।

ਤੇਰੇ ਲਾਡਲੇ ਕੌਰ ਦੀ ਹਿੱਕ ਉੱਤੇ, ਕੱਲ ਨੂੰ ਗੈਰਾਂ ਦੇ ਝੰਡੇ ਝੁਲਾਏ ਜਾਸਨ।

ਪੁੱਟ ਸ਼ੇਰੇ ਪੰਜਾਬ ਦੀ ਮੜ੍ਹੀ ਤਾਈਂ, ਉਹਦੇ ਪੈਰਾਂ ਵਿਚ ਫੁੱਲ ਰੁਲਾਏ ਜਾਸਨ।

ਬਦਲੀ ਜਿੰਨੇ ਤਕਦੀਰ ਪੰਜਾਬ ਦੀ ਸੀ, ਉਹਦੀ ਆਤਮਾ ਨੂੰ ਤੀਰ ਲਾਏ ਜਾਸਨ।

ਅਜੇ ਸਮਾਂ ਈਂ ਵਕਤ ਸੰਭਾਲ ਸਿੰਘਾ, ਰੁੜ੍ਹੀ ਜਾਂਦੀ ਪੰਜਾਬ ਦੀ ਸ਼ਾਨ ਰੱਖ ਲੈ।

ਲਹਿੰਦੀ ਦਿੱਸੇ 'ਰਣਜੀਤ' ਦੀ ਪੱਗ ਮੈਨੂੰ, ਮੋਏ ਮਿੱਤਰ ਦੀ ਯੋਧਿਆ ਆਨ ਰੱਖ ਲੈ।"

ਸਰਦਾਰ ਭਾਵੇਂ ਗਦਾਰ ਪੂਰਬੀਏ ਅਫਸਰ ਦੀ ਕਮਾਨ ਹੇਠਾਂ ਸਿੱਖਾਂ ਨੂੰ ਤਬਾਹ ਕਰਨ ਦੀ ਬਦਨੀਯਤ ਨਾਲ ਲੜੀ ਜਾ ਰਹੀ ਲੜਾਈ ਦੇ ਵਿਰੁੱਧ ਸੀ, ਪਰ ਇਸ ਖਿਆਲ ਨਾਲ ਕਿ ਸ਼ਾਇਦ ਉਹ ਕਮ-ਦਿਲੀ ਦੇ ਕਾਰਣ ਮੌਤ ਦੇ ਡਰ ਤੋਂ ਪਿੱਛੇ ਹਟਿਆ ਹੋਇਆ ਹੈ ਤੇ ਕੱਲ ਨੂੰ ਕੋਈ ਇਹ ਨਾ ਕਹੇ ਕਿ ਸਾਮ ਸਿੰਘ ਅੰਗਰੇਜ਼ਾਂ ਦੀ ਫੌਜ ਤੋਂ ਡਰਦਾ ਜੰਗ ਦੇ ਮੈਦਾਨ ਵਿਚ ਨਹੀਂ ਆਇਆ, ਉਸ ਨੇ ਜੰਗ ਵਿਚ ਸ਼ਾਮਿਲ ਹੋਣ ਦਾ ਫੈਸਲਾ ਕਰ ਲਿਆ ਤੇ ਨਾਲ ਹੀ ਸੌਂਹ ਖਾ ਲਈ ਕਿ ਲੜਾਈ ਹਾਰੀ ਜਾਣ ਦੀ ਸੂਰਤ ਵਿਚ ਉਹ ਜਿਉਂਦਾ ਨਹੀਂ ਮੁੜੇਗਾ।

"ਮਰਦੀ ਕੌਮ ਵਿਚ ਜਿੰਦਗੀ ਭਰਨ ਖ਼ਾਤਰ, ਮੈਂ ਹੁਣ ਦੇਸ਼ ਤੋਂ ਹੋਣ ਕੁਰਬਾਨ ਚੱਲਿਆਂ।

ਜਿਹੜੇ ਕੌਮੀ-ਗਦਾਰਾਂ ਨੇ ਦਾਗ ਲਾਏ, ਧੋ ਕੇ ਖ਼ੂਨ ਦੇ ਨਾਲ ਮਿਟਾਣ ਚੱਲਿਆਂ।

ਜਿਹੜੇ ਦੇਸ਼-ਧਰੋਹੀਆਂ ਨੇ ਲਾਏ ਲਾਂਬੂ, ਛੱਟੇ ਰੱਤ ਦੇ ਮਾਰ ਬੁਝਾਣ ਚੱਲਿਆਂ।

ਪਿੱਛੋਂ ਹੋਊ, ਸੋ ਵੇਖੇਗਾ ਜੱਗ ਸਾਰਾ, ਮੈ ਤਾਂ ਆਪਣੀ ਤੋੜ ਨਿਭਾਣ ਚੱਲਿਆਂ।

ਨਾ ਮੈਂ ਹੋਵਾਂਗਾ, ਨਾ ਇਹ ਪੰਜਾਬ ਹੋਸੀ, ਐਪਰ ਦਿਲ ਵਿਚ ਦੋਹਾਂ ਦੀ ਯਾਦ ਰਹਿਸੀ।

'ਸੀਤਲ' ਸੂਰਜ ਕੁਰਬਾਨੀ ਦਾ ਚਮਕਦਾ ਰਹੂ, ਜਦੋਂ ਤੀਕ ਇਹ ਦੇਸ਼ ਆਬਾਦ ਰਹਿਸੀ।"

ਸਭਰਾਵਾਂ ਦੀ ਲੜਾਈ ਤੋਂ ਪਹਿਲੀ ਰਾਤ ਨੂੰ ਤੇਜ ਸਿੰਘ ਨੇ ਸਰਦਾਰ ਸ਼ਾਮ ਸਿੰਘ ਨੂੰ ਵੀ ਆਪਣੀ ਗੱਦਾਰਾਨਾ ਸਾਜਿਸ਼ ਵਿਚ ਸ਼ਾਮਿਲ ਕਰਨ ਦਾ ਨਿਸ਼ਫਲ ਯਤਨ ਕੀਤਾ ਤੇ ਉਹਨਾਂ ਨੂੰ ਆਖਿਆ ਕਿ ਉਹ ਵੀ ਅੰਗਰੇਜ਼ਾਂ ਦੇ ਪਹਿਲੇ ਹੱਲੇ ਵੇਲੇ ਉਸ ਦੇ ਨਾਲ ਹੀ ਨਿਕਲ ਚੱਲਣ, ਪਰ ਸਰਦਾਰ ਸ਼ਾਮ ਸਿੰਘ ਇਕ ਵੱਖਰੀ ਮਿੱਟੀ ਦਾ ਬਣਿਆ ਹੋਇਆ ਸੀ। ਉਹ ਇਹਨਾਂ ਭਾੜੇ ਦੇ ਟੱਟੂ ਨਮਕ ਹਰਾਮੀਆਂ ਵਿਚੋਂ ਨਹੀਂ ਸੀ। ਉਹ ਉਸ ਆਪਾ ਵਾਰੂ ਸਰਦਾਰ ਨਿਹਾਲ ਸਿੰਘ ਦਾ ਅਣਖੀਲਾ ਪੁੱਤ ਸੀ ਜਿਸ ਨੇ ਕਿ ਮਹਾਰਾਜਾ ਰਣਜੀਤ ਸਿੰਘ ਦੇ ਸ਼ਰੀਰਕ ਕਸ਼ਟ ਨੂੰ ਨਿਵਾਰਨ ਲਈ ਹਸੂੰ-ਹਸੂੰ ਕਰਦੇ ਆਪਣੀ ਜਾਨ ਵਾਰ ਦਿੱਤੀ ਸੀ। ਸਰਦਾਰ ਨੂੰ ਸਿੰਘਾਂ ਦੀ ਹਾਰ ਵਿਚ

ਆਪਣੇ ਵਤਨ ਦੀ ਆਜ਼ਾਦੀ ਖੁੱਸਦੀ ਨਜ਼ਰ ਆ ਰਹੀ ਸੀ। ਤੇਜ ਸਿੰਘ ਨੇ ਗੁੱਸੇ ਵਿਚ ਆਖਿਆ, "ਜੇ ਤੂੰ ਐਡਾ ਹੀ ਬਹਾਦੁਰ ਹੈਂ ਤਾਂ ਇੱਕ ਵਾਰੀ ਖਾਹ ਤਾਂ ਸੌਂਹ, ਕਿਉਂਕਿ ਮੈਂ ਸਮਝਦਾ ਹਾਂ ਕਿ ਅੰਤ ਨੂੰ ਤੂੰ ਮੇਰੇ ਨਾਲ ਆ ਰਲਣਾ ਹੈ।" ਸਰਦਾਰ ਉਸੇ ਵੇਲੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਹਜ਼ੂਰੀ ਵਿਚ ਹਾਜ਼ਰ ਹੋਏ ਤੇ ਗੁਰੂ ਨੂੰ ਹਾਜ਼ਰ ਨਾਜ਼ਰ ਕਰ ਕੇ ਬਚਣ ਕੀਤਾ ਕਿ ਸਿੰਘਾਂ ਨੂੰ ਹਾਰ ਹੋ ਗਈ ਤਾਂ ਮੈਂ ਮੈਦਾਨ ਵਿਚੋਂ ਜਿਉਂਦਾ ਨਹੀਂ ਨਿਕਲਾਂਗਾ।

ਹਿੰਦ ਪੰਜਾਬ ਦਾ ਜੰਗ ਸ਼ੁਰੂ ਹੋਣ ਵਾਲਾ ਸੀ, ਕਿਉਂਕਿ ਇਸ ਜੰਗ ਵਿਚ ਅੰਗਰੇਜ਼ਾਂ ਦੇ ਨਾਲ ਸਾਢੇ ਛਿਆਲੀ ਹਜ਼ਾਰ ਪੂਰਬੀਏ ਵੀ ਸਨ ਇਸ ਲਈ ਇਹ ਲੜਾਈ ਪੰਜਾਬ ਦੀ ਸਿੱਧੀ ਹਿੰਦੋਸਤਾਨ ਨਾਲ ਸੀ। ਹਾਂ, ਪੂਰਬੀਆਂ ਦੀ ਅਗਵਾਈ ਜ਼ਰੂਰ ਅੰਗਰੇਜ਼ ਕਰ ਰਹੇ ਸਨ ਪਰ ਪੂਰਬੀਆਂ ਨੇ ਸਿੱਖ ਰਾਜ ਨੂੰ ਨੇਸਤੋ ਨਾਬੂਦ ਕਰਨ ਲਈ ਆਪਣਾ ਪੂਰਾ ਟਿੱਲ ਲਾ ਦਿੱਤਾ।

"ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਹੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੇ,
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ"

੧੦ ਫਰਵਰੀ ਨੂੰ ਸਵੇਰੇ ਹੀ ਅੰਗਰੇਜ਼ਾਂ ਨੇ ਹੱਲਾ ਕਰ ਦਿੱਤਾ ਅਤੇ ਸਿੰਘ ਵੀ ਅੱਗੋਂ ਤਿਆਰ ਹੋ ਗਏ। ਸਵੇਰੇ ਹੀ ਸਰਦਾਰ ਸ਼ਾਮ ਸਿੰਘ ਨੇ ਚਿੱਟਾ ਬਾਣਾ ਸਜਾ ਲਿਆ ਅਤੇ ਆਪਣੀ ਖ਼ਾਸ ਸਵਾਰੀ ਦੀ ਚੀਨੀ ਘੋੜੀ 'ਤੇ ਸਵਾਰ ਹੋ ਕੇ ਨਿਕਲ ਪਏ।

'ਪਹਿਰ ਰਾਤ ਸਮੇਂ ਇਸ਼ਨਾਨ ਸ਼ਾਮ ਸਿੰਘ ਵਿਚ ਨਦੀ ਕਰਿਆ, ਜਪੁਜੀ ਪੜ੍ਹਿਆ।
ਨਿਮਸਕਾਰ ਕਰਿ ਸ਼ਸਤਰ ਪਹਿਰੇ, ਤੋੜਾ ਬੰਦੂਕੀ ਜੜਿਆ, ਜਰਾ ਨਾ ਡਰਿਆ।
ਕਹਿਤ ਮਟਕ ਅਬ ਜੁਧ ਧਰਮ ਕਾ ਸ਼ਿਆਮ ਸਿੰਘ ਰਣ ਚੜ੍ਹਿਆ, ਖੰਡਾ ਫੜਿਆ।'

'ਸ਼ਾਮ ਸਿੰਘ ਸਰਦਾਰ ਨੇ ਕੀਆ ਤੀਰਥ ਇਸ਼ਨਾਨ।
ਗਊਆਂ ਹਾਥੀ ਮਨਸ ਕੇ ਸਨਮੁਖ ਚਲਾ ਜੁਆਨ।
ਸਨਮੁਖ ਚਲਾ ਜੁਆਨ ਜੁੱਧ ਦੀ ਭਈ ਤਿਆਰੀ।
ਅੰਗਰੇਜ਼ ਸਾਥ ਲੜਾ ਸੂਰਮਾ ਆਪ ਦੀਦਾਰੀ।
'ਮਟਕਾ' ਗੋਰੇ ਮਰਦ ਨੇ ਮਾਰੇ ਬੀਚ ਮਦਾਨ।
ਫੜਿ ਖੰਡਾ ਹੱਥ ਗਰਜਿਆ ਸ਼ਾਮ ਸਿੰਘ ਬਲਵਾਨ॥'

......" ਇਸ ਤੋਂ ਪਹਿਲਾਂ ਕਿ ਬਾਪੂ ਅੱਗੇ ਬੋਲਦਾ......

"......ਮਟਕਾ...... ਦਾ ਕੀ ਅਰਥ ਬਾਪੂ ਜੀ......" ਹਰਪ੍ਰੀਤ ਨੂੰ ਇਸ ਸ਼ਬਦ ਦੀ ਸਮਝ ਨਹੀਂ ਆਈ ਸੀ ਤੇ ਉਸ ਨੇ ਪੁੱਛਿਆ।

"ਪੁੱਤ ਇਹ ਕਵੀ ਦਾ ਨਾਮ ਐਂ...... ਜੀਹਨੇ ਇਹ ਕਵਿਤਾ ਲਿਖੀ ਐ......" ਬਾਪੂ ਨੇ ਹਰਪ੍ਰੀਤ ਨੂੰ ਸਮਝਾਇਆ ਤੇ ਕਹਾਣੀ ਅੱਗੇ ਤੋਰੀ।

"ਲੜਾਈ 'ਤੇ ਜਾਣ ਤੋਂ ਪਹਿਲਾਂ ਸਰਦਾਰ ਨੇ ਸਿਪਾਹੀਆਂ ਨੂੰ ਵਿਆਖਿਆਨ ਦਿੱਤਾ ਤੇ ਸਮਝਾਇਆ ਕਿ ਅੱਜ ਤੁਹਾਡੀ ਕੌਮੀ ਅਣਖ ਦੀ ਪਰਖ ਦਾ ਸਮਾਂ ਆ ਗਿਆ ਹੈ, ਜੇ ਤੁਸੀਂ ਖ਼ਾਲਸੇ ਦੇ ਸੱਚੇ ਸਪੁੱਤਰ ਹੋ ਤਾਂ ਆਪਣੇ ਸਿੰਘ ਨਾਮ ਤੇ ਦਾਹੜੀਆਂ ਨੂੰ ਲਾਜ ਨਾ ਲੱਗਣ ਦੇਣੀਂ, ਪੁਰਜਾ ਪੁਰਜ਼ਾ ਹੋ ਕੇ ਕਟ ਮਰਨਾ ਅਤੇ ਦੇਸ਼ ਪੰਜਾਬ ਦੀ ਆਜ਼ਾਦੀ ਲਈ ਆਪਣੀਆਂ ਜਿੰਦਾਂ ਕੁਰਬਾਣ ਕਰ ਦੇਣਾ ਪਰ ਜੰਗ ਵਿਚ ਵੈਰੀ ਨੂੰ ਪਿੱਠ ਨਾ ਵਿਖਾਉਣਾ।

ਅੰਗਰੇਜ਼ਾਂ ਨੇ ਆਪਣੀਆਂ ਤੋਪਾਂ ਨੂੰ ਅੱਗ ਵਿਖਾਈ। ਅੱਗੋਂ ਸਿੱਖਾਂ ਨੇ ਵੀ ਗੋਲੇ ਦਾਗੇ। ਪਿਛਲੀਆਂ ਲੜਾਈਆਂ ਵਿਚ ਅੰਗਰੇਜ਼ ਸਿੱਖਾਂ ਦੇ ਹੱਥ ਵੇਖ ਚੁੱਕੇ ਸਨ। ਡਰ ਉਨ੍ਹਾਂ ਦੇ ਦਿਲ 'ਤੇ ਬੈਠਾ ਹੋਇਆ ਸੀ। ਅਚਾਨਕ ਲਾਲ ਸਿੰਘ ਆਪਣੀ ਫੌਜ ਸਮੇਤ ਬਿਨਾ ਕੋਈ ਕਾਰਨ ਦੱਸੇ ਨੱਸ ਪਿਆ, ਥੋੜੀ ਦੇਰ ਪਿੱਛੋਂ ਤੇਜ ਸਿੰਘ ਵੀ ਆਪਣੀ ੬000 ਫੌਜ ਸਮੇਤ ਭੱਜ ਗਿਆ ਤੇ ਨਾਲ ਹੀ ਬਾਰੂਦ ਭਰੀਆ ਬੇੜੀਆਂ ਦਰਿਆ ਵਿਚ ਡੋਬ ਗਿਆ। ਪੁਲ ਵੀ ਤੋੜ ਦਿੱਤਾ ਗਿਆ......"

"ਹੈਅ ਥੇਡਾ ਕੱਖ ਨਾ ਰਹੇ ਦੁਸ਼ਟੋ......" ਆਪ ਮੁਹਾਰੇ ਗੁਰਪ੍ਰੀਤ ਦੇ ਮੂੰਹੋਂ ਨਿਕਲਿਆ।

"......ਹੁਣ ਫੌਜ ਫਿਰ ਜਰਨੈਲਾਂ ਤੋਂ ਸੱਖਣੀ ਸੀ। ਤੋਪਚੀਆਂ ਵੱਲੋਂ ਰੌਲਾ ਪਾਇਆ ਗਿਆ ਕਿ ਨਵੀਆਂ ਪੇਟੀਆਂ ਵਿੱਚੋਂ ਬਾਰੂਦ ਦੀ ਥਾਂ ਰੇਤ ਤੇ ਸਰ੍ਹੋਂ ਨਿਕਲਦੀ ਹੈ। ਹੌਲੀ ਹੌਲੀ ਸਿੱਖ ਖਿੱਲਰਨ ਲੱਗ ਪਏ। ਐਨ ਇਸੇ ਵੇਲੇ ਚਿੱਟੇ ਨੂਰਾਨੀ ਦਾਹੜੇ ਤੇ ਚਿੱਟੇ ਬਾਣੇ ਵਿਚ ਸਜਿਆ ਸਰਦਾਰ ਸ਼ਾਮ ਸਿੰਘ ਮੈਦਾਨ ਵਿਚ ਪਹੁੰਚ ਗਿਆ। ਉਸ ਨੇ ਵੇਖਿਆ ਕਿ ਹੁਣ ਸ਼ਹੀਦੀਆਂ ਪਾਉਣ ਦਾ ਵੇਲਾ ਆ ਗਿਆ ਹੈ। ਉਸ ਨੇ ਖ਼ਾਲਸਾ ਫੌਜ ਨੂੰ ਮਰ ਮਿਟਨ ਵਾਸਤੇ ਲਲਕਾਰਿਆ,

"ਉੱਠੋ ਸੂਤ ਲੋ ਭਗੌਤੀਆਂ ਸੂਰਿਓ, ਦਿਓ ਵੈਰੀਆਂ ਦੇ ਸੱਥਰ ਵਿਛਾ,
ਸ਼ਾਨ ਖ਼ਾਲਸੇ ਦੀ ਨਾਲ ਹੈ ਪੰਜਾਬ ਦੇ, ਕਿਤੇ ਦੋਹੇਂ ਹੀ ਨਾ ਬਿਹੋ ਜੇ ਲਟਾ,
ਮਰਨਾ ਦੇਸ਼ ਲਈ ਭਲਾ ਹੈ 'ਸਤਿਲਾ' ਲਵੋ ਮਰਤਬੇ ਸ਼ਹੀਦੀ ਪਾ" ਸਤਿਲਾ

ਸਰਦਾਰ ਦੇ ਆਉਣ ਨਾਲ ਖ਼ਾਲਸਾ ਫੌਜਾਂ ਵਿਚ ਨਵੀਂ ਰੂਹ ਫੂਕੀ ਗਈ। ਸਾਰੇ ਮੈਦਾਨ ਵਿਚ ਸਰਦਾਰ ਹੀ ਦਿਸ ਰਿਹਾ ਸੀ। ਜਿੱਥੇ ਸਿੱਖ ਫੌਜ ਥਿੜਕਦੀ ਦਿਸਦੀ ਉੱਥੇ ਉਹ ਆਪ ਪਹੁੰਚਦਾ ਤੇ ਕਹਿੰਦਾ, " ਖ਼ਾਲਸਾ ਜੀ ਅਸੀਂ ਇਹ ਦਾਹੜੀਆਂ ਲੈ ਕੇ ਪੰਜਾਬ ਵਿਚ ਹਾਰ ਕੇ ਜਾਵਾਂਗੇ? ਹੁਣ ਵੇਲਾ ਸਨਮੁਖ ਸ਼ਹੀਦ ਹੋਣ ਦਾ ਹੈ।"

ਸਰਦਾਰ ਦੀ ਘੋੜੀ ਗੋਲੀ ਲੱਗਣ ਨਾਲ ਮਾਰੀ ਗਈ। ਦੂਜੀ ਘੋੜੀ ਲੈ ਕੇ ਸਰਦਾਰ ਨੇ ਵਾਹਬੀ ਨੂੰ ਪਿੱਛੇ ਭੇਜ ਦਿੱਤਾ ਤੇ ਕਿਹਾ, "ਅਟਾਰੀ ਨੂੰ ਕਹਿ ਦੇਵੀਂ ਕਿ ਸ਼ਾਮ ਸਿੰਘ ਨੇ ਹੁਣ ਕਦੀ ਨਹੀਂ ਪਰਤਣਾ"।

ਜਦੋ ਬਾਰੂਦ ਖਤਮ ਹੋ ਗਿਆ ਤੇ ਸਰਦਾਰ ਨੂੰ ਲੜਾਈ ਜਾਂਦੀ ਦਿਸੀ ਤਾਂ ਉਸ ਨੇ ਕਿਰਪਾਨ ਕੱਢ ਲਈ, ਇੱਕ ਹੱਥ ਕ੍ਰਿਪਾਨ ਅਤੇ ਦੂਜੇ ਹੱਥ ਕੇਸਰੀ ਨਿਸ਼ਾਨ ਫੜ ਕੇ ਸਰਦਾਰ ਆਪਣੇ ਪ੍ਰਣ ਨੂੰ ਨਿਭਾਉਣ ਲਈ ਅੱਗੇ ਵਧਿਆ। ਚੋਣਵੇ ਜਵਾਨਾਂ ਨੂੰ

ਪੰਜਾਬ ਉੱਤੋਂ ਕੁਰਬਾਨ ਹੋ ਜਾਣ ਲਈ ਲਲਕਾਰਾ ਮਾਰਿਆ। ਪੰਜਾਹ ਕੁ ਸੂਰਮੇਂ ਛਾਲਾਂ ਮਾਰਦੇ ਸਰਦਾਰ ਦੇ ਮਗਰ ਨਿਕਲ ਪਏ। ਹੁਣ ਸਰਦਾਰ ਆਪਣੀ ਚਮਕਦੀ ਸ਼ਮਸ਼ੀਰ ਲੈ ਕੇ ਗੋਰਿਆਂ ਉੱਤੇ ਟੁੱਟ ਪਿਆ ਤੇ ਕਈਆਂ ਦੇ ਆਹੂ ਲਾਹ ਦਿੱਤੇ,

"ਸ਼ਾਮ ਸਿੰਘ ਸਰਦਾਰ ਨੇ ਹੱਥ ਫੜੀ ਭਵਾਨੀ, ਲਿਸ਼ਕ ਡਰਾਵੇ ਵੈਰੀਆਂ ਬਿਜਲੀ ਅਸਮਾਨੀ,

ਉਸ ਬੁੱਢੇ ਜਰਨੈਲ 'ਤੇ ਮੁੜ ਚੜ੍ਹੀ ਜਵਾਨੀ, ਢਾਡੀ ਵਾਰਾਂ ਗਾਉਣਗੇ ਜਗ ਰਹੂ ਨਿਸ਼ਾਨੀ।"

ਸਿੱਖ ਫੌਜਾਂ ਦੇ ਇਸ ਹੱਲੇ ਨੇ ਗੋਰਿਆਂ ਦੇ ਪੈਂਤੜੇ ਹਿਲਾ ਦਿੱਤੇ, ਪੈਰ ਉਖੇੜ ਦਿੱਤੇ। ਅੰਗਰੇਜ਼ੀ ਫੌਜਾਂ ਨੇ ਤੋਪਾਂ ਨਾਲ ਪਿੱਛੋਂ ਅੱਗ ਵਰ੍ਹਾਈ। ਸੱਤ ਗੋਲੀਆਂ ਤੇ ਸੰਗੀਨਾਂ ਦੇ ਅਨੇਕਾਂ ਫੱਟ ਖਾ ਕੇ ਸਰਦਾਰ ਘੋੜੇ ਤੋਂ ਹੇਠਾ ਡਿੱਗਿਆ ਅਤੇ ਸੱਚੇ ਸੂਰਬੀਰਾਂ ਦੀ ਤਰ੍ਹਾਂ ਆਪਣੇ ਵਤਨ ਦੀ ਆਜ਼ਾਦੀ ਤੋਂ ਲੜਦਾ ਹੋਇਆ ਸ਼ਹੀਦ ਹੋ ਗਿਆ ਤੇ ਸਿੱਖ ਰਾਜ ਦਾ ਆਖਰੀ ਥੰਮ ਵੀ ਡਿੱਗ ਪਿਆ। ਸਰਦਾਰ ਦੇ ਸ਼ਹੀਦ ਹੋਣ 'ਤੇ ਕੌਮ ਦਾ ਕੇਸਰੀ ਪਰਚਮ ਵੀ ਧਰਤੀ 'ਤੇ ਡਿੱਗ ਪਿਆ। ਜਿਹੜਾ ਕਦੇ ਲਾਲ ਕਿਲ੍ਹੇ ਉੱਤੇ ਫਹਿਰਾਇਆ ਗਿਆ ਸੀ ਉਹ ਨਿਸ਼ਾਨ ਅੱਜ ਸਭਰਾਵਾਂ ਦੇ ਮੈਦਾਨ ਵਿਚ ਡਿੱਗਿਆ ਪਿਆ ਸੀ, ਹੁਣ ਉਸ ਨੂੰ ਚੁੱਕਣ ਵਾਲਾ ਕੋਈ ਨਹੀ ਬਚਿਆ ਸੀ। ਸਰਦਾਰ ਅਤੇ ਕੇਸਰੀ ਨਿਸ਼ਾਨ ਦੇ ਡਿੱਗਣ 'ਤੇ ਅੰਮ੍ਰਿਤਸਰ ਅਤੇ ਲਾਹੌਰ ਨੇ ਇੱਕੋ ਵੇਲੇ ਧਾਹ ਮਾਰੀ। ਸਿੱਖ ਰਾਜ ਹੁਣ ਗੋਰਿਆਂ ਦਾ ਗੁਲਾਮ ਹੋ ਜਾਣਾ ਸੀ। ਕੋਈ ਦੂਰਅੰਦੇਸ਼ ਜਰਨੈਲ ਨਹੀਂ ਬਚਿਆ ਸੀ। ਸਰਦਾਰ ਸ਼ਾਮ ਸਿੰਘ ਅਟਾਰੀ ਇਸ ਜੰਗ ਵਿਚ ਏਨੇ ਜੋਸ਼ ਨਾਲ ਲੜਿਆ ਕਿ ਉਸ ਦੇ ਹੱਥ ਵਿਚ ਫੜੀ ਕਿਰਪਾਨ ਉਹਨਾਂ ਦੀ ਸ਼ਹੀਦੀ ਤੋਂ ਬਾਅਦ ਵੀ ਹੱਥ ਵਿੱਚੋਂ ਛੁਡਾਈ ਨਹੀਂ ਜਾ ਸਕੀ, ਕਿਉਂ ਜੋ ਕਿਰਪਾਨ ਪੂਰੇ ਜੋਰ ਨਾਲ ਘੁੱਟ ਕੇ ਫੜੀ ਹੋਈ ਸੀ ਜਿਸ ਕਰਕੇ ਹੱਥ ਬੁਰੀ ਤਰ੍ਹਾਂ ਸੁੱਜ ਗਿਆ ਤੇ ਕਿਰਪਾਨ ਵਿਚ ਧਸ ਗਈ। ਅੰਤ ਇਸ ਕਿਰਪਾਨ ਦਾ ਸਰਦਾਰ ਦੇ ਸਰੀਰ ਦੇ ਨਾਲ ਹੀ ਸਸਕਾਰ ਕੀਤਾ ਗਿਆ........."

ਸਰਦਾਰ ਦੀ ਸ਼ਹੀਦੀ ਸੁਣਾ ਕੇ ਬਾਪੂ ਚੁੱਪ ਹੋ ਗਿਆ। ਦੋਹੇਂ ਮੁੰਡਿਆਂ ਦੀਆਂ ਅੱਖਾਂ ਵਿਚੋਂ ਹੰਝੂ ਪਰਲ ਪਰਲ ਵਗ ਰਹੇ ਸਨ। ਅਜਮੇਰ ਸਿੰਘ ਨੇ ਆਪਣੇ ਹੰਝੂਆਂ ਨੂੰ ਰੋਕਣ ਦਾ ਵੀ ਬਥੇਰਾ ਯਤਨ ਕੀਤਾ, ਪਰ ਉਹ ਆਪ ਮੁਹਾਰੇ ਵਹਿ ਤੁਰੇ। ਸਭ ਕੁਝ ਸ਼ਾਂਤ ਸੀ, ਮਾਹੌਲ ਸੋਗਮਈ ਹੋ ਗਿਆ ਸੀ। ਸ਼ਾਇਦ ਮਾਂ ਧਰਤੀ ਨੂੰ ਵੀ ਇਹ ਵਾਰਤਾ ਸੁਣ ਕੇ ਆਪਣੇ ਅਣਖੀਲੇ ਪੁਤ ਸ਼ਾਮ ਸਿੰਘ ਦੀ ਯਾਦ ਆ ਗਈ ਸੀ, ਉਸ ਦੇ ਜ਼ਖ਼ਮ ਫਿਰ ਹਰੇ ਹੋ ਗਏ ਸਨ ਤੇ ਪੁਤ ਨੂੰ ਯਾਦ ਕਰਕੇ ਢਿੱਡ ਵਿਚ ਹੌਲ ਪੈ ਰਹੇ ਸਨ,

ਸਿਵਿਆਂ ਵਿਚੋਂ ਕਿਸੇ ਦੇ ਰੋਣ ਦੀ ਆਵਾਜ ਆ ਰਹੀ ਸੀ, ਸ਼ਾਇਦ ਕੋਈ ਮਾਂ ਸੀ, ਜਿਸਦਾ ਜਵਾਨ ਪੁੱਤ ਮਰ ਗਿਆ ਸੀ, ਤੇ ਉਸਦੇ ਵੈਣ, ਰਾਤ ਦਾ ਕਾਲਜਾ ਚੀਰ ਰਹੇ ਸਨ,

"ਵੇ ਤੇਰੇ ਬਿਨਾਂ ਮੇਰਾ ਕੋਈ ਨਾ ਦਰਦੀ ਵੇ ਮੇਰਿਆ ਰਾਜਿਆ ਪੁੱਤਾ,
ਵੇ ਹੁਣ ਤੇਰੀ ਮਾਂ ਦੀ ਸਾਰ ਕੌਣ ਲਊ ਵੇ ਮੇਰਿਆ ਧਰਮੀਆਂ ਪੁੱਤਾ"

"ਪੁੱਤਾਂ ਦੇ ਦੁੱਖ ਜਰਨੇ ਬਹੁਤ ਔਖੇ ਐ ਓ ਜੱਗ ਵਾਲਿਓ, ਪੁੱਤਾਂ ਬਿਨਾਂ ਮਾਵਾਂ ਦਾ ਕੋਈ ਸਹਾਰਾ ਨੀ, ਕਿਸੇ ਦਾ ਜਵਾਨ ਪੁੱਤ ਨਾ ਮਰੇ, ਕਾਲਜਾ ਪਾਟ ਜਾਂਦੈ, ਹਾਏ ਓ ਰੱਬਾ ਕਿਸੇ ਦਾ ਸੂਰਮਾਂ ਪੁੱਤ ਨਾ ਮਰੇ" ਲਗਦਾ ਸੀ ਜਿਵੇਂ ਮਾਂ ਧਰਤੀ ਵੀ ਉਸ ਮਾਂ ਦਾ ਦੁੱਖ ਵੰਡਾਉਣ ਬਹਾਨੇ ਆਪਣੇ ਜੁਝਾਰੂ ਪੁੱਤਰਾਂ ਨੂੰ ਯਾਦ ਕਰਕੇ ਰੋ ਰਹੀ ਸੀ।

ਏਧਰ ਕਾਫੀ ਦੇਰ ਦੀ ਸ਼ਾਂਤੀ ਪਿੱਛੋਂ ਇੱਕ ਲੰਮਾ ਹਉਕਾ ਲੈ ਕੇ ਹਰਪ੍ਰੀਤ ਨੇ ਚੁੱਪ ਤੋੜੀ ਤੇ ਬਾਪੂ ਨੂੰ ਸਵਾਲ ਕੀਤਾ, "ਬਾਪੂ ਜੇ ਮਹਾਰਾਜੇ ਨੇ ਆਪਣੇ ਰਾਜ ਵਿਚ ਕਿਸੇ ਜ਼ਾਤ, ਧਰਮ ਨਾਲ ਕੋਈ ਵਿਤਕਰਾ ਨਹੀਂ ਕੀਤਾ ਤੇ ਮੁਸਲਮਾਨਾਂ ਦੇ ਨਾਲ ਇਹਨਾਂ ਬਾਹਮਣਾ ਨੂੰ ਵੀ ਬਰਾਬਰ ਦੇ ਰੁਤਬੇ ਦਿੱਤੇ, ਤਾਂ ਵੀ ਇਹਨਾਂ ਜ਼ਾਲਮਾਂ ਨੇ ਪੰਜਾਬ ਨਾਲ ਏਡਾ ਧ੍ਰੋਹ ਕਿਉਂ ਕਮਾਇਆ। ਕੀ ਸਿਰਫ ਰਾਜ ਹਥਿਆਉਣ ਲਈ......... ਪਰ ਨਹੀਂ ਰਾਜ ਤਾਂ ਰਿਹਾ ਹੀ ਨਹੀਂ ਤੇ ਅੰਗਰੇਜ਼ ਕਾਬਜ਼ ਹੋ ਗਏ ਸਨ, ਫਿਰ ਕਿਉਂ ਇਹਨਾਂ ਹਰਾਮੀਆਂ ਨੇ ਗੱਦਾਰੀ ਕੀਤੀ......" ਹਰਪ੍ਰੀਤ ਤੋਂ ਗੱਲ ਪੂਰੀ ਨਾ ਹੋਈ ਤੇ ਉਸਦਾ ਗੱਚ ਭਰ ਗਿਆ।

"ਬਸ ਪੁੱਤ ਇਹੀ ਗੱਲ ਮੈਂ ਥੋਨੂੰ ਸਮਝਾਉਣੀ ਐਂ, ਇਹ ਬਾਹਮਣ ਦਾ ਉਹੀ ਪੰਜ ਸਦੀਆਂ ਦਾ ਪੁਰਾਣਾ ਵੈਰ ਸੀ, ਜਿਹੜਾ "ੴ" ਕਹਿਣ ਤੋਂ ਸ਼ੁਰੂ ਹੋਇਆ ਸੀ। ਡੋਗਰਿਆਂ, ਬਾਹਮਣਾ ਨੂੰ ਵੀ ਰਾਜ ਦੀ ਬਹੁਤੀ ਭੁੱਖ ਨਹੀਂ ਸੀ ਕਿਉਂਕਿ ਮਹਾਰਾਜੇ ਨੇ ਸਿਖ ਰਾਜ ਵਿਚ ਇਹਨਾਂ ਨੂੰ ਵੱਡੇ ਰੁਤਬੇ ਬਖਸ਼ੇ ਹੋਏ ਸਨ ਤੇ ਧਨ ਦੀ ਵੀ ਇਹਨਾਂ ਨੂੰ ਕੋਈ ਘਾਟ ਨਹੀਂ ਸੀ, ਇਹਨਾਂ ਨੇ ਤਾਂ ਗੁਰੂ ਤੇ ਉਸਦੀ ਉੱਮਤ ਨਾਲ ਆਪਣੀ ਸਦੀਆਂ ਤੋਂ ਚੱਲੀ ਆ ਰਹੀ ਦੁਸ਼ਮਨੀ ਨਿਭਾਉਣੀ ਸੀ। ਤੇ ਨਾਲੇ ਪੁੱਤ ਜਿੰਨਾ ਚਿਰ ਸਿਖ "ਸ੍ਰੀ ਗੁਰੂ ਗ੍ਰੰਥ ਸਾਹਿਬ" ਨੂੰ ਗੁਰੂ ਮੰਨਦਾ ਰਹੇਗਾ ਇਹ ਦੁਸ਼ਮਨੀ ਚੱਲਦੀ ਰਹੇਗੀ, ਵਧਦੀ ਰਹੇਗੀ। ਜਿੰਨਾ ਚਿਰ ਸਿਖ ਕੌਮ ਅੰਦਰ ਆਜ਼ਾਦੀ ਦੀ ਭਾਵਨਾਂ ਅੰਗੜਾਈਆਂ ਲੈਂਦੀ ਰਹੇਗੀ ਓਨੀ ਦੇਰ ਤੱਕ ਅਸੀਂ ਹਕੂਮਤਾਂ ਲਈ ਬਾਗੀ ਤੇ ਅੱਤਵਾਦੀ ਬਣੇ ਰਹਾਂਗੇ। ਨਾਲੇ ਬਾਹਮਣ ਨਾਲ ਤਾਂ ਸਾਡਾ ਸਿਧਾਂਤਕ ਵਿਰੋਧ ਵੀ ਬਹੁਤ ਵੱਡੈ, ਇਸ ਲਈ ਸਾਡੇ ਦੁਸ਼ਮਨਾਂ ਦੀ ਕਤਾਰ ਵਿਚ ਬਾਹਮਣ ਹਮੇਸ਼ਾਂ ਸਭ ਤੋਂ ਮੋਹਰੀ ਰਹੇਗਾ......"

"ਬਾਪੂ ਜੀ ਮੈਂ ਹਿੰਦੀ ਦੀ ਕਿਸੇ ਕਿਤਾਬ ਵਿਚ ਪੜ੍ਹਿਆ ਸੀ ਕਿ ੧੮੫੭ ਦੇ ਵਿਦਰੋਹ ਵਿਚ ਸਿਖਾਂ ਨੇ ਹਿੱਸਾ ਨਹੀਂ ਲਿਆ, ਇਸ ਕਰਕੇ ਇਹ ਵਿਦਰੋਹ ਫੇਲ੍ਹ ਹੋ ਗਿਆ। ਮੈਨੂੰ ਲਗਦਾ ਹੈ ਸ਼ਾਇਦ ਸਿਖਾਂ ਦੇ ਜ਼ਖਮ ਅਜੇ ਹਰੇ ਸਨ, ਉਹ ਅਜੇ ਬਾਹਮਣਾ ਦੀਆਂ ਗੱਦਾਰੀਆਂ ਭੁੱਲੇ ਨਹੀਂ ਸਨ, ਜਿਨ੍ਹਾਂ ਨੇ ਉਹਨਾਂ ਨੂੰ ਗੁਲਾਮ ਬਣਾਇਆ ਸੀ ਤੇ ਉਹਨਾਂ ਨੂੰ ਹਿੰਦ ਪੰਜਾਬ ਜੰਗ ਵਿਚ ਪੂਰਬੀਆਂ ਦੁਆਰਾ ਵਧ ਚੜ੍ਹ ਕੇ ਕੀਤੀ ਗਈ ਸਮੂਲੀਅਤ ਵੀ ਯਾਦ ਸੀ, ਸ਼ਾਇਦ ਇਸੇ ਲਈ ਸਿਖਾਂ ਨੇ ਇਸ ਗ਼ਦਰ ਵਿਚ ਹਿੱਸਾ ਨਹੀਂ ਲਿਆ" ਹਰਪ੍ਰੀਤ ਨੇ ਆਪਣੇ ਵਿਚਾਰ ਅਜਮੇਰ ਸਿੰਘ ਅੱਗੇ ਰੱਖੇ।

"ਆਹੋ ਪੁੱਤ, ਨਾਲੇ ੫੭ ਦਾ ਗ਼ਦਰ ਕੋਈ ਅਜ਼ਾਦੀ ਦੀ ਲੜਾਈ ਨਹੀਂ ਸੀ,

ਇਹ ਤਾਂ ਆਪੋ ਆਪਣੀਆਂ ਰਿਆਸਤਾਂ ਬਚਾਉਣ ਦੀ ਜੰਗ ਸੀ। ਨਾਲੇ ਸਿਖਾਂ ਉੱਤੇ ਬੇਵਫਾ ਹੋਣ ਦਾ ਦੋਸ਼ ਤਾਂ ਤਦ ਹੀ ਲਗਾਇਆ ਜਾ ਸਕਦੈ ਨਾ ਜੇ ਸਿਖਾਂ ਨੇ ਵਿਦਰੋਹ ਸ਼ੁਰੂ ਕਰਕੇ ਵਿਚਾਲੋਂ ਸਾਥ ਛੱਡਿਆ ਹੋਵੇ। ਇਤਿਹਾਸ ਸਾਖੀ ਹੈ ਕਿ ਸਿਖਾਂ ਨੇ ਨਾ ਤਾਂ ਵਿਦਰੋਹ ਸ਼ੁਰੂ ਕੀਤਾ ਤੇ ਨਾ ਹੀ ਇਸ ਵਿਚ ਹਿੱਸਾ ਲਿਆ। ......ਤੇ ਇਹ ਵਿਦਰੋਹ ਸਾਰੇ ਦੇਸ਼ ਵਿਚ ਨਹੀਂ ਸੀ ਹੋਇਆ, ਇਹ ਤਾਂ ਪੂਰੇ ਯੂ ਪੀ ਵਿਚ ਵੀ ਪੂਰਾ ਸਫਲ ਨਹੀਂ ਹੋਇਆ ਤੇ ੯੦% ਭਾਰਤ ਉੱਤੇ ਇਸਦਾ ਭੋਰਾ ਅਸਰ ਨਹੀਂ ਹੋਇਆ ਸੀ। ਨਾਲੇ ਵਿਦਰੋਹ ਕਰਨ ਵਾਲੇ ਕੋਈ ਦੇਸ਼ ਭਗਤ ਨਹੀਂ ਸਨ, ਦਿੱਲੀ ਵਿਚ ਸਿਪਾਹੀਆਂ ਨੇ ਓਦੋਂ ਤੱਕ ਲੜਨ ਤੋਂ ਇਨਕਾਰ ਕਰ ਦਿੱਤਾ ਜਦ ਤੱਕ ਉਹਨਾਂ ਨੂੰ ਤਨਖ਼ਾਹ ਨਾ ਦਿੱਤੀ ਗਈ। ਹੁਣ ਇਹ ਮੰਗ ਉਹਨਾਂ ਲਈ ਬਿਲਕੁਲ ਜਾਇਜ਼ ਨਹੀਂ ਕਹੀ ਜਾ ਸਕਦੀ ਜਿਹੜੇ 'ਅਜ਼ਾਦੀ ਦੀ ਲੜਾਈ' ਲੜ੍ਹ ਰਹੇ ਹੋਣ। ਵਿਦਰੋਹੀਆਂ ਦਾ ਸਰਦਾਰ ਮੁਗਲ ਬਾਦਸ਼ਾਹ ਬਹਾਦਰਸ਼ਾਹ, ਸ਼ਹਿਜਾਦੇ ਤੇ ਹੋਰ ਲੀਡਰ ਆਪੋ ਆਪਣੇ ਸਵਾਰਥਾਂ ਨੂੰ ਮੁੱਖ ਰੱਖ ਕੇ ਲੜ੍ਹੇ ਸਨ, ਅਵਧ ਦੇ ਸਿਪਾਹੀ ਆਪਣਾ ਰਾਜ ਸਥਾਪਤ ਕਰਨ ਲਈ ਲੜ੍ਹੇ, ਨਾਨਾ ਸਹਿਬ ਤੇ ਰਾਣੀ ਝਾਂਸੀ ਨੇ ਵੀ ਆਪਣੇ ਨਿੱਜੀ ਹਿੱਤਾਂ ਨੂੰ ਮੋਹਰੀ ਰੱਖਿਆ। ਤੇਰੀ ਗੱਲ ਸੋਲਾਂ ਆਨੇ ਸਹੀ ਐ ਕਿ ਇਸ ਵਿਦਰੋਹ ਵਿਚ ਵੱਡੀ ਗਿਣਤੀ ਪੂਰਬੀਆਂ ਦੀ ਸੀ, ਉਹੀ ਪੂਰਬੀਏ ਜਿਨ੍ਹਾਂ ਨੇ 'ਜੰਗ ਹਿੰਦ ਪੰਜਾਬ' ਵਿਚ ਸਿਖ ਰਾਜ ਨੂੰ ਤਬਾਹ ਓ ਬਰਬਾਦ ਕਰਨ ਲਈ ਪੂਰੀ ਵਾਹ ਲਾਈ ਸੀ। ਸਿਖ ਰਾਜ ਵਿਰੁੱਧ ਲੜੀ ਅੰਗਰੇਜ਼ਾਂ ਦੀ ਫੌਜ ਵਿਚ ਛਿਆਲੀ ਹਜ਼ਾਰ ਪੂਰਬੀਏ ਸਨ ਜਿਨ੍ਹਾਂ ਨੇ ਸਾਡੀ ਅਜ਼ਾਦੀ ਤੇ ਰਾਜ ਖੋਹਿਆ...... ਤੇ ਫੇਰ ਸਿਖ ਇਸ ਅਖੌਤੀ ਵਿਦਰੋਹ ਵਿਚ ਕਿਵੇਂ ਸ਼ਾਮਲ ਹੋ ਜਾਂਦੇ।

ਚਲੋ ਖੈਰ, ਇੱਕ ਗੱਲ ਤਾਂ ਇਹ ਮੰਨਦੇ ਨੇ ਕਿ ਜਿਸ ਜੰਗ ਜਾਂ ਵਿਦਰੋਹ ਵਿਚ ਸਿਖ ਹਿੱਸਾ ਨਹੀਂ ਲੈਂਦੇ ਉਹ ਸਫਲ ਨਹੀਂ ਹੁੰਦਾ" ਬਾਪੂ ਨੇ ਮਜ਼ਾਕੀਆ ਲਹਿਜੇ ਵਿਚ ਕਿਹਾ, ਮੁੰਡੇ ਵੀ ਥੋੜਾ ਹੱਸੇ।

ਹੁਣ ਮਹੌਲ ਫਿਰ ਠੀਕ ਹੋ ਰਿਹਾ ਸੀ, ਬਾਪੂ ਭਾਰਤ ਦੀ ਅਜ਼ਾਦੀ ਦੀ ਵਾਰਤਾ ਸ਼ੁਰੂ ਕਰਨ ਲੱਗਾ ਸੀ ਕਿ ਨਾਈਆਂ ਦੇ ਘਰੋਂ ਕਿਸੇ ਨੇ 'ਵਾਜ ਮਾਰੀ।

ਹਰਪ੍ਰੀਤ ਨੇ ਭੱਜ ਕੇ ਵੇਖਿਆ, "ਕੀ ਗੱਲ ਐ ਕਰਮਜੀਤ, ਸੁੱਖ ਤਾਂ ਹੈ, ਐਸ ਵੇਲੇ ਕਾਹਤੋਂ 'ਵਾਜ ਮਾਰੀ" ਹਰਪ੍ਰੀਤ ਨੇ ਕਰਮਜੀਤ ਨੂੰ ਪੁੱਛਿਆ। ਕਰਮਜੀਤ ਗੁਆਂਢੀਆਂ ਦਾ ਵੱਡਾ ਮੁੰਡਾ ਸੀ।

"ਬਾਈ ਜੈਤ ਮੈਸ ਸੂੰਦੀ ਐ" ਕਰਮਜੀਤ ਨੇ ਆਵਾਜ਼ ਮਾਰਨ ਦਾ ਕਾਰਨ ਦੱਸਿਆ ਤੇ ਨਾਲ ਹੀ ਪੁੱਛਿਆ, "ਬਾਪੂ ਜਾਗਦੈ?"

"ਆਹੋ ਅਜੇ ਤਾਂ ਅਸੀਂ ਜਾਗਦੇ ਪਏ ਸੀ, ਕੋ ਨੀ ਹੁਣੇ ਆਉਣੇ ਆਂ ਬਾਪੂ ਨੂੰ ਲੈ ਕੇ"

ਦੋਹੇਂ ਭਰਾ ਬਾਪੂ ਨੂੰ ਲੈ ਕੇ ਕਰਮਜੀਤ ਕੇ ਘਰੇ ਚਲੇ ਗਏ, ਮੱਝ ਨੂੰ ਭਾਰ ਪੈਂਦਾ ਹੋਣ ਕਰਕੇ ਘਰ ਵਾਲੇ ਸਾਰੇ ਘਬਰਾਏ ਹੋਏ ਸਨ।

"ਏਹਨੂੰ ਖੜ੍ਹੀ ਕਰ ਲੋ" ਬਾਪੂ ਨੇ ਕਿਹਾ।

"ਏਹਨੇ ਮੇਰੇ ਸਾਲੇ ਦੀ ਨੇ ਬਹੁਤ ਲਹੂ ਪੀਤੈ, ਮੈਂ ਕਿੱਦੇਂ ਦਾ ਕਿਹੈ ਬਾਪੂ ਨੂੰ, ਬੀ ਏਹਦਾ ਫਾਹਾ ਵੱਢ ਤੇ ਵੇਚ ਆ ਮੰਡੀ, ਪਰ ਏਹ ਕਿਹੜਾ ਮੰਨਦੈ ਕਿਸੇ ਕੰਜਰ ਦੀ" ਕਰਮਜੀਤ ਨੇ ਮੱਝ ਦਾ ਗੁੱਸਾ ਆਪਣੇ ਬਾਪੂ 'ਤੇ ਕੱਢਿਆ।

"ਮੈਂ ਹੁਣ ਕੀ ਅੱਗ ਲਾਵਾਂ ਏਹਨੂੰ, ਦਸ ਵਾਰੀ ਤਾਂ ਦਿਖਾਈ ਐ ਡਾਟਰ ਨੂੰ" ਕਰਮਜੀਤ ਦੇ ਬਾਪੂ ਨੇ ਮੱਝ ਨੂੰ ਉਠਾਉਂਦੇ ਹੋਏ ਜਵਾਬ ਦਿੱਤਾ।

"ਹੂੰ...... ਡਾਕਟਰ ਵੇਖ ਲੱਭਿਆ ਏਹਨੇ, ਜਿਮੇਂ ਅਮਰੀਕਿਓ ਡਿਗਰੀ ਲਿਆਇਆ ਹੁੰਦੈ; ਓਹਨੂੰ ਤਾਂ ਆਵਦੀ ਸੁਰਤ ਨੀ ਰਹਿੰਦੀ ਸਾਰਾ ਦਿਨ, ਓਹ ਸਵਾਹ ਦਵਾਈ ਦਿਊ" ਕਰਮਜੀਤ ਕਿੱਕਰ ਡਾਕਟਰ 'ਤੇ ਵੀ ਖਿਝਿਆ ਪਿਆ ਸੀ।

ਇੱਕੋ ਸਰਕਾਰੀ ਡਾਕਟਰ ਸੀ ਪਿੰਡ ਵਿਚ ਡੰਗਰਾਂ ਦਾ ਤੇ ਓਹ ਸਾਰਾ ਦਿਨ ਦਾਰੂ ਨਾਲ ਰੱਜਿਆ ਰਹਿੰਦਾ ਸੀ। ਜਦੋਂ ਕਿਸੇ ਦੇ ਪਸ਼ੂ-ਡੰਗਰ ਨੂੰ ਦਵਾਈ ਦੇਣ ਜਾਂਦਾ ਤਾਂ ਅਗਲੇ ਨੂੰ ਤਾਂ ਕਹਿ ਦਿੰਦਾ ਕਿ ਏਹਦੇ ਰੱਸਾ ਪਾ ਲਓ ਤੇ ਆਪ ਡੱਕਿਆ ਸ਼ਰਾਬ ਦਾ ਭੁੰਜੇ ਡਿੱਗ ਪੈਂਦਾ। ਏਦੂੰ ਪਹਿਲਾਂ ਕਈ ਪਿੰਡਾਂ ਵਿਚ ਓਹਦੀ ਡਿਊਟੀ ਰਹੀ ਪਰ ਹਰੇਕ ਪਿੰਡ ਵਾਲਿਆਂ ਨੇ ਉਸ ਦੀ ਸ਼ਿਕਾਇਤ ਕਰਕੇ ਉਸ ਨੂੰ ਆਪਣੇ ਪਿੰਡ ਵਿਚੋਂ ਕਢਵਾ ਦਿੱਤਾ। ਪਰ ਹੁਣ ਆਪਣੇ ਪਿੰਡ ਵਿਚ ਹੋਣ ਕਰਕੇ ਉਸਦੀ ਸ਼ਿਕਾਇਤ ਵੀ ਕੋਈ ਨਹੀਂ ਕਰਦਾ ਸੀ।

ਖ਼ੈਰ ਕਰ ਕਰਾਂ ਕੇ ਮੱਝ ਸੂ ਪਈ, ਪੰਜ ਕਲਿਆਣੀ ਕੱਟੀ ਨੂੰ ਬੋਰੀ 'ਤੇ ਪਈ ਨੂੰ ਮੱਝ ਚੱਟ ਰਹੀ ਸੀ।

"ਏਹਨੂੰ ਗੁੜ ਚਾਰਦਿਓ, ਨਾਲੇ ਰਾਤ ਨੂੰ ਖਿਆਲ ਰੱਖਿਓ, ਭਾਰ ਭੂਰ ਨਾ ਪੈ ਜੇ, ਮੈਂਦ ਐ ਸਵੇਰ ਤਾਈਂ ਜੋਰ ਪੈਜੂਗੀ" ਏਨਾ ਕਹਿ ਕੇ ਤਿੰਨੇ ਜਣੇ ਵਾਪਸ ਘਰ ਨੂੰ ਆ ਗਏ।

ਗਲੀ ਵਿਚ ਸੰਧੂਆਂ ਦਾ ਕੁੱਤਾ ਏਹਨਾਂ ਨੂੰ ਭੌਂਕਿਆ, ਇਹਨਾਂ ਨੇ ਚੁੱਪ ਚਾਪ ਅੰਦਰ ਵੜ ਕੇ ਅਰਲ ਲਾ ਲਈ।

ਕਰਮਜੀਤ ਕਿਆਂ ਕੰਨੀਂ ਇਹਨਾਂ ਨੂੰ ਖਾਸਾ ਟਾਈਮ ਲੱਗ ਗਿਆ। ਘਰੇ ਆ ਕੇ ਤਿੰਨਾਂ ਨੇ ਪਾਣੀ ਦਾ ਇੱਕ ਇੱਕ ਗਲਾਸ ਪੀਤਾ। ਮੁੰਡੇ ਫਿਰ ਲੋਟ ਹੋ ਕੇ ਬੈਠ ਰਹੇ ਸਨ, ਪਰ ਅਜਮੇਰ ਸਿੰਘ ਕਹਿਣ ਲੱਗਾ,

"ਓ ਸਹੁਰਿਓ, ਰਾਤ ਬਹੁਤ ਹੋਗੀ, ਮੈਂ ਤਾਂ ਆਹਨੇ ਬੀ ਪੈਜੀਏ ਹੁਣ, ਫੇਰ ਸਵੇਰੇ ਟੈਮ ਨਾਲ ਨੀ ਉੱਠਿਆ ਜਾਣਾ"।

"ਕੋਨੀ ਬਾਪੂ, ਹੁਣ ਤਾਂ ਪੂਰੀ ਸਮਝ ਜਈ ਆਉਣ ਲੱਗੀ ਐ, ਨਾਲੇ ਫੇਰ ਪਤਾ ਨੀ ਤੇਰਾ ਟੈਮ ਲੱਗੂ ਕੇ ਨਾ, ਤੂੰ ਤਾਂ ਪਹਿਲਾਂ ਈ ਮਸਾਂ ਮੰਨਿਐਂ, ਬਾਪੂ ਬਣਕੇ ਚੱਕ ਦੇ ਫੱਟੇ ਹੁਣ" ਗੁਰਪ੍ਰੀਤ ਨੇ ਅਜਮੇਰ ਸਿੰਘ ਨੂੰ ਕਹਾਣੀ ਜਾਰੀ ਰੱਖਣ ਲਈ ਜੋਰ ਪਾਇਆ।

"ਓ ਮਖਾ ਸ਼ੇਰੋ ਹੁਣ ਨੀ ਭੱਜਦਾ ਮੈਂ ਥੋਤੋਂ, ਨਾਲੇ ਹੁਣ ਤਾਂ ਕਹਾਣੀ ਤੁਰ ਈ ਪਈ ਐ, ਹੁਣ ਮੈਥੋਂ ਵੀ ਸਾਰੀ ਮੁਕਾਏ ਬਿਨਾ ਨੀ ਰਿਹਾ ਜਾਣਾ। ਨਾਲੇ ਤੁਸੀਂ ਤਾਂ

ਉਨੀਂਦਰਾ ਕੱਟ ਲੱਗੇ, ਪਰ ਮੈਥੋਂ ਨ੍ਹੀ ਕੱਟਿਆ ਜਾਣਾ, ਤੇ ਮੈਂ ਤੜਕੇ ਸਰਪੰਚ ਨਾਲ ਮੰਡੀ ਵੀ ਜਾਣੈ। ਸੋ ਮੇਰੇ ਪੁੱਤ ਸੌਂ ਜੋ ਹੁਣ, ਕੱਲ ਨੂੰ ਫੇਰ ਏਥੋਂ ਈ ਤੋਰਲਾਂਗੇ"

"ਪਰ............"

ਗੁਰਪ੍ਰੀਤ ਦੇ ਸ਼ਬਦ ਅਜੇ ਮੂੰਹ ਵਿਚ ਹੀ ਸਨ ਕਿ ਹਰਪ੍ਰੀਤ ਬੋਲਿਆ, "ਓ ਕੋਨੀ ਗੋਪੀ, ਜਦੋਂ ਬਾਪੂ ਹੁਣ ਕਹੀ ਜਾਂਦੈ ਕਿ ਬਾਕੀ ਸਵੇਰੇ ਸਣਾ ਦੂ, ਫੇਰ ਕਾਹਤੋਂ ਐਵੇਂ ਜਿਦ ਕਰਦੈਂ, ਨਾਲੇ ਆਪਾਂ ਵੀ ਸਵੇਰੇ ਕਾਲਜੋਂ ਲੇਟ ਹੋਜਾਂਗੇ ਜੇ ਹੁਣ ਨਾ ਸੁੱਤੇ, ਚੰਗਾ ਬਾਪੂ ਜੀ ਫਿਰ ਬਾਕੀ ਸਵੇਰੇ ਸਹੀ" ਇਹ ਕਹਿ ਕੇ ਦੋਹੇਂ ਜਣੇ ਸੌਣ ਚਲੇ ਗਏ।

ਅਜਮੇਰ ਸਿਹੁੰ ਵੀ "ਵਾਖਰੂ ਸੁੱਖ ਰੱਖੀਂ" ਕਹਿ ਕੇ ਮੰਜੇ 'ਤੇ ਸਿੱਧਾ ਹੋ ਗਿਆ।

ਕਾਂਡ ੬

ਦੋਹੇਂ ਜਣੇ ਆਪੋ ਆਪਣੇ ਮੰਜਿਆਂ 'ਤੇ ਪੈ ਗਏ, ਪਰ ਗੁਰਪ੍ਰੀਤ ਨੂੰ ਅਜੇ ਵੀ ਨੀਂਦ ਨਈਂ ਆ ਰਹੀ। ਉਹ ਪਿਆ-ਪਿਆ ਹਰਪ੍ਰੀਤ ਨੂੰ ਪੁੱਛਦੈ, "ਹਰਪੀਤ...... ਓ ਹਰਪੀਤ, ਸੌਂ ਗਿਐਂ"

"ਨਹੀਂ ਅਜੇ ਜਾਗਦਾਂ" ਹਰਪ੍ਰੀਤ ਨੇ ਜਵਾਬ ਦਿੱਤਾ।

"ਯਰ ਮੈਂ ਸੋਚਦਾ ਸੀ, ਬੀ ਇਹ ਬਾਹਮਣ ਵੀ ਬੜੀ ਜ਼ਹਿਰੀ ਕੌਮ ਐਂ, ਵੇਖਲਾ ਜਿਹੜੇ ਇਨ੍ਹਾਂ ਦਾ ਭਲਾ ਕਰਦੇ ਐ, ਇਹ ਉਸੇ ਨੂੰ ਡੰਗ ਮਾਰ ਦਿੰਦੇ ਐ" ਗੁਰਪ੍ਰੀਤ ਦੇ ਦਿਮਾਗ ਵਿਚ ਅਜੇ ਉਹੀ ਸਭ ਕੁਝ ਚੱਲ ਰਿਹਾ ਸੀ।

"ਦੁਨੀਆਂ ਦੇ ਸਭ ਤੋਂ ਵੱਡੇ ਅਕ੍ਰਿਤਘਣਾ ਦੀ ਕਤਾਰ ਵਿਚ ਇਹਨਾਂ ਦਾ ਨੰਬਰ ਸਭ ਤੋਂ ਪਹਿਲੇ, ਇਹਨਾਂ ਦੀ ਖਾਤਰ ਕੁਰਬਾਨੀ ਦੇਣ ਵਾਲੇ 'ਨੌਂਵੇਂ ਪਾਤਸ਼ਾਹ' ਦੀ ਉੱਮਤ ਨੂੰ ਇਨ੍ਹਾਂ ਨੇ ਨਈਂ ਬਖਸ਼ਿਆ, ਇਸ ਤੋਂ ਵੱਡੀ ਅਕ੍ਰਿਤਘਣਤਾ ਹੋਰ ਕੀ ਹੋ ਸਕਦੀ ਐ, ਇਹ ਮੇਰੇ ਸਾਲੇ ਕਿਸੇ ਦੇ ਮਿੱਤ ਨ੍ਹੀ" ਹਰਪ੍ਰੀਤ ਨੇ ਸਿਰੇ ਦੀ ਸੁਣਾ ਦਿੱਤੀ।

"ਯਰ ਫਿਰ ਆਪਾਂ ਇਨ੍ਹਾਂ ਨਾਲ ਕਿੰਨੀ ਕੁ ਦੇਰ ਬੱਝੇ ਰਹਾਂਗੇ, ਇਸ ਤਰ੍ਹਾਂ ਤਾਂ ਸਿਖਾਂ ਦਾ ਬਚਣਾ ਬਹੁਤ ਮੁਸ਼ਕਲ ਐ, ਦੁਸ਼ਮਨ ਨਾਲ ਕਿੰਨੀ ਕੁ ਚਿਰ ਸਮਝੌਤੇ ਕੀਤੇ ਜਾ ਸਕਦੇ ਐ, ਨਾਲੇ ਜੇ ਦੁਸ਼ਮਨ ਥੋਨੂੰ ਖਤਮ ਕਰਨ 'ਤੇ ਈ ਆ ਜਾਵੇ। ਮੈਨੂੰ ਤਾਂ ਲੱਗਦੈ ਜੇ ਸਿਖਾਂ ਨੇ ਇਨ੍ਹਾਂ ਨਾਲੋਂ ਛੇਤੀ ਤੋੜ ਵਿਛੋੜਾ ਨਾ ਕੀਤਾ ਤਾਂ ਹੁਣ ਬੱਸ ਕੁਝ ਸਾਲਾਂ ਦੀ ਖੇਡ ਈ ਐ ਕਿ ਸਿਖਾਂ ਦੀਆਂ ਫੋਟੋਆਂ ਅਜਾਇਬ ਘਰਾਂ ਵਿਚ ਲੱਗੀਆਂ ਹੋਣਗੀਆਂ ਤੇ ਥੱਲੇ ਲਿਖਿਆ ਹੋਵੇਗਾ,

"ਇਹ ਸਿਖ ਸਨ, ਜੋ ਕਦੇ ਇਸ ਧਰਤੀ 'ਤੇ ਵਸਦੇ ਸਨ, ਪਰ ਹੁਣ ਇਹਨਾਂ ਦੀ ਨਸਲ ਖਤਮ ਹੋ ਚੁੱਕੀ ਹੈ" ਗੁਰਪ੍ਰੀਤ ਕਿਸੇ ਬਹੁਤ ਸਿਆਣੇ ਨੌਜੁਆਨ ਵਾਂਗ ਗੱਲਾਂ ਕਰ ਰਿਹਾ ਸੀ।

"ਓਏ ਆਹੋ, ਜਿਹੜੀ ਆਹ ਸਾਡੇ ਲੋਕਾਂ ਦੇ ਦਿਮਾਗ ਵਿਚ ਫੋਕੀ ਧਰਮ ਨਿਰਪੱਖਤਾ ਵੜੀ ਹੋਈ ਐ ਨਾ ਏਹਨੇ ਵੀ ਬਹੁਤ ਨੁਕਸਾਨ ਕੀਤੈ ਕੌਮ ਦਾ। ਸਿਖ ਅਰਦਾਸ ਵਿਚ ਸਰਬੱਤ ਦਾ ਭਲਾ ਮੰਗਦੈ ਤੇ ਲੋਚਦਾ ਵੀ ਐ, ਪਰ ਇਸ ਦਾ ਮਤਲਬ ਇਹ ਨਈ ਕਿ ਸਿਖ ਆਪਣੇ ਤੇ ਕੌਮ ਦੇ ਭਵਿੱਖ ਬਾਰੇ ਸੋਚੇ ਈ ਨਾ। ਸਿਖ ਦੇ ਜਿਉਂਦੇ ਰਹਿਣ ਨਾਲ ਲੋਕਾਈ ਦਾ ਭਲਾ ਐ, ਮਨੁੱਖਤਾ ਦੀ ਆਜ਼ਾਦੀ ਲਈ ਸਿਖ ਨੇ ਈ ਲੜਨੈ, ਕਿਉਂਕਿ ਸਿਖ ਸਿਧਾਂਤ ਮਨੁੱਖੀ ਬਰਾਬਰਤਾ ਦੀ ਗੱਲ ਕਰਦੈ, ਸੋ ਲੋਕਾਈ ਦਾ ਭਲਾ ਕਰਨ ਲਈ ਤੇ ਸੰਸਾਰ ਦਾ ਮੂੰਹ ਮੱਥਾ ਸਵਾਰਨ ਲਈ ਕੌਮ ਨੂੰ ਪਹਿਲਾਂ

ਆਪਣੇ ਆਪ ਨੂੰ ਆਜ਼ਾਦ ਕਰਵਾਉਣਾ ਪੈਣੈ........, ਬ੍ਰਾਹਮਣ ਰੂਪੀ ਨਾਗ ਨਾਲੋਂ ਹਰੇਕ ਤਰ੍ਹਾਂ ਦੀ ਯਾਰੀ ਤੋੜਨੀ ਪੈਣੀ ਐ, ਇਸ ਤੋਂ ਪਹਿਲਾਂ ਕਿ ਇਹ ਸਾਰੀ ਕੌਮ ਨੂੰ ਨਿਗਲ ਜਾਵੇ।"

ਹਰਪ੍ਰੀਤ ਕੁਝ ਚੁੱਪ ਹੋ ਗਿਆ ਤੇ ਫਿਰ ਬੋਲਿਆ, "ਚੰਗਾ ਗੋਪੀ ਤੂੰ ਹੁਣ ਸੌਂ ਜਾ ਚੁੱਪ ਕਰਕੇ, ਬਾਕੀ ਗੱਲਾਂ ਆਪਾਂ ਸਵੇਰੇ ਕਰਾਂਗੇ।"

"ਚੰਗਾ ਬਾਈ" ਕਹਿ ਕੇ ਗੁਰਪ੍ਰੀਤ ਵੀ ਪਾਸਾ ਲੈਂਦਾ ਹੈ।

ਕਾਂਡ 7

ਸਵੇਰੇ ਉੱਠਣ ਵਿਚ ਸਚਮੁੱਚ ਦੋਹੇਂ ਜਣੇ ਲੇਟ ਹੋ ਜਾਂਦੇ ਨੇ। ਮਾਂ ਦੇ ਕਾਫੀ ਆਵਾਜਾਂ ਮਾਰਨ 'ਤੇ ਦੋਹੇਂ ਉੱਠਦੇ ਹਨ ਤੇ ਤਿਆਰ ਹੋ ਕੇ ਕਾਲਜ ਨੂੰ ਨਿਕਲ ਪੈਂਦੇ ਨੇ।

ਮੰਡੀ ਤੋਂ ਫਰੀਦਕੋਟ ਵਾਲੀ ਬੱਸ ਵਿਚ ਇਹ ਕਈ ਮਿੱਤਰ ਇਕੱਠੇ ਜਾਂਦੇ ਨੇ।

ਬੱਸ ਵਿਚ ਇੱਕ ਭਈਆ ਕਿਸੇ ਬੀਬੀ ਨਾਲ ਸੀਟ ਪਿੱਛੇ ਖਹਿਬੜ ਰਿਹਾ ਹੈ, ਖਹਿਬੜਦੇ-ਖਹਿਬੜਦੇ ਉਸ ਦੇ ਮੂੰਹ ਵਿਚੋਂ ਪਾਨ ਦੇ ਛਿੱਟੇ ਡਿੱਗ ਰਹੇ ਹਨ। ਮੰਦਰ ਨੇ ਭਈਏ ਦੇ ਟਕਾ ਕੇ ਇੱਕ ਚਪੇੜ ਜੜ ਦਿੱਤੀ।

"ਸਾਲਿਆਂ ਨੂੰ ਭੁੱਖੇ ਮਰਦਿਆਂ ਨੂੰ ਪੰਜਾਬ ਨੇ ਰੋਟੀ ਦਿੱਤੀ ਤੇ ਹੁਣ ਸਭ ਕਾਸੇ ਦੇ ਮਾਲਕ ਬਣਨ ਨੂੰ ਫਿਰਦੇ ਐ" ਭਈਏ ਨੂੰ ਮੰਦਰ ਦੀ ਕਹੀ ਗੱਲ ਪੂਰੀ ਸਮਝ ਤਾਂ ਨਈਂ ਆਈ, ਪਰ ਉਹ ਮੂੰਹ ਵਿਚ ਹੀ ਕੁਝ ਬੁੜ-ਬੁੜ ਕਰਦਾ ਰਿਹਾ। ਇਕੱਲਾ ਹੋਣ ਕਰਕੇ ਉਹ ਇਹਨਾਂ ਨਾਲ ਲੜ ਤਾਂ ਨਹੀਂ ਸਕਦਾ ਪਰ ਦਿਲ ਹੀ ਦਿਲ ਵਿਚ ਕੁਲਝ ਜਰੂਰ ਰਿਹਾ ਹੈ।

ਹਰਪ੍ਰੀਤ ਹੋਰਾਂ ਦੀ ਸਾਰੀ ਟੋਲੀ ਵਿਚੋਂ ਮੰਦਰ ਸਿੰਘ ਇਕੱਲਾ ਹੀ ਅੰਮ੍ਰਿਤਧਾਰੀ ਹੈ। ਹਰਪ੍ਰੀਤ ਤੇ ਗੁਰਪ੍ਰੀਤ ਦੇ ਕੇਸ ਰੱਖੇ ਹੋਏ ਹਨ ਤੇ ਬਾਕੀ ਸਾਰੇ ਹੀ ਘੋਨ ਮੋਨ ਹਨ। ਪਰ ਇਹਨਾਂ ਪੰਜਾਂ ਛੀਆਂ ਦੀ ਟੋਲੀ ਵਿਚੋਂ ਕੋਈ ਨਸ਼ਾ ਨਹੀਂ ਕਰਦਾ, ਸਾਰੇ ਪੜ੍ਹਾਈ ਵਿਚ ਵੀ ਚੰਗੇ ਨੇ।

ਇਹਨਾਂ ਦੋਹਾਂ ਭਰਾਵਾਂ ਤੋਂ ਬਿਨਾ ਬੇਅੰਤ ਵੀ ਇਸੇ ਪਿੰਡ ਤੋਂ ਆਉਂਦਾ ਹੈ। ਬੇਅੰਤ ਸਾਹਿਤਕ ਰੁਚੀਆਂ ਵਾਲਾ ਮੁੰਡਾ ਹੈ, ਗੀਤ ਕਵਿਤਾਵਾਂ ਵੀ ਲਿਖ ਲੈਂਦਾ ਹੈ। ਮੰਦਰ ਸਿੰਘ ਮੰਡੀ ਤੋਂ ਆਉਂਦਾ ਹੈ। ਇੱਕ ਹੋਰ ਮੁੰਡਾ ਹਰਮੀਤ ਸੇਵੇਆਲੇ ਤੋਂ ਆਉਂਦਾ ਹੈ। ਸਾਰੇ ਕਿਸਾਨ ਪਰਿਵਾਰਾਂ 'ਚੋਂ ਹਨ। ਇੱਕੋ ਜਮਾਤ ਵਿਚ ਹੋਣ ਕਰਕੇ ਤੇ ਇੱਕੋ ਬੱਸ ਵਿਚ ਜਾਣ ਕਰਕੇ ਸਾਰਿਆਂ ਦੀ ਆਪਸ ਵਿਚ ਚੰਗੀ ਬਣਦੀ ਐ।

ਕਾਲਜ ਪਹੁੰਚ ਕੇ ਹਰਮੀਤ ਕਹਿੰਦਾ ਹੈ, "ਯਰ ਤੁਸੀਂ ਚੱਲੋ ਗਰਾਉਂਡ 'ਚ, ਮੈਂ ਫੀਸ ਭਰ ਕੇ ਆਉਣੈ।"

"ਚੱਲ-ਚੱਲ ਅਸੀਂ ਵੀ ਰਸੀਦਾਂ ਲੈਣੀਐਂ ਮਹਿਤੇ ਤੋਂ" ਗੁਰਪ੍ਰੀਤ ਕਹਿੰਦਾ ਹੈ।

ਇਹ ਤਿੰਨੇ ਜਣੇ ਕਲਰਕ ਕੋਲ ਤੇ ਬਾਕੀ ਸਾਰੇ ਗਰਾਊਂਡ ਵਿਚ ਚਲੇ ਜਾਂਦੇ ਹਨ। ਕਾਲਜ ਵਿਚ ਕੋਈ ਖਾਸ ਪੀਰੀਅਡ ਵਗੈਰਾ ਨਹੀਂ ਲੱਗਦੇ, ਸੋ ਸਾਰੇ ਤਕਰੀਬਨ ਵਿਹਲੇ ਹਨ।

ਜਦੋਂ ਹਰਪ੍ਰੀਤ ਹੋਰੀਂ ਵਾਪਸ ਆਉਂਦੇ ਹਨ ਤਾਂ ਏਧਰ ਬੇਅੰਤ ਹੀਰ ਛੋਹੀ ਬੈਠਾ ਹੁੰਦੈ,

"ਦੇਣਾ ਜਾਣਦੇ ਸੀਸ ਵਿਚ ਉੱਖਲੇ ਦੇ, ਫੇਰ ਗਮ ਦੀ ਧਮਕੀ ਥੀ ਕੀ ਡਰਨਾਂ,
ਮੀਆਂ ਰਾਂਝਣਾ ਕੂੜ ਇਹ ਦੂਰ ਹੋਸੀ, ਅੰਤ ਸੱਚ ਦਾ ਸੱਚ ਹੀ ਆ ਤਰਨਾਂ।
ਜਾਨ ਸੋਈ ਮਹਿਬੂਬ ਤੋਂ ਫਿਦਾ ਹਾਂ ਵੇ ਅਸੀਂ ਆਪ ਵਤਨੀ ਇਕ ਰੋਜ਼ ਮਰਨਾਂ,
ਜ਼ਾਹਲ ਆਸ਼ਿਕਾਂ ਨੂੰ ਐਵੇਂ ਦੇਣ ਤ੍ਹਾਨੇ, ਜਿਵੇਂ ਕੁੱਤੇ ਕਮਲੇ ਲੱਗੇ ਮਗਰ ਹਰਨਾਂ।
ਹਰ ਵੇਲੇ ਰੱਬ ਨੂੰ ਯਾਦ ਕਰਨਾਂ ਤੇ ਨਹੀਂ ਇਸ਼ਕ ਨੂੰ ਮੇਹਣਾ ਲਾਵਣਾ ਈ,
ਏਸ ਇਸ਼ਕ ਦਾ ਵਣਜ ਵਪਾਰ ਏਹੋ ਜੀਓ ਜਾਨ ਤੇ ਸੀਸ ਗਵਾਵਣਾ ਈ"

"ਵਾਹ ਯਾਰ ਵਾਹ, ਕਮਾਲ ਕਰਤੀ, ਨਜ਼ਾਰਾ ਆ ਗਿਆ" ਹਰਮੀਤ ਨੇ ਲੋਰ ਵਿਚ ਹੀ ਕਿਹਾ।

"ਕਿਉਂ ਖੁੱਭਗੀ ਹੀਰ ਕਾਲਜੇ 'ਚ" ਮੰਦਰ ਨੇ ਚੋਟ ਕੀਤੀ।

"ਪਤੰਦਰੋ ਨਿਰਨੇ ਕਾਲਜੇ ਈ ਟੱਕਰ ਪਿਆ ਕਰੋ ਹੀਰ ਨੂੰ, ਨਾ ਤੁਸੀਂ ਆਪ ਟਿਕਦੇ ਔਂ ਤੇ ਨਾ ਵਿਚਾਰੀ ਹੀਰ ਨੂੰ ਟਿਕਣ ਦਿੰਨੇ ਔਂ" ਗੁਰਪ੍ਰੀਤ ਨੇ ਕਿਹਾ।

ਇਹ ਸਾਰੀ ਟੋਲੀ ਜਦੋਂ ਵੀ ਇਕੱਠੀ ਹੋ ਕੇ ਬੈਠਦੀ ਸੀ ਤਾਂ ਬੇਅੰਤ ਤੋਂ ਹੀਰ ਜ਼ਰੂਰ ਸੁਣੀ ਜਾਂਦੀ, ਬੇਅੰਤ ਨੂੰ ਵੀ ਹੀਰ ਦੇ ਬਹੁਤ ਬੈਂਤ ਜੁਬਾਨੀ ਯਾਦ ਸਨ, ਕਈ ਵਾਰ ਤਾਂ ਜੇ ਕੋਈ ਸੁਣਨ ਵਾਲਾ ਨਾ ਵੀ ਹੁੰਦਾ ਤਾਂ ਉਹ ਇਕੱਲਾ ਆਪਮੁਹਾਰੇ ਵੀ ਗਾਂਉਂਦਾ ਰਹਿੰਦਾ।

"ਕੀ ਕਰੀਏ ਭਰਾਵਾ, ਹੀਰ ਤਾਂ ਹੁਣ ਹੱਡਾਂ 'ਚ ਰਚ ਚੁੱਕੀ ਐ, ਇਹ ਨੀ ਛੱਡ ਹੁੰਦੀ ਹੁਣ" ਬੇਅੰਤ ਨੇ ਗੁਰਪ੍ਰੀਤ ਦੀ ਗੱਲ ਦਾ ਜਵਾਬ ਦਿੱਤਾ।

"ਓ ਇਕੱਲੀ ਹੀਰ ਨਈ ਸਾਰਾ ਸੂਫੀ ਸਾਹਿਤ ਈ ਐਸੈ ਬੀ ਜੇ 'ਕੇਰਾਂ ਪੜ੍ਹਨ ਲੱਗ ਜੋ ਫੇਰ ਨੀ ਛੱਡਿਆ ਜਾਂਦਾ" ਮੰਦਰ ਨੇ ਵੀ ਬਹੁਤ ਸੂਫੀ ਸਾਹਿਤ ਪੜ੍ਹਿਆ ਹੋਇਆ ਸੀ ਤੇ ਉਸ ਨੂੰ ਵੀ ਇਸ ਦਾ ਸਵਾਦ ਪਿਆ ਹੋਇਆ ਸੀ, "ਕਿਉਂ ਬੀ ਹਰਪ੍ਰੀਤ ਠੀਕ ਐ ਨਾ" ਉਹ ਆਪਣੀ ਗੱਲ ਦੀ ਹਰਪ੍ਰੀਤ ਤੋਂ ਪ੍ਰੋੜਤਾ ਚਾਹੁੰਦਾ ਸੀ। ਪਰ ਹਰਪ੍ਰੀਤ ਅੱਜ ਸਵੇਰ ਤੋਂ ਹੀ ਕੁਝ ਚੁੱਪ-ਚੁੱਪ ਸੀ।

ਕੁਝ ਜਵਾਬ ਨਾ ਮਿਲਣ ਕਰਕੇ ਮੰਦਰ ਸਿੰਘ ਨੇ ਮੁੜ ਹਰਪ੍ਰੀਤ ਨੂੰ ਬੁਲਾਇਆ, "ਹਰਪ੍ਰੀਤ ਕੀ ਗੱਲ ਐ ਯਰ, ਅੱਜ ਬਹੁਤ ਚੁੱਪ ਚੁੱਪ ਔਂ, ਕੁਝ ਬੋਲਦਾ ਕਿਉਂ ਨੀ ।"

"ਨਹੀਂ ਐਸੀ ਤਾਂ ਕੋਈ ਗੱਲ ਨਈ" ਹਰਪ੍ਰੀਤ ਨੇ ਸੰਖੇਪ ਉੱਤਰ ਦਿੱਤਾ।

"ਆਹੋ ਯਰ, ਅੱਜ ਬੱਸ ਵਿਚ ਵੀ ਤੂੰ ਸਾਰੇ ਰਾਹ ਕੁਝ ਨਈਂ ਬੋਲਿਆ" ਬੇਅੰਤ ਨੂੰ ਵੀ ਯਾਦ ਆ ਗਿਆ।

"ਕੁਛ ਨੀ ਯਾਰ, ਕੋਈ ਖਾਸ ਗੱਲ ਨਈਂ" ਹਰਪ੍ਰੀਤ ਨੇ ਫੇਰ ਉਹੀ ਸ਼ਬਦ ਦੁਹਰਾਏ।

"ਓ ਭਾਵੇਂ ਖਾਸ ਨਾ ਹੋਵੇ, ਪਰ ਗੱਲ ਤਾਂ ਹੈਗੀ ਐ ਨਾ" ਮੰਦਰ ਨੇ ਬੁੱਝ ਲਿਆ

ਸੀ ਕਿ ਕੋਈ ਨਾ ਕੋਈ ਗੱਲ ਤਾਂ ਜਰੂਰ ਐ।

"ਕਿਉਂ ਉਏ ਗੁਰਪ੍ਰੀਤ ਕੀ ਚੱਕਰ ਐ, ਘਰੇ ਤਾਂ ਨ੍ਹੀ ਕੋਈ ਗੱਲ ਬਾਤ ਹੋਈ, ਸਭ ਸੁੱਖ ਤਾਂ ਹੈ ਨਾ" ਹਰਪ੍ਰੀਤ ਨੂੰ ਨਾ ਬੋਲਦਾ ਦੇਖ ਕੇ ਹਰਮੀਤ ਨੇ ਗੁਰਪ੍ਰੀਤ ਨੂੰ ਪੁੱਛਿਆ।

"ਨਹੀਂ ਨਹੀਂ ਐਸੀ ਕੋਈ ਗੱਲ ਨਈਂ...... ਬਾਈ ਦੀ ਉਦਾਸੀ ਦਾ ਕਾਰਨ ਕੁਝ ਹੋਰ ਐ"

ਕੁਝ ਪਲ ਚੁਪ ਹੋ ਕੇ ਗੁਰਪ੍ਰੀਤ ਮੁੜ ਬੋਲਿਆ, "ਅਸਲ 'ਚ ਯਰ ਬਾਪੂ ਨੇ ਸਾਨੂੰ ਸਿਖ ਇਤਿਹਾਸ ਸੁਣਾਉਣਾ ਸ਼ੁਰੂ ਕੀਤਾ ਸੀ, ਰਾਤ......, ਗੱਲ ਤਾਂ ਸ਼ੁਰੂ ਹੋਈ ਸੀ ਇੱਕ ਢੱਠੇ ਹੋਏ ਗੁਰਦੁਆਰੇ ਦੀ ਤਸਵੀਰ ਤੋਂ, ਪਰ ਬਾਪੂ ਨੇ ਬਾਹਮਣਾ ਦੀਆਂ ਗੱਦਾਰੀਆਂ ਦਾ ਇਤਿਹਾਸ ਸੁਣਾਉਣਾ ਸ਼ੁਰੂ ਕਰ ਦਿੱਤਾ, ਕਹਿੰਦਾ ਇਹਨਾਂ ਦੀਆਂ ਸਾਰੀਆਂ ਕਰਤੂਤਾਂ ਸੁਣਾਏ ਬਿਨਾਂ ਪੂਰੀ ਗੱਲ ਸਮਝ ਨਈਂ ਆਉਣੀ"

ਗੁਰਪ੍ਰੀਤ ਅਜੇ ਬੋਲ ਹੀ ਰਿਹਾ ਸੀ ਕਿ ਹਰਮੀਤ ਵਿਚੋਂ ਹੀ ਬੋਲਿਆ, "ਢੱਠਿਆ ਗੁਰਦੁਆਰਾ, ਯਾਰ ਕਿਹੜਾ ਗੁਰਦੁਆਰਾ ਸੀ ਉਹ ਤੇ ਕਿਮੇਂ ਢਹਿ ਗਿਆ"

"ਓ ਮੈਨੂੰ ਲੱਗਦੈ ਸ਼੍ਰੀ ਅਕਾਲ ਤਖ਼ਤ ਸਾਹਿਬ ਹੋਣੈ, ਜਿਸ ਨੂੰ ੧੯੮੪ ਵਿਚ ਹਿੰਦ ਹਕੂਮਤ ਨੇ ਟੈਂਕਾਂ ਤੋਪਾਂ ਨਾਲ ਢਹਿ ਢੇਰੀ ਕਰ ਦਿੱਤਾ ਸੀ" ਮੰਦਰ ਨੇ ਉੱਤਰ ਦਿੱਤਾ।

"ਟੈਂਕਾਂ ਤੋਪਾਂ ਨਾਲ ਢਾਹਤਾ ਸੀ, ਪਰ ਕਿਉਂ, ਗੁਰਦੁਆਰਾ ਕਿਉਂ ਢਾਹਿਆ" ਬੇਅੰਤ ਨੇ ਹੈਰਾਨੀ ਨਾਲ ਪੁੱਛਿਆ।

"ਬਈ ਸਭ ਕੁਝ ਤਾਂ ਮੈਨੂੰ ਪਤਾ ਨਈ, ਪਰ ਸਰਕਾਰ ਕਹਿੰਦੀ ਸੀ ਕਿ ਉੱਥੇ ਅੱਤਵਾਦੀ ਰਹਿੰਦੇ ਸਨ ਤੇ ਉਹਨਾਂ ਕੋਲ ਵੱਡੀ ਗਿਣਤੀ ਵਿਚ ਹਥਿਆਰ ਸਨ, ਏਸੇ ਲਈ......" ਮੰਦਰ ਨੂੰ ਜਿੰਨਾ ਕੁ ਪਤਾ ਸੀ ਉਸ ਨੇ ਦੱਸਿਆ।

"ਪਰ ਯਾਰ ਜੇ ਉੱਥੇ ਅੱਤਵਾਦੀ ਸਨ ਵੀ, ਤਾਂ ਕੀ ਗੁਰਦੁਆਰਾ ਢਾਹੇ ਜਾਣ ਤੋਂ ਬਿਨਾਂ ਉਹਨਾਂ ਨੂੰ ਨਈ ਫੜਿਆ ਜਾ ਸਕਦਾ ਸੀ, ਜਦੋਂ ਗੁਜਰਾਤ ਦੇ ਅਕਸ਼ਰਧਾਮ ਮੰਦਰ ਵਿਚ ਅੱਤਵਾਦੀ ਵੜ੍ਹ ਗਏ ਸਨ ਤਾਂ ਕੀ ਇਹਨਾਂ ਨੇ ਮੰਦਰ ਢਾਹਤਾ ਸੀ, ਕਿੰਨੀ ਦੇਰ ਘੇਰਾ ਪਾਈ ਰੱਖਿਆ ਤੇ ਇੱਕ ਵੀ ਗੋਲੀ ਮੰਦਰ ਨੂੰ ਨਹੀਂ ਵੱਜਣ ਦਿੱਤੀ। ਅਜੇ ਕੱਲ ਦੀ ਗੱਲ ਐ ਆਹ ਤਾਜ ਹੋਟਲ 'ਚ ਬੰਬਈ ਅੱਤਵਾਦੀ ਵੜ੍ਹ ਗਏ ਸੀ ਤਾਂ ਇਹਨਾਂ ਨੇ ਹੋਟਲ ਵੀ ਨਈਂ ਢਾਇਆ। ਇਹ ਸਭ ਕੋਈ ਚਾਲ ਹੋਣੀ ਐਂ ਏਹਨਾਂ ਸ਼ੰਕਰਾਚਾਰੀਆ ਦੇ ਚੇਲਿਆਂ ਦੀ", ਬੇਅੰਤ ਨੂੰ ਅਜੇ ਭਾਵੇਂ ਪੂਰੀ ਘਟਨਾਂ ਦਾ ਪਤਾ ਨਹੀਂ ਸੀ ਪਰ ਫਿਰ ਵੀ ਉਸ ਨੂੰ ਬਹੁਤ ਗੁੱਸਾ ਆ ਰਿਹਾ ਸੀ।

"ਉਏ ਇਸੇ ਗੱਲ ਨੇ ਤਾਂ ਮੇਰਾ ਦਿਮਾਗ ਖਰਾਬ ਕੀਤਾ ਪਿਐ ਰਾਤ ਦਾ, ਸਵੇਰੇ ਰੋਟੀ ਦੀ ਬੁਰਕੀ ਵੀ ਨਈਂ ਲੰਘੀ। ਜਿਮੇਂ-ਜਿਮੇਂ ਬਾਪੂ ਨੇ ਸਾਨੂੰ ਬਾਹਮਣਾ ਦੀਆਂ ਗੱਦਾਰੀਆਂ ਦੀ ਵਿਥਿਆ ਸੁਣਾਈ ਐ ਤੇ ਜਿਮੇਂ ਗੁੱਝੇ ਹਮਲੇ ਬਾਹਮਣ ਨੇ ਸਾਡੇ 'ਤੇ ਕੀਤੇ ਐ, ਸ਼ਾਇਦ ਹੀ ਦੁਨੀਆਂ ਦੀ ਕਿਸੇ ਹੋਰ ਕੌਮ ਨੇ ਏਨੇ ਖਤਰਨਾਕ ਹਮਲੇ ਝੱਲੇ

ਹੋਣ। ਇਹ ਤਾਂ ਅਸੀਂ ਹਾਂ ਦਸ਼ਮੇਸ਼ ਦੇ ਪੁੱਤਰ ਕਿ ਅਜੇ ਵੀ ਹਿੱਕ ਤਾਣ ਕੇ ਦੁਸ਼ਮਣ ਮੂਹਰੇ ਖਲੋਤੇ ਆਂ" ਹਰਪ੍ਰੀਤ ਨੇ ਵੀ ਚੁੱਪ ਤੋੜੀ, ਉਹ ਅੰਦਰੋਂ ਭਰਿਆ ਪਿਆ ਸੀ।

"ਯਾਰ ਹਰਪ੍ਰੀਤ ਫੇਰ ਤਾਂ ਯਰ ਸਾਨੂੰ ਵੀ ਬਾਪੂ ਤੋਂ ਸਭ ਕੁਝ ਸੁਣਨਾ ਚਾਹੀਦੈ, ਸਾਡੇ ਆਲੇ ਬਾਪੂ ਨੂੰ ਤਾਂ ਯਰ ਸਾਰਾ ਦਿਨ ਤਕੀਏ 'ਚੋਂ ਤਾਸ਼ ਖੇਡਣ ਤੋਂ ਈ ਵਿਹਲ ਨਹੀਂ ਮਿਲਦੀ, ਨਹੀਂ ਤਾਂ ਪਤਾ ਤਾਂ ਓਹਨੂੰ ਵੀ ਕਾਰੀ ਕੁਛ ਹੋਣੈ, ਤੂੰ ਯਰ ਮੇਰਾ ਬਾਈ ਅੱਜ ਰਾਤ ਨੂੰ ਮੈਨੂੰ ਵੀ 'ਵਾਜ ਮਾਰਲੀਂ, ਯਰ ਪਤਾ ਤਾਂ ਲੱਗੇ ਕਿ ਸਾਰਾ ਕੁਝ ਕਿਮੇਂ ਵਾਪਰਿਐ" ਬੇਅੰਤ ਨੇ ਵੀ ਹਰਪ੍ਰੀਤ ਅੱਗੇ ਆਪਣੇ ਮਨ ਦੀ ਇੱਛਾ ਜਾਹਰ ਕੀਤੀ।

"ਤੂੰ 'ਕੱਲਾ ਕਿਉਂ, ਸਾਰਿਆਂ ਨੂੰ ਇਹ ਵਿਥਿਆ ਸੁਣਨੀ ਚਾਹੀਦੀ ਐ, ਕੋਈ ਐਸੀ ਸਕੀਮ ਬਣਾਓ ਕਿ ਅਸੀਂ ਸਾਰੇ 'ਕੱਠੇ ਹੋ ਸਕੀਏ" ਮੰਦਰ ਸਿੰਘ ਚਾਹੁੰਦਾ ਸੀ ਕਿ ਸਾਰੀ ਟੋਲੀ ਹੀ ਇਹ ਕਹਾਣੀ ਸੁਣੇ।

"ਆਹੋ ਯਰ ਨਾਲੇ ਪ੍ਰੋਫੈਸਰ ਜਤਿੰਦਰ ਸਿਹੁੰ ਦੀਆਂ ਕੀਤੀਆਂ ਗੱਲਾਂ ਹੋਰ ਸਾਫ ਹੋ ਜਾਣਗੀਆਂ, ਤੇ ਜਿਹੜਾ ਕੁਝ ਉਹਨਾਂ ਨੇ ਆਪਾਂ ਨੂੰ ਨਈਂ ਦੱਸਿਆ ਉਹ ਵੀ ਪਤਾ ਲੱਗਜੂ" ਬੇਅੰਤ ਨੂੰ ਇਹ ਸਭ ਕੁਝ ਪ੍ਰੋਫੈਸਰ ਜਤਿੰਦਰ ਸਿੰਘ ਦੀਆਂ ਗੱਲਾਂ ਨਾਲ ਮਿਲਦਾ ਜੁਲਦਾ ਜਾਪਦਾ ਸੀ।

"ਠੀਕ ਐ ਫਿਰ ਸਕੀਮ ਕੀ ਬਣਾਉਣੀ ਐਂ, ਕੱਲ ਨੂੰ ਐਂ ਐਤਵਾਰ, ਤੁਸੀ ਸਾਰੇ ਅੱਜ ਸ਼ਾਮ ਨੂੰ ਸਾਡੇ ਘਰੇ ਆਜੋ ਤੇ ਆਪਾਂ ਸਾਰੇ ਰਾਤ ਨੂੰ ਬਾਪੂ ਤੋਂ ਵਾਰਤਾ ਸੁਣਲਾਂਗੇ" ਗੁਰਪ੍ਰੀਤ ਨੇ ਸਾਰਿਆਂ ਨੂੰ ਕਿਹਾ।

"ਯਰ ਘਰੇ ਕੀ ਕਹਾਂਗੇ" ਹਰਮੀਤ ਨੇ ਪੁੱਛਿਆ, ਉਸਦਾ ਬਾਪੂ ਸਖ਼ਤ ਸੁਭਾ ਦਾ ਸੀ।

"ਓ ਕੋਨੀ, ਕਹਿ ਦਿਆਂਗੇ ਕੁਝ ਨਾ ਕੁਝ। ਤੂੰ ਘਾਬਰ ਨਾ, ਮੈਂ ਮਨਾ ਲੂੰ ਤੇਰੇ ਬਾਪੂ ਨੂੰ" ਮੰਦਰ ਸਿੰਘ ਨੇ ਹਰਮੀਤ ਦਾ ਡਰ ਲਾਹਿਆ, ਮੰਦਰ ਦੇ ਗੁਰਸਿਖ ਹੋਣ ਕਰਕੇ ਹਰਮੀਤ ਦੇ ਪਿਤਾ ਮੰਦਰ ਦਾ ਸਤਿਕਾਰ ਕਰਦੇ ਸਨ।

"ਠੀਕ ਐ ਫਿਰ, ਅੱਜ ਸਾਰੇ ਜਣੇ ਆਥਣੇ ਹਰਪ੍ਰੀਤ ਕੇ ਘਰੇ ਆਜੋ, ਜੇ ਕਿਸੇ ਨੂੰ ਕੋਈ ਮੁਸ਼ਕਲ ਐ ਤਾਂ ਦੱਸ ਦਿਓ" ਬੇਅੰਤ ਨੇ ਸਾਰਿਆਂ ਨੂੰ ਟੋਹਿਆ, ਉਸਨੂੰ ਤਾਂ ਉਸੇ ਪਿੰਡ ਦਾ ਹੋਣ ਕਰਕੇ ਕੋਈ ਔਖ ਨਹੀਂ ਸੀ, ਦੂਜੇ ਪਿੰਡਾਂ ਦੇ ਮੁੰਡਿਆਂ ਦਾ ਥੋੜਾ ਰੌਲਾ ਸੀ, ਪਰ ਸਾਰਿਆਂ ਨੇ ਆਪਣੀ ਸਹਿਮਤੀ ਦੇ ਦਿੱਤੀ। ਨਾਲੇ ਏਸ ਉਮਰ 'ਚ ਘਰਦਿਆਂ ਨੂੰ ਲਾਉਣ ਲਈ ਮੁੰਡੇ ਬੜੇ ਬਹਾਨੇ ਲੱਭ ਲੈਂਦੇ ਨੇ।

"ਚਲੋ ਹੁਣ ਜਿਹੜੀ ਇੱਕ ਅੱਧੀ ਕਲਾਸ ਲੱਗਦੀ ਐ ਤਾਂ ਲਾ ਲੋ, ਤੇ ਫੇਰ ਚੱਲੀਏ ਘਰਾਂ ਨੂੰ" ਮੰਦਰ ਨੇ ਉੱਠਦੇ ਹੋਏ ਕਿਹਾ।

"ਮੈਂ ਤਾਂ ਯਰ ਅਜੇ ਜਾ ਕੇ ਪੱਠੇ ਵੀ ਲਿਆਉਣੇ ਐਂ, ਮੈਂ ਛੇਤੀ ਨਿਕਲ ਜੂੰ ਅੱਜ" ਸੇਵੇਆਲੇ ਵਾਲਾ ਹਰਮੀਤ ਸਵੇਰੇ ਟਾਈਮ ਨਾ ਹੋਣ ਕਰਕੇ ਕਾਲਜੋਂ ਜਾ ਕੇ ਪੱਠੇ ਲਿਆਉਂਦਾ ਸੀ।

"ਚਲੋ, ਚਲੋ ਮੈਨੂੰ ਲੱਗਦੈ ਅੰਗਰੇਜ਼ੀ ਆਲਾ ਗਿੱਲ ਪੀਰੀਅਡ ਲਾਉਣ ਲੱਗਿਐ"

ਸਾਰੇ ਜਣੇ ਭੱਜ ਕੇ ਕਲਾਸ ਵੱਲ ਗਏ। ਗਿੱਲ ਦੇ ਪੀਰੀਅਡ ਵਿਚ ਜੇ ਇੱਕ ਦਿਨ ਹਾਜ਼ਰੀ ਲੱਗ ਗਈ ਤਾਂ ਸਮਝੋ ਪੰਦਰਾਂ ਦਿਨਾਂ ਦੀ ਨਿਸ਼ਾ ਹੋ ਗਈ, ਕਿਉਂਕਿ ਇਹ ਪੀਰੀਅਡ ਕੂਦੇ ਮਹੀਨੇ ਮੱਸਿਆ ਹੀ ਲੱਗਦਾ ਸੀ।

ਅੰਗਰੇਜ਼ੀ ਦੇ ਪੀਰੀਅਡ ਤੋਂ ਬਾਅਦ ਸਾਰੇ ਵਿਹਲੇ ਹੋ ਗਏ ਤੇ ਵਾਪਸ ਘਰਾਂ ਨੂੰ ਤੁਰ ਪਏ।

ਜੈਤੋ ਮੰਡੀ ਪਹੁੰਚ ਕੇ ਸਾਰੇ ਸ਼ਾਮ ਨੂੰ ਮਿਲਣ ਦਾ ਕਰਾਰ ਕਰ ਘਰੋ ਘਰੀਂ ਚਲੇ ਗਏ।

"ਓ ਗੋਪੀ, ਯਰ ਕੋਈ ਸਵਜੀ ਸੁਵਜੀ ਲੈ ਚੱਲੀਏ, ਸਾਰਿਆਂ ਨੇ ਰਾਤ ਨੂੰ ਰੋਟੀ ਵੀ ਖਾਣੀ ਐਂ" ਹਰਪ੍ਰੀਤ ਨੇ ਗੁਰਪ੍ਰੀਤ ਨੂੰ ਖੜ੍ਹਾਉਂਦੇ ਹੋਏ ਕਿਹਾ।

"ਵੇਖਲਾ ਬਾਈ, ਮੈਂ ਤਾਂ ਕਹਿੰਨੈ ਬੀਬੀ ਤੋਂ ਸਾਗ ਧਰਾਲਾਂਗੇ, ਨਾਲੇ ਖੇਤ ਵਾਧੂ ਖੜ੍ਹੈ"

"ਚੱਲ ਠੀਕ ਐ, ਮੈਂ ਕੋਈ ਮਾੜਾ ਮੋਟਾ ਮਿੱਠਾ ਲੈ ਲਾਂ ਖਾਣ ਨੂੰ, ਫੇਰ ਚੱਲਦੇ ਆਂ"

ਗੇਜੇ ਹਲਵਾਈ ਤੋਂ ਥੋੜਾ ਬਹੁਤ ਸਾਜੋ ਸਮਾਨ ਖ੍ਰੀਦ ਕੇ ਦੋਹੇਂ ਜਣੇ ਪਿੰਡ ਨੂੰ ਬੱਸ ਚੜ੍ਹ ਗਏ ਤੇ ਘਰ ਜਾ ਕੇ ਬੀਬੀ ਨੂੰ ਸਾਰੀ ਗੱਲ ਸਮਝਾ ਦਿੱਤੀ।

"ਬੀਬੀ ਤਿੰਨੇ ਚਾਰ ਜਣੇ ਐਂ ਓਹ, ਵੇਖਲਾ ਨਹੀਂ ਤਾਂ ਸੁਖਪ੍ਰੀਤ ਭਾਬੀ ਨੂੰ 'ਵਾਜ ਮਾਰਲਾਂਗੇ। ਕਾਰੀ ਰੋਟੀਆਂ ਲਾਹੁਣੀਆਂ ਪੈਣਗੀਆਂ" ਹਰਪ੍ਰੀਤ ਨੇ ਬੀਬੀ ਨੂੰ ਪੁੱਛਿਆ।

"ਕੋਨੀ ਪੁੱਤ, ਉਹ ਵੀ ਮੇਰੇ ਪੁੱਤ ਈ ਐ, ਜੰਮ ਜੰਮ ਆਉਣ, ਤੁਸੀਂ ਫਿਕਰ ਨਾ ਕਰੋ, ਸੁਖਪ੍ਰੀਤ ਨੂੰ ਤਾਂ ਵਿਚਾਰੀ ਨੂੰ ਆਵਦੇ ਧੰਦੇ ਈ ਨੀ ਮੁੱਕਦੇ, ਮੈਂ ਆਪਣੀ ਬੱਬੂ ਨੂੰ ਸੱਦਲੂ" ਬੱਬੂ ਹਰਪ੍ਰੀਤ ਹੋਰਾਂ ਦੇ ਚਾਚੇ ਦੀ ਕੁੜੀ, ਉਸ ਦਾ ਪੂਰਾ ਨਾਮ ਤਾਂ ਗੁਰਮਨਦੀਪ ਕੌਰ ਐ ਪਰ ਸਾਰੇ ਪਿਆਰ ਨਾਲ ਉਸਨੂੰ ਬੱਬੂ ਈ ਕਹਿੰਦੇ ਨੇ।

ਰੋਟੀ ਪਾਣੀ ਦਾ ਸਾਰਾ ਫਿਕਰ ਮੁਕਾ ਕੇ ਦੋਹੇਂ ਭਰਾ ਖੇਤ ਨੂੰ ਚਲੇ ਗਏ। ਰਾਹ ਵਿਚ ਸਰਪੰਚ ਦੇ ਪੋਲਟਰੀ ਫਾਰਮ ਤੋਂ ਸਰਪੰਚ ਤੇ ਬਾਪੂ ਅਜਮੇਰ ਸਿੰਘ ਬਾਰੇ ਪੁੱਛਿਆ,

"ਓ ਮੋਟੂ, ਬਾਈ ਹੋਰੀਂ ਕਦੋਂ ਕੁ ਆਉਣਗੇ"

"ਯਰ, ਬਰਾੜ ਕੰਨੀ ਗਏ ਐ, ਆਪਣੇ ਪਿੰਡ ਆਲੀ ਮੰਡੀ 'ਚ ਲੈਟਾਂ ਲਵਾਉਣ ਆਸਤੇ ਕਹਿਣ, ਆਂਹਦੇ ਤਾਂ ਸੀ ਦੁਪਿਹਰ ਤੱਕ ਆਜਾਂਗੇ, ਮੇਦ ਐ ਆਉਂਦੇ ਈ ਹੋਣੇ ਐਂ" ਸਰਪੰਚ ਦਾ ਛੋਟਾ ਮੁੰਡਾ ਮੋਟੂ ਅੰਦਰੋਂ ਬੋਲਿਆ।

ਦੋਹੇਂ ਜਣੇ ਖੇਤ ਚਲੇ ਜਾਂਦੇ ਨੇ। ਸਾਗ ਤੋੜਦੇ-ਤੋੜਦੇ ਬਾਪੂ ਅਜਮੇਰ ਸਿਹੁੰ, ਆਪਣੇ ਮਿੱਤਰਾਂ ਤੇ ਆਥਣ ਦਾ ਇੰਤਜ਼ਾਰ ਕਰਨ ਲੱਗਦੇ ਨੇ।

ਕਾਂਡ ੮

ਦਿਨ ਛਿਪਣ ਤੋਂ ਪਹਿਲਾਂ ਹੀ ਸਾਰੇ ਜਣੇ ਇਹਨਾਂ ਦੇ ਘਰੇ ਪਹੁੰਚ ਗਏ। ਬਾਪੂ ਅਜਮੇਰ ਸਿਹੁੰ ਨੂੰ ਵੀ ਸਰਪੰਚ ਘਰ ਛੱਡ ਗਿਆ। ਹਰਪ੍ਰੀਤ ਨੇ ਆਪਣੇ ਪਿਤਾ ਹਰਬੰਸ ਸਿੰਘ ਤੇ ਬਾਪੂ ਅਜਮੇਰ ਸਿੰਘ ਨਾਲ ਆਪਣੇ ਸਾਰੇ ਮਿੱਤਰਾਂ ਦੀ ਜਾਣ ਪਛਾਣ ਕਰਾਈ ਤੇ ਉਹਨਾਂ ਦੇ ਆਉਣ ਦਾ ਕਾਰਨ ਵੀ ਦੱਸਿਆ। ਸਾਰਿਆਂ ਨੇ ਇਕੱਠੇ ਬੈਠ ਕੇ ਰੋਟੀ ਖਾਧੀ। ਰੋਟੀ ਪਾਣੀ ਖਾ ਪੀ ਕੇ ਸਾਰੇ ਬਾਪੂ ਅਜਮੇਰ ਸਿਹੁੰ ਦੀ ਬੈਠਕ ਵਿਚ ਆ ਗਏ। ਗੁਰਪ੍ਰੀਤ ਨੇ ਸਾਰਿਆਂ ਲਈ ਦੁੱਧ ਲਿਆਂਦਾ। ਹਰਪ੍ਰੀਤ ਕੇ ਪੂਰੇ ਟੱਬਰ ਨੇ ਸਾਰੀ ਪੇਂਡੂ ਪ੍ਰਾਹੁਣਚਾਰੀ ਬਾਖੂਬੀ ਨਿਭਾਈ।

ਖੈਰ, ਹੁਣ ਸਾਰੇ ਬਾਪੂ ਅਜਮੇਰ ਸਿਹੁੰ ਦੇ ਦੁਆਲੇ ਬੈਠੇ ਸਨ ਤੇ ਗੱਲ ਤੁਰਨ ਦੇ ਇੰਤਜ਼ਾਰ ਵਿਚ ਸਨ।

......ਤੇ ਇਸ ਤੋਂ ਪਹਿਲਾਂ ਕਿ ਕੋਈ ਕੁਝ ਹੋਰ ਬੋਲਦਾ, ਹਰਪ੍ਰੀਤ ਨੇ ਅਸਲ ਟਿਕਾਣੇ ਤੋਂ ਗੱਲ ਸ਼ੁਰੂ ਕੀਤੀ, "ਬਾਪੂ ਜੀ ਮੈਨੂੰ ਇੱਕ ਗੱਲ ਸਮਝ ਨਈਂ ਆਈ, ਕਿ ਸਿਖ ਕੌਮ ਨਾਲ ਏਨਾ ਕੁਝ ਵਾਪਰ ਜਾਣ ਦੇ ਬਾਅਦ ਵੀ ਸਿਖਾਂ ਨੇ ਏਸ ਦੇਸ਼ ਦੀ ਅਜਾਦੀ ਲਈ ਆਪਣਾ ਏਨਾਂ ਲਹੂ ਕਿਉਂ ਡੋਲਿਆ, ਫਾਂਸੀ 'ਤੇ ਚੜ੍ਹਨ ਵਾਲੇ ੧੨੧ ਵਿਚੋਂ ੯੩ ਸਿਖ ਸਨ, ਇਹ ਪਤਾ ਹੋਣ ਦੇ ਬਾਵਜੂਦ ਕਿ ਅਜਾਦ ਹੋਣ 'ਤੇ ਦੇਸ਼ ਦੀ ਸੱਤਾ ਬਹੁਗਿਣਤੀ ਹਿੰਦੂਆਂ ਦੇ ਹੱਥ ਆਏਗੀ ਜਿਹੜੇ ਅੰਗਰੇਜ਼ਾਂ ਤੋਂ ਕਈ ਗੁਣਾ ਵੱਧ ਚੰਦਰੇ ਹਨ, ਸਿਖਾਂ ਨੇ ਏਨੀਆਂ ਕੁਰਬਾਨੀਆਂ ਕਿਉਂ ਦਿੱਤੀਆਂ।"

"ਇਸ ਦੇ ਦੋ ਵੱਡੇ ਕਾਰਨ ਹਨ......" ਬਾਪੂ ਨੇ ਬਿਨਾ ਭੂਮਿਕਾ ਤੋਂ ਗੱਲ ਸ਼ੁਰੂ ਕੀਤੀ।

"ਪਹਿਲਾ ਇਹ ਕਿ ਸਾਨੂੰ ਸਾਡਾ ਸਿਧਾਂਤ ਵੈਰ ਪਾਲਣਾ ਨਹੀਂ ਸਿਖਾਉਂਦਾ, ਗੁਰਮਤਿ ਤਾਂ ਸਾਨੂੰ ਬੁਰੇ ਦਾ ਵੀ ਭਲਾ ਕਰਨ ਦੀ ਪ੍ਰੇਰਨਾ ਦਿੰਦੀ ਹੈ,

"ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥"

ਹਾਂ ਜਿਹੜੇ ਕੌਮ ਦੇ ਦੋਖੀ ਨੇ ਉਹਨਾਂ ਨੂੰ ਅਸੀਂ ਆਪਣੀਆਂ ਰਵਾਇਤਾਂ ਅਨੁਸਾਰ ਸੋਧਦੇ ਹਾਂ ਤੇ ਬਣਦੀ ਸਜਾ ਦਿੰਦੇ ਹਾਂ, ਪਰ ਇਹਨਾਂ ਵਾਂਗ ਨਹੀਂ ਕਿ ਹਰ ਸਾਲ ਉਸਦੇ ਪੁਤਲੇ ਬਣਾ ਕੇ ਸਾੜੀ ਜਾਈਏ, ਸਾਡਾ ਸਿਧਾਂਤ ਸਾਨੂੰ ਇਸ ਗੱਲ ਦੀ ਆਗਿਆ ਨਹੀਂ ਦਿੰਦਾ ਤੇ ਸਿਧਾਂਤ ਦਾ ਪੱਲਾ ਅਸੀਂ ਕਦੇ ਛੱਡਦੇ ਨਹੀਂ......, ਤੇ ਭਾਰਤ ਦੀ ਅਜਾਦੀ ਦੀ ਜੰਗ ਵਿਚ ਹਿੱਸਾ ਲੈਣ ਦਾ ਦੂਜਾ ਵੱਡਾ ਕਾਰਨ ਹੈ ਸਾਡੀ ਅਜ਼ਾਦਆਨਾ

ਸੋਚ। ਸਿਖ ਅਕਾਲ ਪੁਰਖ ਤੋਂ ਛੁੱਟ ਕਿਸੇ ਦੀ ਅਧੀਨਗੀ ਪ੍ਰਵਾਨ ਨਹੀਂ ਕਰਦਾ, ਕੋਈ ਵੀ ਹਾਕਮ ਸਿਖ ਨੂੰ ਬਹੁਤੀ ਦੇਰ ਗੁਲਾਮ ਬਣਾ ਕੇ ਨਹੀਂ ਰੱਖ ਸਕਦਾ, ਤੇ ਨਾ ਹੀ ਕੋਈ ਛੋਟੇ ਵੱਡੇ ਲਾਲਚ ਦੇ ਕੇ ਸਾਥੋਂ ਸਾਡੀ ਅਜਾਦੀ ਖੋਹ ਸਕਦਾ ਹੈ, ਅਸੀਂ ਜਮਾਂਦਰੂ ਬਾਦਸ਼ਾਹ ਹਾਂ, ਪੁਰਾਤਨ ਸਿੰਘ ਹਮੇਸ਼ਾਂ ਇੱਕ ਗੱਲ ਦੁਹਰਾਉਂਦੇ ਹੁੰਦੇ ਸਨ,

"ਹਮ ਪਾਤਸ਼ਾਹੀ ਸਤਿਗੁਰ ਦਈ, ਹੰਨੇ ਹੰਨੇ ਲਾਇ,
ਜਹ ਜਹ ਬਹੈ ਜਮੀਨ ਮਲ ਤਹਿ ਤਹਿ ਤਖ਼ਤ ਬਿਠਾਇ"

ਸਾਡੀ ਆਜ਼ਾਦ ਸੋਚ ਦਾ ਹੀ ਅਸਰ ਸੀ ਕਿ ਪੂਰੇ ਭਾਰਤ ਉੱਤੇ ਕਬਜ਼ਾ ਕਰਨ ਤੋਂ ਬਾਅਦ ਅੰਗਰੇਜ਼ਾਂ ਨੇ ਪੰਜਾਬ ਵੱਲ ਮੂੰਹ ਕੀਤਾ, ਉਹ ਪੰਜਾਬ ਦੀ ਮਿੱਟੀ ਦੀ ਖਸਲਤ ਤੋਂ ਵਾਕਫ ਸਨ, ਇੱਥੋਂ ਦੇ ਲੋਕਾਂ ਦੇ ਸੁਭਾਅ ਬਾਰੇ ਉਨ੍ਹਾਂ ਨੂੰ ਪਤਾ ਸੀ। ਸਿਖਾਂ ਨਾਲ ਹੋਈਆਂ ਜੰਗਾਂ ਤੋਂ ਵੀ ਅੰਗਰੇਜ਼ਾਂ ਨੂੰ ਇਸ ਗੱਲ ਦਾ ਇਲਮ ਹੋ ਗਿਆ ਸੀ ਕਿ ਇਸ ਕੌਮ ਨੂੰ ਬਹੁਤੀ ਦੇਰ ਗੁਲਾਮ ਨਹੀਂ ਰੱਖਿਆ ਜਾ ਸਕਦਾ.......... ਤੇ ਇਹ ਗੱਲ ਸੱਚ ਵੀ ਸਾਬਤ ਹੋਈ, ਸਿਖ ਸਭ ਤੋਂ ਪਿੱਛੋਂ ਅੰਗਰੇਜ਼ੀ ਸ਼ਾਸ਼ਨ ਦੇ ਅਧੀਨ ਆਏ ਤੇ ਸਿਖਾਂ ਨੇ ਆਪਣੇ ਗੁਰਧਾਮ ਦੇਸ਼ ਦੀ ਅਜਾਦੀ ਤੋਂ ੨੭-੨੮ ਸਾਲ ਪਹਿਲਾਂ ਅਜਾਦ ਕਰਵਾ ਲਏ। ਇਹ ਸਿਖ ਹੀ ਸਨ ਜਿਨ੍ਹਾਂ ਦੀ ਬਦੌਲਤ ਭਾਰਤ ਏਨੀ ਛੇਤੀ ਅਜਾਦ ਹੋ ਗਿਆ, ਨਹੀਂ ਤਾਂ ਜਿਵੇਂ ਆਜ਼ਾਦੀ ਹਾਸਲ ਕਰਨ ਦੇ ਤਰੀਕੇ ਇਹ ਵਰਤ ਰਹੇ ਸਨ ਉਵੇਂ ਤਾਂ ਇਹਨਾਂ ਨੂੰ ਕਦੇ ਅਜਾਦੀ ਨਸੀਬ ਨਾ ਹੁੰਦੀ ਤੇ ਦੇਸ਼ ਸੈਂਕੜੇ ਸਾਲ ਹੋਰ ਗੁਲਾਮ ਰਹਿੰਦਾ ।"

"ਪਰ ਬਾਪੂ ਅਗਲੇ ਤਾਂ ਇਹ ਮੰਨਣ ਨੂੰ ਵੀ ਤਿਆਰ ਨਹੀਂ, ਉਹ ਤਾਂ ਕਹਿੰਦੇ ਸਾਡਾ ਦੇਸ਼ ਗਾਂਧੀ ਤੇ ਓਹਦੇ ਚਰਖੇ ਨੇ ਆਜ਼ਾਦ ਕਰਵਾਇਐ, ਜੇ ਮੇਰੀ ਗੱਲ 'ਤੇ ਯਕੀਨ ਨਹੀਂ ਤਾਂ ਪੜ੍ਹ ਲੋ ਸਾਡੀਆਂ ਕਿਤਾਬਾਂ,

'ਦੇ ਦੀ ਹਮੇਂ ਆਜ਼ਾਦੀ ਬਿਨਾ ਖੜਗ ਬਿਨਾ ਢਾਲ
ਸਾਬਰਮਤੀ ਕੇ ਸੰਤ ਤੂਨੇ ਕਰ ਦੀਆ ਕਮਾਲ'

ਸਾਡੇ ਯੋਧਿਆਂ ਨੂੰ ਤਾਂ ਇਹਨਾਂ ਦੀਆਂ ਕਿਤਾਬਾਂ ਅੱਤਵਾਦੀ ਕਹਿੰਦੀਆਂ ਨੇ, ਤੇ ਚਾਰੇ ਪਾਸੇ ਗਾਂਧੀ ਦੀ ਜੈ ਜੈਕਾਰ ਐ, ਇੱਕ ਨੋਟ 'ਚ ਦੋ ਫੋਟੋਆਂ ਏਸ ਗੰਜੇ ਦੀਆਂ ਹੁੰਦੀਐਂ" ਬੇਅੰਤ ਨੇ ਅੰਦਰੋਂ ਗੁੱਸਾ ਖਾ ਕੇ ਕਿਹਾ, ਉਸ ਨੇ ਇਤਿਹਾਸ ਦੀ ਕਿਸੇ ਕਿਤਾਬ ਵਿਚ ਭਗਤ ਸਿੰਘ ਤੇ ਊਧਮ ਸਿੰਘ ਨੂੰ 'ਅੱਤਵਾਦੀ' ਲਿਖਿਆ ਹੋਇਆ ਪੜ੍ਹਿਆ ਸੀ।

"ਸਵਾਹ ਤੇ ਖੇਹ ਅਜਾਦੀ ਦੁਆਈ ਐ ਗਾਂਧੀ ਨੇ, ਨਾਲੇ ਇਹਦਾ ਤਾਂ ਕਿੱਕਰ ਭਲਵਾਨ ਦਾ ਸਰੀਰ ਵੇਖ ਕੇ ਈ ਅੰਗਰੇਜ਼ ਭੱਜ ਗਏ ਹੋਣੇ ਐਂ, ਹੱਡੀਆਂ ਦੀ ਮੁੱਠ। ਏਹ ਬਈ ਕੇਰਾਂ ਤਿੜਿਆ ਤਿੜਿਆ ਕਿਸੇ ਅੰਗਰੇਜ ਅਫਸਰ ਦੀ ਗੱਡੀ 'ਚ ਬਹਿ ਗਿਆ, ਅਗਲੇ ਨੇ ਪਿੱਠ 'ਤੇ ਲੱਤ ਮਾਰ ਕੇ ਸੜਕ 'ਤੇ ਸਿੱਟਤਾ, ਭੁੰਜੇ ਪਿਆ ਕੱਚਾ ਜਿਹਾ ਹੁੰਦਾ ਦੰਦ ਕੱਢੀ ਜਾਵੇ ਤੇ ਨਾਲੇ ਕਹੀ ਜਾਵੇ

'ਜੀ ਹਮ ਤੋ ਅਹਿੰਸਾਵਾਦੀ ਹੈਂ',

ਬਾਰਾਂ ਬੋਰ ਦੀ ਰਫਲ ਜਿੰਨਾ ਤਾਂ ਏਹਦੇ ਸਾਰੇ ਸਰੀਰ ਦਾ ਭਾਰ ਸੀ, ਆਪੇ

ਅਹਿੰਸਾਵਾਦੀ ਬਣਨੈ। ਹੁਣ ਜਿਹੜੇ ਸੱਪ 'ਚ ਜ਼ਹਿਰ ਹੋਵੇ ਤੇ ਉਹ ਕਿਸੇ ਨੂੰ ਕਹੇ ਕਿ ਜਾਹ ਮੈਂ ਤੇਰੇ ਡੰਗ ਨਹੀਂ ਮਾਰਦਾ, ਇਹ ਤਾਂ ਗੱਲ ਮੰਨੀ, ਪਰ ਜਿਹੜੇ ਸੱਪ 'ਚ ਜ਼ਹਿਰ ਹੋਵੇ ਈ ਨਾ ਤੇ ਐਵੇਂ ਰੌਲਾ ਪਾਉਂਦਾ ਫਿਰੇ, ਮੈਂ ਕਿਸੇ ਦੇ ਡੰਗ ਨਈਂ ਮਾਰਦਾ, ਕਿਸੇ ਨੂੰ ਕੁਝ ਨਈਂ ਕਹਿੰਦਾ, ਬੀ ਜੇ ਤੂੰ ਡੰਗ ਮਾਰ ਵੀ ਲਿਆ ਤਾਂ ਵੀ ਕੀ ਚੁਬਾਰਾ ਢਾਹ ਦੇਂਗਾ,

"ਛਮਾਂ ਸੋਭਤੀ ਹੈ ਉਸ ਭੁਜੰਗ ਕੋ ਜਿਸ ਮੇਂ ਗਰਲ ਹੋ,
ਉਸ ਕਾ ਕਯਾ ਜੋ ਦੰਦ ਹੀਣ ਵਿਸ਼ ਰਹਿਤ ਸਰਲ ਹੋ"

ਉਹੀ ਹਾਲ ਗਾਂਧੀ ਦਾ ਸੀ। ਕਹਿੰਦਾ ਜੇ ਕੋਈ ਇੱਕ ਗੱਲ੍ਹ 'ਤੇ ਚਪੇੜ ਮਾਰੇ ਤਾਂ ਦੂਜੀ ਵੀ ਮੂਹਰੇ ਕਰ ਦਿਓ, ਬੜਾ ਸਕੀਮੀਂ ਸੀ, ਇਸ ਤੋਂ ਪਹਿਲਾਂ ਕਿ ਅਗਲਾ ਵੱਖੀ 'ਚ ਘਸੁੰਨ ਮਾਰਦਾ ਝੱਟ ਦੂਜੀ ਗੱਲ੍ਹ ਮੂਹਰੇ ਕਰ ਦਿੰਦਾ ਸੀ.......। ਅਸਲ ਵਿਚ ਪੁੱਤਰੋ ਇਹ ਸਾਰੀਆਂ ਕਾਇਰਤਾ ਦੀਆਂ ਨਿਸ਼ਾਨੀਆਂ ਹਨ। ਹਥਿਆਰਾਂ ਨੂੰ ਹੱਥ ਪਾਉਣ ਲਈ ਵੱਡਾ ਜਿਗਰਾ ਤੇ ਹਿੰਮਤ ਚਾਹੀਦੀ ਐ ਤੇ ਇਹ ਵਿਚਾਰੇ ਲਾਲੇ ਦੀ ਜਾਨ, ਇਹਨਾਂ ਕੋਲ ਨਾ ਤਾਂ ਜਿਗਰਾ ਤੇ ਨਾ ਹਿੰਮਤ ਤੇ ਇਹਨਾਂ ਨੇ ਅਹਿੰਸਾਵਾਦੀ ਹੋਣ ਦਾ ਨਕਾਬ ਪਾ ਲਿਆ.........

ਨਾਲੇ ਬਾਹਮਣ ਸੀ ਨਾ, ਦੂਰ ਦੀ ਸੋਚਦਾ ਸੀ, ਪਤਾ ਸੀ ਕਿ ਹਥਿਆਰਬੰਦ ਸੰਘਰਸ਼ ਵਾਲੇ ਮਰ ਕੇ ਜਾਂ ਮਾਰ ਕੇ ਅਜਾਦੀ ਲੈ ਲੈਣਗੇ ਤੇ ਪਿੱਛੋਂ ਰਾਜ ਤਾਂ ਅਸੀਂ ਕਰਨੈ........., ਨਾਲੇ ਗਾਂਧੀ ਨੂੰ ਤਾਂ ਸਾਰਾ ਦਿਨ ਆਪਣੀ ਬੱਕਰੀ ਤੋਂ ਈ ਵਿਹਲ ਨ੍ਹੀ ਮਿਲਦੀ ਸੀ, ਅਜਾਦੀ ਬਾਰੇ ਜਾਣੇ ਏਹਦੀ ਬਲਾ, ਉਹਨਾਂ ਵੇਲਿਆਂ 'ਚ ਵੇਖਲੋ ਬੀ ਓਹਦੀ ਬੱਕਰੀ ਦਾ ਰੋਜ ਦਾ ਖਰਚ ੯੦ ਰੁਪਈਏ ਸੀ..............."

"ਬਾਪੂ ਜੀ ਬੱਕਰੀ ਨਾਲ ਏਨਾ ਮੋਹ ਕਿਉਂ ਕਰਦਾ ਸੀ ਓਹ" ਹਰਮੀਤ ਨੇ ਸਹਿ ਸੁਭਾਏ ਪੁੱਛ ਲਿਆ।

"ਫਿਟੇ ਮੂੰਹ ਤੇਰੇ" ਮੰਦਰ ਨੇ ਕਿਹਾ, "ਓ ਕਮਲਿਆ ਕਸਤੂਰਬਾ ਗਾਂਧੀ ਚੜ੍ਹਾਈ ਕਰ ਗਈ ਸੀ, ਤੇ ਫਿਰ ਕਿਸੇ ਤਰੀਕੇ ਤਾਂ ਮਨ ਪਰਚਾਉਣਾ ਈ ਹੋਇਆ, ਤੂੰ ਸੁਣੀ ਨ੍ਹੀ ਆਜੜੀਆਂ ਦੀ ਓਹ ਬੋਲੀ, 'ਬਾਬਾ ਬੱਕਰੀਆਂ ਚਾਰੇ ਤੇ ..... ਪਠੋਰਿਆਂ ਦੀ ......' " ਮੰਦਰ ਦੇ ਏਨਾ ਕਹਿਣ 'ਤੇ ਸਾਰੇ ਹੱਸ ਪਏ।

"ਚੁੱਪ ਕਰੋ ਯਾਰ, ਹੋਰ ਈ ਪਾਸੇ ਤੁਰਗੇ, ਚਲੋ ਬਾਪੂ ਜੀ ਤੁਸੀਂ ਅੱਗੇ ਸੁਣਾਓ, ਕੀ ਗਾਂਧੀ ਦੀਆਂ ਭੁੱਖ ਹੜਤਾਲਾਂ ਨਾਲ ਕੋਈ ਅਸਰ ਨ੍ਹੀ ਪਿਆ ਸੀ" ਬੇਅੰਤ ਨੇ ਸਾਰਿਆਂ ਨੂੰ ਚੁੱਪ ਕਰਾਉਂਦੇ ਹੋਏ ਕਿਹਾ।

"ਹੁਣ ਤੁਸੀਓਂ ਦੱਸੋ ਪੁੱਤ, ਏਥੇ ਆਪਣੇ ਘਰ 'ਤੇ ਕੋਈ ਕਰਲੇ ਕਬਜ਼ਾ ਤੇ ਆਪਾਂ ਬਾਰ 'ਚ ਚੁਪ ਚਾਪ ਭੁੱਖੇ ਬੈਠੇ ਚਰਖਾ ਕੱਤੀ ਜਾਈਏ, ਅਗਲਾ ਘਰ ਛੱਡਦੂ, ਅਗਲੇ ਨੂੰ ਥੋੜੇ ਮੌਨ ਵਰਤ ਨਾਲ, ਚਰਖਾ ਕੱਤਣ ਨਾਲ ਤੇ ਭੁੱਖੇ ਰਹਿਣ ਨਾਲ ਕੋਈ ਫਰਕ ਨਈਂ ਪੈਂਦਾ। ਅਗਲਾ ਤਾਂ ਓਦੋਂ ਚੌਂਡਿਆਂ 'ਚ ਪੂਛ ਲੈ ਕੇ ਭੱਜੂ ਜਦੋਂ ਤੁਸੀਂ ਮੂਹਰੇ ਹਥਿਆਰ ਫੜ੍ਹ ਕੇ ਖੜ੍ਹਗੇ। ਸੋ ਇਹ ਸਭ ਬਕਵਾਸ ਐ ਕਿ ਗਾਂਧੀ ਦੀਆਂ

x ਜਿਤੇ ਪੈਰ ਲੱਗ ---

ਭੁੱਖ ਹੜਤਾਲਾਂ ਨਾਲ ਅਜਾਦੀ ਆਈ ਐ। ਇਸ ਨੇ ਤਾਂ ਕਦੇ ਵੀ ਪੂਰਨ ਸਵਰਾਜ ਨਹੀਂ ਮੰਗਿਆ, ਇਹ ਤਾਂ ਅੰਗਰੇਜ਼ਾਂ ਦੇ ਅਧੀਨ ਹੀ ਕੁਝ ਹੱਕ ਮੰਗਦੇ ਸਨ, ਪਰ ਜਦੋਂ ਭਗਤ ਸਿੰਘ ਹੋਰੀਂ ਨਾਇਕ ਬਣ ਕੇ ਉੱਭਰੇ ਓਦੋਂ ਇਹਨਾਂ ਨੇ ਵੇਖਿਆ ਕਿ ਦੇਸ਼ ਦੀ ਜਨਤਾ ਇਹਨਾਂ ਨੂੰ ਨਕਾਰ ਦੇਵੇਗੀ ਇਸ ਲਈ ਇਹਨਾਂ ਨੂੰ ਪੂਰਨ ਸਵਰਾਜ ਦੀ ਮੰਗ ਰੱਖਣੀ ਪਈ ।"

"ਮਰਦੀ ਨੇ ਅੱਕ ਚੱਬਿਆ, ਥੱਕ ਕੇ ਜੇਠ ਨਾਲ ਲਾਈਆਂ" ਹਰਮੀਤ ਨੇ ਹੱਸਦੇ ਹੋਏ ਕਿਹਾ।

"ਨਾਲੇ ਗਾਂਧੀ ਤਾਂ ਅੰਗਰੇਜ਼ਾਂ ਦਾ ਖਾਸ ਮਿੱਤਰ ਸੀ ਤੇ ਦੂਜੀ ਸੰਸਾਰ ਜੰਗ ਵਿਚ ਇਸ ਨੇ ਅੰਗਰੇਜ਼ਾਂ ਨੂੰ ਭਾਰਤੀ ਨੌਜੁਆਨਾਂ ਦੀਆਂ ਭਰਤੀਆਂ ਦਿੱਤੀਆਂ ਸਨ, ਅੰਗਰੇਜ਼ ਸਰਕਾਰ ਦੀ ਰੱਜ ਕੇ ਸੇਵਾ ਕੀਤੀ ਸੀ ਜਿਸ ਬਦਲੇ ਅੰਗਰੇਜ਼ਾਂ ਨੇ ਇਸਨੂੰ 'ਕੇਸਰੇ ਹਿੰਦ' ਅਵਾਰਡ ਨਾਲ ਸਨਮਾਨਤ ਕੀਤਾ ਸੀ....... ਅਜਾਦੀ ਤਾਂ ਆਈ ਸੀ ਪੁੱਤ ਰਫਲਾਂ, ਪਸਤੌਲਾਂ ਤੇ ਬੰਬਾਂ ਨਾਲ। ਅੰਗਰੇਜ਼ ਤਾਂ ਓਦੋਂ ਹਿੱਲੇ ਸੀ, ਜਦੋਂ ਕਰਤਾਰ ਸਿੰਘ ਸਰਾਭੇ ਨੇ ਫੌਜੀਆਂ ਤੋਂ ਬਗਾਵਤ ਕਰਵਾਈ...... ਜਦੋਂ ਧੰਨਾ ਸਿੰਘ 'ਬੱਬਰ' ਵਰਗੇ ਮਨੁੱਖੀ ਬੰਬ ਬਣ ਗਏ...... ਜਦੋਂ ਭਗਤ ਸਿਹੁੰ ਵਰਗਿਆਂ ਨੇ ਸਾਂਡਰਸ ਭੁੰਨਿਆਂ ਤੇ ਜਦੋਂ ਅੰਗਰੇਜ਼ਾਂ ਦੇ ਆਪਣੇ ਦੇਸ਼ ਵਿਚ ਉਹਨਾਂ ਦੇ ਘਰ ਜਾ ਕੇ ਸਰਦਾਰ ਊਧਮ ਸਿੰਘ ਨੇ ਪੰਥਕ ਰਵਾਇਤਾਂ ਨੂੰ ਕਾਇਮ ਰੱਖਦੇ ਹੋਏ ਜ਼ਾਲਮ ਕਾਤਲ ਡਾਇਰ ਨੂੰ ਸੋਧਿਆ। ਸਭ ਤੋਂ ਵੱਧ ਅੰਗਰੇਜ਼ ਹਕੂਮਤ ਤਾਂ ਪੁੱਤ ਏਸ ਗੁਰੂ ਕੇ ਸ਼ੇਰ ਸਰਦਾਰ ਊਧਮ ਸਿੰਘ ਦੇ ਕਾਰਨਾਮੇ ਤੋਂ ਹਿੱਲੀ ਸੀ ਤੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਨੂੰ ਅਸਤੀਫਾ ਦੇਣਾ ਪਿਆ ਸੀ।

ਤੇ ਏਧਰੋਂ ਗਾਂਧੀ ਨੇ ਅੰਗਰੇਜ਼ ਹਕੂਮਤ ਨੂੰ ਚਿੱਠੀ ਲਿਖੀ ਡਾਇਰ ਦੀ ਮੌਤ ਦਾ ਅਫਸੋਸ ਕਰਨ ਲਈ ਤੇ ਉਸ ਚਿੱਠੀ ਵਿਚ ਇਸ ਨੇ ਊਧਮ ਸਿੰਘ ਨੂੰ ਪਾਗਲ ਕਿਹਾ।"

ਬਾਪੂ ਦੇ ਇਹ ਕਹਿਣ 'ਤੇ ਗੁਰਪ੍ਰੀਤ ਇੱਕ ਦਮ ਬੋਲਿਆ, "ਕਿਉਂ ਪਾਗਲ ਕਿਉਂ ਕਿਹਾ ਸੀ ।"

"ਏਸ ਨੇ ਅੰਗਰੇਜ਼ਾਂ ਦਾ ਹਮਦਰਦ ਬਣਦੇ ਹੋਏ, ਡਾਇਰ ਦੀ ਮੌਤ 'ਤੇ ਅਫਸੋਸ ਜਾਹਰ ਕੀਤਾ ਤੇ ਨਾਲ ਹੀ ਲਿਖਿਆ ਕਿ 'ਏਕ ਪਾਗਲ ਕੀ ਗਲਤੀ ਕੀ ਵਜਹ ਸੇ ਹਮਾਰੇ ਸੰਬੰਧੋਂ ਮੇਂ ਕੋਈ ਦਰਾਰ ਨਹੀਂ ਆਨੀ ਚਾਹੀਏ'। ਨਾਲੇ ਪੁੱਤਰੋ ਊਧਮ ਸਿੰਘ ਤਾਂ ਏਨ੍ਹਾਂ ਦੇ ਕਦੇ ਮੇਚ ਆ ਹੀ ਨਹੀਂ ਸਕਦਾ, ਕਿਉਂ ਜੋ ਉਹ ਗੁਰੂ ਕਾ ਸੱਚਾ ਸਿਖ ਸੀ, ਉਸ ਨੇ ਨਿੱਤਨੇਮ ਦੇ ਗੁਟਕੇ ਲਈ ਜ਼ੇਲ ਵਿਚ ਹੜਤਾਲ ਕੀਤੀ ਸੀ। ਤੁਸੀਂ ਵੇਖਲੋ ਬਈ ਅੱਜ ਊਧਮ ਸਿੰਘ ਨੂੰ ਪੰਜਾਬ ਤੋਂ ਬਾਹਰ ਕਿੰਨੇ ਕੁ ਲੋਕ ਜਾਣਦੇ ਐ" ਬਾਪੂ ਦੇ ਕੁਝ ਰੁਕਣ ਤੇ ਨਾਲ ਹੀ ਗੁਰਪ੍ਰੀਤ ਬੋਲਿਆ,

"ਪਰ ਬਾਪੂ ਜੀ ਇਹ ਭਗਤ ਸਿੰਘ ਨੂੰ ਕਿਵੇਂ ਪ੍ਰਵਾਨ ਕਰ ਲੈਂਦੇ ਐ"

"ਪੁੱਤ ਭਗਤ ਸਿੰਘ ਵੀ ਇਨ੍ਹਾਂ ਨੂੰ ਓਦੋਂ ਤੱਕ ਈ ਪ੍ਰਵਾਨ ਐਂ ਜਦੋਂ ਤੱਕ ਉਹ

ਦਾਹੜੀ ਕੇਸਾਂ ਤੋਂ ਬਿਨਾ ਟੋਪੀ ਵਾਲੇ ਰੂਪ ਵਿਚ ਹੈ। ਭਾਈ ਸਾਹਬ ਭਾਈ ਰਣਧੀਰ ਸਿੰਘ ਦੇ ਸੰਪਰਕ ਵਿਚ ਆ ਕੇ ਸਿਖ ਬਣਿਆ ਸਰਦਾਰ ਭਗਤ ਸਿੰਘ ਵੀ ਇਨ੍ਹਾਂ ਦੇ ਸਾਂਚੇ ਵਿਚ ਫਿੱਟ ਨਹੀਂ ਬੈਠਦਾ। ਇਸੇ ਲਈ ਭਗਤ ਸਿੰਘ ਦੀਆਂ ਟੋਪੀ ਵਾਲੀਆਂ ਤਸਵੀਰਾਂ ਜਿਆਦਾ ਪ੍ਰਚੱਲਤ ਕੀਤੀਆਂ ਗਈਐਂ, ਹਲਾਂਕਿ ਉਸਦੀ ਜੋ ਆਖਰੀ ਤਸਵੀਰ ਮਿਲਦੀ ਐ, ਜ਼ੇਲ ਵਿਚ ਮੰਜੇ 'ਤੇ ਬੈਠੇ ਦੀ, ਉਹ ਦਾਹੜੀ ਕੇਸਾਂ ਸਮੇਤ ਹੈ......"

"ਪਰ ਬਾਪੂ ਜੀ ਇਹ ਜਿੰਨਾ ਮਰਜ਼ੀ ਜੋਰ ਲਾ ਲੈਣ, ਸਾਡੇ ਦਿਲਾਂ ਵਿਚ ਤਾਂ ਬਸੰਤੀ ਪੱਗ ਵਾਲਾ ਭਗਤ ਸਿੰਘ ਈ ਵਸਦੈ, ਅਸੀਂ ਓਹਨੂੰ ਕਿਸੇ ਹੋਰ ਸ਼ਕਲ ਤੋਂ ਨਹੀਂ ਪਛਾਣਦੇ ਜਾਂ ਕਹਿ ਲਉ ਕਿ ਪੱਗ ਨਾਲ ਹੀ ਭਗਤ ਸਿੰਘ ਦੀ ਅਸਲੀ ਪਛਾਣ ਐਂ" ਮੰਦਰ ਨੇ ਬੜੀ ਸਿਆਣੀ ਗੱਲ ਕੀਤੀ।

"ਤੂੰ ਬਿਲਕੁਲ ਠੀਕ ਆਖਦੈਂ ਪੁੱਤ, ਪੱਗ ਹੀ ਸਿਖ ਦੀ ਅਸਲੀ ਪਛਾਣ ਐਂ, ਪੱਗ ਤੁਹਾਡੀ ਸਰਦਾਰੀ ਤੇ ਆਜ਼ਾਦ ਸੋਚ ਦੀ ਪ੍ਰਤੀਕ ਐ ਤੇ ਇਸੇ ਲਈ ਪੱਗ ਬਾਹਮਣ ਦੀਆਂ ਅੱਖਾਂ ਵਿਚ ਸਦਾ ਰੜਕਦੀ ਰਹੀ ਐ। ਉਹ ਸਦਾ ਪੱਗ ਨੂੰ ਤੁਹਾਡੇ ਸਿਰੋਂ ਲਾਹੁਣ ਦੇ ਮਨਸੂਬੇ ਘੜਦਾ ਰਹਿੰਦੈ......" ਕੁਝ ਦੇਰ ਚੁੱਪ ਹੋ ਕੇ ਬਾਪੂ ਫਿਰ ਬੋਲਿਆ, "ਖੈਰ, ਤੁਸੀਂ ਦੇਖ ਲਉ ਪੁੱਤਰੋ, ਬੀ ਭਗਤ ਸਿੰਘ ਹੋਰਾਂ ਦੁਆਰਾ ਸਾਂਡਰਸ ਦੇ ਮਾਰੇ ਜਾਣ ਨੂੰ ਵੀ ਕਿਵੇਂ ਇਹਨਾਂ ਨੇ ਸਿਰਫ ਇੱਕ ਲਾਲੇ ਦੀ ਮੌਤ ਦਾ ਬਦਲਾ ਲੈਣ ਤੱਕ ਸੀਮਤ ਕਰ ਦਿੱਤੈ" ਬਾਪੂ ਅਜੇ ਦੱਸ ਹੀ ਰਿਹਾ ਸੀ ਕਿ ਬੇਅੰਤ ਵਿਚੋਂ ਹੀ ਬੋਲਿਆ, "ਹਾਂ ਸੱਚ ਬਾਪੂ ਜੀ ਮੈਨੂੰ ਵੀ ਯਾਦ ਆਇਆ, ਮੈ ਸਿਰਦਾਰ ਕਪੂਰ ਸਿੰਘ ਦੀ ਕਿਤਾਬ ਵਿਚੋਂ ਭਗਤ ਸਿੰਘ ਵਾਲਾ ਹਿੱਸਾ ਪੜ੍ਹਿਆ ਸੀ, ਸਾਡੇ ਕੁਝ ਕਾਮਰੇਡ ਪ੍ਰੋਫੈਸਰ ਸਿਰਦਾਰ ਸਾਹਬ ਨੂੰ ਇਹ ਪੜ੍ਹ ਕੇ ਗ੍ਹਾਲਾਂ ਕੱਢ ਰਹੇ ਸਨ, ਬਾਪੂ ਜੀ ਕੀ ਇਹ ਗੱਲ ਸੱਚ ਐ ਕਿ ਲਾਲੇ ਲਾਜਪਤ ਦੀ ਮੌਤ ਅੰਗਰੇਜ਼ਾਂ ਦੇ ਲਾਠੀ ਚਾਰਜ ਨਾਲ ਨਹੀਂ ਹੋਈ, ਕੀ ਸਿਰਦਾਰ ਸਾਹਬ ਨੇ ਸੱਚ ਲਿਖਿਐ ।"

"ਹਾਂ, ਪੁੱਤਰ ਸਿਰਦਾਰ ਕਪੂਰ ਸਿਹੁੰ ਨੇ ਸੋਲਾਂ ਆਨੇ ਸਹੀ ਲਿਖਿਐ......, ਰੌਲਟ ਐਕਟ ਵਿਰੁੱਧ ਲੋਕਾਂ ਨੇ ਲਾਹੌਰ ਰੇਲਵੇ ਸਟੇਸ਼ਨ 'ਤੇ ਮੁਜਾਹਰਾ ਕੀਤਾ......, ਵਿਦਿਆਰਥੀ ਮੁੰਡਿਆਂ ਨੇ ਲਾਲੇ ਨੂੰ ਵੰਗਾਰਿਆ ਕਿ ਮੁਜਾਹਰੇ ਦੀ ਅਗਵਾਈ ਕਰੋ, ਇਹ ਮੁਜ਼ਾਹਰੇ ਵਿਚ ਜਾਂਦਾ ਨਹੀਂ ਸੀ, ਮੁੰਡਿਆਂ ਦੇ ਜੋਰ ਪਾਉਣ 'ਤੇ ਖਿੱਚਿਆ ਧੂਹਿਆ ਆ ਗਿਆ......, ਗਰਮੀ ਦੀ ਰੁੱਤ....., ਅੰਤਾਂ ਦੀ ਤਪਸ......, ਲਾਲੇ ਨੂੰ ਤਰੇਲੀਆਂ ਆਈ ਜਾਣ......, ਮੁੰਡਿਆਂ ਨੇ ਲਾਲੇ 'ਤੇ ਛਤਰੀ ਦੀ ਛਾਂ ਕਰ ਦਿੱਤੀ, ਛਤਰੀ ਦੇ ਬਾਹਰਲੇ ਪਾਸੇ ਚਾਕ ਨਾਲ ਲਿਖ ਦਿੱਤਾ,

'ਸਾਈਮਨ ਕਮਿਸ਼ਨ ਗੋ ਬੈਕ',

ਮੁੰਡਿਆਂ ਨੇ ਜੋਸ਼ੀਲੇ ਨਾਹਰੇ ਮਾਰੇ, ਇਹਨਾਂ ਨਾਹਰਿਆਂ ਨਾਲ ਇਕੱਠ ਬੇਕਾਬੂ ਹੋ ਗਿਆ......, ਪੁਲਸ ਨੇ ਡਾਂਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ......, ਲੋਕ ਡਟੇ ਰਹੇ ਤੇ ਜੋਸ਼ ਨਾਲ ਨਾਹਰੇ ਮਾਰਦੇ ਡਾਂਗਾਂ ਨਾਲ ਜ਼ਖਮੀ ਹੁੰਦੇ ਰਹੇ......, ਦੋ ਡੰਡੇ ਲਾਲੇ ਨੂੰ ਛਾਂ ਕਰ ਰਹੀ 'ਗੋ ਬੈਕ' ਛਤਰੀ ਦੇ ਵੀ ਵੱਜ ਗਏ, ਇੱਕ ਡੰਡਾ ਛਤਰੀ ਤੋਂ ਤਿਲਕ

ਕੇ ਲਾਲੇ ਨੂੰ ਵੀ ਛੂਹ ਗਿਆ, ਗਰਮੀ ਨਾਲ ਮੁਰਝਾਏ ਲਾਲੇ ਨੂੰ ਬਹਾਨਾਂ ਚਾਹੀਦਾ ਸੀ ਤੇ ਇਹ ਝੱਟ ਡਿੱਗ ਪਿਆ......, ਇਸ ਘਟਨਾਂ ਤੋਂ ਸਤਾਰਾਂ ਦਿਨ ਬਾਅਦ ਨਹਿਰੂ ਨੇ ਰੌਲਟ ਐਕਟ ਦੇ ਮਸਲੇ ਉੱਤੇ ਦਿੱਲੀ ਮੀਟਿੰਗ ਸੱਦ ਲਈ । ਲਾਲਾ ਵੀ ਇਸ ਮੀਟਿੰਗ ਵਿਚ ਸ਼ਾਮਿਲ ਹੋਇਆ ਥੇ ਨਹਿਰੂ ਨਾਲ ਕਿਸੇ ਗੱਲੋਂ ਲੜ ਕੇ ਵਾਪਸ ਲਾਹੌਰ ਆ ਗਿਆ, ਓਦੋਂ ਇਹ ਹਿੰਦੂ ਮਹਾਂ ਸਭਾ ਦਾ ਪ੍ਰਧਾਨ ਸੀ। ਰੇਲਵੇ ਸਟੇਸ਼ਨ ਦੇ ਮੁਜ਼ਾਹਰੇ ਤੋਂ ਸਤਾਰਾਂ ਦਿਨ ਬਾਅਦ ਵਾਲੀ ਦਿੱਲੀ ਦੀ ਮੀਟਿੰਗ ਵਿਚ ਲਾਲੇ ਦੀ ਸ਼ਮੂਲੀਅਤ ਉਸ ਦੇ ਸਹੀ ਸਲਾਮਤ ਹੋਣ ਦਾ ਪ੍ਰਤੱਖ ਸਬੂਤ ਹੈ। ਲਾਲੇ ਨੂੰ ਕੁਝ ਦੇਰ ਤੋਂ ਪਲੂਰਸੀ ਦੀ ਬਿਮਾਰੀ ਸੀ, ਲਾਹੌਰ ਦੀ ਫਿਰਕੂ ਹਿੰਦੂ ਪ੍ਰੈਸ ਨੇ ਲਾਲੇ ਦੀ ਬਿਮਾਰੀ ਨਾਲ ਹੋਈ ਮੌਤ ਨੂੰ ਗਲਤ ਰੰਗਤ ਦੇ ਕੇ ਡੰਡਿਆਂ ਨਾਲ ਹੋਈ ਸ਼ਹੀਦੀ ਦਰਸਾ, ਲਾਲੇ ਨੂੰ ਮਹਾਨ ਸ਼ਹੀਦ ਬਣਾ ਦਿੱਤਾ। ਜੇ ਲਾਲੇ ਦੇ ਛਤਰੀ ਤੋਂ ਤਿਲਕ ਕੇ ਵੱਜੇ ਡੰਡੇ ਦੀ ਸੱਟ ਖਤਰਨਾਕ ਹੁੰਦੀ ਤਾਂ ਉਹ ਦਿੱਲੀ ਮੀਟਿੰਗ 'ਤੇ ਕਦੇ ਨਾ ਜਾਂਦਾ। ਉਸ ਨੂੰ ਸ਼ਹੀਦ ਕਹਿਣਾ ਤਾਂ ਸ਼ਹੀਦ ਸ਼ਬਦ ਦਾ ਨਿਰਾਦਰ ਹੈ ।

ਲਾਜਪਤ ਰਾਏ ਬੇਈਮਾਨ ਵੀ ਸਿਰੇ ਦਾ ਸੀ, ਅਮਰੀਕਾ ਦੀ ਗ਼ਦਰ ਪਾਰਟੀ ਨੇ ਉਸ ਨੂੰ ਅੰਗਰੇਜ਼ ਸਾਮਰਾਜ ਵਿਰੁੱਧ ਵਰਤਣ ਲਈ ਜੋ ਫੰਡ ਦਿੱਤਾ ਸੀ, ਉਹ ਉਸ ਨੇ ਪੰਜਾਬ ਦੇ ਗ਼ਦਰੀਆਂ ਨੂੰ ਨਹੀਂ ਪੁਚਾਇਆ, ਸਗੋਂ ਉਸ ਫੰਡ ਨਾਲ ਆਰੀਆ ਸਮਾਜ ਦੀ ਸਹਾਇਕ ਪੀਪਲ ਸਰਵੈਂਟ ਸੋਸਾਇਟੀ ਖੜੀ ਕੀਤੀ ।

ਹਾਂ, ਲਾਲੇ ਦੀ ਬਿਮਾਰੀ ਨਾਲ ਹੋਈ ਮੌਤ, ਜਿਸ ਨੂੰ ਸ਼ਹੀਦੀ ਬਣਾ ਦਿੱਤਾ ਗਿਆ ਸੀ, ਦੀਆਂ ਖ਼ਬਰਾਂ ਨੇ ਲੋਕਾਂ ਵਿਚ ਵਾਹਵਾ ਭੜਥੂ ਪਾ ਦਿੱਤਾ ਸੀ, ਬੰਗਾਲ ਦੀ ਇੱਕ ਦੇਸ਼ ਭਗਤ ਬਸੰਤੀ ਦੇਵੀ ਦਾ ਇੱਕ ਕਰੜਾ ਬਿਆਨ ਲਾਲੇ ਦੀ ਮੌਤ ਤੋਂ ਬਾਅਦ ਅਖ਼ਬਾਰਾਂ ਵਿਚ ਲੱਗਿਆ,

'ਲਗਦਾ ਏ ਪੰਜਾਬ ਵਿਚੋਂ ਸੂਰਮਤਾਈ ਮਰ ਗਈ ਐ, ਲਾਜਪਤ ਦਾ ਬਦਲਾ ਲੈਣ ਲਈ ਅਜੇ ਤੱਕ ਕੋਈ ਨੌਜੁਆਨ ਕਿਉਂ ਨਹੀਂ ਉੱਠਿਆ'

ਇਸ ਬਿਆਨ ਨੇ ਨੌਜੁਆਨ ਸਭਾ ਨੂੰ ਅੱਗ ਲਾ ਦਿੱਤੀ । ਉਹਨਾਂ ਨੇ ਅੰਗਰੇਜ਼ ਅਫਸਰ ਸਕਾਟ ਨੂੰ ਮਾਰਨ ਦਾ ਮਤਾ ਪਕਾ ਲਿਆ ਤੇ ਨੌਜੁਆਨਾਂ ਨੇ ਬਸੰਤੀ ਦੇਵੀ ਦੇ ਤਾਅਨੇ ਦਾ ਮੋੜਵਾਂ ਜਵਾਬ ਦੇ ਦਿੱਤਾ। ਹਲਾਂਕਿ ਭਗਤ ਸਿੰਘ ਤੇ ਉਸਦੇ ਸਾਥੀ ਲਾਜਪਤ ਰਾਏ ਤੇ ਗਾਂਧੀ ਦੇ ਵਿਚਾਰਾਂ ਨਾਲ ਉੱਕਾ ਸਹਿਮਤ ਨਹੀਂ ਸਨ, ਪਰ ਬਸੰਤੀ ਦੇਵੀ ਨੇ ਪੰਜਾਬ ਦੀ ਅਣਖ ਨੂੰ ਵੰਗਾਰਿਆ ਸੀ । ਜਿਹੜੀ ਭਗਤ ਸਿੰਘ ਤੇ ਉਸਦੇ ਸਾਥੀਆਂ ਦੇ ਸੀਨੇ ਵਿਚ ਜਹਿਰੀਲੇ ਤੀਰ ਵਾਂਗ ਵੱਜੀ ਤੇ ਉਹਨਾਂ ਸ਼ੇਰਾਂ ਨੇ ਪੰਜਾਬ ਦੀ ਰੱਖ ਵਿਖਾਈ" ਬਾਪੂ ਅਜਮੇਰ ਸਿਹੁੰ ਨੇ ਲਾਲੇ ਦੀ ਅਸਲੀਅਤ ਮੁੰਡਿਆਂ ਸਾਹਮਣੇ ਜਵਾਂ ਨੰਗੀ ਕਰ ਦਿੱਤੀ ਤੇ ਮੁੰਡੇ ਇਹ ਸਭ ਕੁਝ ਸੁਣ ਕੇ ਬਿਲਕੁਲ ਹੈਰਾਨ ਹੋ ਗਏ । ਸਾਰੇ ਇਹੀ ਸੋਚ ਰਹੇ ਸਨ ਕਿ ਕਿਵੇਂ ਹਿੰਦੂ ਪ੍ਰੈਸ ਨੇ ਬਿਮਾਰੀ ਨਾਲ ਮਰੇ ਇੱਕ ਵਿਅਕਤੀ ਨੂੰ ਮਹਾਨ ਸ਼ਹੀਦ ਦਾ ਰੁਤਬਾ ਦਿਵਾ ਕੇ ਇਤਿਹਾਸ ਹੀ ਜਵਾਂ ਬਦਲ ਕੇ ਰੱਖ ਦਿੱਤਾ ਸੀ।

ਕੁਝ ਦੇਰ ਦੀ ਚੁੱਪੀ ਤੋਂ ਬਾਅਦ ਹਰਮੀਤ ਬੋਲਿਆ, "ਬਾਪੂ ਜੀ ਮੈਂ ਤਾਂ ਇਹ ਵੀ ਸੁਣਿਐਂ ਕਿ ਗਾਂਧੀ ਤੇ ਨਹਿਰੂ ਭਗਤ ਸਿੰਘ ਤੇ ਊਧਮ ਸਿੰਘ ਨੂੰ ਬਚਾ ਸਕਦੇ ਸਨ ।"

"ਆਹੋ ਪੁੱਤ ਇਹਨਾਂ ਦੇ ਸਬੰਧ ਬਹੁਤ ਚੰਗੇ ਸਨ ਅੰਗਰੇਜ਼ਾਂ ਨਾਲ, ਜੇ ਇਹ ਚਾਹੁੰਦੇ ਤਾਂ ਭਗਤ ਸਿੰਘ ਤੇ ਊਧਮ ਸਿੰਘ ਨੂੰ ਕਦੇ ਫਾਂਸੀ ਨਾ ਹੁੰਦੀ, ਪਰ ਉਹਨਾਂ ਦੀ ਵਿਚਾਰਧਾਰਾ ਇਨ੍ਹਾਂ ਦੇ ਕਦੇ ਫਿੱਟ ਨਹੀਂ ਬੈਠਦੀ ਸੀ, ਤੇ ਉਹਨਾਂ ਦਾ ਜਿਉਂਦੇ ਰਹਿਣਾ ਅੰਗਰੇਜ਼ਾਂ ਨਾਲੋਂ ਇਹਨਾਂ ਲਈ ਵਧੇਰੇ ਖਤਰਨਾਕ ਸੀ । ਉਹ ਹਮੇਸ਼ਾਂ ਮਨੁੱਖੀ ਬਰਾਬਰੀ ਦੀ ਗੱਲ ਕਰਦੇ ਸਨ, ਉਹਨਾਂ ਦਾ ਸੰਘਰਸ਼ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢਣ ਤੱਕ ਸੀਮਿਤ ਨਹੀਂ ਸੀ, ਉਹ ਤਾਂ ਮਨੁੱਖ ਹੱਥੋਂ ਮਨੁੱਖ ਦੀ ਕੀਤੀ ਜਾ ਰਹੀ ਲੁੱਟ ਦੇ ਵੀ ਵਿਰੁੱਧ ਸਨ, ਸਰਮਾਏਦਾਰਾਂ ਵੱਲੋਂ ਗਰੀਬਾਂ 'ਤੇ ਢਾਹੇ ਜਾ ਰਹੇ ਜ਼ੁਲਮਾਂ ਦੇ ਵੀ ਵੈਰੀ ਸਨ, ਜਾਤ-ਪਾਤੀ ਸਿਸਟਮ ਦੀਆਂ ਸਮਾਜ ਵਿਚ ਪਾਈਆਂ ਵੰਡੀਆਂ ਵਿਰੁੱਧ ਵੀ ਉਨ੍ਹਾਂ ਨੇ ਲੜਨਾਂ ਸੀ । ਸੋ ਉਹ ਕਦੇ ਇਨ੍ਹਾਂ ਮੰਨੂੰਵਾਦੀ ਬਾਹਮਣਾ ਦੇ ਮੇਚ ਨਹੀਂ ਆ ਸਕਦੇ ਸਨ ਤੇ ਨਾ ਹੀ ਉਹ ਮੌਤ ਤੋਂ ਡਰਦੇ ਸਨ । ਭਗਤ ਸਿੰਘ ਨੂੰ ਇੱਕ ਮੁਸਲਮਾਨ ਸਿਪਾਹੀ ਨੇ ਜ਼ੇਲ ਵਿਚੋਂ ਭਜਾਉਣਾ ਚਾਹਿਆ ਪਰ ਉਸ ਨੇ ਜਵਾਬ ਦੇ ਦਿੱਤਾ ਤੇ ਹੱਸ ਕੇ ਸ਼ਹੀਦੀ ਪ੍ਰਵਾਨ ਕਰ ਲਈ ।

......ਤੇ ਊਧਮ ਸਿੰਘ ਤਾਂ ਸਾਰਾ ਦਿਨ ਗਾਉਂਦਾ ਹੀ ਇਹ ਰਹਿੰਦਾ ਸੀ,

"ਸੂਲੀ ਚੜ੍ਹਨਾਂ ਤੇ ਜਰਾ ਨਾ ਫਿਕਰ ਕਰਨਾਂ,
ਮੁੱਢੋਂ ਇਸ਼ਕ ਦੀ ਰਸਮ ਆਈਨ ਕਾਜੀ,
ਵਾਰਿਸ ਕੌਲ ਜ਼ੁਬਾਨ ਤੋਂ ਹਾਰ ਜਾਣਾ,
ਨਹੀਂ ਆਸ਼ਿਕਾਂ ਦਾ ਮਜ਼੍ਹਬ ਦੀਨ ਕਾਜ਼ੀ।"

ਉਹ ਬੇਗੈਰਤਾਂ ਵਾਂਗ ਜਿਉਂਣ ਦੇ ਸ਼ੌਕੀਨ ਨਹੀਂ ਸਨ। ਜਿੰਨਾ ਚਿਰ ਉਹ ਰਹੇ ਅਣਖ਼ ਨਾਲ ਜਿਉਂਦੇ ਰਹੇ........"

ਬਾਪੂ ਥੋੜਾ ਚਿਰ ਚੁੱਪ ਰਹਿਣ ਤੋਂ ਪਿੱਛੋਂ ਗੁਰਪ੍ਰੀਤ ਵੱਲ ਵੇਖ ਕੇ ਬੋਲਿਆ, "ਜਾਹ ਗੋਪੀ ਮੇਰਾ ਪੁੱਤ ਪਾਣੀ ਲਿਆ ਸਾਰਿਆਂ ਵਾਸਤੇ, ਮੈਨੂੰ ਲਗਦੈ ਸਾਰਿਆਂ ਨੂੰ ਤੇਹ ਲੱਗੀ ਹੋਣੀ ਐਂ ।"

"ਹਾਂ ਯਰ ਮੈਂ ਵੀ ਮੰਗਣ ਈਂ ਲੱਗਿਆ ਸੀ" ਮੰਦਰ ਨੇ ਵੀ ਨਾਲ ਦੀ ਨਾਲ ਕਿਹਾ ।

"ਚੱਲ ਆ ਹਰਮੀਤ ਆਪਾਂ ਦੋਵੇਂ ਚੱਲਦੇ ਆਂ" ਗੁਰਪ੍ਰੀਤ ਨੇ ਹਰਮੀਤ ਨੂੰ ਵੀ ਆਪਣੇ ਨਾਲ ਲੈ ਲਿਆ, ਉਸ ਨੂੰ ਪਤਾ ਸੀ ਕਿ ਦੋ ਜੱਗਾਂ ਤੋਂ ਘੱਟ ਨਹੀਂ ਸਰਨਾਂ ਸੀ......

ਕਾਂਡ ੯

ਜਿਨਾਹ ਠੀਕ ਕਹਿੰਦਾ ਸੀ......

ਸਚਮੁੱਚ ਸਾਰਿਆਂ ਨੂੰ ਤੇਹ ਲੱਗੀ ਹੋਈ ਸੀ। ਪਾਣੀ ਪੀ ਕੇ ਸਾਰੇ ਜਣੇ ਮੁੜ ਸੂਤ ਹੋ ਕੇ ਬੈਠ ਗਏ।

ਹਰਪ੍ਰੀਤ ਨੇ ਬੋਲਣਾ ਸ਼ੁਰੂ ਕੀਤਾ, "ਤੇ ਬਾਪੂ ਜੀ ਇੱਕ ਗੱਲ ਮੇਰੀ ਹੋਰ ਸਮਝ ਨਹੀਂ ਆਉਂਦੀ, ਬੀ ਜਦੋਂ ਮੁਸਲਮਾਨਾਂ ਨੂੰ ਸਮਝ ਲੱਗ ਗਈ ਸੀ ਕਿ ਭਾਰਤ ਅਜਾਦ ਹੋਣ ਤੋਂ ਬਾਅਦ ਸੱਤਾ ਬਹੁਗਿਣਤੀ ਹਿੰਦੂਆਂ ਦੇ ਹੱਥ ਆ ਜਾਵੇਗੀ ਤੇ ਘੱਟ ਗਿਣਤੀ ਕੌਮਾਂ ਨੂੰ ਹਿੰਦੂਆਂ ਥੱਲੇ ਗੁਲਾਮ ਬਣਕੇ ਰਹਿਣਾ ਪਵੇਗਾ ਤਾਂ ਸਾਡੇ ਲੀਡਰਾਂ ਦੇ ਖਾਨੇ ਵਿਚ ਇਹ ਗੱਲ ਕਿਉਂ ਨਾ ਪਈ। ਕਿਉਂ ਉਨ੍ਹਾਂ ਨੇ ਵੀ ਮੁਸਲਮਾਨਾਂ ਦੁਆਰਾ ਪਾਕਿਸਤਾਨ ਮੰਗੇ ਜਾਣ ਵਾਂਗ ਵੱਖਰੇ ਸਿਖ ਸਟੇਟ ਦੀ ਮੰਗ ਨਹੀਂ ਮੰਗੀ, ਕਿਉਂ ਉਨ੍ਹਾਂ ਨੇ ਆਪਣੇ ਸਮੇਤ ਸਾਰੀ ਕੌਮ ਦੇ ਪੈਰੀਂ ਕੁਹਾੜਾ ਮਾਰਿਆ, ਕਿਉਂ ਉਨ੍ਹਾਂ ਨੇ ਬਾਹਮਣ ਦੀ ਅਧੀਨਗੀ ਕਬੂਲ ਕੀਤੀ ਤੇ ਇਹਨਾਂ ਦੇ ਜ਼ਾਲਮ ਰਾਜ ਵਿਚ ਸਾਰੀ ਕੌਮ ਨੂੰ ਗੁਲਾਮ ਬਣਾ ਕੇ ਰੱਖ ਦਿੱਤਾ" ਹਰਪ੍ਰੀਤ ਲਗਾਤਾਰ ਪੂਰੇ ਜੋਸ਼ ਵਿਚ ਬੋਲ ਰਿਹਾ ਸੀ ਤੇ ਆਪਣਾ ਪੂਰਾ ਗੁੱਸਾ ਸਿਖ ਲੀਡਰਾਂ 'ਤੇ ਕੱਢ ਰਿਹਾ ਸੀ, ਜਿਨ੍ਹਾਂ ਨੇ ਕੌਮ ਦੀ ਕਿਸਮਤ ਬਾਹਮਣ ਨੂੰ ਵੇਚ ਦਿਤੀ ਸੀ।

"ਬਸ ਇਸੇ ਗੱਲ ਦਾ ਤਾਂ ਰੋਣੈ ਪੁੱਤ, ਉਹਨਾਂ ਮੂਰਖ ਲੀਡਰਾਂ ਦੀ ਇਸੇ ਗਲਤੀ ਦੀ ਸਜਾ ਤਾਂ ਕੌਮ ਅੱਜ ਤੱਕ ਭੁਗਤ ਰਹੀ ਹੈ, ਸਾਡੇ ਨਾਲ ਤਾਂ ਓਹ ਹੋਈ ਬੀ,

"ਵੋਹ ਵਖਤ ਭੀ ਦੇਖਾ ਤਵਾਰੀਖ ਕੀ ਘੜੀਓਂ ਨੇ,
ਜਬ ਲਮਹੋਂ ਨੇ ਖ਼ਤਾ ਕੀ ਸਦੀਓਂ ਨੇ ਸਜ਼ਾ ਪਾਈ"

ਲੀਡਰਾਂ ਦੀ ਇੱਕ ਗਲਤੀ ਨੇ ਕੌਮ ਨੂੰ ਕਿੱਥੇ ਲਿਆ ਕੇ ਖੜ੍ਹਾ ਕਰ ਦਿੱਤਾ। ਜਿਨਾਹ ਸਿਖ ਲੀਡਰਾਂ ਨੂੰ ਸਮਝਾਉਂਦਾ ਰਿਹਾ, ਤੁਸੀਂ ਹਿੰਦੂ ਨੂੰ ਗੁਲਾਮ ਵੇਖਿਆ ਹੈ, ਜਦੋਂ ਇਸ ਦੇ ਹੱਥ ਤਾਕਤ ਆ ਜਾਵੇਗੀ ਤੇ ਤੁਹਾਨੂੰ ਇਸ ਦੇ ਥੱਲੇ ਗੁਲਾਮ ਬਣ ਕੇ ਰਹਿਣਾ ਪਵੇਗਾ, ਓਦੋਂ ਇਸ ਦਾ ਕਰੂਪ ਚਿਹਰਾ ਤੁਹਾਡੇ ਸਾਹਮਣੇ ਆਵੇਗਾ...... ਇਹ ਸ਼ੇਸ਼ਨਾਗ ਬਣ ਕੇ ਤੁਹਾਡੀ ਸਾਰੀ ਕੌਮ ਨੂੰ ਨਿਗਲ ਰਿਹਾ ਹੋਵੇਗਾ ਪਰ ਤੁਸੀਂ ਇਸ ਦਾ ਕੁਝ ਨਹੀਂ ਕਰ ਸਕੋਗੇ...... ਸਭ ਕੁਝ ਇਸਦਾ ਹੋਵੇਗਾ, ਸਭ ਕੁਝ...... ਕਨੂੰਨ, ਅਦਾਲਤਾਂ, ਪੁਲਸ, ਫੌਜ...... ਤੁਹਾਡਾ ਸਾਥ ਦੇਣ ਵਾਲਾ ਕੋਈ ਨਹੀਂ ਬਚੇਗਾ...... ਓਦੋਂ ਤੁਸੀਂ ਮੱਥੇ 'ਤੇ ਹੱਥ ਮਾਰ ਕੇ ਪਿੱਟੋਗੇ, ਪਰ ਫੇਰ ਕੁਝ ਹੱਥ ਨਹੀਂ ਆਉਣਾ...... ਅਜੇ ਵੀ ਵੇਲਾ ਹੈ, ਸੰਭਲ ਜਾਓ...... ਆਪਣੀ ਕੌਮ ਦਾ ਕੋਈ 'ਘਰ'

ਬਣਾ ਲਓ...... ਆਪਣਾ ਘਰ ਭਾਵੇਂ ਛੋਟਾ ਵੀ ਹੋਵੇ, ਆਪਣਾ ਹੀ ਹੁੰਦੈ...... ਭਾਰਤ ਵਿਚ ਕਿਰਾਏਦਾਰ ਬਣਕੇ ਰਹਿਣ ਨਾਲੋਂ ਚੰਗੀ ਤੁਸੀਂ ਆਪਣਾ ਵੱਖਰਾ ਘਰ ਬਣਾ ਲਵੋ......।

ਪਰ ਸਿਖ ਲੀਡਰਾਂ ਦੇ ਕੰਨਾਂ ਵਿਚ ਤਾਂ ਨਹਿਰੂ ਤੇ ਗਾਂਧੀ ਬੈਠੇ ਸਨ, ਜਿਨਾਹ ਦੀ ਕਿਸੇ ਗੱਲ 'ਤੇ ਉਨ੍ਹਾਂ ਗੌਰ ਨਾ ਕੀਤਾ...... ਤੇ ਸਚਮੁੱਚ ਜਿਨਾਹ ਦੀਆਂ ਸਭ ਗੱਲਾਂ ਸੱਚ ਸਾਬਤ ਹੋ ਗਈਆਂ...... ਸਚਮੁੱਚ ਅਸੀਂ ਭਾਰਤ ਵਿਚ ਕਿਰਾਏਦਾਰ ਬਣ ਕੇ ਰਹਿ ਗਏ...... ਜਦੋਂ ਜਦੋਂ ਵੀ ਅਸੀਂ ਆਪਣੇ ਆਪ ਨੂੰ ਮਾਲਕ ਸਮਝਣ ਦੀ ਗਲਤੀ ਕੀਤੀ ਤਾਂ ਸਾਨੂੰ ਘਰੋਂ ਕੱਢਣ ਜਾਂ ਲੱਖਾਂ ਦੀ ਗਿਣਤੀ ਵਿਚ ਸਰਕਾਰੀ ਤਰੀਕਿਆਂ ਨਾਲ ਕਤਲ ਕਰਨ ਦੇ ਸਫਲ ਯਤਨ ਕੀਤੇ ਗਏ......"

"ਕਤਲ ਕਰਨ ਦੇ ਸਰਕਾਰੀ ਤਰੀਕੇ, ਬਾਪੂ ਜੀ ਕੁਝ ਸਮਝ ਨਹੀਂ ਆਈ" ਮੰਦਰ ਨੇ ਕੁਝ ਹੈਰਾਨ ਹੋ ਕੇ ਪੁੱਛਿਆ ।

"ਆਹੋ ਪੁੱਤ ਸਰਕਾਰਾਂ ਕੋਲ ਬਹੁਤ ਤਰੀਕੇ ਹੁੰਦੇ ਨੇ ਲੋਕਾਂ ਨੂੰ ਕਤਲ ਕਰਨ ਦੇ, ਜਿਨ੍ਹਾਂ ਵਿਚੋਂ ਸਾਡੇ 'ਤੇ ਵੀ ਕਈ ਵਰਤੇ ਗਏ । ਪਰ ਝੂਠੇ ਪੁਲਸ ਮੁਕਾਬਲੇ ਸਭ ਤੋ ਸਫਲ ਰਹੇ...... ਤੇ ਜਦੋਂ ਜਦੋਂ ਵੀ ਅਸੀਂ ਪਾਣੀ ਤੇ ਫਸਲਾਂ ਦੇ ਰੂਪ ਵਿਚ ਦਿੱਤੇ ਜਾਂਦੇ ਕਿਰਾਏ ਬਦਲੇ ਮਕਾਨ ਮਾਲਕਾਂ ਤੋਂ ਚੰਗੀਆਂ ਸਹੂਲਤਾਂ ਮੰਗੀਆਂ, ਤਾਂ ਉਹ ਅੱਗੋਂ ਉੱਚੀ ਆਵਾਜ ਵਿਚ ਬੋਲੇ,

'ਊੜੀ ਈੜੀ ਕਹਿਣ ਨੀ ਦੇਣੀ ਸਿਰ 'ਤੇ ਪਗੜੀ ਰਹਿਣ ਨੀ ਦੇਣੀ,
ਕੱਛ ਕੜਾ ਕਿਰਪਾਨ ਭੇਜ ਦੇਂਗੇ ਪਾਕਿਸਤਾਨ'

ਸਚਮੁੱਚ ਪੁੱਤਰੋ, ਜਿਨਾਹ ਦੀਆਂ ਸਭ ਗੱਲਾਂ ਸੱਚ ਸਾਬਤ ਹੋਈਆਂ, ਬਾਹਮਣ ਨੇ ਸੱਤਾ ਹੱਥ ਆਉਂਦੇ ਹੀ ਆਪਣਾ ਅਸਲੀ ਰੰਗ ਦਿਖਾਇਆ, ਸਾਨੂੰ ਬਹੁਤ ਬੁਰੀ ਤਰ੍ਹਾਂ ਕੁੱਟਿਆ, ਲੁੱਟਿਆ ਤੇ ਵੱਢਿਆ ਏਸ 'ਜਗਤ ਕਸਾਈ' ਨੇ......, ਏਸ ਦੀ ਛੁਰੀ ਨੇ ਕੋਈ ਉਮਰ ਨਹੀਂ ਦੇਖੀ, ਸਾਡੇ ਛੋਟੀ ਛੋਟੀ ਉਮਰ ਦੇ ਬੱਚਿਆਂ ਦੇ ਢਿੱਡ ਵੀ ਤ੍ਰਿਸ਼ੂਲਾਂ ਨਾਲ ਪਾੜ ਦਿੱਤੇ......, ਕਿਸੇ ਨੂੰ ਨਈ ਬਖਸ਼ਿਆ ਏਸ ਅਕ੍ਰਿਤਘਣ ਨੇ ਕਿਸੇ ਨੂੰ ਨਈ......" ਬਾਪੂ ਅਜਮੇਰ ਸਿਹੁੰ ਬਹੁਤ ਭਾਵੁਕ ਹੋ ਗਿਆ ਸੀ, ਮੁੰਡਿਆਂ ਨੂੰ ਲੱਗਦਾ ਸੀ ਕਿ ਉਹ ਉੱਚੀ-ਉੱਚੀ ਰੋ ਪਵੇਗਾ।

ਕਾਂਡ ੧੦

ਅਜਮੇਰ ਸਿੰਘ ਦੀਆਂ ਅੱਖਾਂ ਅੱਗੇ ਸਾਰੇ ਦ੍ਰਿਸ਼ ਇੱਕ ਇੱਕ ਕਰਕੇ ਘੁੰਮ ਰਹੇ ਸਨ। ਸੈਂਕੜੇ ਸਾਲਾਂ ਤੋਂ ਘੁੱਗ ਵਸਦੇ ਪੰਜਾਬ ਦੇ, ਹਾਕਮਾਂ ਦੁਆਰਾ ਕੀਤੇ ਦੋ ਟੁਕੜੇ ਉਸਨੂੰ ਆਪਣੇ ਦਿਲ ਦੇ ਕੀਤੇ ਟੋਟਿਆਂ ਵਾਂਗ ਜਾਪਦੇ ਸਨ । ਭਰਾਵਾਂ ਨਾਲ ਭਰਾਵਾਂ ਦੇ ਵਿਛੋੜੇ ਪਵਾ ਦਿੱਤੇ ਸਨ ਏਸ ਚੰਦਰੀ ਅਜਾਦੀ ਨੇ। ਐਸੀ ਆਜ਼ਾਦੀ ਦਾ ਕੀ ਫਾਇਦਾ ਸੀ ਜਦੋਂ ਨੌਂਹਾਂ ਨਾਲੋਂ ਮਾਸ ਹੀ ਵੱਖ ਕਰ ਦਿੱਤਾ ਗਿਆ ਸੀ।

ਦਿੱਲੀ ਦੀਆਂ ਰੰਗੀਨ ਕੋਠੀਆਂ ਵਿਚ ਬੈਠੇ ਸਰਮਾਏਦਾਰਾਂ ਨੂੰ ਕੀ ਪਤਾ ਸੀ, ਭਰਾਵਾਂ ਦੇ ਵਿਛੋੜੇ ਦੀ ਪੀੜ ਦਾ, ਉਨ੍ਹਾਂ ਲਈ ਤਾਂ ਸਿਰਫ ਲਾਲ ਕਿਲ੍ਹੇ 'ਤੇ ਤਿਰੰਗਾ ਲਹਿਰਾ ਦੇਣਾ ਹੀ ਅਜਾਦੀ ਸੀ। ਪਰ ਅਜਾਦੀ ਆਉਣ ਦੀ ਅਸਲੀ ਪੀੜ ਤਾਂ ਪੰਜਾਬ ਤੇ ਏਥੋਂ ਦੇ ਵਾਸੀਆਂ ਨੇ ਝੱਲੀ ਸੀ। ਆਜ਼ਾਦੀ ਦੀ ਕੀਮਤ ਤਾਂ ਪੰਜਾਬੀਆਂ ਨੇ 'ਤਾਰੀ ਸੀ, ਆਪਣੀਆਂ ਲੱਖਾਂ ਜਾਨਾਂ ਦੇ ਕੇ,

"ਜੀਓ ਆਏ ਅਜਾਦੀਏ ਕਹਾਂ ਤੈਨੂੰ,
ਸੀਨਾਂ ਪਾਟ ਜਾਂਦੇ ਵੇਖ ਤਸਵੀਰ ਤੇਰੀ,
ਲੱਖਾਂ ਪੁੱਤ ਮਰਵਾ ਕੇ ਮਾਵਾਂ ਦੇ ਨੀ,
ਹੱਥ ਆਈ ਪਾਟੀ ਹੋਈ ਚੁੰਨੀ ਦੀ ਲੀਰ ਤੇਰੀ"

ਅਜਮੇਰ ਸਿੰਘ ਨੂੰ ਇਲਮਦੀਨ ਦੀ ਯਾਦ ਵੀ ਆ ਰਹੀ ਸੀ। ਇਲਮਦੀਨ ਵੀ ਉਨ੍ਹਾਂ ਅਭਾਗਿਆਂ ਵਿਚੋਂ ਇੱਕ ਸੀ, ਜਿਹੜੇ ਅਜਾਦੀ ਤੋਂ ਪਿੱਛੋਂ ਵੰਡ ਦੀ ਭੇਂਟ ਚੜ੍ਹ ਗਏ ਸਨ। ਭਰੇ-ਭਕੁੰਨੇ ਪਰਿਵਾਰ ਵਿਚੋਂ ਇਕ ਵੀ ਜੀਅ ਨਹੀਂ ਬਚਿਆ ਸੀ।

ਇਲਮਦੀਨ ਤੇ ਅਜਮੇਰ ਸਿੰਘ ਹਾਣੀ ਸਨ, ਗੁਆਂਢੀ ਹੋਣ ਕਰਕੇ ਆਪਸ ਵਿਚ ਮੋਹ ਵੀ ਬਹੁਤ ਸੀ। ਇੱਕ ਦੂਜੇ ਦੇ ਹਰੇਕ ਦੁੱਖ ਸੁਖ ਵਿਚ ਸ਼ਰੀਕ ਹੁੰਦੇ ਸਨ, ਸਾਹੀਂ ਸਾਹ ਲੈਂਦੇ ਸਨ।

ਵੰਡ ਤੋਂ ਕਈ ਮਹੀਨੇ ਪਹਿਲਾਂ, ਜਦੋਂ ਪਾਕਿਸਤਾਨ ਬਣਨ ਦੀਆਂ ਅਫਵਾਹਾਂ ਪੂਰੇ ਜੋਰਾਂ 'ਤੇ ਸਨ, ਇੱਕ ਦਿਨ ਅਜਮੇਰ ਸਿੰਘ ਤੇ ਇਲਮਦੀਨ ਖੇਤ ਬੈਠੇ ਆਪਸ ਵਿਚ ਗੱਲਾਂ ਕਰ ਰਹੇ ਸਨ......

"ਯਾਰ 'ਜਮੇਰ ਸੁਣਿਐਂ ਬੀ ਗੋਰਿਆਂ ਦੇ ਜਾਣ ਪਿੱਛੋਂ ਪਾਕਸਤਾਨ ਬਣੂਗਾ, ਯਰ ਕੀ ਲੋਕ ਆਪੋ ਵਿਚ ਈ ਵੰਡੇ ਜਾਣਗੇ, ਜੇ ਏਦਾਂ ਹੋ ਗਿਆ ਤਾਂ ਯਰ ਬਹੁਤ ਮਾੜਾ ਹੋਊ"

"ਸਭ ਲੀਡਰਾਂ ਦੀਆਂ ਖੇਡਾਂ ਨੇ ਇਲਮ ਦੀਨਾਂ, ਤੂੰ ਵੇਖਲੀਂ ਏਹਨਾਂ ਦੀ ਕੁਰਸੀ

ਦੀ ਭੁੱਖ ਜਰੂਰ ਕੋਈ ਨਾ ਕੋਈ ਪੁਆੜਾ ਪਾਊ......, ਇੱਕ ਆਹ ਨਵਾਂ ਈ ਉੱਠਿਐ, ਨਹਿਰੂ, ਏਹਨੇ ਮੇਰੇ ...... ਨੇ ਬਾਹਲੀ ਅੱਤ ਚੱਕੀ ਐ"

"ਵੇਖਲਾ ਯਰ, ਏਹਦਾ ਪਹਿਲਾਂ ਕਿਤੇ ਨਾਮ ਨ੍ਹੀ ਸੁਣਿਆਂ ਸੀ, ਨਾ ਕਿਸੇ ਲਹਿਰ 'ਚ ਨਾ ਕਿਸੇ ਸੰਘਰਸ਼ 'ਚ......, ਤੇ ਹੁਣ ਪਤਾ ਨ੍ਹੀ ਕਿਹੜੀ ਖੁੱਡ 'ਚੋਂ ਨਿਕਲ ਆਇਐ......, ਮਰਨੀ ਮਰਗੇ ਭਗਤ ਸਿੰਘ ਹੋਰੀਂ ਤੇ ਜਦੋਂ ਕੁਰਸੀ 'ਤੇ ਬੈਠਣ ਦਾ ਵੇਲਾ ਆ ਗਿਆ ਤਾਂ ਇਹ ਪਰਗਟ ਹੋਗੇ ਧੋਤੀਆਂ, ਟੋਪੀਆਂ ਆਲੇ" ਇਲਮ ਦੀਨ ਨੇ ਨਹਿਰੂ ਰਾਹੀਂ ਸਾਰੀ ਬਾਹਮਣ ਕੌਮ 'ਤੇ ਗੁੱਸਾ ਕੱਢਿਆ।

"ਓ ਮਰੇ ਕਾਹਨੂੰ ਐਂ, ਮਰਾਏ ਨੇ ਭਗਤ ਸਿਹੁੰ ਹੋਰੀਂ ਵੀ ਏਹਨਾਂ ਨੇ, ਪਤਾ ਸੀ, ਬੀ ਗੋਰਿਆਂ ਦੇ ਜਾਣ ਪਿੱਛੋਂ ਇਹ ਸਾਡੇ ਬਥਾੜੇ ਭੰਨਣਗੇ......, ਮੈਨੂੰ ਹੋਰ ਤਾਂ ਕੁਝ ਪਤਾ ਨ੍ਹੀ ਇਲਮਦੀਨਾਂ, ਪਰ ਇਹ ਗੰਗੂ ਦੀ 'ਲਾਦ ਪੰਜਾਬ ਨਾਲ ਜਰੂਰ ਧਰੋਹ ਕਮਾਊ" ਅਜਮੇਰ ਸਿੰਘ ਨੇ ਨਹਿਰੂ ਦੀ ਵੰਸ਼ ਬਾਰੇ ਸੁਣਿਆਂ ਹੋਇਆ ਸੀ ਕਿ ਕਿਵੇਂ ਇਹਨਾਂ ਦਾ ਪਰਿਵਾਰ ਗੰਗੂ ਦੇ ਮਾਰੇ ਜਾਣ ਪਿੱਛੋਂ ਕਸ਼ਮੀਰ ਚਲਾ ਗਿਆ ਸੀ ਤੇ ਜਦੋਂ ਮੁਗਲਾਂ ਨੂੰ ਪਤਾ ਲੱਗਿਆ ਕਿ ਇਹ ਤਾਂ ਹਕੂਮਤ ਦੇ ਵਫਾਦਾਰ ਨੇ ਤਾਂ ਉਹਨਾਂ ਨੇ ਜਵਾਹਰ ਲਾਲ ਦੇ ਵਡੇਰੇ ਰਾਜ ਕੌਲ ਨੂੰ ਦਿੱਲੀ ਬੁਲਾ ਕੇ ਨਹਿਰ ਕਿਨਾਰੇ ਰਹਿਣ ਨੂੰ ਇੱਕ ਘਰ ਦਿੱਤਾ । ਨਹਿਰ ਕਿਨਾਰੇ ਰਹਿੰਦੇ ਹੋਣ ਕਰਕੇ ਇਨ੍ਹਾਂ ਦੀ ਅੱਲ ਨਹਿਰੂ ਪੈ ਗਈ । ਇਹਨਾਂ ਦਾ ਪਰਿਵਾਰ ਸ਼ੁਰੂ ਤੋਂ ਹਕੂਮਤਾਂ ਦਾ ਵਫਾਦਾਰ ਰਿਹਾ ਹੈ ਭਾਵੇਂ ਮੁਗਲ ਹੋਣ ਤੇ ਭਾਵੇਂ ਅੰਗਰੇਜ਼ । ਸਿਖਾਂ ਦੇ ਤਾਂ ਇਹ ਮੁੱਢ ਤੋਂ ਦੁਸ਼ਮਨ ਰਹੇ ਹਨ, ਗੰਗੂ ਨੂੰ ਸਿੰਘਾਂ ਵੱਲੋਂ ਸੋਧੇ ਜਾਣ ਦਾ ਗੁੱਸਾ ਵੀ ਇਹਨਾਂ ਦੇ ਮਨ ਵਿਚ ਸੀ, ਇਸ ਲਈ ਪੰਜਾਬ ਜਾਂ ਸਿੱਧਾ ਕਹਿ ਲਉ ਕਿ ਸਿਖ ਇਹਨਾਂ ਦੀਆਂ ਅੱਖਾਂ ਵਿਚ ਵਾਲ ਵਾਂਗੂ ਰੜਕਦੇ ਸਨ। ਸੋ ਕਦੇ ਨਾ ਕਦੇ ਇਹਨਾਂ ਨੇ ਆਪਣਾ ਪੁਰਾਣਾ ਗੁੱਸਾ ਕੱਢਣਾ ਹੀ ਸੀ, ਤੇ ਹੁਣ ਤਾਕਤ ਇਹਨਾਂ ਦੇ ਹੱਥ ਸੀ ਤੇ ਸਾਰੀਆਂ ਪੁਰਾਣੀਆਂ ਦੁਸ਼ਮਣੀਆਂ ਕੱਢਣ ਦਾ ਵੇਲਾ ਆ ਗਿਆ ਸੀ।

"ਯਾਰ ਕਿਤੇ ਇਹ ਨਾ ਹੋਵੇ ਬੀ ਇਹ ਸਾਲੇ ਲੰਡੇ ਢੱਟੇ ਦੇ ਪੰਜਾਬ ਨੂੰ ਈ ਵਿਚਾਲੋਂ ਪਾੜ ਦੇਣ" ਇਲਮਦੀਨ ਨੇ ਦਿਲ ਅੰਦਰਲਾ ਡਰ ਜ਼ਾਹਰ ਕੀਤਾ।

"ਕੁਝ ਵੀ ਹੋ ਸਕਦੈ ਇਲਮਦੀਨਾਂ, ਪ੍ਰਮਾਤਮਾਂ ਮਿਹਰ ਕਰੇ, ਭਰਾ ਭਰਾਵਾਂ ਨਾਲੋਂ ਵੱਖ ਨਾ ਹੋਣ, ਸਾਡੀਆਂ ਸਾਂਝਾਂ ਇਸੇ ਤਰ੍ਹਾਂ ਬਣੀਆਂ ਰਹਿਣ, ਚੱਲ ਉੱਠ ਹੁਣ ਘਰ ਨੂੰ ਚੱਲੀਏ, ਬਹੁਤ 'ਨੇਰਾ ਹੋ ਗਿਐ, ਵਾਹਿਗੁਰੂ ਭਲੀ ਕਰੂ"

"ਆਮੀਨ" ਇਲਮਦੀਨ ਨੇ ਦੋਹੇਂ ਹੱਥ ਉੱਪਰ ਚੁੱਕ ਕੇ ਕਿਹਾ।

......ਤੇ ਆਖ਼ਰ ਉਹੀ ਭਾਣਾ ਵਾਪਰ ਗਿਆ ਜਿਸਦਾ ਅਜਮੇਰ ਸਿੰਘ ਤੇ ਇਲਮਦੀਨ ਸਮੇਤ ਲੱਖਾਂ ਪਰਿਵਾਰਾਂ ਨੂੰ ਡਰ ਸੀ। ਸਰਮਾਏਦਾਰੀ ਨੇ ਕੁਰਸੀਆਂ ਸਾਂਭਣ ਲਈ ਦੇਸ਼ ਦੇ ਦੋ ਟੁਕੜੇ ਕਰ ਦਿੱਤੇ। ਪੰਜਾਬ ਤਾਂ ਜਵਾਂ ਵਿਚਾਲੋਂ ਚੀਰਿਆ ਗਿਆ। ਬਸ ਫੇਰ ਕੀ ਸੀ, ਹੱਸਣ ਖੇਡਣ ਦੇ ਦਿਨ ਲੱਦ ਗਏ, ਸੋਗ, ਚੀਕਾਂ ਤੇ ਰੋਣ ਧੋਣ ਦੀ ਰੁੱਤ ਆ ਗਈ। ਲੀਡਰਾਂ ਦੁਆਰਾ ਫੈਲਾਈ ਫਿਰਕੂਪੁਣੇ ਦੀ ਅੱਗ ਨੇ ਭਿਆਨਕ

ਦੰਗਿਆਂ ਦਾ ਰੂਪ ਲੈ ਲਿਆ।

ਲੱਖਾਂ ਦੀ ਤਾਦਾਦ ਵਿਚ ਮਨੁੱਖੀ ਜਾਨਾਂ ਦਾ ਘਾਣ ਆਜ਼ਾਦੀ ਦੀ ਪਹਿਲੀ ਪ੍ਰਾਪਤੀ ਸੀ। ਪੰਜਾਬ ਦੀ ਧਰਤੀ ਆਪਣੇ ਪੁੱਤਾਂ ਧੀਆਂ ਦੇ ਲਹੂ ਨਾਲ ਲਾਲੋ ਲਾਲ ਹੋ ਗਈ ਸੀ,

"ਕਿਸੇ ਨੇ ਪੰਜਾਂ ਪਾਣੀਆਂ ਵਿਚ ਦਿੱਤੀ ਜ਼ਹਿਰ ਰਲਾ,
ਤੇ ਉਹਨਾਂ ਪਾਣੀਆਂ ਧਰਤ ਨੂੰ ਫਿਰ ਦਿੱਤਾ ਪਾਣੀ ਲਾ"

ਲੋਕਾਂ ਨੂੰ ਇੱਕ ਦੂਜੇ ਤੋਂ ਵਿਛੜਨ ਦੇ ਦਰਦ ਦੇ ਨਾਲ ਨਾਲ ਮਾਰੇ ਜਾਣ ਦਾ ਡਰ ਵੀ ਸਤਾ ਰਿਹਾ ਸੀ। ਸਦੀਆਂ ਤੋਂ ਚੱਲੀਆਂ ਆ ਰਹੀਆਂ ਇਹਨਾਂ ਸਾਂਝਾਂ ਨੂੰ ਟੁੱਟਦਿਆਂ ਦੇਖ ਕੇ ਸਾਰੀ ਕਾਇਨਾਤ ਰੋ ਰਹੀ ਸੀ। ਸਤਲੁਜ, ਰਾਵੀ ਤੇ ਬਿਆਸ ਧਾਹਾਂ ਮਾਰ ਰਹੇ ਸਨ ਚਨਾਬ ਤੇ ਜਿਹਲਮ ਤੋਂ ਵਿੱਛੜ ਕੇ, ਹੁਣ ਇਹ ਧਰਤੀ ਪੰਜਾਂ ਪਾਣੀਆਂ ਦੀ ਨਹੀਂ ਰਹੀ ਸੀ। ਇਸ ਦੇ ਦਰਿਆ ਵੀ ਵੰਡੇ ਗਏ ਸਨ। ਲਾਹੌਰ ਕੁਰਲਾ ਰਿਹਾ ਸੀ ਅੰਮ੍ਰਿਤਸਰ ਨੂੰ ਚੇਤੇ ਕਰਕੇ। ਸਾਰੀ ਦੁਨੀਆਂ ਨੂੰ ਖੁਸ਼ੀਆਂ ਤੇ ਖੇੜੇ ਵੰਡਣ ਵਾਲਾ 'ਹਰਿਮੰਦਰ' ਵੀ ਉਦਾਸ ਸੀ 'ਨਨਕਾਣੇ' ਤੋਂ ਵਿੱਛੜ ਕੇ। ਅਜਮੇਰ ਸ਼ਰੀਫ ਤੇ ਲਾਹੌਰ ਦੀ ਜਾਮਾ ਮਸਜਿਦ ਵੀ ਲਗਾਤਾਰ ਹੰਝੂ ਕੇਰ ਰਹੀਆਂ ਸਨ।

ਮਨੁੱਖਤਾ ਦਾ ਏਡਾ ਵੱਡਾ ਉਜਾੜਾ, ਪਹਿਲਾਂ ਕਦੇ ਕਿਸੇ ਨੇ ਨਾ ਵੇਖਿਆ, ਨਾ ਸੁਣਿਆਂ। ਕੋਈ ਸੁਪਨੇ ਵਿਚ ਵੀ ਨਹੀਂ ਸੋਚ ਸਕਦਾ ਸੀ ਕਿ ਆਜ਼ਾਦੀ ਏਡਾ ਵੱਡਾ ਉਜਾੜਾ ਪਾਵੇਗੀ। ਫਿਰਕੂ ਦੰਗਿਆਂ ਦੀ ਭੁੱਖ ਲੱਖਾਂ ਜਾਨਾਂ ਲੈ ਕੇ ਨਹੀਂ ਬੁਝੀ ਸੀ, ਧੀਆਂ ਭੈਣਾਂ ਦੀਆਂ ਇੱਜ਼ਤਾਂ ਵੀ ਸ਼ਰੇਆਮ ਰੋਲੀਆਂ ਤੇ ਲੁੱਟੀਆਂ ਜਾ ਰਹੀਆਂ ਸਨ। ਰੋਂਦੀਆਂ ਕੁਰਲਾਉਂਦੀਆਂ ਬੀਬੀਆਂ ਉੱਚੀ ਉੱਚੀ ਲੀਡਰਾਂ ਦੇ ਸਿਆਪੇ ਕਰ ਰਹੀਆਂ ਸਨ,

"ਉੱਤੋਂ ਲੱਗੀਆਂ ਸਾਉਣ ਦੀਆਂ ਝੜੀਆਂ, ਅਸੀਂ ਭੱਜ ਕਪਾਹੀ ਵੜੀਆਂ,
ਵਿਚੇ ਫਿਰਦੀਆਂ ਖੜ੍ਹੀਆਂ ਖੜ੍ਹੀਆਂ, ਚੌਹੀਂ ਪਾਸੀਂ ਪੈ ਗਏ ਘੇਰੇ,
ਰੋ ਰੋ ਦਿੰਦੀਆਂ ਬਦ-ਦੁਆਵਾਂ, ਬੱਚੇ ਮਰਨ ਜਿਨਾਹ ਤੇਰੇ,
ਅਸੀਂ ਕਰਦੀਆਂ ਪਿੱਟ ਸਿਆਪੇ, ਬੱਚੇ ਮਰਨ ਨਹਿਰੂ ਤੇਰੇ,
ਬੱਚੇ ਮਰਨ ਗਾਂਧੀ ਤੇਰੇ........."

ਜਰਵਾਣਿਆਂ ਤੋਂ, ਲੋਕਾਂ ਦੀਆਂ, ਧੀਆਂ ਭੈਣਾਂ ਦੀ ਇੱਜ਼ਤ ਦੀ ਰਾਖੀ ਕਰਨ ਵਾਲੇ ਪੰਜਾਬ ਦੀ ਧਰਤੀ 'ਤੇ ਅੱਜ ਹੈਵਾਨੀਅਤ ਦਾ ਨੰਗਾ ਨਾਚ ਕੀਤਾ ਜਾ ਰਿਹਾ ਸੀ।

...... ਤੇ ਇਹਨਾਂ ਦੰਗਿਆਂ ਦੀ ਆੜ ਵਿਚ ਕੁਝ ਕਮੀਨੇ ਲੋਕਾਂ ਨੇ ਆਪਣੀਆਂ ਦੁਸ਼ਮਣੀਆਂ ਵੀ ਕੱਢੀਆਂ।

ਇਲਮਦੀਨ ਕਾ ਪਰਿਵਾਰ ਵੀ ਪ੍ਰੇਮ ਲਾਲ ਕਿਆਂ ਨੇ ਸਾਰੇ ਦਾ ਸਾਰਾ ਫੂਕ ਦਿੱਤਾ ਸੀ। ਇਲਮਦੀਨ ਬਹੁਤ ਸਾਊ ਬੰਦਾ ਸੀ, ਸਾਰਾ ਪਿੰਡ ਉਸ ਦੀ ਇੱਜ਼ਤ ਕਰਦਾ ਸੀ, ਪਰ ਪ੍ਰੇਮ ਲਾਲ ਉਸ 'ਤੇ ਬਹੁਤ ਔਖਾ ਰਹਿੰਦਾ ਸੀ। ਅਸਲ ਵਿਚ ਗੱਲ ਇਹ

ਸੀ ਕਿ 'ਕੇਰਾਂ ਆਪਣੀ ਵੱਡੀ ਕੁੜੀ ਦੇ ਵਿਆਹ 'ਤੇ ਪ੍ਰੇਮੇਂ ਨੇ ਇਲਮਦੀਨ ਤੋਂ ਵਿਆਜੂ ਪੈਸੇ ਲਏ ਸਨ, ਤੇ ਸਾਲ ਤੱਕ ਮੋੜਨ ਦਾ ਕਰਾਰ ਕੀਤਾ ਸੀ, ਪਰ ਪਿੱਛੋਂ ਪ੍ਰੇਮੇਂ ਦੀ ਨੀਯਤ ਬੇਈਮਾਨ ਹੋ ਗਈ। ਇਲਮੇਂ ਦੇ ਕਈ ਵਾਰ ਪੈਸੇ ਮੰਗਣ 'ਤੇ ਵੀ ਪ੍ਰੇਮੇਂ ਨੇ ਲੱਤ ਨਹੀਂ ਲਾਈ। ਕਈ ਵਾਰ ਤਾਂ ਇਨ੍ਹਾਂ ਦੀ ਝਪਟ ਵੀ ਹੋ ਗਈ ਸੀ ਤੇ 'ਕੇਰਾਂ ਪ੍ਰੇਮੇਂ ਨੇ ਭਰੀ ਪੰਚਾਇਤ ਵਿਚ ਝੱਗਾ ਚੱਕ ਕੇ ਇਲਮੇਂ ਨੂੰ ਪੈਸੇ ਦੇਣ ਤੋਂ ਨਾਂਹ ਕਰ ਦਿੱਤੀ ਸੀ ਤੇ ਅੱਕੇ ਅਕਾਏ ਇਲਮਦੀਨ ਨੇ ਪ੍ਰੇਮੇਂ ਨੂੰ ਸੱਥ ਵਿਚ ਕਾਰੀ ਮਾਂਜਿਆ ਸੀ। ਪ੍ਰੇਮਾਂ ਦਿਲ ਹੀ ਦਿਲ ਵਿਚ ਦੁਸ਼ਮਨੀ ਪਾਲ ਰਿਹਾ ਸੀ, ਤੇ ਕਿਸੇ ਚੰਗੇ ਮੌਕੇ ਦੀ ਭਾਲ ਵਿਚ ਸੀ।

ਤੇ ਆਖਰ ਪ੍ਰੇਮੇਂ ਲਈ ਚੰਗਾ ਮੌਕਾ ਆ ਗਿਆ, ਜਦੋਂ ਉਸ ਨੂੰ ਪਤਾ ਲੱਗਿਆ ਕਿ ਪਾਕਿਸਤਾਨ ਬਣਨ 'ਤੇ ਇਲਮੇਂ ਨੂੰ ਪਿੰਡ ਛੱਡ ਕੇ ਜਾਣਾ ਪਵੇਗਾ, ਓਦੋਂ ਤੋਂ ਉਸ ਦੀਆਂ ਬਾਛਾਂ ਖਿੜ ਗਈਆਂ ਸਨ। ਉਸ ਨੂੰ ਹਾਲਾਤ ਆਪਣੇ ਪੱਖੀ ਹੁੰਦੇ ਨਜ਼ਰ ਆ ਰਹੇ ਸਨ ਤੇ ਉਹ ਸ਼ਰੇਆਮ ਹੀ ਕਹਿਣ ਲੱਗ ਪਿਆ ਸੀ,

"ਏਸ ਮੁਸਲੇ ਨਾਲ ਤਾਂ ਮੈਂ ਜਰੂਰ ਨਿੱਬੜਣੈ, ਜਿਹੜੀ ਏਹਨੇ ਮੇਰੀ ਸੱਥ 'ਚ ਬੇਜ਼ਤੀ ਕੀਤੀ ਐ, ਉਸ ਦਾ ਪੂਰਾ ਹਿਸਾਬ ਲਊਂ, ਸੁੱਕਾ ਨੀ ਜਾਣ ਦਿੰਦਾ ਸਾਲੇ ਮਲੇਛ ਨੂੰ"

ਲੋਕੀਂ ਬੜਾ ਸਮਝਾਉਂਦੇ, "ਪ੍ਰੇਮਿਆਂ, ਇਲਮਦੀਨ ਬੜਾ ਸਾਊ ਬੰਦੈ, ਵੇਖੀ ਕਿਤੇ ਐਵੇਂ ਨਾ ਜਾਹ ਜਾਂਦੀ ਕਰ ਦੀਂ"

ਪਰ ਪ੍ਰੇਮਾਂ ਕਿਸੇ ਦੀ ਇੱਕ ਨਾ ਸੁਣਦਾ।

ਇਲਮਦੀਨ ਦਾ ਪਰਿਵਾਰ ਵੀ ਦਿਲੋਂ ਘਬਰਾ ਰਿਹਾ ਸੀ, ਦੋ ਜਵਾਨ ਜਹਾਨ ਕੁੜੀਆਂ ਦੀ ਇੱਜ਼ਤ ਦਾ ਉਹਨਾਂ ਨੂੰ ਸਭ ਤੋਂ ਵੱਧ ਫਿਕਰ ਸੀ। ਅਜਮੇਰ ਕਾ ਪਰਿਵਾਰ ਇਲਮੇਂ ਹੁਰਾਂ ਨੂੰ ਹੌਸਲਾ ਦਿੰਦਾ ਰਹਿੰਦਾ,

"ਤੂੰ ਘਾਬਰ ਨਾ ਇਲਮਿਆਂ, ਏਸ ਕੁੱਤੇ ਲਾਲੇ ਦੀ ਮਾਂ ਦੀ...... ਦੇ ਦਿਆਂਗੇ ਜੇ ਬਹੁਤੀ ਤੈਂ ਫੈਂ ਕੀਤੀ, ਨਾਲੇ ਸਾਰਾ ਪਿੰਡ ਤੇਰੇ ਨਾਲ ਐ। ਤੈਨੂੰ ਸਹੀ ਸਲਾਮਤ ਕੈਂਪ 'ਚ ਛੱਡ ਕੇ ਆਵਾਂਗੇ" ਅਜਮੇਰ ਨੇ ਇਲਮਦੀਨ ਨੂੰ ਧਰਵਾਸ ਦਿੰਦਿਆਂ ਕਿਹਾ।

"ਯਰ ਮੈਨੂੰ ਤਾਂ ਹਾਅ ਧੀਆਂ ਦਾ ਈ ਬਾਹਲਾ ਡਰ ਐ, ਇੱਜ਼ਤ ਨੀ ਮਿਲਦੀ ਦੁਬਾਰਾ, ਹੋਰ ਸਭ ਕੁਛ ਮਿਲ ਜਾਂਦੈ ਜਹਾਨ 'ਤੇ, ਨਾਲੇ ਪ੍ਰੇਮਾਂ ਸਾਲਾ ਕਈ ਲਗਾੜੇ ਜੇ 'ਕੱਠੇ ਕਰੀ ਫਿਰਦੈ, ਅੱਲਾ ਖ਼ੈਰ ਕਰੇ" ਇਲਮਦੀਨ ਨੇ ਆਪਣਾ ਡਰ ਜ਼ਾਹਰ ਕੀਤਾ।

"ਕੋਨੀ, ਤੂੰ ਬਹੁਤਾ ਫਿਕਰ ਨਾ ਕਰ, ਤੁਸੀਂ ਜਿਹੜਾ ਥੋੜਾ ਬਹੁਤ ਜਰੂਰੀ ਸਮਾਨ ਐਂ ਉਹ ਬੰਨ੍ਹ ਲਓ, ਸਰਪੰਚ ਆਂਹਦਾ ਸੀ ਕੱਲ ਰਾਤ ਨੂੰ ਪਿੰਡ ਦੇ ਸਾਰੇ ਮੁਸਲਮਾਨ ਪਰਿਵਾਰਾਂ ਨੂੰ ਹਿਫਾਜ਼ਤ ਨਾਲ ਕੈਂਪ ਤਾਂਈਂ ਛੱਡ ਕੇ ਆਵਾਂਗੇ ।"

ਪਿੰਡ ਵਿਚ ਕੁੱਲ ਵੀਹ ਦੇ ਕਰੀਬ ਮੁਸਲਮਾਨ ਪਰਿਵਾਰ ਸਨ, ਪਰ ਸਭ ਨੂੰ ਬਹੁਤਾ ਫਿਕਰ ਇਲਮੇਂ ਕੇ ਟੱਬਰ ਦਾ ਹੀ ਸੀ, ਕਿਉਂਕਿ ਉਸ ਦਾ ਵੈਰੀ ਪਿੰਡ ਵਿਚ ਹੀ ਮੌਜੂਦ ਸੀ। ਸਰਪੰਚ ਨੇ ਪੰਚਾਇਤ 'ਕੱਠੀ ਕਰ ਕੇ ਫੈਸਲਾ ਕੀਤਾ ਸੀ ਕਿ ਪਿੰਡ

ਦੇ ਸਾਰੇ ਮੋਹਤਬਰ ਬੰਦੇ ਤੇ ਨੌਜੁਆਨ ਮੁਸਲਮਾਨ ਪਰਿਵਾਰਾਂ ਨੂੰ ਕੈਂਪ ਤੱਕ ਪੁਚਾ ਕੇ ਆਉਣਗੇ।

ਏਸ ਪੰਚਾਇਤ ਵਿਚ ਇੱਕ ਬਾਹਮਣ ਪੰਚ ਵੀ ਸੀ ਤੇ ਉਹ ਵੀ ਮੁਸਲਮਾਨਾਂ ਨੂੰ ਦਿਲੋਂ ਨਫਰਤ ਕਰਦਾ ਸੀ। ਉਸ ਨੇ ਇਹ ਸਾਰੀ ਗੱਲ ਪ੍ਰੇਮੇਂ ਨੂੰ ਜਾ ਦੱਸੀ ।

"ਪ੍ਰੇਮਿਆਂ ਵੇਖਲਾ ਬਈ, ਜੇ ਆਪਣੇ ਹੁੰਦਿਆਂ ਪਿੰਡ 'ਚੋਂ ਇੱਕ ਵੀ ਮੁਸਲਾ ਜਿਊਂਦਾ ਨਿਕਲ ਗਿਆਂ ਤਾਂ ਆਪਣੀ ਤਾਂ ਕੌਮ ਦਾ ਨੱਕ ਈ ਵੱਢਿਆ ਜਾਊ, ਤੂੰ ਆਪਣੇ ਬੰਦਿਆਂ ਨੂੰ ਕੱਲ ਰਾਤ ਨੂੰ ਤਿਆਰ ਰੱਖੀਂ, ਸ਼ਿਵ ਭੋਲੇ ਦੀ ਕਿਰਪਾ ਨਾਲ ਸਾਰੇ ਮਲੇਛਾਂ ਨੂੰ ਭਸਮ ਕਰ ਦਿਆਂਗੇ" ਬਾਹਮਣ ਪੰਚ ਤੁਲਸੀ ਰਾਮ ਨੇ ਪ੍ਰੇਮੇਂ ਨੂੰ ਆਗਾਹ ਕੀਤਾ।

"ਓ ਤੂੰ ਫਿਕਰ ਨਾ ਕਰ ਪੰਡਤਾ, ਸਾਡੀਆਂ ਤ੍ਰਿਸ਼ੂਲਾਂ ਤਾਂ ਤਿਹਾਈਆਂ ਬੈਠੀਐਂ ਤੁਰਕਾਂ ਦੇ ਖੂਨ ਲਈ, ਬਸ ਆਹ ਸਿਖੜਿਆਂ ਦਾ ਕੁਝ ਕਰਨਾ ਪਊ, ਜਿਹੜੇ ਮੁਸਲਿਆਂ ਦੇ ਰਾਖੇ ਬਣੇ ਫਿਰਦੇ ਐ, ਮੈਨੂੰ ਲੱਗਦੈ ਇਹਨਾਂ ਨਾਲ ਵੀ ਕਰਨੇ ਈ ਪੈਣਗੇ ਦੋ-ਦੋ ਹੱਥ । ਮੇਰੀਆਂ ਅੱਖਾਂ 'ਚ ਰੜਕਦੇ ਐ ਆਹ ਸਰਪੰਚ ਤੇ 'ਜਮੇਰ ਕਾ ਟੱਬਰ" ਪ੍ਰੇਮਾਂ, ਇਲਮਦੀਨ ਦੇ ਨਾਲ ਨਾਲ ਸਰਪੰਚ ਗੁਰਦਿਆਲ ਸਿਹੁੰ ਤੇ ਅਜਮੇਰ ਸਿੰਘ ਕੇ ਪਰਿਵਾਰ ਨੂੰ ਵੀ ਪਾਰ ਬੁਲਾਉਣਾ ਚਾਹੁੰਦਾ ਸੀ, ਕਿਉਂਕਿ ਇਹੀ ਦੋਹੇਂ ਗੁਰਸਿਖ ਪਰਿਵਾਰ ਮੁਸਲਮਾਨ ਪਰਿਵਾਰਾਂ ਦੀ ਰਾਖੀ ਲਈ ਡਟ ਕੇ ਖੜ੍ਹੇ ਸਨ।

"ਓ ਨਾ ਪ੍ਰੇਮਿਆਂ, ਪਤੰਦਰਾ ਇਹ ਕੰਮ ਨਾ ਕਰੀਂ, ਸਾਰਾ ਪਿੰਡ ਵੈਰੀ ਬਣਜੂ, ਇਹਨਾਂ ਦੋਹਾਂ ਟੱਬਰਾਂ ਦਾ ਪਿੰਡ 'ਚ ਬਹੁਤ ਸਤਿਕਾਰ ਐ, ਤੂੰ ਬੱਸ ਅਜੇ ਸਿਰਫ ਮੁਸਲਿਆਂ ਬਾਰੇ ਸੋਚ, ਇਹਨਾਂ ਦਾ ਕੰਡਾ ਕਿਤੇ ਫੇਰ ਕੱਢ ਦਿਆਂਗੇ, ਨਾਲੇ ਹੁਣ ਤਾਂ ਆਪਣੀ ਸਰਕਾਰ ਆਗੀ" ਬਾਹਮਣ ਤੁਲਸੀ ਰਾਮ ਨੇ ਪਿੰਡ ਨਾਲ ਵੈਰ ਪੈ ਜਾਣ ਦੇ ਡਰੋਂ ਪ੍ਰੇਮੇਂ ਨੂੰ ਸਮਝਾਇਆ।

ਖੈਰ, ਮੁਸਲਿਮ ਪਰਿਵਾਰਾਂ ਨੇ ਆਪਣਾ ਸਾਰਾ ਲੋੜੀਂਦਾ ਸਮਾਨ ਗੱਡਿਆਂ 'ਤੇ ਲੱਦ ਲਿਆ। ਵੀਹ ਪਰਿਵਾਰ ਆਪਣੀ ਜਨਮ ਭੂਮੀਂ ਨੂੰ ਸਦਾ ਲਈ ਛੱਡ ਕੇ ਜਾਣ ਲਈ ਤਿਆਰ ਖੜ੍ਹੇ ਸਨ। ਉਹ ਥਾਂ ਜਿਥੇ ਉਹ ਯਾਰਾਂ ਨਾਲ ਖੇਡੇ, ਇਕੱਠਿਆਂ ਮੌਜਾਂ ਮਾਣੀਆਂ, ਹੀਰਾਂ ਗਾਈਆਂ, ਉਸ ਨੂੰ ਛੱਡ ਕੇ ਜਾਣਾ ਸੌਖੀ ਗੱਲ ਨਹੀਂ ਸੀ। ਕਾਲਜਾ ਪਾਟਣ ਨੂੰ ਆਉਂਦਾ ਸੀ। ਕਿਸੇ ਦਾ ਪੈਰ ਪੁੱਟਣ ਨੂੰ ਦਿਲ ਨਹੀਂ ਕਰਦਾ ਸੀ। ਸਾਰੇ ਇੱਕ ਦੂਜੇ ਨੂੰ ਜੱਫੀਆਂ ਪਾ ਕੇ ਮਿਲ ਰਹੇ ਸਨ, ਅੱਜ ਦੇ ਵਿੱਛੜਿਆਂ ਨੇ ਮੁੜ ਕਦੇ ਨਹੀਂ ਸੀ ਮਿਲਣਾ।

ਇਲਮਦੀਨ ਤੇ ਉਸ ਦਾ ਪਰਿਵਾਰ ਅਜਮੇਰ ਸਿਹੁੰ ਦੇ ਪਰਿਵਾਰ ਨੂੰ ਆਖਰੀ ਫਤਹਿ ਬੁਲਾ ਰਿਹਾ ਸੀ। ਲਫ਼ਜ਼ ਤਾਂ ਕਿਸੇ ਦੇ ਮੂੰਹੋਂ ਨਿਕਲ ਨਹੀਂ ਰਹੇ ਸਨ, ਬਸ ਹੰਝੂ ਹੀ ਦਿਲ ਦੀ ਗੱਲ ਕਹਿ ਰਹੇ ਸਨ। ਇਲਮਦੀਨ ਦੀ ਪਤਨੀ ਬਸ਼ੀਰਾਂ, ਅਜਮੇਰ ਦੀ ਪਤਨੀ ਧੰਨ ਕੁਰ ਨੂੰ ਰੋਂਦੀ-ਰੋਂਦੀ ਕਹਿ ਰਹੀ ਸੀ, "ਚੰਗਾ ਭੈਣ, ਹੁਣ ਜਾਣ ਦਾ ਵੇਲਾ ਆ ਗਿਐ....., ਅਸੀਂ ਭੈਣ ਥੋਡਾ ਦੇਣਾ ਕਦੇ ਨਹੀਂ ਦੇ ਸਕਦੇ....., ਜਿੰਨਾ ਤੁਸੀਂ ਸਾਡੇ ਲਈ ਕੀਤੈ ਕੋਈ ਸਕਿਆਂ ਲਈ ਨੀ ਕਰਦਾ, ਅੱਗੇ ਅੱਲਾ ਨੂੰ ਜੋ ਮਨਜ਼ੂਰ।

ਏਸ ਚੰਦਰੀ 'ਜਾਦੀ ਨੇ ਸਾਥੋਂ ਸਾਡਾ ਸਭ ਕੁਛ ਖੋਹ ਲਿਐ, ਸਭ ਕੁਛ......" ਏਨਾ ਕਹਿੰਦੀ ਬਸ਼ੀਰਾਂ ਧਾਹਾਂ ਮਾਰ ਕੇ ਰੋਣ ਲੱਗ ਪਈ,

ਧੰਨ ਕੁਰ ਦੇ ਮੂੰਹੋਂ ਤਾਂ ਕੋਈ ਸ਼ਬਦ ਨਿਕਲ ਈ ਨਹੀਂ ਰਿਹਾ ਸੀ, ਓਹ ਬਸ਼ੀਰਾਂ ਨੂੰ ਵਰਾਉਂਦੀ ਹੋਈ ਆਪ ਵੀ ਨਾਲ ਰੋ ਰਹੀ ਸੀ।

"ਚਲੋ ਬੀ ਚਲੋ, ਬਹੁਤ ਟੈਮ ਹੋ ਗਿਐ, ਹੁਣ ਆਪਾਂ ਨੂੰ ਚੱਲਣਾ ਚਾਹੀਦੈ, ਵਾਟ ਕਾਹੀ ਐ" ਸਰਪੰਚ ਨੇ ਸਾਰਿਆਂ ਨੂੰ ਸੰਬੋਧਨ ਹੁੰਦੇ ਹੋਏ ਕਿਹਾ।

"ਚੰਗਾ ਬਈ ਭਰਾਵੋ, ਸਾਡੇ ਤੋਂ ਜਾਣੇ ਅਣਜਾਣੇ ਕਦੇ ਕੋਈ ਗਲਤੀ ਹੋ ਗਈ ਹੋਵੇ ਤਾਂ ਮਾਫ ਕਰਿਓ, ਜੇ ਅੱਲਾ ਨੇ ਚਾਹਿਆ ਤਾਂ ਦੁਬਾਰਾ ਕਦੇ ਜਰੂਰ ਮਿਲਾਂਗੇ, 'ਨਨਕਾਣੇ' ਜਾਂ 'ਅਜਮੇਰ ਸ਼ਰੀਫ'" ਇਲਮਦੀਨ ਨੇ ਹੱਥ ਜੋੜ ਕੇ ਸਾਰਿਆਂ ਨੂੰ ਫਤਹਿ ਬੁਲਾਈ।

ਮੁਸਲਮਾਨ ਪਰਿਵਾਰਾਂ ਦੀਆਂ ਸਾਰੀਆਂ ਔਰਤਾਂ ਨੂੰ ਵਿਚਾਲੇ ਕਰ ਕੇ ਜੱਥਾ ਤੁਰ ਪਿਆ। ਡਾਂਗਾਂ ਕ੍ਰਿਪਾਨਾਂ ਵਾਲੇ ਮੁੰਡੇ ਆਸੇ ਪਾਸੇ ਪੂਰੀ ਨਿਗਾਹ ਰੱਖ ਰਹੇ ਸਨ। ਚਾਰੇ ਪਾਸੇ ਸੁੰਨ ਸਰਾਂ ਸੀ, ਕਦੇ ਕਦੇ ਏਸ ਸੁੰਨ ਨੂੰ ਚੀਰਦੀ ਹੋਈ ਕੋਈ ਚੀਕ ਸਾਰਿਆਂ ਦੇ ਕੰਨੀਂ ਪੈਂਦੀ, ਔਰਤਾਂ ਇਕ ਦਮ ਡਰ ਜਾਂਦੀਆਂ, ਪਰ ਸਾਰੇ ਬੇਰੋਕ ਤੁਰਦੇ ਗਏ।

ਸੁਖ ਸ਼ਾਂਤੀ ਨਾਲ ਸਾਰਾ ਜੱਥਾ ਕੈਂਪ ਵਿਚ ਪਹੁੰਚ ਗਿਆ। ਸਾਰੇ ਖੁਸ਼ ਸਨ ਕਿ ਕੋਈ ਅਣਸੁਖਾਵੀਂ ਘਟਨਾਂ ਨਹੀਂ ਵਾਪਰੀ। ਮੁਸਲਮਾਨ ਪਰਿਵਾਰਾਂ ਨੇ ਮੁੜ ਤੋਂ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ।

ਅਜਮੇਰ ਸਿਹੁੰ, ਇਲਮਦੀਨ ਕੋਲ ਚੁੱਪ ਚਾਪ ਖਲੋਤਾ ਸੀ, ਇਲਮਦੀਨ ਨੇ ਹੱਥ ਜੋੜਦੇ ਹੋਏ, ਉਸ ਨੂੰ ਕਿਹਾ, "ਚੰਗਾ ਬਈ ਭਰਾਵਾ, ਤੁਹਾਡਾ ਬਹੁਤ ਬਹੁਤ ਧੰਨਵਾਦ, ਤੁਸੀਂ ਸਾਡੀ ਵਿੱਤੋਂ ਵੱਧ ਮਦਦ ਕੀਤੀ ਐ, ਅੱਲਾ ਤੁਹਾਨੂੰ ਖੁਸ਼ੀ ਦੇਵੇ" ਤੇ ਨਾਲ ਹੀ ਇਲਮਦੀਨ ਦੇ ਹੰਝੂ ਪਰਲ ਪਰਲ ਵਗਣ ਲੱਗ ਪਏ।

"ਓ ਨਾ ਭਰਾਵਾ, ਇੰਝ ਕਹਿ ਕੇ ਸਾਡੇ 'ਤੇ ਭਾਰ ਨਾ ਚਾੜ੍ਹ, ਓ ਤੁਹਾਡਾ ਪੀਰ ਬੁੱਧੂ ਸ਼ਾਹ ਤੇ ਸਾਈਂ ਮੀਆਂ ਮੀਰ ਦੇ ਵਾਰਸਾਂ ਦਾ ਦੇਣ ਤਾਂ ਅਸੀਂ ਕਦੇ ਨਹੀਂ ਦੇ ਸਕਦੇ, ਤੁਸੀ ਗੁਰੂ ਸਾਹਿਬ ਲਈ ਆਪਣੇ ਪੁੱਤ ਭਤੀਜੇ ਹੱਸ ਹੱਸ ਸ਼ਹੀਦ ਕਰਵਾਏ, ਕੱਖ ਨਾ ਲਕੋਇਆ। ਇਹ ਤਾਂ ਫਿਟੇ ਮੂੰਹ ਐਂ ਸਾਡੇ ਲੀਡਰਾਂ ਦੇ, ਜਿਨ੍ਹਾਂ ਨੇ ਬੁੱਧੂ ਸ਼ਾਹ ਦੇ ਵਾਰਸਾਂ ਨਾਲੋਂ ਤੋੜ ਕੇ ਗੰਗੂ ਦੇ ਵਾਰਸਾਂ ਨਾਲ ਯਾਰੀ ਲਾ ਲਈ....., ਤੂੰ ਮੇਰੇ ਅੱਗੇ ਹੱਥ ਨਾ ਜੋੜ ਯਾਰਾ, ਮੈਂ ਆਪਣੇ ਗੁਰੂ ਮੂਹਰੇ ਕਿਹੜਾ ਮੂੰਹ ਲੈ ਕੇ ਜਾਊਂ" ਅਜਮੇਰ ਨੇ ਇਲਮਦੀਨ ਨੂੰ ਘੁੱਟ ਕੇ ਜੱਫੀ ਪਾ ਲਈ।

ਸੋਗੀ ਮਹੌਲ ਵਿਚ ਸਾਰਿਆਂ ਨੇ ਇਕ ਦੂਜੇ ਨੂੰ ਵਿਦਾ ਕੀਤਾ। ਸਭ ਨੂੰ ਭਰੋਸਾ ਸੀ ਕਿ ਇਲਮਦੀਨ ਤੇ ਉਸ ਦੇ ਨਾਲ ਦੇ ਸਾਰੇ ਬਾਕੀ ਪਰਿਵਾਰ ਹੁਣ ਸਹੀ ਸਲਾਮਤ 'ਆਪਣੇ ਦੇਸ਼' ਪਹੁੰਚ ਜਾਣਗੇ, ਸੋ ਪਿੰਡ ਵਾਲੇ ਵਾਪਸ 'ਆਪਣੇ ਘਰਾਂ' ਨੂੰ ਆ ਗਏ।

ਏਧਰ ਪ੍ਰੇਮੋਂ ਹੋਰੀਂ ਤਾਕ ਵਿਚ ਬੈਠੇ ਸਨ, ਇਹਨਾਂ ਨੇ ਸਕੀਮ ਬਣਾਈ ਹੋਈ ਸੀ ਕਿ ਜਦੋਂ ਪਿੰਡ ਵਾਲੇ, ਮੁਸਲਮਾਨਾਂ ਨੂੰ ਕੈਂਪ ਵਿਚ ਛੱਡ ਕੇ ਵਾਪਸ ਚਲੇ ਜਾਣਗੇ,

ਓਦੋਂ ਆਪਾਂ ਹੱਲਾ ਕਰ ਕੇ ਇਲਮੇ ਹੋਰਾਂ ਨੂੰ ਪਾਰ ਬੁਲਾ ਦਿਆਂਗੇ। ਰਾਤ ਬਹੁਤ ਹਨੇਰੀ ਸੀ, ਪ੍ਰੇਮੇਂ ਦੇ ਇੱਕ ਬੰਦੇ ਨੇ ਇਲਮੇਂ ਦੇ ਤੰਬੂ ਦਾ ਪਤਾ ਲਾ ਲਿਆ ਸੀ।

ਪ੍ਰੇਮੇਂ ਨੇ ਹੱਲਾ ਕਰਨ ਤੋਂ ਪਹਿਲਾਂ ਇੱਕ ਵੇਰ ਫਿਰ ਸਾਰਿਆਂ ਨੂੰ ਸਮਝਾਇਆ, "ਸਾਰੀ ਗੱਲ ਸਮਝ ਆ ਗਈ ਨਾ, ਨਾਜਰਾ, ਤੂੰ ਤੇ ਮੁਕੰਦੀ ਨੇ ਇਲਮੇਂ ਦੀਆਂ ਕੁੜੀਆਂ ਚੱਕ ਕੇ ਲਿਜਾਣੀਐਂ ਤੇ ਕੇਸ਼ੀ ਤੂੰ ਤੇ ਰਾਮ ਨੇ ਤੰਬੂ ਨੂੰ ਅੱਗ ਲਾਉਣੀ ਐਂ, ਮੈਂ ਬਾਹਰ ਖੜੂ ਤੇ ਜੇ ਕੋਈ ਨਿਕਲ ਕੇ ਭੱਜਣ ਲੱਗਿਆ ਤਾਂ ਡੱਕਰੇ ਕਰਦਊਂ। ਕਿਸੇ ਨੇ ਘਬਰਾਉਣਾ ਨੀ, ਮੈਂ ਥਾਣੇਦਾਰ ਦੇਵ ਰਾਜ ਨਾਲ ਗੱਲ ਕੀਤੀ ਵੀ ਐ, ਉਹ ਆਪਣੀ ਮਦਾਦ ਕਰੂ, ਚਲੋ ਹੁਣ ਚੱਲੀਏ, ਇੱਕ ਇਕੱਠੀ 'ਵਾਜ ਆਉਂਦੀ ਹੈ, "ਹਰ ਹਰ ਮਹਾਂਦੇਵ"

ਥਾਣੇਦਾਰ ਦੇਵ ਰਾਜ ਮੁਸਲਮਾਨਾਂ ਨੂੰ ਬਹੁਤ ਨਫਰਤ ਕਰਦਾ ਸੀ, ਉਸ ਨੇ ਨਾਲ ਦੇ ਪਿੰਡ ਕਰੀਰ ਵਾਲੀ 'ਚ ਵੀ ਸੱਤ ਵੀਹਾਂ ਮੁਸਲਮਾਨ ਪਰਿਵਾਰ ਕੋਲੇ ਖੜ੍ਹ ਕੇ ਕਤਲ ਕਰਵਾਏ ਸਨ। ਪ੍ਰੇਮੇਂ ਨੂੰ ਵੀ ਉਸ ਨੇ ਪੂਰੀ ਹੱਲਾ ਸ਼ੇਰੀ ਦਿੱਤੀ ਸੀ, "ਫਿਕਰ ਨਾ ਕਰ ਪੰਡਤਾ, ਤੁਸੀਂ ਪੂਰੀ ਰੀਝ ਨਾਲ ਵੱਡਿਓ ਮੁਸਲਿਆਂ ਨੂੰ, ਥੋੜ੍ਹੇ ਏਸ 'ਭਲੇ ਕੰਮ' 'ਚ ਕੋਈ 'ਡਿੱਕਾ ਨੀ ਲਾਉਂਦਾ, ਪਰ ਯਾਦ ਰੱਖਿਓ, ਕੋਈ ਮਲੇਛ ਸਾਲਾ ਬਚ ਕੇ ਨਈਂ ਜਾਣਾ ਚਾਹੀਦਾ। ਹਾਂ ਜੇ ਕੋਈ ਸੁਨੱਖੀ ਮੁਸਲੀ ਹੱਥ ਆਗੀ ਤਾਂ ਸਾਂਭ ਲਿਓ, ਮਾੜਾ ਮੋਟਾ ਮੂੰਹ ਮਾਰਲਾਂਗੇ, ਇਹ ਮੇਰੇ ਸਾਲੇ ਦੀਆਂ ਬਹੁਤ ਸੋਹਣੀਆਂ ਹੁੰਦੀਐਂ, ਤੁਸੀਂ ਜਾਓ ਤੇ ਬੇਫਿਕਰ ਹੋ ਕੇ ਕੰਮ ਨਬੇੜੋ ਤੇ ਨਾਲੇ ਪੁੰਨ ਖੱਟੋ" ਥਾਣੇਦਾਰ ਤੋਂ ਏਨੀ ਹੱਲਾਸ਼ੇਰੀ ਲੈ ਕੇ ਹੁਣ ਪ੍ਰੇਮੇਂ ਨੂੰ ਕਿਸੇ ਦਾ ਡਰ ਨਹੀਂ ਸੀ, ਤੇ ਉਹ ਚਾਲ ਪਿਆ ਪੁੰਨ ਦਾ ਕੰਮ ਕਰਨ, ਹਨੂਮਾਨ ਬਣ ਕੇ ਲੰਕਾ ਸਾੜਨ।

ਜੈ ਬਜਰੰਗ ਬਲੀ ਕਹਿ ਕੇ ਦੋ ਜਣੇ ਤੰਬੂ ਵਿਚ ਵੜ੍ਹ ਜਾਂਦੇ ਨੇ, ਜਦੋਂ ਕੁੜੀਆਂ ਨੂੰ ਹੱਥ ਪਾਉਂਦੇ ਨੇ ਤਾਂ ਉਹ ਅੱਗੋਂ ਚੀਕ ਮਾਰਦੀਆਂ ਹਨ, ਇਲਮਦੀਨ ਤੇ ਉਸਦੀ ਪਤਨੀ ਜਾਗ ਪੈਂਦੇ ਹਨ, ਦੋਹੇਂ ਜਣੇ ਉਹਨਾਂ ਦੇ ਸਿਰਾਂ ਵਿਚ ਗੰਡਾਸੀਆਂ ਮਾਰਦੇ ਹਨ, ਬਸ਼ੀਰਾਂ ਤਾਂ ਉੱਥੇ ਹੀ ਢੇਰ ਹੋ ਜਾਂਦੀ ਐ, ਪਰ ਇਲਮਦੀਨ ਲਹੂ ਲੁਹਾਣ ਹੋਇਆ ਉਹਨਾਂ ਦੇ ਮਗਰ ਬਾਹਰ ਤੱਕ ਆਉਂਦੈ, ਬਾਹਰ ਪ੍ਰੇਮਾਂ ਤ੍ਰਿਸ਼ੂਲ ਲਈ ਖਲੋਤੈ, ਉਹ ਤ੍ਰਿਸ਼ੂਲ ਇਲਮੇਂ ਦੇ ਢਿੱਡ ਵਿਚ ਖੋਭ ਕੇ ਉੱਚੀ ਦੇਣੇ ਕਹਿੰਦੈ, "ਲੈ ਇਲਮਦੀਨਾਂ ਮੈਂ ਕਿਸੇ ਦਾ ਉਧਾਰ ਬਾਹਲਾ ਚਿਰ ਸਿਰ ਨਹੀਂ ਰੱਖਦਾ, ਤੇਰਾ ਸਾਰਾ ਮੂਲ ਸਮੇਤ ਵਿਆਜ ਮੋੜ ਦਿੱਤੈ ਪ੍ਰੇਮੇਂ ਨੇ, ਗਿਣ ਲਾ" ਇਲਮੇਂ ਦੇ ਢਿੱਡ ਵਿਚੋਂ ਤ੍ਰਿਸ਼ੂਲ ਘੁਮਾ ਕੇ ਪ੍ਰੇਮਾਂ ਬਾਹਰ ਖਿੱਚਦੈ, ਇਲਮੇਂ ਦੀਆਂ ਨਾੜੀਆਂ ਤ੍ਰਿਸ਼ੂਲ ਦੇ ਨਾਲ ਹੀ ਬਾਹਰ ਆ ਜਾਂਦੀਆਂ ਨੇ, ਤੇ ਉਸ ਦੇ ਮੂੰਹੋਂ ਸਿਰਫ "ਅ............ਲਾ.................ਹ" ਹੀ ਨਿਕਲਦਾ ਹੈ।

ਏਧਰ ਦੋ ਜਣੇ ਤੰਬੂ ਨੂੰ ਅੱਗ ਲਾ ਦਿੰਦੇ ਨੇ, ਜਿਸ ਵਿਚ ਬਸ਼ੀਰਾਂ ਤੇ ਉਸ ਦਾ ਪੁੱਤਰ ਸੜ ਕੇ ਸਵਾਹ ਹੋ ਗਏ। ਇਲਮਦੀਨ ਦੀਆਂ ਕੁੜੀਆਂ ਦੀਆਂ ਚੀਕਾਂ ਨਾਲ ਕੈਂਪ ਵਿਚਲੇ ਹੋਰ ਕਈ ਪਰਿਵਾਰ ਵੀ ਜਾਗ ਪਏ...

"ਏਹਨਾਂ ਨੂੰ ਚੁੱਪ ਕਰਾ ਆਵਦੀਆਂ ਮਾਵਾਂ ਨੂੰ, ਨਹੀਂ ਤਾਂ ਗਾਟਾ ਲਾਹ ਦੇ ਕੁੱਤੀਆਂ ਦਾ" ਪ੍ਰੇਮਾਂ ਕੈਂਪ ਵਿਚਲੀ ਹਿੱਲਜੁੱਲ ਤੋਂ ਘਬਰਾ ਕੇ ਚੀਕਦਾ ਹੈ।

ਮੁਕੰਦੀ ਤੇ ਨਾਜਰ ਨੇ ਦੋਹਾਂ ਕੁੜੀਆਂ ਦੇ ਕ੍ਰਿਪਾਨ ਨਾਲ ਢਿੱਡ ਪਾੜ ਦਿੱਤੇ।

ਓਧਰੋਂ ਫੜ੍ਹਲੋ ਫੜ੍ਹਲੋ ਦੀਆਂ ਆਵਾਜ਼ਾਂ ਨੇੜੇ ਆਉਣ ਲੱਗਦੀਆਂ ਹਨ।

"ਅੱਲਾ ਹੂ ਅਕਬਰ" ਕਹਿ ਕੇ ਮੁਸਲਮਾਨ ਇਹਨਾਂ 'ਤੇ ਟੁੱਟ ਕੇ ਪੈ ਗਏ। ਪ੍ਰੇਮ ਲਾਲ ਦੇ ਦੋਹੇਂ ਮੁੰਡੇ ਕੇਸ਼ੀ ਤੇ ਰਾਮ ਤਾਂ ਪਹਿਲੇ ਹੱਲੇ ਹੀ ਵੱਢ ਦਿਤੇ ਗਏ, ਪ੍ਰੇਮਾਂ ਆਪਣੇ ਸਾਥੀਆਂ ਨਾਲ ਭੱਜਦਾ ਹੈ, ਕੁਝ ਨੌਜੁਆਨ ਮੁੰਡੇ ਉਹਨਾਂ ਦਾ ਪਿੱਛਾ ਕਰਦੇ ਹਨ, ਪ੍ਰੇਮੇਂ ਦੇ ਸਾਥੀ ਤਾਂ ਭੱਜਣ ਵਿਚ ਕਾਮਯਾਬ ਹੋ ਜਾਂਦੇ ਹਨ ਪਰ ਇਹ ਮੁਸਲਮਾਨ ਮੁੰਡਿਆਂ ਦੇ ਹੱਥ ਆ ਜਾਂਦਾ ਹੈ, ਆਪਣੇ ਆਪ ਨੂੰ ਚਾਰੇ ਪਾਸਿਓਂ ਘਿਰਿਆ ਦੇਖ ਕੇ ਇਹ ਮਿੰਨਤਾਂ ਤਰਲੇ ਪਾਉਣ ਲੱਗਦੈ, "ਮਾਫ ਕਰਦਿਓ ਜੀ, ਮੇਰਾ ਤੁਹਾਡੇ ਨਾਲ ਕੋਈ ਵੈਰ ਨੀ, ਇਲਮੇਂ ਨੇ ਤਾਂ ਮੇਰੀ ਭਰੀ ਪੰਚੈਤ 'ਚ ਬੇਜਤੀ ਕੀਤੀ ਸੀ ਜੀ ਇਸੇ ਕਰਕੇ ...."

"ਤੇਰੀ ਕੀਤੀ ਸੀ ਬੇਜਤੀ ਵੱਡੇ ਭਗਤੂਆਣੀਏਂ ਸਰਦਾਰ ਦੀ, ਸਾਲਿਆ ਤੂੰ ਜਿਹੜੇ ਓਹਦੇ ਪੈਸੇ ਮੁੱਕਰਿਆ ਸੀ ਓਹ, ਘਸੁੰਨ ਖਾਣ ਆਲੀਆਂ ਗੱਲਾਂ ਤਾਂ ਤੂੰ ਆਪ ਕੀਤੀਆਂ ਸਨ, ਹੁਣ ਤਾਂ ਧਿਆ ਲੈ ਆਪਣੇ 'ਜਿਹੜੇ' ਭਗਵਾਨ ਨੂੰ ਧਿਆਉਣੈ, ਹੁਣ ਤੈਨੂੰ ਕੁੱਤਿਆ ਲਾਲਿਆ ਜਿਉਂਦੇ ਨੂੰ ਨੀ ਛੱਡਦੇ" ਇਲਮਦੀਨ ਦੇ ਪਿੰਡ ਦਾ ਇੱਕ ਮੁੰਡਾ ਅਜੇ ਬੋਲ ਹੀ ਰਿਹਾ ਸੀ ਕਿ ਕੋਲੋਂ ਇੱਕ ਹੋਰ ਨੇ ਲਾਲੇ ਦੇ ਸਿਰ ਵਿਚ 'ਪਟਾਕ' ਕਰਦੀ ਡਾਂਗ ਮਾਰੀ, ਬਿੱਲੀ ਦੀ ਪੂਛ ਵਰਗੀ ਲਹੂ ਦੀ ਧਾਰ ਦੀ ਟਿੰਡ ਵਿਚੋਂ ਨਿਕਲੀ ਤੇ ਉਹ ਧਰਤੀ 'ਤੇ ਚੁਫਾਲ ਡਿੱਗ ਪਿਆ, ਡਿੱਗੇ ਪਏ 'ਤੇ ਉਹਨਾਂ ਨੇ ਗੰਡਾਸਿਆਂ ਦੇ ਕਈ ਵਾਰ ਕੀਤੇ। ਲਾਲੇ ਦੀ ਮਦਦ ਨੂੰ ਥਾਣੇਦਾਰ ਦੇਵ ਰਾਜ ਵੀ ਨਹੀਂ ਪਹੁੰਚਿਆ ਕਿਉਂਕਿ ਮੁਸਲਮਾਨਾਂ ਦੇ ਇੱਕ ਟੋਲੇ ਨੇ ਉਸ ਦੇ ਘਰ 'ਤੇ ਹਮਲਾ ਕਰ ਕੇ ਉਸ ਨੂੰ ਵੀ ਪਾਰ ਬੁਲਾ ਦਿੱਤਾ ਸੀ।

ਲਾਲੇ ਪ੍ਰੇਮ ਲਾਲ ਦੀ ਲਾਸ਼ ਹੁਣ ਧਰਤੀ 'ਤੇ ਡੱਕਰੇ ਕੀਤੀ ਪਈ ਸੀ। ਕਿੱਕਰ ਦੇ ਦਰਖਤ ਤੋਂ ਗਿਰਝਾਂ ਨੇ ਹਿਲਜੁੱਲ ਸ਼ੁਰੂ ਕਰ ਦਿੱਤੀ ਸੀ।

ਏਧਰ ਪ੍ਰੇਮ ਲਾਲ ਤੇ ਉਸਦੇ ਦੋਹੇਂ ਮੁੰਡੇ ਮਾਰੇ ਗਏ ਤੇ ਓਧਰ ਉਸਦੀ ਭਲਾਈਆਣੇ ਵਿਆਹੀ ਕੁੜੀ ਨੂੰ ਮੁਸਲਮਾਨ ਚੁੱਕ ਕੇ ਲੈ ਗਏ, ਜਵਾਈ ਤੇ ਬਾਕੀ ਸਾਰੇ ਪਰਿਵਾਰ ਨੂੰ ਕਤਲ ਕਰ ਗਏ। ਇਹ ਸਾਰੀਆਂ ਖ਼ਬਰਾਂ ਇਕੱਠੀਆਂ ਪ੍ਰੇਮੇਂ ਦੀ ਪਤਨੀ ਪੁਸ਼ਪਾ ਕੋਲ ਪਹੁੰਚੀਆਂ, ਪਹਿਲਾਂ ਤਾਂ ਉਸ ਨੂੰ ਕੋਈ ਦੌਰਾ ਜਿਹਾ ਪੈ ਗਿਆ ਤੇ ਪਿੱਛੋਂ ਉਹ ਪਾਗਲ ਹੋ ਗਈ। ਉਸ ਦਾ ਹੁਣ ਕੋਈ ਨਹੀਂ ਬਚਿਆ ਸੀ। ਸਾਰਾ ਦਿਨ ਉਹ ਪਿੰਡ ਵਿਚ ਵਾਲ ਖਿਲਾਰ ਕੇ ਤੇ ਪਾਟੇ ਕੱਪੜੇ ਪਾਈ ਯਵਕਦੀ ਫਿਰਦੀ। ਕਦੇ ਛੱਪੜ ਵਿਚ ਵੜ੍ਹ ਜਾਂਦੀ, ਕਦੇ ਨਾਲੀਆਂ ਵਿਚ ਹੱਥ ਮਾਰਨ ਲੱਗ ਪੈਂਦੀ। ਜਵਾਕ ਉਸ ਨੂੰ ਛੇੜ ਛੇੜ ਭੱਜਦੇ।

ਉਸਦੀ ਇਹ ਹਾਲਤ ਵੇਖ ਕੇ ਲੋਕ ਆਪਸ ਵਿਚ ਗੱਲਾਂ ਕਰਦੇ,

"ਵੇਖ ਲੇ ਯਾਰ, ਸਾਰੇ ਸਵਰਗ ਨਰਕ ਏਥੇ ਈ ਐ, ਆਪਣੇ ਪਾਪਾਂ ਦਾ ਲੇਖਾ ਜੋਖਾ ਬੰਦੇ ਨੂੰ ਏਥੇ ਈ ਦੇਣਾ ਪੈਂਦੈ, ਕੀ ਖੱਟਿਆ ਪ੍ਰੇਮੇਂ ਨੇ, ਪਰਿਵਾਰ ਦਾ ਕੋਈ ਜੀਅ ਨੀ ਬਚਿਆ, ਜਹਾਨ ਤੋਂ ਨਾ ਉੱਠ ਗਿਆ, ਤੇ ਜਿਹੜੀ ਆਹ ਬਚੀ ਐ ਇਹਦੇ ਨਾਲੋਂ

ਤਾਂ ਮਰੇ ਚੰਗੇ ਐ" .ਸੱਥ ਵਿਚ ਬੈਠੇ ਬਾਬੇ ਬੱਲੂ ਨੇ ਬਾਕੀਆਂ ਨੂੰ ਕਿਹਾ।

"ਓ ਹੋਰ ਬਾਬਾ, ਸਾਰੇ ਲੈਣੇ ਦੇਣੇ ਏਥੇ ਈ ਨਿੱਬੜਦੇ ਆ, ਅੰਤ ਨੂੰ ਸਾਰੇ ਚੰਗੇ ਮਾੜੇ ਕੰਮ ਸਾਹਮਣੇ .ਆ ਈ ਜਾਂਦੇ ਐ, ਚੰਗੇ ਕੰਮਾਂ ਦਾ ਫਲ ਵੀ ਏਥੇ ਮਿਲਦੈ ਤੇ ਪਾਪੀਆਂ ਨੂੰ ਭਰਨੀਆਂ ਵੀ ਏਥੇ .ਈ ਪੈਂਦੀਐਂ" ਸਾਹਬ ਸਿਹੁੰ ਨੇ ਕਿਹਾ,

ਕੋਲੋਂ ਦੀ ਗੁਰਦੁਆਰੇ ਆਲਾ ਭਾਈ ਸ਼ਬਦ ਗਾਉਂਦਾ ਲੰਘਿਆ ਜਾਂਦਾ ਸੀ,

"ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥"

ਹਿੰਦੋਸਤਾਨ ਪਾਕਿਸਤਾਨ ਦੀ ਵੰਡ ਦੇ ਏਸ ਉਜਾੜੇ ਤੋਂ ਕਾਫੀ ਦੇਰ ਬਾਅਦ ਕੁਝ ਸ਼ਾਂਤੀ ਹੋਈ ਸੀ। ਮਹੌਲ ਕੁਝ ਠੀਕ ਹੋ ਰਿਹਾ ਸੀ। ਪਰ ਉੱਜੜ ਕੇ ਗਏ ਲੋਕਾਂ ਦਾ ਦਿਲ ਅੱਜੇ ਵੀ ਆਪਣੇ ਵਤਨ ਲਈ ਧੜਕ ਰਿਹਾ ਸੀ, ਆਪਣੀ ਜਨਮ ਭੂਮੀ ਨੂੰ ਯਾਦ ਕਰ ਰਿਹਾ ਸੀ। ਆਪਣੇ ਪਿੰਡ, ਆਪਣੇ ਮਿੱਤਰ, ਖੇਤ, ਪਹੀਆਂ, ਸੱਥਾਂ ਉਹਨਾਂ ਨੂੰ ਭੁਲਾਇਆਂ ਨਹੀਂ ਭੁੱਲਦੀਆਂ ਸਨ।

ਸਾਹੋਕੇ ਪਿੰਡ ਤੋਂ ਉੱਜੜ ਕੇ ਗਿਆ ਬਾਬੂ ਰੱਜਬ ਅਲੀ ਕਈ ਵਾਰ ਆਪਣੇ ਪਿੰਡ ਨੂੰ ਚੇਤੇ ਕਰ ਕੇ ਉੱਚੀ ਉੱਚੀ ਗਾਉਣ ਲੱਗ ਪੈਂਦਾ ਸੀ,

"ਸੋਹਣੀਏਂ ਸਾਹੋ ਪਿੰਡ ਦੀਏ ਬੀਹੇ, ਬਚਪਨ ਦੇ ਵਿਚ ਪੜੇ ਬਥੀਹੇ,
ਚੂਰੀ ਖਵਾ ਮਾਂ ਪਾਤੇ ਰਸਤੇ, ਚੁੱਕ ਲਏ ਕਲਮ ਦਵਾਤਾਂ ਬਸਤੇ,
ਓ ਸ਼ੇਰ, ਨਿਰੰਜਨ, ਮਹਿੰਗੇ ਨੇ,
ਭੁੱਲਦੀਆਂ ਨਾ ਭਰਜਾਈਆਂ ਪਾਈਆਂ ਝੁੰਮਰਾਂ ਲਹਿੰਗੇ ਨੇ।
ਪੰਜਵੀਂ ਕਰਕੇ ਤੁਰਗੇ ਮੋਗੇ, ਮਾਪੇ ਜਿਊਂਦਿਆਂ ਤੋਂ ਸੁਖ ਭੋਗੇ,
ਪੈਸੇ ਖਾ ਮਠਿਆਈਆਂ ਬਚਦੇ, ਗੇੜੇ ਸ਼ਹਿਰ ਸੜਕ ਪਰ ਨੱਚਦੇ,
ਠੁੰਮ ਠੁੰਮ ਚੱਕਦੇ ਪੱਬ ਤਾਂ ਜੀ,
ਆਉਂਦਾ ਵਤਨ ਪਿਆਰਾ ਚੇਤੇ ਜਦ ਖਿੱਚ ਪਾਉਂਣ ਮੁਹੱਬਤਾਂ ਜੀ।
ਜਾਣੀ ਲੋਕ ਨਗਰ ਦੇ ਰਸਤੂ, ਪਿੰਡ ਦੀ ਪੌਣ ਫੁੱਲਾਂ ਦੀ ਖੁਸ਼ਬੂ,
ਹੋ ਗਿਆ ਜਿਗਰ ਫਾੜੀਓ ਫਾੜੀ, ਵੱਢਦੀ ਚੁੰਝ ਜਿੰਦਾਂ ਬਘਿਆੜੀ,
ਓ ਹੱਡੀਆਂ ਸੁੱਟਦੀ ਚੱਬ ਤਾਂ ਜੀ,
ਆਉਂਦਾ ਵਤਨ ਪਿਆਰਾ ਚੇਤੇ ਜਦ ਖਿੱਚ ਪਾਉਂਣ ਮੁਹੱਬਤਾਂ ਜੀ।

ਕਾਂਡ ੧੧

ਕਾਫੀ ਦੇਰ ਦੀ ਚੁੱਪੀ ਤੋਂ ਬਾਅਦ ਹਰਪ੍ਰੀਤ ਨੇ ਬਾਪੂ ਨੂੰ ਥੋੜਾ ਜਿਹਾ ਹਲੂਣਿਆਂ, "ਬਾਪੂ...? ਬਾਪੂ...? ਕੀ ਗੱਲ ਹੋਗੀ? ਕਿੱਧਰ ਗੁਆਚ ਗਿਆ ਸੀ?"

ਅਜਮੇਰ ਸਿੰਘ ਅੱਭੜਵਾਹਿਆ ਆਸੇ ਪਾਸੇ ਵੇਖਣ ਲੱਗ ਪਿਆ, ਜਿਵੇਂ ਕਿਸੇ ਨੇ ਗੂੜ੍ਹੀ ਨੀਂਦ 'ਚੋਂ ਝੰਜੋੜ ਕੇ ਜਗਾ ਦਿੱਤਾ ਹੋਵੇ।

ਗੁਰਪ੍ਰੀਤ ਨੇ ਬਾਪੂ ਨੂੰ ਪਾਣੀ ਫੜਾਉਂਦਿਆਂ ਕਿਹਾ, "ਲੈ ਬਾਪੂ ਪਾਣੀ ਪੀ ਲਾ, ਕੀ ਗੱਲ ਹੋਗੀ, ਤੂੰ ਕੁਛ ਬੋਲਦਾ ਕਿਉਂ ਨਈਂ"

ਪਾਣੀ ਪੀ ਕੇ ਅਜਮੇਰ ਸਿੰਘ ਥੋੜਾ ਠੀਕ ਮਹਿਸੂਸ ਕਰਨ ਲੱਗਾ ਸੀ, "ਕੁਛ ਨੀ ਪੁੱਤ, ਕਿਤੇ ਗੁਆਚ ਗਿਆ ਸੀ। ਪੁਰਾਣੀਆਂ ਯਾਦਾਂ ਵਿਚ...... ਪੁਰਾਣੇ ਯਾਰ ਬੇਲੀ ਮਿਲ ਗਏ ਸਨ। ਬਚਪਨ ਦੇ ਆੜੀ......" ਅਜਮੇਰ ਸਿਹੁੰ ਫੇਰ ਥੋੜਾ ਗੁੰਮ ਸੁੰਮ ਹੁੰਦਾ ਜਾ ਰਿਹਾ ਸੀ।

ਉਸ ਨੂੰ ਇਸ ਤਰ੍ਹਾਂ ਦੇਖ ਕੇ ਗੁਰਪ੍ਰੀਤ ਬੋਲਿਆ, "ਮੈਨੂੰ ਲੱਗਦੈ ਤੈਨੂੰ ਬਾਬੇ ਇਲਮ ਦੀਨ ਦੀ ਯਾਦ ਆ ਗੀ ਹੋਣੀ ਐਂ" ਅਜਮੇਰ ਸਿੰਘ ਨੇ ਆਪਣੇ ਦੋਹਾਂ ਪੋਤਿਆਂ ਨੂੰ ਹਿੰਦੋਸਤਾਨ-ਪਾਕਿਸਤਾਨ ਦੀ ਵੰਡ ਦੀ ਵਾਰਤਾ ਪਹਿਲਾਂ ਸੁਣਾਈ ਹੋਈ ਸੀ।

"ਆਹੋ ਪੁੱਤ! ਕਾਹਨੂੰ ਭੁੱਲਦੈ ਉਹ ਸਭ ਕੁਝ, ਜੇ ਕਿਤੇ ਅਸੀਂ ਉੱਥੇ ਰੁਕ ਜਾਂਦੇ...... ਜੇ ਕਿਤੇ ਅਸੀਂ ਪਾਕਿਸਤਾਨ ਜਾਣ ਤੱਕ ਉਹਨਾਂ ਦੇ ਨਾਲ ਰਹਿੰਦੇ...... ਤਾਂ ਸ਼ੈਂਤ ਉਹ ਬਚ ਈ ਜਾਂਦੇ, ਪਰ ਕੁਦਰਤ ਨੂੰ ਕੁਝ ਹੋਰ ਈ ਮਨਜ਼ੂਰ ਸੀ। ਮੈਂ ਥੋਨੂੰ ਕਿਹਾ ਸੀ ਨਾ ਪੁੱਤ ਬਈ ਬਾਹਮਣ ਵੈਰ ਨੂੰ ਪਾਲਦੈ ਤੇ ਜਦੋਂ ਵੀ ਮੌਕਾ ਲੱਗੇ ਉਦੋਂ ਹੀ ਕਾਲਾ ਨਾਗ ਬਣ ਕੇ ਡੱਸ ਲੈਂਦੈ ਤੇ ਅਗਲਾ ਪਾਣੀ ਨੀ ਮੰਗਦਾ। ਚਲੋ ਮੰਨਿਆਂ ਕਿ ਇਲਮੇਂ ਨਾਲ ਤਾਂ ਪ੍ਰੇਮੇਂ ਦੀ ਦੁਸ਼ਮਨੀ ਸੀ, ਪਰ ਉਸ ਦੇ ਬਾਕੀ ਪਰਿਵਾਰ ਦਾ ਕੀ ਦੋਸ਼ ਸੀ। ਉਸ ਦੀਆਂ ਮਾਸੂਮ ਧੀਆਂ ਨੇ ਕਿਸੇ ਦਾ ਕੀ ਚੁੱਕਿਆ ਸੀ" ਅਜਮੇਰ ਸਿੰਘ ਨੂੰ ਅਜੇ ਵੀ ਪ੍ਰੇਮ ਲਾਲ 'ਤੇ ਬਹੁਤ ਗੁੱਸਾ ਆ ਰਿਹਾ ਸੀ।

"ਤੇ ਬਾਪੂ ਫਿਰ ਉਸ ਨੂੰ ਉਸ ਦੀ ਕਰਨੀ ਦਾ ਫਲ ਵੀ ਮਿਲ ਗਿਆ ਨਾ" ਇਸੇ ਪਿੰਡ ਦਾ ਹੋਣ ਕਰਕੇ ਬੇਅੰਤ ਨੂੰ ਵੀ ਸਾਰੀ ਘਟਨਾਂ ਦਾ ਪਤਾ ਸੀ।

"ਆਹੋ ਪੁੱਤ ਪਰਮਾਤਮਾਂ ਤਾਂ ਸਭ ਵੇਂਹਦਾ ਹੁੰਦੈ, ਬੰਦਾ ਚਾਹੇ ਲੱਖ ਦੁਨੀਆਂ ਤੋਂ ਲੁਕਾ ਕੇ ਪਾਪ ਕਰੇ, ਪਰ ਪਰਮਾਤਮਾਂ ਤੋਂ ਨਹੀਂ ਲੁਕਾ ਸਕਦਾ। ਮਾੜੇ ਕੰਮਾਂ ਦੀ ਸਜ਼ਾ ਤਾਂ ਉਸ ਨੂੰ ਮਿਲਦੀ ਹੀ ਐ"।

"ਚੱਲ ਬਾਪੂ ਤੂੰ ਆਪਣੀ ਵਾਰਤਾ ਅੱਗੇ ਤੋਰ। ਵੰਡ ਤੋਂ ਬਾਅਦ ਦੀ ਕਹਾਣੀ

ਸ਼ੁਰੂ ਕਰ। ੧੫ ਅਗਸਤ ੧੯੪੭ ਤੋਂ ਅਗਲੀ" ਗੁਰਪ੍ਰੀਤ ਨੂੰ ਡਰ ਸੀ ਕਿ ਕਿਤੇ ਫੇਰ ਕਹਾਣੀ ਵੰਡ 'ਤੇ ਆ ਕੇ ਨਾ ਰੁਕ ਜਾਵੇ।

"ਪੁੱਤ ਇਸੇ ਦਿਨ, ੧੫ ਅਗਸਤ ਤੋਂ ਹੀ ਸ਼ੁਰੂ ਹੁੰਦੀ ਹੈ ਬੇਵਫਾਈਆਂ ਦੀ ਲੰਬੀ ਦਾਸਤਾਨ, ਧੋਖਿਆਂ ਦੀ ਕਦੇ ਨਾ ਮੁੱਕਣ ਵਾਲੀ ਵਾਰਤਾ। ਇੱਕ ਜੁਝਾਰੂ ਕੌਮ ਦੀ ਨਸਲਕੁਸ਼ੀ ਕਰਨ ਦੇ ਛੜਯੰਤਰ ਕੁਰਸੀ 'ਤੇ ਬੈਠਦਿਆਂ ਹੀ ਘੜਣੇ ਸ਼ੁਰੂ ਕਰ ਦਿੱਤੇ ਗਏ। ਮੁਹੰਮਦ ਅਲੀ ਜਿਨਾਹ ਦੀਆਂ ਕਹੀਆਂ ਗੱਲਾਂ ਸੱਚ ਸਾਬਤ ਹੋਣ ਲੱਗਦੀਆਂ ਨੇ......। ਤੇ ਸ਼ੁਰੂਆਤ ਕੀਤੀ ਜਾਂਦੀ ਹੈ ੧੦ ਅਕਤੂਬਰ ੧੯੪੭ ਨੂੰ ਪੰਜਾਬ ਦੇ ਡਿਪਟੀ ਕਮਿਸ਼ਨਰਾਂ ਨੂੰ ਭੇਜੇ ਗਏ ਸਰਕੂਲਰ ਤੋਂ। ਜਿਸ ਵਿਚ ਡਿਪਟੀ ਕਮਿਸ਼ਨਰਾਂ ਨੂੰ ਆਗਾਹ ਕੀਤਾ ਗਿਆ ਕਿ, "ਸਿੱਖ ਇੱਕ ਜ਼ਰਾਇਮ ਪੇਸ਼ਾ ਕੌਮ ਹੈ ਤੇ ਇਹਨਾਂ ਨੂੰ ਨੱਥ ਪਾਈ ਜਾਵੇ"। ਪਾਕਿਸਤਾਨ ਤੋਂ ਉੱਜੜ ਕੇ ਆਏ ਸਿੱਖਾਂ ਨੂੰ ਪੰਜਾਬ ਤੋਂ ਦੂਰ ਦੀਆਂ ਸਟੇਟਾਂ ਵਿਚ ਭੇਜਿਆ ਜਾਵੇ, ਤਾਂ ਕਿ ਇਹ ਪੰਜਾਬ ਵਿਚ ਬਹੁਗਿਣਤੀ ਨਾ ਹੋ ਸਕਣ। ਜੇ ਇਹ ਇਕੱਠੇ ਰਹਿਣਗੇ ਤਾਂ ਕੱਲ ਨੂੰ ਸਾਡੇ ਲਈ ਮੁਸੀਬਤਾਂ ਖੜ੍ਹੀਆਂ ਕਰਨਗੇ, ਸੋ ਇਹਨਾਂ ਨੂੰ ਹਿੰਦੋਸਤਾਨ ਦੇ ਵੱਖ-ਵੱਖ ਹਿੱਸਿਆਂ ਵਿਚ ਵੰਡ ਦਿੱਤਾ ਜਾਵੇ ਤਾਂ ਕਿ ਇਹ ਖਿੱਲਰ ਕੇ ਰਹਿ ਜਾਣ। 'ਬੇਘਰੇ' ਸਿੱਖ ਵਿਚਾਰੇ ਹਕੂਮਤਾਂ ਦੇ ਮੂੰਹ ਵੱਲ ਝਾਕ ਰਹੇ ਸਨ। ਹਰੇਕ ਦੇ ਪਰਿਵਾਰ ਦਾ ਕੋਈ ਨਾ ਕੋਈ ਜੀਅ ਇਸ ਚੰਦਰੀ ਵੰਡ ਨੇ ਖਾ ਲਿਆ ਸੀ। ਭਰੇ-ਭਕੁੰਨੇ ਘਰ ਲੁੱਟੇ ਗਏ ਸਨ। ਤਨ 'ਤੇ ਪਹਿਨੇ ਕੱਪੜਿਆਂ ਤੋਂ ਬਿਨਾ ਹੋਰ ਕੁਝ ਵੀ ਪੱਲੇ ਨਹੀਂ ਸੀ...... ਤੇ ਕਈ ਧੀਆਂ ਦੇ ਤਾਂ ਵਿਚਾਰੀਆਂ ਦੇ ਤਨ 'ਤੇ ਪੂਰੇ ਕੱਪੜੇ ਵੀ ਨਹੀਂ ਸਨ, ਉਹਨਾਂ ਨੇ ਤਾਂ ਆਪਣੇ ਬਾਬਲ ਦੀ ਪੱਗ ਹੀ ਸਰੀਰ ਦੁਆਲੇ ਲਪੇਟੀ ਹੋਈ ਸੀ, ਵਹਿਸ਼ੀਆਂ ਦੁਆਰੇ ਪਾੜੇ ਗਏ ਕੱਪੜਿਆਂ ਦਾ ਨੰਗੇਜ ਢਕਣ ਲਈ। ਕਈ ਥਾਵਾਂ 'ਤੇ ਲਹਿਰਾਉਂਦਾ ਹੋਇਆ ਤਿਰੰਗਾ ਝੰਡਾ ਇਹਨਾਂ ਨੂੰ ਆਪਣੇ ਮੂੰਹ ਚਿੜਾਉਂਦਾ ਹੋਇਆ ਜਾਪਦਾ। ਕਈ ਵਾਰ ਤਾਂ ਇਹਨਾਂ ਦਾ ਜੀਅ ਕਰਦਾ ਕਿ ਇਸ ਨੂੰ ਲਾਹ ਕੇ ਲੀਰੋ ਲੀਰ ਕਰ ਦੇਣ ਤੇ ਆਜ਼ਾਦੀ ਦੀ ਖੁਸ਼ੀ ਵਿਚ ਲਹਿਰਾਉਂਦੇ ਇਸ ਤਿਰੰਗੇ ਨੂੰ ਦੱਸਣ ਕਿ ਉਜਾੜਾ ਕੀ ਹੁੰਦਾ ਹੈ। ਲਗਭਗ ਸਾਰੇ ਸਿਆਣੇ ਸਿੱਖਾਂ ਦੇ ਮਨ ਵਿਚ ਏਸ ਗੱਲ ਨੇ ਤਰਥੱਲੀ ਮਚਾਈ ਹੋਈ ਸੀ ਕਿ ਹਿੰਦੂਆਂ ਨੂੰ ਹਿੰਦੋਸਤਾਨ ਮਿਲ ਗਿਆ, ਮੋਮਨਾਂ ਨੂੰ ਪਾਕਿਸਤਾਨ...... ਪਰ ਗੋਰਿਆਂ ਨੂੰ ਇਸ ਦੇਸ਼ ਵਿਚੋਂ ਕੱਢਣ ਲਈ ਸਭ ਤੋਂ ਵੱਧ ਲਹੂ ਡੋਲ੍ਹਣ ਵਾਲੀ ਕੌਮ ਦੇ ਹਿੱਸੇ ਕੀ ਆਇਆ......"

"ਬਾਪੂ ਜੀ ਕੀ ਸਾਨੂੰ ਵੀ ਵੱਖਰਾ ਦੇਸ਼ ਮਿਲ ਸਕਦਾ ਸੀ?" ਬੇਅੰਤ ਨੇ ਗੰਭੀਰਤਾ ਨਾਲ ਪੁੱਛਿਆ। ਜਦੋਂ ਵੀ ਮੁੰਡੇ ਕੋਈ ਐਸਾ ਸਵਾਲ ਪੁੱਛਦੇ ਸਨ ਤਾਂ ਅਜਮੇਰ ਸਿੰਹੁ ਸਮਝ ਜਾਂਦਾ ਸੀ ਕਿ ਮੁੰਡੇ ਪੂਰੇ ਧਿਆਨ ਨਾਲ ਸੁਣ ਰਹੇ ਹਨ।

"ਹਾਂ ਪੁੱਤ, ਅੰਗਰੇਜ਼ ਸਾਨੂੰ ਵੀ ਬਰਾਬਰ ਦੀ ਕੌਮ ਸਮਝਦੇ ਸਨ। ਉਹਨਾਂ ਨੇ ਸਿੱਖ ਲੀਡਰਾਂ ਨੂੰ ਵੱਖਰੀ ਸਿੱਖ ਸਟੇਟ ਬਾਰੇ ਪੇਸ਼ਕਸ਼ ਵੀ ਕੀਤੀ ਸੀ। ਮੁਹੰਮਦ ਅਲੀ ਜਿਨਾਹ ਵੀ ਸਿੱਖ ਲੀਡਰਾਂ ਨੂੰ ਸਮਝਾ-ਸਮਝਾ ਕੇ ਹਾਰ ਗਿਆ ਕਿ 'ਆਪਣਾ ਘਰ' ਲੈ ਲਓ। ਪਰ ਇਹਨਾਂ ਬੋਲਿਆਂ ਨੇ ਕਿਸੇ ਦੀ ਇੱਕ ਨਾ ਸੁਣੀ। ਇਹਨਾਂ ਦੇ ਦਿਮਾਗ

ਵਿਚ ਤਾਂ ਬਸ ਇਹੀ ਗੱਲ ਬੈਠੀ ਹੋਈ ਸੀ ਕਿ ਸਾਡੇ ਨੌਂਵੇਂ ਗੁਰੂ ਨੇ ਟਿੱਕੇ ਤੇ ਜਨੇਊ ਲਈ ਕੁਰਬਾਨੀ ਦਿੱਤੀ ਸੀ, ਸੋ ਅਸੀਂ ਇਹਨਾਂ ਨਾਲ ਹੀ ਰਹਾਂਗੇ। ਬਾਹਮਣ ਸਾਡੇ ਨਾਲ ਕੋਈ ਵਧੀਕੀ ਨਹੀਂ ਕਰੇਗਾ। ਇਸ 'ਤੇ ਸਾਡੇ ਬਹੁਤ ਅਹਿਸਾਨ ਨੇ। ਪਰ ਸ਼ਾਇਦ ਸਾਡੇ ਲੀਡਰ ਭੁੱਲ ਗਏ ਸਨ ਕਿ ਇਸੇ ਬਾਹਮਣ ਬਾਰੇ 'ਗੁਰਬਾਣੀ' ਨੇ ਇਹ ਵੀ ਕਿਹਾ ਹੈ,

"ਮਥੈ ਟਿਕਾ ਤੇੜ ਧੋਤੀ ਕਖਾਈ
ਹਥਿ ਛੁਰੀ ਜਗਤ ਕਾਸਾਈ"

ਚਾਲਬਾਜ਼ ਬਾਹਮਣ ਲੀਡਰਾਂ ਨਹਿਰੂ, ਗਾਂਧੀ, ਪਟੇਲ ਵਰਗਿਆਂ ਦੀਆਂ ਮੋਮੋਠਗਣੀਆਂ ਵਿਚ ਸਿੱਖ ਲੀਡਰ ਫਸ ਗਏ। ਅੰਗਰੇਜ਼ਾਂ ਦੇ ਲੱਖ ਵਾਰ ਕਹਿਣ ਦੇ ਬਾਵਜੂਦ ਇਹਨਾਂ ਨੇ ਕਿਸੇ ਦੀ ਇੱਕ ਨਹੀਂ ਸੁਣੀ ਤੇ ਨਹਿਰੂ ਦੇ ਰੋਕਣ ਕਾਰਨ ਅੰਗਰੇਜ਼ਾਂ ਨਾਲ ਬੈਠ ਕੇ ਕੋਈ ਮੀਟਿੰਗ ਵੀ ਨਹੀਂ ਕੀਤੀ। ਜਦਕਿ ਅੰਗਰੇਜ਼ ਚਾਹੁੰਦੇ ਸਨ ਕਿ ਸਿਖ ਲੀਡਰ ਉਹਨਾਂ ਨਾਲ ਬੈਠ ਕੇ ਕੋਈ ਗੱਲ-ਬਾਤ ਕਰਨ...... ਪਰ ਕੌਮ ਦੀ ਮਾੜੀ ਕਿਸਮਤ...... ਸਭ ਫਜ਼ੂਲ"

"ਆਗੂ ਹੋ ਤੋ ਕੌਮ ਕੋ ਜ਼ਹੰਨਮ ਮੇਂ ਨਾ ਝੋਕੋ,
ਹਮ ਧੋਖੋਂ ਕੇ ਜਹੰਨਮ ਮੇਂ ਬਹੁਤ ਦੇਰ ਜਲੇ ਹੈਂ" ਬੇਅੰਤ ਵਿਚੋਂ ਹੀ ਬੋਲ ਗਿਆ।

ਬਾਪੂ ਨੇ ਗੱਲ ਜਾਰੀ ਰੱਖੀ "ਅੰਗਰੇਜ਼ਾਂ ਵੱਲੋਂ ਦਿੱਤੀ ਗਈ ਵੀਟੋ ਪਾਵਰ ਵਾਪਸ ਕਰ ਦਿੱਤੀ। ਆਪਣੇ ਹੱਥ ਵਢਾ ਕੇ ਗਲ ਵਿੱਚ ਰੱਸਾ ਪਵਾ ਕੇ ਬਾਹਮਣਾ ਦੇ ਮਗਰ ਮਗਰ ਤੁਰਦੇ ਰਹੇ, ਪਰ ਆਜ਼ਾਦੀ ਤੋਂ ਡੇਢ ਕੁ ਮਹੀਨਾ ਬਾਅਦ ਹੀ ਜਦੋਂ 'ਸਿਖ ਜ਼ਰਾਇਮ ਪੇਸ਼ਾ' ਵਾਲਾ ਸਰਕੂਲਰ ਬਾਹਰ ਆਇਆ ਤਾਂ ਇਹਨਾਂ ਦੀ ਅਕਲ ਟਿਕਾਣੇ ਆ ਗਈ। ਇਹਨਾਂ ਦੀਆਂ ਖਾਨਿਓਂ ਗਈਆਂ, ਬਾਹਮਣ ਦਾ ਏਨੀ ਛੇਤੀ ਬਦਲਿਆ ਚਿਹਰਾ ਵੇਖ ਕੇ ਇਹਨਾਂ ਦੀ ਨੀਂਦ ਉੱਡ ਗਈ ਤੇ ਰਹਿੰਦੀ ਕਸਰ ਨਹਿਰੂ ਨੇ ਤਾਰਾ ਸਿੰਘ ਨੂੰ ਇਹ ਕਹਿ ਕੇ ਪੂਰੀ ਕਰ ਦਿੱਤੀ ਕਿ, 'ਮਾਸਟਰ ਜੀ ਅਬ ਹਾਲਾਤ ਬਦਲ ਚੁਕੇ ਹੈਂ'। ਫੇਰ ਕੀ ਸੀ ਇਹ ਲੱਗੇ ਪਿੱਟ ਸਿਆਪੇ ਕਰਨ, ਪਰ

'ਤਾਲੋਂ ਖੁੰਝੀ ਡੂਮਣੀ, ਬੋਲੈ ਆਲ ਪਤਾਲ'

ਹੁਣ ਰੌਲਾ ਪਾਇਆਂ ਕੀ ਬਣਦਾ ਸੀ। ਸਾਰੀਆਂ ਸ਼ਕਤੀਆਂ ਬਾਹਮਣ ਦੇ ਹੱਥ ਆ ਗਈਆਂ ਸਨ। ਹੁਣ ਸਾਡੇ ਲੀਡਰਾਂ ਨੇ ਅੰਗਰੇਜ਼ਾਂ ਤੱਕ ਦੁਬਾਰਾ ਪਹੁੰਚ ਕੀਤੀ, ਪਰ ਉਹਨਾਂ ਨੇ ਵੀ ਅੱਗੋਂ ਆਪਣੀ ਅਸਮਰਥਾ ਜਤਾਈ, ਇਹ ਕਹਿ ਕੇ ਕਿ ਹੁਣ ਸਾਡੇ ਹੱਥ ਕੁਝ ਵੀ ਨਹੀਂ, ਤੁਸੀਂ ਮੌਕਾ ਖੁਝਾ ਦਿੱਤਾ ਹੈ। ਅੰਗਰੇਜ਼ਾਂ ਨੇ ਫਿਰ ਵੀ ਇਹਨਾਂ ਨੂੰ ਹੌਸਲਾ ਦਿੱਤਾ ਕਿ ਅਸੀਂ ਹਿੰਦ ਹਕੂਮਤ ਨਾਲ ਗੱਲ ਕਰਕੇ ਵੇਖਾਂਗੇ। ਪਰ ਬਾਹਮਣ ਹੁਣ ਕਿਸ ਨੂੰ ਦਵਾਲ ਸੀ। ਹਜ਼ਾਰਾਂ ਸਾਲਾਂ ਦੀ ਗੁਲਾਮੀਂ ਤੋਂ ਬਾਅਦ ਮਸਾਂ-ਮਸਾਂ ਤਾਂ ਹੱਥ ਤਾਕਤ ਆਈ ਸੀ, ਸੋ ਅੰਗਰੇਜ਼ਾਂ ਦੇ ਕਹਿਣ 'ਤੇ ਵੀ ਬਾਹਮਣ ਸਰਕਾਰ ਨੇ ਜਵਾਂ ਲੱਤ ਨਹੀਂ ਲਾਈ......"

ਸਾਰੇ ਮੁੰਡਿਆਂ ਨੂੰ ਆਪਣੇ ਅੰਦਰ ਕੁਝ ਉੱਬਲਦਾ ਪ੍ਰਤੀਤ ਹੋ ਰਿਹਾ ਸੀ।

"ਅਸਲ ਵਿਚ ਗਾਂਧੀ, ਨਹਿਰੂ ਤੇ ਪਟੇਲ ਬਹੁਤ ਚਲਾਕ ਬਾਹਮਣ ਸਨ। ਇਕੱਲੇ ਸਾਡੇ ਨਾਲ ਨਹੀਂ ਇਹਨਾਂ ਨੇ ਹੋਰਾਂ ਕਈਆਂ ਨਾਲ ਵੀ ਠੱਗੀਆਂ ਮਾਰੀਆਂ। ਇੱਕ ਵਾਰ ਜਦੋਂ ਦਲਿਤ ਆਗੂ ਡਾਕਟਰ ਅੰਬੇਦਕਰ ਨੇ ਦਲਿਤਾਂ ਨਾਲ ਸਵਰਨਾਂ ਵੱਲੋਂ ਕੀਤੀਆਂ ਜਾਂਦੀਆਂ ਵਧੀਕੀਆਂ ਦੇ ਵਿਰੋਧ ਵਿਚ ਸਾਰੇ ਦਲਿਤਾਂ ਨੂੰ ਇਕੱਠੇ ਕਰ ਕੇ ਸਿਖ ਬਣਨ ਦਾ ਮਨ ਬਣਾ ਲਿਆ ਸੀ ਤਾਂ ਏਸੇ ਗਾਂਧੀ ਨੇ ਸਭ ਤੋਂ ਵੱਡਾ ਰੋੜਾ ਅਟਕਾਇਆ ਸੀ। ਗਾਂਧੀ ਕਿਸੇ ਵੀ ਹਾਲਾਤ ਵਿਚ ਸਿਖਾਂ ਦੀ ਗਿਣਤੀ, ਜਨਸੰਖਿਆ ਪੱਖੋਂ, ਵਧਣ ਨਹੀਂ ਦੇਣੀ ਚਾਹੁੰਦਾ ਸੀ। ਦਲਿਤਾਂ ਦੇ ਸਿਖ ਬਣਨ ਨਾਲ ਸਿਖਾਂ ਦੀ ਗਿਣਤੀ ਤਿੱਗਣੀ ਹੋ ਜਾਣੀ ਸੀ ਤੇ ਲੋਕਤੰਤਰ ਵਿਚ ਜਿਸ ਦੀ ਗਿਣਤੀ ਜਾਂ ਕਹਿ ਲਓ ਵੋਟਾਂ ਵੱਧ ਹੋਣ ਉਸੇ ਹੱਥ ਪਾਵਰ ਆਉਂਦੀ ਹੈ ਤੇ ਗਾਂਧੀ ਕਿਸੇ ਵੀ ਹਾਲਤ ਵਿਚ ਸਿਖਾਂ ਦੇ ਹੱਥ ਰਾਜ ਸ਼ਕਤੀ ਨਹੀਂ ਆਉਂਣ ਦੇਣੀ ਚਾਹੁੰਦਾ ਸੀ। ਹਜ਼ਾਰਾਂ ਸਿਖ ਵੰਡ ਦੀ ਭੇਂਟ ਚੜ੍ਹ ਗਏ ਸਨ, ਲੱਖਾਂ ਉੱਜੜ ਕੇ ਆਇਆਂ ਨੂੰ ਇਹਨਾਂ ਨੇ ਥਾਂ-ਥਾਂ ਖਿਲਾਰ ਦਿੱਤਾ ਸੀ, ਯਹੂਦੀਆਂ ਵਾਂਗ। ਖਿੱਲਰੀ ਹੋਈ ਕੌਮ 'ਕੁਛ' ਪ੍ਰਾਪਤ ਕਰਨ ਲਈ ਕਦੇ ਵੀ ਇੱਕਮੁੱਠਤਾ ਨਾਲ ਹੰਭਲਾ ਨਹੀਂ ਮਾਰ ਸਕਦੀ ਸੀ...... ਪਰ ਕਰੋੜਾਂ ਦਲਿਤਾਂ ਦੇ ਸਿਖ ਬਣ ਜਾਣ ਨਾਲ ਇਹ ਸੰਭਵ ਹੋ ਸਕਦਾ ਸੀ। ਗਾਂਧੀ ਵੱਲੋਂ ਅੰਬੇਦਕਰ ਅਤੇ ਉਸ ਦੇ ਸਾਥੀ ਦਲਿਤਾਂ ਦੇ ਸਿਖ ਬਣਨ ਦਾ ਵਿਰੋਧ ਕਰਨ ਦਾ ਇੱਕ ਦੂਜਾ ਕਾਰਨ ਸੀ। ਹਜ਼ਾਰਾਂ ਸਾਲਾਂ ਤੋਂ ਦਲਿਤਾਂ ਨਾਲ ਬਾਹਮਣਾ ਵੱਲੋਂ ਬਹੁਤ ਘਟੀਆ ਤੇ ਨੀਚ ਕਿਸਮ ਦਾ ਵਿਹਾਰ ਕੀਤਾ ਜਾ ਰਿਹਾ ਸੀ ਤੇ ਜੋ ਅਜੇ ਵੀ ਬਾਦਸਤੂਰ ਜਾਰੀ ਸੀ। ਹਰੇਕ ਜਗ੍ਹਾ 'ਤੇ ਇਹਨਾਂ ਨਾਲ ਧੱਕਾ ਕੀਤਾ ਜਾਂਦਾ ਸੀ। ਧੀਆਂ-ਭੈਣਾ ਦੀ ਬੇਪੱਤੀ ਬਾਹਮਣਾ ਵੱਲੋਂ ਕੀਤੀ ਜਾਂਦੀ ਸੀ...... ਤੇ ਬਾਹਮਣ ਨੂੰ ਕੋਈ ਸਜ਼ਾ ਵੀ ਨਹੀਂ ਹੁੰਦੀ ਸੀ ਕਿਉਂਕਿ ਉਹ ਤਾਂ ਸ਼ਾਸਤਰਾਂ ਅਨੁਸਾਰ ਦਲਿਤ ਔਰਤਾਂ ਦੀ ਸ਼ੁੱਧੀ ਕਰ ਰਿਹਾ ਸੀ ਉਹਨਾਂ ਨਾਲ ਬਲਾਤਕਾਰ ਕਰਕੇ......"

"ਬਾਪੂ ਜੀ ਕੀ ਥੋਨੂੰ ਪਤੈ......? ਬੀ 'ਹਰੀਜਨ' ਸ਼ਬਦ ਦਾ ਜਨਮ ਕਿਵੇਂ ਹੋਇਐ......" ਮੰਦਰ ਵਿਚੋਂ ਹੀ ਬੋਲ ਪਿਆ, ਸ਼ਾਇਦ ਉਸ ਨੂੰ ਕੋਈ ਗੱਲ ਚੇਤੇ ਆ ਗਈ ਸੀ।

"ਨਹੀਂ ਪੁੱਤ...... ਤੈਨੂੰ ਪਤੈ......?" ਬਾਪੂ ਜੀ ਬੋਲੇ।

"ਹਾਂ ਜੀ...... ਮੈਨੂੰ ਕੇਰਾਂ ਪ੍ਰੋਫੈਸਰ ਜਤਿੰਦਰ ਹੋਰਾਂ ਨੇ ਦੱਸਿਆ ਸੀ, ਬੀ ਜਿਹੜੀਆਂ ਦਲਿਤ ਔਰਤਾਂ ਨਾਲ ਮੰਦਰਾਂ ਦੇ ਗੁਪਤ ਕਮਰਿਆਂ ਵਿਚ ਬਾਹਮਣ ਮਾੜੇ ਕੰਮ ਕਰਦੇ ਸਨ ਤੇ ਉਹਨਾਂ ਔਰਤਾਂ ਦੇ ਜੋ ਜਵਾਕ ਜੰਮਦੇ ਸਨ ਉਹਨਾਂ ਨੂੰ ਹਰੀਜਨ ਕਿਹਾ ਜਾਂਦਾ ਸੀ...... ਕਿਉਂਕਿ ਉਹਨਾਂ ਦੇ ਪਿਉ ਦਾ ਕੁਛ ਪਤਾ ਨਹੀਂ ਹੁੰਦਾ ਸੀ ਤੇ ਬਾਹਮਣ ਪਿਉ ਬਣਨ ਤੋਂ ਇਨਕਾਰੀ ਹੋ ਜਾਂਦਾ ਸੀ...... ਸੋ ਉਹਨਾਂ ਨੂੰ 'ਹਰੀਜਨ' ਜਾਣੀ ਕੇ 'ਰੱਬ ਦੇ ਪੁੱਤ' ਕਿਹਾ ਜਾਣ ਲੱਗਾ......" ਮੰਦਰ ਨੇ ਗੱਲ ਪੂਰੀ ਕੀਤੀ।

"ਲਉ...... ਹਨੇਰ ਸਾਈਂ ਦਾ...... ਹੁਣ ਤੁਸੀਂ ਵੇਖ ਲਓ ਬੀ ਏਦੂੰ ਵੱਡਾ ਕਹਿਰ ਕੀ ਹੋ ਸਕਦਾ ਹੈ...... ਖੈਰ ਆਪਾਂ ਗੱਲ ਕਰ ਰਹੇ ਸੀ ਅੰਬੇਦਕਰ ਦੇ ਸਿਖ

ਬਣਨ ਦੀ। ਗਾਂਧੀ ਨੂੰ ਪਤਾ ਸੀ ਕਿ ਹਜ਼ਾਰਾਂ ਸਾਲਾਂ ਤੋਂ ਸਾਡੇ ਵੱਲੋਂ ਨੀਚ ਬਣਾਏ ਗਏ ਲੋਕ ਅੰਦਰੋਂ ਸਾਡੇ 'ਤੇ ਬਹੁਤ ਔਖੇ ਨੇ ਤੇ ਕਦੇ ਨਾ ਕਦੇ ਆਪਣਾ ਗੁੱਸਾ ਜ਼ਰੂਰ ਕੱਢਣਗੇ ਤੇ ਜੇ ਇਹ ਸਿਖ ਬਣ ਗਏ ਤਾਂ ਫੇਰ ਤਾਂ ਇਹ ਗੁੱਸਾ ਭਾਂਬੜ ਬਣ ਕੇ ਨਿਕਲੇਗਾ......"

"ਪਰ ਕਿਉਂ ਬਾਪੂ ਜੀ...... ਸਿਖ ਬਣ ਜਾਣ ਨਾਲ ਕਿਉਂ......" ਗੁਰਪ੍ਰੀਤ ਨੂੰ ਬਾਪੂ ਦੀ ਇਹ ਗੱਲ ਸਮਝ ਨਹੀਂ ਲੱਗੀ ਸੀ।

"ਪੁੱਤਰ... ਗਾਂਧੀ ਨੂੰ ਪਤਾ ਸੀ ਕਿ ਸਿਖ ਫਲਸਫਾ,

"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ"

ਕਹਿ ਕੇ ਇਹਨਾਂ ਵੱਲੋਂ ਅਛੂਤ ਬਣਾਏ ਗਏ ਦਲਿਤਾਂ ਨੂੰ ਗਲ ਨਾਲ ਲਾਏਗਾ। ਜਦੋਂ ਸਿਖ ਸਿਧਾਂਤ ਇਹਨਾਂ ਨੂੰ ਦੱਸੇਗਾ,

"ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ ॥
ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ ॥"
ਜਾਂ
"ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥
ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ ਰਹਾਉ ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
ਤਉ ਆਨ ਬਾਟ ਕਾਹੇ ਨਹੀ ਆਇਆ ॥੨॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥
ਹਮ ਕਤ ਲੋਹੂ ਤੁਮ ਕਤ ਦੂਧ ॥੩॥"

ਤਾਂ ਇਹ ਦੁੱਗਣੀ ਤਾਕਤ ਨਾਲ ਬਾਹਮਣ ਨੂੰ ਚੈਲੇਂਜ ਕਰਨਗੇ। ਜਦੋਂ ਦਲਿਤਾਂ ਨੂੰ ਪਤਾ ਲੱਗੇਗਾ ਕਿ,

"ਮਥੈ ਟਿਕਾ ਤੇੜਿ ਧੋਤੀ ਕਖਾਈ ॥
ਹਥਿ ਛੁਰੀ ਜਗਤ ਕਾਸਾਈ ॥"

ਵਾਲਾ ਹੀ ਸਾਡਾ ਅਸਲੀ ਦੁਸ਼ਮਨ ਹੈ ਤਾਂ ਬਾਹਮਣਾ ਦਾ ਬਚਣਾ ਮੁਸ਼ਕਿਲ ਹੈ। ...... ਸੋ ਗਾਂਧੀ ਨੇ ਇਹ ਸਭ ਵਿਚਾਰਦੇ ਹੋਏ ਐਲਾਨ ਕਰ ਦਿੱਤਾ ਕਿ ਮੇਰੇ ਜਿਉਂਦੇ ਜੀਅ ਦਲਿਤ, ਸਿਖ ਨਹੀਂ ਬਣਨਗੇ...... ਤੇ ਮਰਨ ਵਰਤ 'ਤੇ ਬਹਿ ਗਿਆ...... ਅੰਬੇਦਕਰ ਹਾਲਾਤਾਂ ਨੂੰ ਸਮਝ ਰਿਹਾ ਸੀ, ਉਸਨੂੰ ਪਤਾ ਸੀ ਕਿ ਗਾਂਧੀ ਨੂੰ ਕੁਝ ਨਹੀਂ ਹੋਵੇਗਾ...... ਪਰ ਉਸ ਦੇ ਮਨ ਵਿਚ ਡਰ ਵੀ ਸੀ ਕਿ ਜੇ ਏਹਨੂੰ ਕੁਝ ਹੋ ਗਿਆ ਤਾਂ ਹਿੰਦੋਸਤਾਨੀਆਂ ਨੇ ਸਾਨੂੰ ਜਿਊਣ ਜੋਗੇ ਨਹੀਂ ਛੱਡਣਾ, ਕਿਉਂਕਿ ਓਦੋਂ ਤਕ ਗਾਂਧੀ 'ਮਹਾਤਮਾਂ' ਤੇ 'ਬਾਪੂ' ਬਣ ਚੁੱਕਾ ਸੀ। ਸੋ ਅੰਬੇਦਕਰ ਗਾਂਧੀ ਨਾਲ ਮੁਲਾਕਾਤ ਕਰਨ ਲਈ ਚਲਾ ਗਿਆ। ਅੱਗੋਂ ਗਾਂਧੀ ਮੋਮੋਠਗਣੀਆਂ ਮਾਰਨ ਲਈ ਲੰਗੋਟ

ਕਸੀ ਬੈਠਾ ਸੀ। ਲੰਬੀ ਗੱਲਬਾਤ ਤੇ ਬਹਿਸ ਤੋਂ ਬਾਅਦ ਉਸ ਨੇ ਇਸ ਸ਼ਰਤ 'ਤੇ ਅੰਬੇਦਕਰ ਨੂੰ ਰਾਜ਼ੀ ਕਰ ਲਿਆ, ਕਿ

"ਆਪ ਫ਼ਿਕਰ ਮਤ ਕੀਜੀਏ...... ਆਜ਼ਾਦ ਭਾਰਤ ਕਾ ਪਹਿਲਾ ਰਾਸ਼ਟਰਪਤੀ ਏਕ ਸ਼ੂਦਰ ਹੋਗਾ...... ਔਰ ਵੋਹ ਭੀ ਏਕ ਸ਼ੂਦਰ ਔਰਤ..."

ਅੰਬੇਦਕਰ ਕਸੂਤੀ ਸਥਿਤੀ ਵਿਚ ਫਸ ਗਿਆ...... ਗਾਂਧੀ ਦੇ ਬੁਣੇ ਜਾਲ ਵਿਚ ਉਲਝ ਗਿਆ...... ਤੇ ਰਹਿ ਗਿਆ...... ਉੱਥੇ ਦਾ ਉੱਥੇ......"

"ਤਾਂ ਕੀ ਫੇਰ ਦਲਿਤ ਸਿਖ ਨਹੀਂ ਬਣੇ..." ਹਰਪ੍ਰੀਤ ਬੋਲਿਆ।

"ਨਹੀਂ...... ਉਹਨਾਂ ਵਿਚੋਂ ਕੁਝ ਬੋਧੀ ਬਣ ਗਏ...... ਤੇ ਕੁਝ ਉਸੇ ਤਰ੍ਹਾਂ ਰਹਿ ਗਏ ਵਿਚ ਵਿਚਾਲੇ"

ਬਾਪੂ ਨੇ ਗੱਲ ਰੋਕ ਦਿੱਤੀ। ਬਾਹਰ ਕਾਫ਼ੀ ਹਨੇਰਾ ਹੋ ਚੁੱਕਾ ਸੀ।

"ਮੈਨੂੰ ਲੱਗਦੈ ਟੈਮ ਕਾਰੀ ਹੋ ਗਿਐ...... ਕਿੰਨੇ ਵੱਜਗੇ ਓ ਗੋਪੀ......" ਬਾਪੂ ਨੇ ਗੁਰਪ੍ਰੀਤ ਨੂੰ ਪੁੱਛਿਆ।

ਬਾਰ੍ਹਵੀਂ ਵਿਚੋਂ ਚੰਗੇ ਨੰਬਰ ਲੈਣ ਕਰਕੇ ਘਰਦਿਆਂ ਨੇ ਗੁਰਪ੍ਰੀਤ ਨੂੰ ਇੱਕ ਵਧੀਆ ਘੜੀ ਲੈ ਕੇ ਦਿੱਤੀ ਸੀ, ਜਿਹੜੀ ਉਹ ਹਮੇਸ਼ਾਂ ਬੰਨ੍ਹੀ ਰੱਖਦਾ ਸੀ ਤੇ ਆਮ ਪੇਂਡੂ ਸੁਭਾਓ ਵਾਂਗ ਸਾਰਿਆਂ ਨੇ ਉਸ ਦੀ ਚੇੜ ਜਹੀ ਪਾ ਲਈ ਸੀ ਤੇ ਉਸੇ ਤੋਂ ਵਾਰੀ-ਵਾਰੀ ਟਾਈਮ ਪੁੱਛਦੇ ਸਨ...... ਪਰ ਹੁਣ ਇਹ ਸਭ ਦੀ ਆਦਤ ਬਣ ਗਈ ਸੀ।

"ਗਿਆਰਾਂ ਵੱਜੇ ਨੇ ਅਜੇ ਤਾਂ..."

"ਪਤੰਦਰਾ ਅੱਧੀ ਰਾਤ ਲੰਘ ਗਈ ਐ ਤੇ ਤੂੰ ਆਏਂ ਕਹਿਨੈਂ ਜਿਵੇਂ ਅੱਠ ਈ ਵੱਜੇ ਹੋਣ... ਚਲੋ ਸੌਂ ਜਾਓ ਹੁਣ... ਬਾਕੀ ਕਹਾਣੀ ਕੱਲ ਨੂੰ ਤੋਰਾਂਗੇ... ਨਾਲੇ ਅਜੇ ਬਥੇਰਾ ਕੁਛ ਪਿਐ...... ਆਏਂ ਨੀ ਮੁੱਕਣਾ... ਕਈ ਦਿਨ ਲੱਗ ਜਾਣਗੇ..."ਅਜਮੇਰ ਸਿਹੁੰ ਨੂੰ ਆਪ ਨੂੰ ਨੀਂਦ ਆ ਰਹੀ ਸੀ, ਸੋ ਉਸ ਨੇ ਸਾਰੇ ਮੁੰਡਿਆਂ ਨੂੰ ਬਹਾਨਾ ਜਿਹਾ ਲਾਉਣਾ ਚਾਹਿਆ।

"ਪਰ ਬਾਪੂ ਜੀ... ਰੋਜ਼-ਰੋਜ਼ ਅਸੀਂ ਸਾਰੇ 'ਕੱਠੇ ਵੀ ਨਹੀਂ ਨਾ ਹੋ ਸਕਦੇ...... ਅੱਜ ਤਾਂ ਸਬੱਬ ਨਾਲ ਸਾਰੇ ਆਏਂ ਐਂ... ਨਾਲੇ ਕੱਲ ਨੂੰ ਐਤਵਾਰ ਐ..." ਹਰਪ੍ਰੀਤ ਨੇ ਬਾਪੂ ਨੂੰ ਕਿਹਾ।

"ਆਹੋ ਬਾਪੂ... ਤੂੰ ਨਬੇੜ ਦੇ ਕਹਾਣੀ... ਕੱਲ ਨੂੰ ਦਿਨੇ ਸੌਂ ਲਾਂਗੇ ਸਾਰੇ... ਵੇਹਲੇ ਈ ਐਂ... ਸਵੇਰ ਨੂੰ ਏਹਨਾਂ ਸਾਰਿਆਂ ਨੇ ਮੁੜਨਾ ਵੀ ਐਂ ਆਪੋ ਆਪਣੇ ਘਰੇ" ਗੁਰਪ੍ਰੀਤ ਨੇ ਹਰਪ੍ਰੀਤ ਦੀ ਗੱਲ ਦੀ ਪ੍ਰੋੜਤਾ ਕੀਤੀ।

"ਚੱਲ ਠੀਕ ਐ... ਤੂੰ ਆਏ ਕਰ ਗੋਪੀ, ਯਰ ਚਾਹ ਬਣਾ ਕੇ ਲਿਆ ਸਾਰਿਆਂ ਲਈ...ਚਾਹ ਪੀ ਕੇ ਤੋਰਾਂਗੇ ਅੱਗੇ..."ਬਾਪੂ ਨੇ ਹਾਮੀਂ ਭਰਦਿਆਂ ਕਿਹਾ।

"ਬਾਹਲਾ ਖੜਕਾ ਨਾ ਕਰੀਂ ਰਸੋਈ 'ਚ...... ਐਵੇਂ ਬੀਬੀ ਉੱਠ ਖੜੂਗੀ......" ਹਰਪ੍ਰੀਤ ਨੇ ਗੁਰਪ੍ਰੀਤ ਨੂੰ ਤਾਕੀਦ ਕੀਤੀ।

ਚਾਹ ਪੀ ਕੇ ਸਾਰੇ ਫੇਰ ਲੋਟ ਹੋ ਕੇ ਬੈਠ ਗਏ। ਜਦੋਂ ਗੁਰਪ੍ਰੀਤ ਚਾਹ ਵਾਲੇ ਭਾਂਡੇ ਰੱਖ ਕੇ ਮੁੜ ਰਿਹਾ ਸੀ ਤਾਂ ਉਸਨੂੰ ਬਾਹਰੋਂ ਚੌਕੀਦਾਰ ਦਾ 'ਜਾਗਦੇ ਰਹੋ' ਦਾ

ਹੋਕਾ ਸੁਣਿਆਂ।

ਸ਼ਾਇਦ ਚੌਕੀਦਾਰ ਨੂੰ ਨਹੀਂ ਸੀ ਪਤਾ ਕਿ ਇਹ ਮੁੰਡੇ ਤਾਂ ਅਜਮੇਰ ਸਿਹੁੰ ਤੋਂ ਐਸੀ ਕਹਾਣੀ ਸੁਣ ਰਹੇ ਸਨ ਜਿਸ ਨੂੰ ਸੁਣ ਕੇ ਇਹਨਾਂ ਦੀ ਨੀਂਦ ਹਮੇਸ਼ਾਂ ਲਈ ਉੱਡ ਜਾਣੀ ਸੀ। ਹੁਣ ਤਾਂ ਇਹ ਘੂਕ ਸੁੱਤੀ ਨੀਂਦ ਵਿਚੋਂ ਜਾਗਣ ਵਾਲੇ ਸਨ। ਉਸ ਨੀਂਦ ਵਿਚੋਂ, ਜਿਸ ਨੇ ਪੰਜਾਬ ਦੇ ਸਾਰੇ ਗੱਭਰੂਆਂ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਸੀ। ਜਿਹੜੀ ਨੀਂਦ ਉਹਨਾਂ ਦੀ ਜ਼ਮੀਰ ਨੂੰ ਚੜ੍ਹੀ ਹੋਈ ਸੀ ਤੇ ਉਹ ਬੇਗੈਰਤਾਂ ਵਾਂਗ ਜ਼ਿੰਦਗੀ ਜਿਓ ਰਹੇ ਸਨ।

ਕਾਂਡ ੧੨

''ਜਦੋਂ ਸਭ ਕੁਝ ਲੁੱਟਿਆ ਪੁੱਟਿਆ ਗਿਆ ਤਾਂ ਇਹ ਲੱਗੇ ਪਿੱਟ ਸਿਆਪੇ ਕਰਨ।'' ਪਾਣੀ ਪੀ ਕੇ ਜਦ ਸਾਰੇ ਜਣੇ ਚੁੱਪ ਕਰ ਕੇ ਬੈਠ ਗਏ ਸਨ ਤਾਂ ਅਜਮੇਰ ਸਿੰਘ ਨੇ ਅੱਗੇ ਗੱਲ ਸ਼ੁਰੂ ਕੀਤੀ।

''ਪਰ ਹੁਣ ਤਾਂ "ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥ ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ॥" ਵਾਲੀ ਗੱਲ ਹੋ ਚੁੱਕੀ ਸੀ। ਰਾਹਾਂ ਵਿਚ ਆਵਦੇ ਵਿਛਾਏ ਕੰਡੇ ਜਦ ਹੁਣ ਪੈਰਾਂ ਵਿਚ ਵੱਜੇ ਤਾਂ ਦਰਦ ਨਾਲ ਚੀਕਣ ਲੱਗੇ। ਪਰ ਦੋਸ਼ ਕਿਸ ਨੂੰ ਦਿੰਦੇ? ਪਛਤਾਵੇ ਤੋਂ ਬਿਨਾਂ ਕੁਝ ਨਹੀਂ ਕਰ ਸਕਦੇ ਸਨ।''

''ਅਬ ਪਛਤਾਏ ਕਯਾ ਹੋਤ ਜਬ ਚਿੜੀਆ ਚੁਗ ਗਈ ਖੇਤ, ਹੁਣ ਤਾਂ ਕੌਮ ਦੇ ਪੈਰੀਂ ਕੁਹਾੜੀ ਮਾਰ ਦਿੱਤੀ ਸੀ, ਹੁਣ ਪਛਤਾਵੇ ਦਾ ਵੀ ਕੀ ਫ਼ਾਇਦਾ ਸੀ।'' ਗੁਰਪ੍ਰੀਤ ਵਿਚੋਂ ਹੀ ਬੋਲ ਪਿਆ।

''ਕੀ ਬਾਪੂ ਜੀ, ਸੱਚਮੁੱਚ ਹੁਣ ਕੁਝ ਨਹੀਂ ਹੋ ਸਕਦਾ ਸੀ?'' ਬੇਅੰਤ ਨੇ ਪੁੱਛਿਆ।

''ਓ ਨਹੀਂ ਪੁੱਤਰਾ, ਹੁਣ ਤਾਂ ਰਾਜ-ਭਾਗ ਪੂਰੀ ਤਰ੍ਹਾਂ ਬ੍ਰਾਹਮਣ ਦੇ ਹੱਥ ਵਿਚ ਆ ਚੁੱਕਿਆ ਸੀ, ਗੰਗੂ ਦੀ 'ਲਾਦ ਦੇਸ਼ ਤੇ ਪੂਰੀ ਤਰਾਂ ਕਾਬਜ ਹੋ ਚੁੱਕੀ ਸੀ ਤੇ ਬਾਹਮਣ ਸਾਡੇ ਨਾਲ ਕਦੇ ਵੀ ਹਮਦਰਦੀ ਨਹੀਂ ਵਿਖਾਉਣ ਲੱਗਾ ਸੀ। ਉਸ ਨੂੰ ਤਾਂ ਹੁਣ ਮੌਕਾ ਮਿਲਿਆ ਸੀ ਸਾਰੀਆਂ ਦੁਸ਼ਮਣੀਆਂ ਕੱਢਣ ਦਾ..... ਇਧਰ ਸਿੱਖਾਂ ਦੇ ਘਰਾਂ ਵਿਚ ਹਨੇਰ ਪਿਆ ਹੋਇਆ ਸੀ ਤੇ ਧੋਤੀਆਂ ਟੋਪੀਆਂ ਵਾਲਿਆਂ ਦੇ ਘਿਉ ਦੇ ਦੀਵੇ ਬਾਲ ਕੇ ਦੀਵਾਲੀਆਂ ਮਨਾਈਆਂ ਜਾ ਰਹੀਆਂ ਸਨ...... ਤੇ ਮਨਾਉਣ ਵੀ ਕਿਉਂ ਨਾ, ਕੁੱਬੇ ਦੇ ਵੱਜੀ ਲੱਤ ਰਾਸ ਆ ਗਈ ਸੀ........ ਅੰਗਰੇਜ ਹਜ਼ਾਰਾਂ ਰਿਆਸਤਾਂ ਇਕੱਠੀਆਂ ਕਰ ਕੇ ਇਕ ਦੇਸ਼ ਬਣਾ ਕੇ ਦੇ ਗਏ ਸਨ। ਜਿਸ ਦੀ ਪੂਰੀ ਮਾਲਕੀ ਹੁਣ ਇਹਨਾਂ ਦੇ ਹੱਥ ਸੀ, ਜੀਹਨੂੰ ਮਰਜ਼ੀ ਘਰ ਦੀ ਚਾਬੀ ਫੜਾਉਂਦੇ.......ਜੀਹਨੂੰ ਮਰਜ਼ੀ ਕਿਰਾਏਦਾਰ ਬਣਾ ਕੇ ਰੱਖਦੇ........ ਤੇ ਸਿੱਖਾਂ ਨੂੰ ਜਿਸ ਤਰ੍ਹਾਂ ਕਿਰਾਏਦਾਰ ਬਣਾ ਕੇ ਰੱਖਿਆ ਗਿਆ, ਉਹ ਤੁਸੀਂ ਅੱਗੇ ਦੇਖ ਲਉਗੇ।'' ਬਾਪੂ ਨੇ ਇਹ ਕਹਿ ਕੇ ਮੁੰਡਿਆਂ ਦੀ ਅੱਗੇ ਸਭ ਕੁਝ ਜਾਨਣ ਦੀ ਇੱਛਾ ਹੋਰ ਵਧਾ ਦਿੱਤੀ।

''ਰੁਲਦੇ ਫਿਰਦਿਆਂ ਨੂੰ ਇਹਨਾਂ ਨੂੰ ਕਿਸੇ ਨੇ ਕਹਿ ਦਿੱਤਾ, ''ਕੇਰਾਂ ਨਹਿਰੂ ਨੂੰ ਮਿਲ ਕੇ ਤਾਂ ਵੇਖ ਲਉ..... ਕਿਉਂਕਿ 'ਸਿੱਖ ਜਰਾਇਮ ਪੇਸ਼ਾ' ਵਾਲੇ ਸਰਕੂਲਰ ਨੇ ਤਾਂ ਇਹਨਾਂ ਦੀ ਹੋਸ਼ ਹੀ ਭੁਲਾ ਦਿੱਤੀ ਸੀ।..... ਅਸਲ ਵਿਚ ਕਿਸੇ ਨੇ ਵੀ ਇਹ ਨਹੀਂ ਸੋਚਿਆ ਸੀ ਕਿ ਬਾਹਮਣ ਏਨੀ ਜਲਦੀ ਰੰਗ ਬਦਲੇਗਾ। ਪਰ.....''

''ਫੇਰ ਇਹ ਮਿਲੇ ਨਹਿਰੂ ਨੂੰ ਜਾ ਕੇ'', ਮੰਦਰ ਬੋਲਿਆ।

''ਤੇ ਹੋਰ ਕਰਦੇ ਵੀ ਕੀ। ਹੋਰ ਕੋਈ ਚਾਰਾ ਵੀ ਨਹੀਂ ਸੀ। ਕੁਝ ਮੁਖੀ ਸਿੱਖ ਲੀਡਰ ਨਹਿਰੂ ਨੂੰ ਮਿਲਣ ਲਈ ਗਏ। ਮਾਮੂਲੀ ਆਉ-ਭਗਤ ਤੋਂ ਬਾਅਦ ਨਹਿਰੂ ਨੇ ਆਉਣ ਦਾ ਕਾਰਨ ਪੁੱਛਿਆ ਤਾਂ ਇਹ ਬੋਲੇ ਕਿ ਅਸੀਂ ਤਾਂ ਤੁਹਾਨੂੰ 'ਉੱਤਰ ਦੇ ਉਸ ਆਜ਼ਾਦ ਖਿੱਤੇ' ਦੀ ਯਾਦ ਦਿਵਾਉਣ ਆਏ ਹਾਂ, ਜਿਥੇ ਅਸੀਂ 'ਆਜ਼ਾਦੀ ਦਾ ਨਿੱਘ' ਮਾਨਣਾ ਹੈ। ਜਿਹੜਾ ਆਜ਼ਾਦ ਖਿੱਤਾ ਬਣਾਉਣ ਦਾ ਵਿਸ਼ਵਾਸ ਸਾਨੂੰ ਆਜ਼ਾਦੀ ਤੋਂ ਪਹਿਲਾਂ ਦਿਵਾਇਆ ਗਿਆ ਸੀ, ਸਾਡੀ ਕੌਮ ਹੁਣ 'ਆਜ਼ਾਦ ਖਿੱਤੇ' ਦੀ ਉਡੀਕ ਕਰ ਰਹੀ ਐ। ਅਸੀਂ ਤਾਂ ਇਹੀ ਕਹਿਣ ਆਏ ਹਾਂ ਕਿ ਹਿੰਦੂਆਂ ਨੂੰ ਹਿੰਦੁਸਤਾਨ ਮਿਲ ਗਿਆ ਤੇ ਮੋਮਨਾਂ ਨੂੰ ਪਾਕਿਸਤਾਨ ਪਰ ਅੰਗਰੇਜ਼ਾਂ ਨੂੰ ਇਥੋਂ ਭਜਾਉਣ ਲਈ ਸਭ ਤੋਂ ਵੱਧ ਲਹੂ ਡੋਲ੍ਹਣ ਵਾਲੀ ਕੌਮ ਦੇ ਹਿੱਸੇ ਕੀ ਆਇਆ? ਸੋ ਕਿਰਪਾ ਕਰ ਕੇ ਉਸ 'ਆਜ਼ਾਦ ਖਿੱਤੇ' ਬਾਰੇ ਸਾਨੂੰ ਦੱਸੋ ਜਿਥੇ ਅਸੀਂ 'ਆਜ਼ਾਦੀ ਦਾ ਨਿੱਘ' ਮਾਣ ਸਕੀਏ। ਜਿਵੇਂ-ਜਿਵੇਂ ਸਿੱਖ ਲੀਡਰ ਬੋਲ ਰਹੇ ਸਨ, ਨਹਿਰੂ ਥੋੜ੍ਹਾ-ਥੋੜ੍ਹਾ ਮੁਸਕਰਾ ਰਿਹਾ ਸੀ। ਜਦ ਇਹ ਚੁੱਪ ਹੋਏ ਤਾਂ ਨਹਿਰੂ ਬੋਲਿਆ, ''ਆਪ ਨੇ ਚਾਏ-ਪਾਨੀ ਪੀਆ, ਮੈਂ ਅਭੀ ਮੰਗਵਾਤਾ ਹੂੰ, ਆਪ ਚਾਏ-ਪਾਨੀ ਪੀਜੀਏ, ਦੁਪਹਿਰ ਕਾ ਖਾਨਾ ਹਮ ਇਕੱਠੇ ਖਾਏਂਗੇ। ਔਰ ਆਜ ਰੁਕੀਏਗਾ, ਜਾਈਏਗਾ ਮਤ, ਆਪ ਸੇ ਕੁਛ ਬਾਤੇ ਕਰਨੀ ਹੈਂ। ਮੁਝੇ ਅਬ ਜਾਨਾ ਹੋਗਾ, ਥੋੜ੍ਹਾ ਜ਼ਰੂਰੀ ਕਾਮ ਹੈ।'' ਸਿੱਖ ਲੀਡਰ ਹੈਰਾਨ ਸਨ, ਇੰਝ ਲੱਗ ਰਿਹਾ ਸੀ ਜਿਵੇਂ ਨਹਿਰੂ ਨੇ ਇਹਨਾਂ ਦੀ ਕੋਈ ਗੱਲ ਸੁਣੀ ਹੀ ਨਹੀਂ ਸੀ। ਇਹ ਇਕ-ਦੂਜੇ ਦੇ ਮੂੰਹ ਵੱਲ ਵੇਖ ਰਹੇ ਸਨ। ਜਦ ਨਹਿਰੂ ਉੱਠ ਕੇ ਤੁਰਨ ਲੱਗਿਆ ਤਾਂ ਇਹਨਾਂ ਵਿਚੋਂ ਇਕ ਬੋਲਿਆ, ''ਨਹਿਰੂ ਜੀ, ਆਪ ਕੇ ਉਸ ਵਾਅਦੇ ਕਾ ਕਯਾ ਹੂਆ।'' ਐਤਕੀਂ ਇਹ ਹਿੰਦੀ ਵਿਚ ਬੋਲਿਆ ਤਾਂ ਕਿ ਨਹਿਰੂ ਨੂੰ ਪੂਰੀ ਗੱਲ ਸਮਝ ਆ ਜਾਏ।

ਨਹਿਰੂ ਇਕ ਦਮ ਰੁਕਿਆ, ''ਕਿਸ ਵਾਅਦੇ ਕੀ ਬਾਤ ਕਰ ਰਹੇ ਹੈਂ ਆਪ ?''

''ਵਹੀ ਜੋ ਆਪ ਨੇ ਸਿੱਖੋਂ ਸੇ ਕੀਆ ਥਾ, ਉਤਰ ਮੇਂ ਆਜ਼ਾਦ ਖਿੱਤਾ ਦੇਨੇ ਕਾ ਵਾਅਦਾ।''

''ਕਿਆ ਬੱਚੋਂ ਜੈਸੀ ਬਾਤੇਂ ਕਰ ਰਹੇ ਹੈਂ ਆਪ, ਹਮ ਦੇਸ਼ ਕੋ ਜੋੜਨੇ

ਮੇਂ ਲਗੇ ਹੈਂ ਔਰ ਆਪ ਤੋੜਨੇ ਕੀ ਬਾਤ ਕਰ ਰਹੇ ਹੋ।''

"ਇਸ ਮੇਂ ਦੇਸ਼ ਕੋ ਤੋੜਨੇ ਕੀ ਬਾਤ ਕਹਾਂ ਸੇ ਆ ਗਈ?"

"ਔਰ ਨਹੀਂ ਤੋ ਕਯਾ, ਕਯਾ ਆਪ ਹਿੰਦੁਸਤਾਨ ਮੇਂ ਆਜ਼ਾਦ ਨਹੀਂ ਹੋ, ਅਬ ਆਪ ਕਿਸ ਕੇ ਗ਼ੁਲਾਮ ਹੋ, ਸਭ ਕੁਛ ਤੋਂ ਆਜ਼ਾਦ ਹੈ। ਜਾਈਏ, ਜਾ ਕਰ ਕਾਮ ਕੀਜੀਏ ਔਰ ਦੇਸ਼ ਦੀ ਤਰੱਕੀ ਮੇਂ ਹਿੱਸਾ ਡਾਲੀਏ।''

"ਪਰ ਆਪ ਨੇ ਤੋ ਸਾਰੀ ਕੌਮ ਸੇ ਵਾਅਦਾ ਕੀਆ........।"

"ਆਪ ਸਮਝਤੇ ਕਯੂੰ ਨਹੀਂ ਹੋ.......ਤਬ ਬਾਤ ਔਰ ਥੀ, ਅਬ ਬਾਤ ਔਰ ਹੈ, The circumstances have now changed. ਅਬ ਹਾਲਾਤ ਬਦਲ ਚੁਕੇ ਹੈਂ।'' ਏਨਾ ਕਹਿ ਕੇ ਨਹਿਰੂ ਚੁੱਪ-ਚਾਪ ਚਲਾ ਗਿਆ।

"ਹੈ, ਤੇਰਾ ਕੱਖ ਨਾ ਰਹੇ ਦੁਸ਼ਟਾ....'' ਬੇਅੰਤ ਤੇ ਮੰਦਰ ਦੇ ਇਕੱਠਿਆਂ ਦੇ ਮੂੰਹੋਂ ਨਿਕਲਿਆ।

"ਵਿਚਾਰੇ ਸਿੱਖ ਲੀਡਰ ਕੁਝ ਬੋਲਣ ਜੋਗੇ ਨਾ ਰਹੇ, ਜਿਹੜੀ ਚਾਹ-ਪਾਣੀ ਨਹਿਰੂ ਨੇ ਮੰਗਵਾਈ ਸੀ, ਉਹ ਵੀ ਅਜੇ ਨਹੀਂ ਆਈ ਸੀ..... ਜੇ ਆ ਵੀ ਜਾਂਦੀ ਤਾਂ ਵੀ ਇਹਨਾਂ ਦੇ ਕਿਹੜਾ ਲੰਘਣੀ ਸੀ, ਇਹ ਚੁੱਪ ਚਾਪ ਉੱਠੇ ਤੇ ਵਾਪਸ ਆ ਗਏ। ਇਹਨਾਂ ਦੇ ਲਮਕਦੇ ਮੂੰਹ ਵੇਖ ਕੇ 'ਪੰਜਾਬ' ਨੂੰ ਆਉਣ ਵਾਲੇ ਖ਼ਤਰੇ ਦਾ ਅੰਦਾਜ਼ਾ ਹੋ ਗਿਆ ਸੀ।''

ਬਾਹਰੋਂ ਚੌਕੀਦਾਰ ਦੀਆਂ 'ਜਾਗਦੇ ਰਹੋ' ਦੀਆਂ ਆਵਾਜ਼ਾਂ ਲਗਾਤਾਰ ਆ ਰਹੀਆਂ ਸਨ, ਇੰਝ ਪ੍ਰਤੀਤ ਹੋ ਰਿਹਾ ਸੀ ਕਿ ਜਿਵੇਂ ਉਹ ਪੰਜਾਬ ਦੇ ਸਾਰੇ ਲੋਕਾਂ ਨੂੰ ਜਾਗਣ ਦਾ ਹੋਕਾ ਦੇ ਰਿਹਾ ਸੀ।

ਸਾਰੇ ਮੁੰਡੇ ਚੁੱਪ-ਚਾਪ ਬੈਠੇ ਸਨ। ਅਜਮੇਰ ਸਿੰਘ ਵੀ ਥੋੜ੍ਹਾ ਰੁਕ ਗਿਆ ਸੀ। ਅੰਤ ਬੇਅੰਤ ਨੇ ਚੁੱਪੀ ਤੋੜੀ ਤੇ ਬੋਲਿਆ, "ਬਾਪੂ ਜੀ.....ਫਿਰ....।''

"ਇਹ ਤਾਂ ਸ਼ੁਰੂਆਤ ਸੀ ਮੇਰੇ ਪੁੱਤਰਾ, ਉਸ ਨਾਟਕ ਦੀ ਜਿਹੜਾ ਅਜੇ ਪੂਰਾ ਖੇਡਿਆ ਜਾਣਾ ਸੀ.....ਤੇ ਬੇਵਫ਼ਾਈਆਂ ਦੀ ਦਾਸਤਾਨ ਨਾਮੀ ਇਸ ਨਾਟਕ ਨੇ ਤਾਂ ਪੰਜਾਬ ਨੂੰ ਅਜੇ ਕਈ ਵਾਰ ਲਹੂ-ਲੁਹਾਨ ਕਰਨਾ ਸੀ।''

"ਕਿਵੇਂ ਬਾਪੂ ਜੀ?......ਅੱਗੇ ਕੀ ਹੋਇਆ?'' ਮੰਦਰ ਨੇ ਅੱਗੇ ਜਾਨਣ ਲਈ ਪੁੱਛਿਆ।

"ਸਾਰੇ ਦੇਸ਼ ਵਿਚ ਭਾਸ਼ਾ ਦੇ ਆਧਾਰ 'ਤੇ ਸੂਬਿਆਂ ਦੀ ਵੰਡ ਕੀਤੀ ਗਈ.........ਕੰਨੜ ਬੋਲਣ ਵਾਲਿਆਂ ਲਈ ਕਰਨਾਟਕ, ਮਲਿਆਲਮ ਭਾਸ਼ਾ ਲਈ ਕੇਰਲਾ, ਤਾਮਿਲ ਲਈ ਤਾਮਿਲਨਾਡੂ, ਮਰਾਠੀ ਲਈ ਮਹਾਂਰਾਸ਼ਟਰ.....ਗੁਜਰਾਤ, ਪੱਛਮੀ ਬੰਗਾਲ ਆਦਿ ਕਈ ਸੂਬੇ ਭਾਸ਼ਾ ਦੇ ਆਧਾਰ 'ਤੇ ਬਣਾਏ ਗਏ। ਬਿਨਾਂ ਕਿਸੇ ਭੇਦ-ਭਾਵ ਦੇ ਵੰਡ ਕੀਤੀ ਗਈ। ਕੁਝ ਸਿੱਖ ਲੀਡਰਾਂ ਨੇ ਸੋਚਿਆ ਕਿ ਪੰਜਾਬੀ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬਾ ਵੀ ਬਣਾਇਆ ਜਾ ਸਕਦਾ ਹੈ। ਸੋ ਉਹਨਾਂ ਨੇ ਸਰਕਾਰ ਤਕ ਗੱਲ ਪਹੁੰਚਾਈ।.....ਪਰ...... ਹਾਕਮਾਂ ਨੂੰ

ਤਾਂ ਸਿੱਖਾਂ ਦੀ ਹਰੇਕ ਚੀਜ਼ ਨਾਲ ਨਫ਼ਰਤ ਸੀ......ਭਾਸ਼ਾ ਨਾਲ ਵੀ...... ਸੋ ਉਹਨਾਂ ਨੇ ਪੰਜਾਬੀ ਸੂਬਾ ਬਣਾਉਣ ਤੋਂ ਕੋਰਾ ਜਵਾਬ ਦੇ ਦਿੱਤਾ। ਸਿੱਖਾਂ ਨੂੰ ਬਹੁਤ ਗੁੱਸਾ ਚੜ੍ਹਿਆ, ਤਪੇ ਤਾਂ ਉਹ ਪਹਿਲਾਂ ਤੋਂ ਹੀ ਪਏ ਸਨ, ਸੋ ਉਹਨਾਂ ਨੇ ਪੰਜਾਬੀ ਸੂਬਾ ਮੋਰਚੇ ਦਾ ਐਲਾਨ ਕਰ ਦਿੱਤਾ। ਸਿੱਖਾਂ ਨੇ ਸ਼ਾਂਤਮਈ ਗ੍ਰਿਫ਼ਤਾਰੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਗ੍ਰਿਫ਼ਤਾਰੀ ਦੇਣ ਜਾ ਰਹੇ ਜੱਥੇ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਹਰੇ ਮਾਰ ਕੇ ਅਸਮਾਨ ਗੂੰਜਣ ਲਾ ਦਿੰਦੇ ਸਨ। ਸਰਕਾਰ ਨੂੰ ਇਸ ਨਾਹਰੇ ਤੋਂ ਵੀ ਚਿੜ ਹੋ ਗਈ। ਸੋ ਸਰਕਾਰ ਨੇ 'ਪੰਜਾਬੀ ਸੂਬਾ ਜ਼ਿੰਦਾਬਾਦ' ਕਹਿਣ 'ਤੇ ਪਾਬੰਦੀ ਲਾ ਦਿੱਤੀ। ਪਰ 'ਅਕਾਲੀ' ਜਿਹੜੇ ਕਿਸੇ ਦੇ ਦਬਾਇਆਂ ਕਦੇ ਦੱਬੇ ਨਹੀਂ ਸਨ, ਜਿਹਨਾਂ ਬਾਰੇ ਮਸ਼ਹੂਰ ਸੀ, 'ਰਾਖਾ ਆਪ ਅਕਾਲ ਅਕਾਲੀਆਂ ਦਾ' ਇਸ ਪਾਬੰਦੀ ਤੋਂ ਰਤਾ ਨਹੀਂ ਡਰੇ ਤੇ ਹੋਰ ਜੋਸ਼ ਨਾਲ 'ਪੰਜਾਬੀ ਸੂਬਾ ਜ਼ਿੰਦਾਬਾਦ' ਕਹਿੰਦੇ ਰਹੇ। ਇਸ ਮੋਰਚੇ ਵਿਚ ਹਰੇਕ ਸਿਖ ਨੇ ਵਧ ਚੜ੍ਹ ਕੇ ਹਿਸਾ ਪਾਇਆ। ਭਾਵੇਂ ਕਿ ਹਜ਼ਾਰਾਂ ਗ੍ਰਿਫ਼ਤਾਰੀਆਂ ਹੋਈਆਂ ਪਰ ਹੈਰਾਨ ਕਰ ਦੇਣ ਵਾਲੀ ਗੱਲ ਇਹ ਸੀ ਕਿ ਸ਼੍ਰੋਮਣੀ ਕਮੇਟੀ ਦੇ 117 ਵਿਚੋਂ 111 ਮੈਂਬਰ, ਸਾਰੇ ਅਕਾਲੀ ਲੀਡਰ, ਐਮ.ਪੀ., ਐਮ.ਐਲ.ਏ. ਗ੍ਰਿਫ਼ਤਾਰ ਹੋਏ। ਦੁਨੀਆਂ ਦੇ ਇਤਿਹਾਸ ਵਿਚ ਏਨੀਆਂ ਗ੍ਰਿਫ਼ਤਾਰੀਆਂ ਅੱਜ ਤਕ ਕਿਸੇ ਕੌਮ ਨੇ ਨਹੀਂ ਦਿੱਤੀਆਂ। ਸਰਕਾਰ ਨੇ ਵੀ ਅੱਤਿਆਚਾਰਾਂ ਦੀ ਕੋਈ ਕਸਰ ਬਾਕੀ ਨਹੀਂ ਛੱਡੀ। ਦਰਬਾਰ ਸਾਹਿਬ 'ਤੇ ਹਮਲਾ ਵੀ ਕੀਤਾ।''

''ਸੱਚ ਬਾਪੂ! ਦਰਬਾਰ ਸਾਹਿਬ ਵਿਚ ਵੀ ਪੁਲਿਸ ਦਾਖਲ ਹੋਈ?'' ਮੰਦਰ ਨੇ ਬਹੁਤ ਹੈਰਾਨੀ ਨਾਲ ਪੁੱਛਿਆ।

''ਹਾਂ ਪੁੱਤਰ, ਲਾਠੀਚਾਰਜ, ਅੱਥਰੂ ਗੈਸ ਦੇ ਗੋਲੇ, ਬੰਬ ਤੇ ਗੋਲੀਆਂ ਵੀ ਪਰਕਰਮਾ ਵਿਚ ਚਲਾਈਆਂ ਗਈਆਂ.... ਕਾਰਨ ਇਹ ਦੱਸਿਆ ਗਿਆ ਕਿ ਅੰਦਰੋਂ ਸਿੱਖਾਂ ਨੇ ਪਰਕਰਮਾਂ ਵਿਚੋਂ ਇੱਟਾਂ ਵੱਟਿਆਂ ਦੀ ਬੋਛਾਰ ਪੁਲਿਸ 'ਤੇ ਕਰ ਦਿੱਤੀ ਸੀ ਤੇ ਨਾਲ ਹੀ ਸੱਤ ਗੋਲੀਆਂ ਸਿਪਾਹੀਆਂ 'ਤੇ ਚਲਾਈਆਂ ਗਈਆਂ...... ਇਹ ਗੱਲ ਕੋਰੀ ਝੂਠ ਸੀ, ਮੈਂ ਆਪ ਉਸ ਵੇਲੇ ਉਥੇ ਮੌਜੂਦ ਸਾਂ, ਕਿਸੇ ਸਿੱਖ ਕੋਲ ਕੋਈ ਹਥਿਆਰ ਨਹੀਂ ਸੀ। ਸਿੱਖਾਂ ਦੇ ਸਾਰੇ ਹਥਿਆਰ ਤਾਂ ਸਰਕਾਰ ਨੇ ਪਹਿਲਾਂ ਹੀ ਜ਼ਬਤ ਕਰ ਲਏ ਸਨ। ਪੁਲਿਸ ਨੇ ਜਾਣ-ਬੁਝ ਕੇ ਇਹ ਬਹਾਨਾ ਘੜਿਆ ਸੀ ਤਾਂ ਕਿ ਸਿੱਖਾਂ 'ਤੇ ਹਮਲਾ ਕੀਤਾ ਜਾ ਸਕੇ। ਪੁਲਿਸ ਦੇ ਬੰਬਾਂ ਨਾਲ ਪਰਕਰਮਾਂ ਦੀ ਇਕ ਕੰਧ ਡਿੱਗ ਪਈ ਜਿਸ ਥੱਲੇ ਆ ਕੇ ਕਈ ਲੋਕ ਜ਼ਖਮੀ ਹੋ ਗਏ। ਪੁਲਿਸ ਵੱਲੋਂ ਚਲਾਈਆਂ ਗਈਆਂ ਅੰਧਾਧੁੰਦ ਗੋਲੀਆਂ ਨਾਲ ਵੀ ਦੋ ਸਿੱਖ ਮਾਰੇ ਗਏ ਤੇ ਕਈ ਜ਼ਖਮੀ ਹੋ ਗਏ। ਅੱਥਰੂ ਗੈਸ ਦੇ ਗੋਲਿਆਂ ਦੀ ਗੈਸ ਦਰਬਾਰ ਸਾਹਿਬ ਵਿਚ ਵੀ ਦਾਖਲ ਹੋ ਗਈ ਤੇ ਅੰਦਰ ਕੀਰਤਨ ਕਰ ਰਹੇ ਸਿੰਘਾਂ, ਗਰੰਥੀਆਂ ਤੇ ਹੋਰ ਸੰਗਤ ਨੂੰ ਵੀ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ।''

"ਹੈ, ਥੋੜਾ ਕੱਖ ਨਾ ਰਹੇ ਜ਼ਾਲਮੋ......... ਗੁਰੂ ਘਰ 'ਤੇ ਚੜ੍ਹ ਕੇ ਆਉਂਦਿਆਂ ਨੂੰ ਥੋਨੂੰ ਰਤਾ ਸ਼ਰਮ ਨਾ ਆਈ।" ਗੁਰਪ੍ਰੀਤ ਗੁੱਸੇ ਵਿਚ ਬੋਲਿਆ।

"ਅਸਲ ਵਿਚੋਂ ਦਰਬਾਰ ਸਾਹਿਬ 'ਤੇ ਹਮਲਾ ਤਾਂ ਪਿੱਛੋਂ ਹੋਇਆ, ਪਰ ਇਸ ਦਾ ਮੁੱਢ ਪਹਿਲਾਂ ਹੀ ਬੱਝ ਚੁੱਕਾ ਸੀ। ਵਿਸਾਖੀ 'ਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਹਮੇਸ਼ਾ ਵਾਂਗ ਨਗਰ ਕੀਰਤਨ ਨਿਕਲਣਾ ਸੀ ਪਰ ਸਰਕਾਰ ਨੇ ਐਤਕੀਂ ਉਥੇ ਦਫ਼ਾ 144 ਲਗਾ ਦਿੱਤੀ ਤੇ ਨਾਲ ਹੀ ਐਲਾਨ ਕਰ ਦਿੱਤਾ ਕਿ ਬਿਨਾਂ ਇਜਾਜ਼ਤ ਦੇ ਕੋਈ ਜਲੂਸ ਨਹੀਂ ਨਿਕਲ ਸਕਦਾ। ਅਕਾਲੀ ਜੱਥਾ ਅੰਮ੍ਰਿਤਸਰ ਨੇ ਐਲਾਨ ਕਰ ਦਿੱਤਾ ਕਿ ਜਿਵੇਂ ਪਹਿਲਾਂ ਇਹ ਜਲੂਸ ਬਿਨਾਂ ਸਰਕਾਰੀ ਆਗਿਆ ਤੋਂ ਨਿਕਲਦਾ ਹੈ, ਉਵੇਂ ਹੀ ਹੁਣ ਵੀ ਨਿਕਲੇਗਾ। ਸਰਕਾਰ ਥੋੜ੍ਹਾ ਝੁਕ ਗਈ ਪਰ ਉਹਨਾਂ ਨੇ ਕਿਹਾ ਕਿ ਜਲੂਸ ਵਿਚ ਨਾਅਰੇ ਨਹੀਂ ਲੱਗ ਸਕਦੇ। ਜਲੂਸ ਨਿਕਲਿਆ ਤੇ ਬਗ਼ੈਰ ਕਿਸੇ ਨਾਅਰੇ ਦੇ ਪੁਰਅਮਨ ਘੰਟਾ ਘਰ ਚੌਂਕ ਤਕ ਪਹੁੰਚਿਆ। ਇਥੇ ਲੁਧਿਆਣੇ ਦੇ ਇਕ ਡਾਕਟਰ, ਸ਼ੈਤ ਕਾਲੀਚਰਨ ਨਾਮ ਸੀ ਉਹਦਾ, ਨੇ ਆਪਣੇ ਗੁੰਡੇ ਖੜੇ ਕੀਤੇ ਹੋਏ ਸਨ, ਜਿਹਨਾਂ ਨੇ ਜਲੂਸ 'ਤੇ ਇੱਟਾਂ ਵੱਟੇ ਮਾਰਨੇ ਸ਼ੁਰੂ ਕਰ ਦਿੱਤੇ। ਇਹੀ ਕੰਮ ਇਸ ਡਾਕਟਰ ਨੇ ਪਹਿਲਾਂ ਲੁਧਿਆਣੇ ਵਿਚ ਕੀਤਾ ਸੀ। ਸਿੱਖ ਸੰਗਤਾਂ ਤਾਂ ਕੋਈ ਨਾਅਰਾ ਨਹੀਂ ਲਗਾ ਰਹੀਆਂ ਸਨ, ਪਰ ਦੂਜੇ ਪਾਸਿਉਂ ਗੁੰਡਿਆਂ ਨੇ ਪੰਜਾਬੀ ਸੂਬੇ ਦੇ ਵਿਰੁੱਧ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ, 'ਈੜੀ ਊੜੀ ਰਹਿਣ ਨਹੀਂ ਦੇਣੀ, ਸਿਰ 'ਤੇ ਪਗੜੀ ਰਹਿਣ ਨਹੀਂ ਦੇਣੀ'। ਇਹ ਸੁਣ ਕੇ ਕੁਝ ਜੋਸ਼ੀਲੇ ਸਿੱਖ ਮੁੰਡਿਆਂ ਨੇ ਵੀ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ। ਜਲੂਸ ਤਾਂ ਨਿਕਲ ਗਿਆ ਪਰ ਪੁਲਿਸ ਨੇ 40 ਦੇ ਕਰੀਬ ਸਿੱਖ ਮੁੰਡੇ ਦਫ਼ਾ 144 ਦੀ ਉਲੰਘਣਾ ਕਰਨ ਦੇ ਦੋਸ਼ ਤਹਿਤ ਗ੍ਰਿਫ਼ਤਾਰ ਕਰ ਲਏ। ਇਸ 'ਤੇ ਸਿੱਖ ਹੋਰ ਭੜਕ ਗਏ। ਮਈ ਵਿਚ ਸਿੱਖਾਂ ਦੇ ਮੁਖੀ ਲੀਡਰਾਂ ਨੇ ਗ੍ਰਿਫ਼ਤਾਰੀਆਂ ਦੇਣ ਦਾ ਸਿਲਸਿਲਾ ਸ਼ੁਰੂ ਕੀਤਾ। ਲੱਖਾਂ ਦੇ ਇਕੱਠ ਵਿਚ ਇਕ ਸਿੱਖ ਲੀਡਰ ਨੇ ਮੰਜੀ ਸਾਹਿਬ ਵਿਖੇ ਇਕ ਭਖਵੀਂ ਤਕਰੀਰ ਕੀਤੀ।

ਇਸ ਤੋਂ ਬਾਅਦ ਇਹਨਾਂ ਲੀਡਰਾਂ ਨੇ ਗ੍ਰਿਫ਼ਤਾਰੀ ਦੇ ਦਿੱਤੀ। ਉਸ ਤੋਂ ਕੁਝ ਦਿਨ ਪਿੱਛੋਂ ਸੈਂਕੜੇ ਗ੍ਰਿਫ਼ਤਾਰੀਆਂ ਹੋ ਗਈਆਂ ਸਨ। ਜਦੋਂ ਪੰਡਿਤ ਨਹਿਰੂ ਨੇ ਸਿੱਖਾਂ ਦੇ ਇਸ ਮੋਰਚੇ ਨੂੰ 'ਬੱਚਿਆਂ ਦੀ ਖੇਡ' ਕਹਿ ਕੇ ਇਸ ਦੀ ਵਿਰੋਧਤਾ ਕੀਤੀ ਤਾਂ ਇਸ ਦੇ ਜਵਾਬ ਵਿਚ ਸਿੱਖਾਂ ਨੇ ਕਿਹਾ ਕਿ ਇਹ ਮੋਰਚਾ ਬੱਚਿਆਂ ਦੀ ਖੇਡ ਹੈ ਜਾਂ ਨਹੀਂ ਇਹ ਤਾਂ ਸਰਕਾਰ ਨੂੰ ਆਉਣ ਵਾਲੇ ਕੁਝ ਦਿਨਾਂ ਵਿਚ ਹੀ ਪਤਾ ਲੱਗ ਜਾਵੇਗਾ। ਅਸੀਂ ਦੱਸ ਦੇਣਾ ਚਾਹੁੰਦੇ ਹਾਂ ਕਿ ਇਹ ਮੋਰਚਾ ਸਿੱਖ ਕੌਮ ਦੀ ਅਣਖ, ਇੱਜ਼ਤ ਤੇ ਆਜ਼ਾਦੀ ਦਾ ਮੋਰਚਾ ਹੈ। ਜਦ ਪੁਲਿਸ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਇਹ ਮੋਰਚਾ ਹੋਰ ਭਖ ਗਿਆ। ਸਿੱਖ ਕੌਮ ਦੇ ਕੁਝ ਐਸੇ ਮਹਾਂਪੁਰਸ਼ਾਂ, ਜੋ ਰਾਜਨੀਤੀ

ਤੋਂ ਹਮੇਸ਼ਾਂ ਦੂਰ ਰਹਿੰਦੇ ਸਨ ਤੇ ਹੋਰ ਉਸਾਰੂ ਪੰਥਕ ਕੰਮਾਂ ਵੱਲ ਧਿਆਨ ਰੱਖਦੇ ਸਨ, ਨੇ ਵੀ ਮੋਰਚੇ ਦੀ ਹਮਾਇਤ ਕਰ ਦਿੱਤੀ ਤੇ ਇਸ ਪੰਥਕ ਘੋਲ ਵਿਚ ਕੁੱਦ ਪਏ। ਉਹਨਾਂ ਨੇ ਐਲਾਨ ਕਰ ਦਿੱਤਾ ਕਿ ਜਦੋਂ ਸਾਡੇ ਧਾਰਮਿਕ ਸਥਾਨ ਹੀ ਮਹਿਫ਼ੂਜ਼ ਨਹੀਂ ਤਾਂ ਸਾਡਾ ਬਾਹਰ ਰਹਿਣ ਦਾ ਕੋਈ ਕੰਮ ਨਹੀਂ ਰਹਿ ਜਾਂਦਾ। ਅਸੀਂ ਹੁਣ 'ਸਿਮਰਨ' ਜੇਲ੍ਹਾਂ ਵਿਚ ਜਾ ਕੇ ਕਰਾਂਗੇ। ਇਹਨਾਂ ਮਹਾਂਪੁਰਸ਼ਾਂ ਵਿਚ ਬਾਬਾ ਭਗਵਾਨ ਸਿੰਘ, ਬਾਬਾ ਨੰਦ ਸਿੰਘ ਭਵਾਲਾ, ਬਾਬਾ ਗੁਰਬਚਨ ਸਿੰਘ ਭਿੰਡਰਾਂਵਾਲਿਆਂ ਸਮੇਤ ਹੋਰ ਅਨੇਕ ਸੰਤ ਮਹਾਂਪੁਰਸ਼ ਸ਼ਾਮਲ ਸਨ। ਉਹਨਾਂ ਜੋਸ਼ ਵਿਚ ਕਿਹਾ ਕਿ ਅਸੀਂ ਸਾਰੇ ਦਸ-ਦਸ ਹਜ਼ਾਰ ਸਿੱਖ ਮੋਰਚੇ ਲਈ ਦੇਵਾਂਗੇ ਤੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲਿਆਂ ਨੂੰ ਨਾਨੀ ਯਾਦ ਕਰਵਾ ਦਿਆਂਗੇ। ਬਾਬਾ ਗੁਰਬਚਨ ਸਿੰਘ ਭਿੰਡਰਾਂਵਾਲਿਆਂ ਨੇ ਆਪਣੀ ਤਕਰੀਰ ਵਿਚ ਕਿਹਾ ਕਿ ਅਸੀਂ ਗੁਰੂ ਘਰ ਦੇ ਪ੍ਰਚਾਰਕ ਹਾਂ ਤੇ ਜਦ ਹੁਣ ਪਾਣੀ ਸਿਰ ਤੋਂ ਦੀ ਲੰਘ ਚੁੱਕਾ ਹੈ ਤਾਂ ਅਸੀਂ ਕੁਰਬਾਨੀ ਦੇਣ ਲਈ ਆ ਗਏ ਹਾਂ ਤੇ ਜਦੋਂ ਤਕ ਮੋਰਚਾ ਫ਼ਤਹਿ ਨਹੀਂ ਹੋ ਜਾਂਦਾ, ਅਸੀਂ ਵਾਪਸ ਨਹੀਂ ਮੁੜਾਂਗੇ। ਇਹਨਾਂ ਮਹਾਂਪੁਰਸ਼ਾਂ ਵੱਲੋਂ ਮੋਰਚੇ ਦੀ ਹਮਾਇਤ ਕਰਨ ਨਾਲ ਸਿੱਖ ਸੰਗਤਾਂ ਨੂੰ ਹੋਰ ਜੋਸ਼ ਚੜ੍ਹ ਗਿਆ ਤੇ ਉਹ ਹੋਰ ਉਤਸ਼ਾਹ ਨਾਲ ਆਪਣੇ ਆਪ ਨੂੰ ਗ੍ਰਿਫ਼ਤਾਰੀਆਂ ਲਈ ਪੇਸ਼ ਕਰਨ ਲੱਗੇ।''

''ਪਰ ਬਾਪੂ ਜੀ, ਕੀ ਗੱਲ ਕਿਸੇ ਸਿਰੇ ਵੀ ਲੱਗੀ?'' ਹਰਪ੍ਰੀਤ ਨੇ ਪੁੱਛਿਆ।

''ਹਾਂ ਪੁੱਤਰ, ਪੰਜਾਬੀ ਸੂਬੇ ਲਈ ਮੋਰਚਾ ਤਾਂ ਕਈ ਸਾਲ ਤਕ ਚੱਲਦਾ ਰਿਹਾ ਪਰ ਸਰਕਾਰ ਨੂੰ ਦਰਬਾਰ ਸਾਹਿਬ 'ਤੇ ਹਮਲੇ ਲਈ ਮੁਆਫ਼ੀ ਮੰਗਣੀ ਪਈ। ਅਕਾਲੀ ਦਲ ਨੇ 8-10 ਦੋਸ਼ ਸਰਕਾਰ ਉਪਰ ਲਗਾਏ, ਜਿਵੇਂ ਕਿ 'ਦਰਬਾਰ ਸਾਹਿਬ ਪਰਕਰਮਾਂ ਵਿਚ ਅੱਥਰੂ ਗੈਸ ਦੇ ਗੋਲੇ ਤੇ ਸੰਗਤਾਂ ਨੂੰ ਜ਼ਖ਼ਮੀ ਕਰਨਾ, ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਤੇ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਦੀ ਗ੍ਰਿਫ਼ਤਾਰੀ, ਮੰਜੀ ਸਾਹਿਬ 'ਤੇ ਕਬਜ਼ਾ ਕਰਨਾ, ਜੁੱਤੀਆਂ ਲੈ ਕੇ ਚੜ੍ਹਨਾ ਤੇ ਉਥੇ ਤਾਸ਼ ਖੇਡਣੀ, ਗੁਰੂ ਰਾਮਦਾਸ ਸਰਾਂ 'ਤੇ ਕਬਜ਼ਾ ਕਰਨਾ ਤੇ ਮੁਸਾਫ਼ਰਾਂ ਨੂੰ ਗ੍ਰਿਫ਼ਤਾਰ ਕਰਨਾ, ਦੀਵਾਨ ਅਸਥਾਨ ਦੇ ਜਿੰਦੇ ਤੋੜ ਕੇ ਸਮਾਨ ਚੁੱਕਣਾ, ਲੰਗਰ ਹਾਲ ਤੇ ਬਾਬਾ ਅਟੱਲ ਵਿਖੇ ਜੁੱਤੀਆਂ ਲੈ ਕੇ ਚੜ੍ਹਨਾ।' ਇਹਨਾ ਸਾਰੇ ਇਲਜ਼ਾਮਾਂ ਦੀ ਪੰਜਾਬ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਨੇ ਮੁਆਫ਼ੀ ਮੰਗੀ ਤੇ ਨਾਲ ਹੀ ਇਹ ਵੀ ਕਿਹਾ ਕਿ ਸਿੱਖਾਂ ਵਿਚ ਰੋਸ ਦੀ ਵਜਾਹ ਪੰਜਾਬ ਦਾ ਫ਼ਿਰਕਾਪ੍ਰਸਤ ਹਿੰਦੂ ਹੈ।''

''ਪਰ ਬਾਪੂ ਜੀ, ਪੰਜਾਬੀ ਸੂਬੇ ਦਾ ਕੀ ਬਣਿਆ?'' ਬੇਅੰਤ ਨੇ ਸਵਾਲ ਕੀਤਾ।

"ਅਸਲ ਵਿਚ ਪੁੱਤਰ ਪੰਜਾਬੀ ਸੂਬੇ ਦੀ ਕਾਇਮੀ ਲਈ 1960 ਵਿਚ ਮੁੜ ਤੋਂ ਮੋਰਚਾ ਲਗਾਇਆ ਗਿਆ। ਇਹ ਮੋਰਚਾ ਵੀ ਬੜੀ ਸਫਲਤਾ ਨਾਲ ਚੱਲਿਆ ਤੇ ਸਿੱਖਾਂ ਨੂੰ ਸਰਕਾਰ ਦਾ ਬੇਤਹਾਸ਼ਾ ਤਸ਼ੱਦਦ ਵੀ ਸਹਾਰਨਾ ਪਿਆ। 60000 ਦੇ ਕਰੀਬ ਸਿੱਖ ਜੇਲ੍ਹਾਂ ਵਿਚ ਤਾੜੇ ਗਏ, ਹਜ਼ਾਰਾਂ ਸਿੱਖ ਪੁਲਿਸ ਦੇ ਲਾਠੀਚਾਰਜ ਤੇ ਗੋਲੀਆਂ ਨਾਲ ਜ਼ਖ਼ਮੀ ਹੋਏ ਤੇ ਕਈ ਆਪਣੀਆਂ ਜਾਨਾਂ ਦੀ ਕੁਰਬਾਨੀ ਦੇ ਗਏ। ਇਹ ਐਸਾ ਸਮਾਂ ਸੀ ਕਿ ਹਰ ਸਿੱਖ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਿਆ ਜਾਂਦਾ ਸੀ। ਛੋਟੇ ਤੋਂ ਛੋਟਾ ਕਾਂਗਰਸੀ ਤੇ ਜਨਸੰਘੀ ਲੀਡਰ ਜੋ ਕਿਸੇ ਵੀ ਸਿੱਖ ਵੱਲ ਉਂਗਲ ਕਰ ਦਿੰਦਾ ਸੀ ਤਾਂ ਪੁਲਿਸ ਝੱਟ ਉਸ ਨੂੰ 'ਅਕਾਲੀ' ਕਹਿ ਕੇ ਗ੍ਰਿਫ਼ਤਾਰ ਕਰ ਲੈਂਦੀ ਸੀ।"

"ਬਾਪੂ ਜੀ, ਇਹ ਜਨਸੰਘੀ ਕੌਣ ਸਨ?" ਬੇਅੰਤ ਸਿੰਘ ਨੇ ਵਿਚੋਂ ਹੀ ਪੁੱਛਿਆ।

"ਆਹ ਪੁੱਤ, ਜਿਹਨਾਂ ਨੂੰ ਹੁਣ ਭਾਰਤੀ ਜਨਤਾ ਪਾਰਟੀ ਜਾਂ ਭਾਜਪਾ ਕਿਹਾ ਜਾਂਦੈ।"

"ਅੱਛਾ, ਅੱਛਾ.......ਠੀਕ ਐ।"

"ਸਿੱਖਾਂ ਨੂੰ ਕੋਈ ਜਲੂਸ ਜਾਂ ਮੁਜ਼ਾਹਰਾ ਕਰਨ ਦੀ ਸਰਕਾਰ ਇਜਾਜ਼ਤ ਨਹੀਂ ਦਿੰਦੀ ਸੀ ਪਰ ਜੇ ਸਿੱਖ ਫਿਰ ਵੀ ਕਰਦੇ ਤਾਂ ਨਹਿਰੂ ਤੇ ਹੋਰ ਲੀਡਰਾਂ ਨੇ ਪੁਲਿਸ ਨੂੰ ਹਦਾਇਤਾਂ ਦੇ ਰੱਖੀਆਂ ਸਨ ਕਿ ਇਹਨਾਂ ਨੂੰ ਏਨਾ ਕੁੱਟੋ ਕਿ ਇਹ ਮੋਰਚੇ ਲਾਉਣੇ ਭੁੱਲ ਜਾਣ। ਦਿੱਲੀ ਵਿਖੇ ਇਕ ਜਲੂਸ ਉਪਰ ਪੁਲਿਸ ਨੇ 12 ਸਿੰਘਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਤੇ ਹਜ਼ਾਰ ਕੁ ਦੇ ਕਰੀਬ ਨੂੰ ਡਾਂਗਾਂ ਤੇ ਘੋੜਿਆਂ ਦੇ ਸੁੰਮਾਂ ਹੇਠ ਦਰੜ ਕੇ ਜ਼ਖ਼ਮੀ ਕਰ ਦਿੱਤਾ। ਕਿਸੇ ਸਿੱਖ ਨੂੰ ਬਖ਼ਸ਼ਿਆ ਨਹੀਂ ਜਾ ਰਿਹਾ ਸੀ। ਦਿੱਲੀ ਦੇ ਇਕ ਰਿਕਸ਼ਾ ਚਾਲਕ ਸਿੱਖ ਨੂੰ ਪੁਲਿਸ ਨੇ ਬਹੁਤ ਕੁੱਟਿਆ ਤੇ ਫਿਰ ਜੇਲ੍ਹ ਵਿਚ ਸੁੱਟ ਦਿੱਤਾ, ਜਿਥੇ ਉਹ ਸ਼ਹੀਦ ਹੋ ਗਿਆ। ਆਪਣੇ ਪਿੰਡ ਆਲਾ ਕੰਦੀ ਨਿਹੰਗ ਓਦੋਂ ਅੰਮ੍ਰਿਤਸਰ ਜੇਲ੍ਹ ਵਿਚ ਸੀ। ਇਸ ਨੇ ਸਾਨੂੰ ਦੱਸਿਆ ਕਿ ਇਕ ਸਿੱਖ ਪ੍ਰੋਫ਼ੈਸਰ ਸ਼ੈਤ ਦਿੱਲੀ ਦਾ ਸੀ, ਇਕ ਦੁਕਾਨ ਤੋਂ ਸੋਡਾ ਖਰੀਦ ਰਿਹਾ ਸੀ ਕਿ ਏਨੇ ਨੂੰ ਕੁਝ ਪੁਲਸੀਏ ਉਸ ਨੂੰ ਕੁੱਟਣ ਲੱਗ ਪਏ। ਉਹ ਮਿੰਨਤਾਂ ਕਰਦਾ ਰਿਹਾ ਕਿ ਉਹ ਤਾਂ ਪ੍ਰੋਫ਼ੈਸਰ ਹੈ ਤੇ ਜਲੂਸ ਵਿਚ ਸ਼ਾਮਲ ਨਹੀਂ, ਤੇ ਅੱਗੋਂ ਪੁਲਿਸ ਵਾਲੇ ਕਹਿੰਦੇ ਕਿ **'ਤੁਮ ਪ੍ਰੋਫ਼ੈਸਰ ਹੋ ਚਾਹੇ ਕੁਛ ਔਰ, ਪਰ ਸਾਲੇ ਸਿੱਖ ਤੋ ਹੋ ਨਾ'**। ਇਸ ਜਲੂਸ 'ਤੇ ਹੋਏ ਅੰਨ੍ਹੇ ਪੁਲਸੀਆ ਕਹਿਰ ਨੇ ਸਿੱਖਾਂ ਨੂੰ ਜ਼ਾਲਮ ਅੰਗਰੇਜ਼ ਹਾਕਮਾਂ ਦੀ ਯਾਦ ਕਰਵਾ ਦਿੱਤੀ। ਸਾਰੀ ਦੁਨੀਆਂ ਦੇ ਅਖ਼ਬਾਰਾਂ ਨੇ ਹਿੰਦੁਸਤਾਨੀ ਸਰਕਾਰ ਦੇ ਇਸ ਜ਼ੁਲਮ ਲਈ ਉਸ ਨੂੰ ਭੰਡਿਆ। ਮੈਨੂੰ ਯਾਦ ਹੈ......ਜਾਪਾਨ ਦੇ ਇਕ ਅਖ਼ਬਾਰ ਨੇ ਤਾਂ ਸਿੱਖਾਂ ਨੂੰ ਕੁੱਟ ਰਹੇ ਪੁਲਸੀਆਂ ਦੀ ਤਸਵੀਰ ਲਗਾ ਕੇ ਹੇਠਾਂ ਲਿਖਿਆ ਸੀ **'ਭਾਰਤ ਦੀ ਪੁਲਿਸ ਨੇ ਸਿੱਖਾਂ**

ਨੂੰ ਉਵੇਂ ਹੀ ਮਾਰਿਆ ਜਿਵੇਂ ਅੰਗਰੇਜ਼ ਹਿੰਦੁਸਤਾਨੀਆਂ ਨੂੰ ਮਾਰਦਾ ਹੁੰਦਾ ਸੀ'।''

''ਪਰ ਬਾਪੂ, ਕੋਈ ਸਰਕਾਰ ਕਿਸੇ 'ਤੇ ਐਨਾ ਜ਼ੁਲਮ ਕਿਵੇਂ ਕਰ ਸਕਦੀ ਹੈ?'' ਗੁਰਪ੍ਰੀਤ ਥੋੜ੍ਹਾ ਭਾਵੁਕ ਹੋ ਗਿਆ ਸੀ।

''ਇਹ ਤਾਂ ਕੁਝ ਵੀ ਨਹੀਂ ਪੁੱਤਰਾ, ਅਜੇ ਤਾਂ ਬਥੇਰਾ ਕੁਝ ਹੋਣਾ ਬਾਕੀ ਹੈ ਤਾਂ ਹੀ ਤਾਂ ਮੈਂ ਕਿਹਾ ਸੀ ਕਿ ਇਹ ਜ਼ੁਲਮੀ ਘਟਨਾਵਾਂ ਥੋੜੇ ਤੋਂ ਸੰਭਾਲੀਆਂ ਨਹੀਂ ਜਾਣੀਆਂ। ਜਦੋਂ ਵੱਡੇ ਹੋ ਗਏ, ਉਦੋਂ ਆਪੇ ਪਤਾ ਲੱਗ ਜਾਊ।'' ਅਜਮੇਰ ਸਿੰਘ ਨੇ ਗੁਰਪ੍ਰੀਤ ਨੂੰ ਭਾਵੁਕ ਹੁੰਦਾ ਵੇਖ ਕੇ ਆਪਣੀ ਪੁਰਾਣੀ ਗੱਲ ਦੁਹਰਾਈ।

''ਨਹੀਂ.....ਨਹੀਂ ਬਾਪੂ ਜੀ, ਕੁਛ ਨਹੀਂ ਹੁੰਦਾ, ਇਹ ਤਾਂ ਹੈ ਈ ਮਾੜੇ ਦਿਲ ਦਾ, ਤੁਸੀਂ ਅੱਗੇ ਸੁਣਾਉ।'' ਮੰਦਰ ਨੇ ਦਿਲ ਕਰੜਾ ਕਰਦੇ ਹੋਏ ਕਿਹਾ।

''ਚੰਗਾ ਥੋਡੀ ਮਰਜ਼ੀ.....ਤਾਂ ਸੁਣੋ ਫਿਰ.......ਸਰਕਾਰ ਨੇ ਸਖਤੀ ਏਨੀ ਕਰ ਦਿੱਤੀ ਸੀ ਕਿ ਅਕਾਲੀਆਂ ਦੇ ਘਰਾਂ, ਜ਼ਮੀਨਾਂ, ਜਾਇਦਾਦਾਂ ਦੀ ਕੁਰਕੀ ਕਰਨੀ ਸ਼ੁਰੂ ਕਰ ਦਿੱਤੀ ਸੀ। ਪੰਜਾਬ ਵਿਚ ਪੁਲਿਸ ਨੂੰ ਜਿਥੇ ਵੀ ਕੋਈ ਨੀਲੀ ਪੱਗ ਵਾਲਾ ਦਿੱਸਦਾ ਸੀ ਤਾਂ ਉਹ ਝੱਟ ਉਸ ਨੂੰ ਗ੍ਰਿਫ਼ਤਾਰ ਕਰ ਲੈਂਦੀ ਸੀ। ਇਥੋਂ ਤਕ ਕਿ ਪੁਲਿਸ ਨੇ ਨੀਲੀਆਂ ਪੱਗਾਂ ਵਾਲੇ ਕੁਝ ਕਾਂਗਰਸੀ ਲੀਡਰਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਸੀ, ਊਧਮ ਸਿੰਘ ਨਾਗੋਕੇ ਇਹਨਾਂ ਵਿਚੋਂ ਇਕ ਸੀ। ਉਸ ਸਮੇਂ ਨੀਲੀ ਦਸਤਾਰ ਸਜਾਉਣ ਦਾ ਮਤਲਬ ਸੀ ਫੌਰਨ ਗ੍ਰਿਫ਼ਤਾਰ ਹੋ ਜਾਣਾ। ਜਦੋਂ ਨੀਲੀ ਦਸਤਾਰ ਸਿੱਖਾਂ ਨੇ ਬੰਨ੍ਹਣੀ ਕੁਝ ਘਟਾ ਦਿੱਤੀ ਤਾਂ ਪੁਲਿਸ ਨੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਨ ਲਈ ਹੋਰ ਘਟੀਆ ਹੱਥਕੰਡੇ ਅਪਣਾਉਣੇ ਸ਼ੁਰੂ ਕਰ ਦਿੱਤੇ। ਸਿੱਖਾਂ ਨੂੰ ਜ਼ਲੀਲ ਕਰਨ ਲਈ ਬਹੁਤ ਘਟੀਆ ਚਾਲਾਂ ਚੱਲੀਆਂ ਗਈਆਂ। ਨਾਕੇ 'ਤੇ ਖੜੇ ਹੋਏ ਪੁਲਸੀਏ ਜਦੋਂ ਕਿਸੇ ਸਿੱਖ ਤੋਂ ਪੁੱਛ-ਪੜਤਾਲ ਕਰਦੇ ਤਾਂ ਪੁੱਛਦੇ ਕਿ ਤੂੰ ਕੱਛਾ ਪਾਇਆ ਹੈ ਕਿ ਕਛਹਿਰਾ। ਜੇ ਅਗਲਾ ਮੂਹਰਿਉਂ ਕੁਝ ਨਾ ਬੋਲਦਾ ਤਾਂ ਪੁਲਿਸ ਵਾਲੇ ਆਪ ਚੈੱਕ ਕਰਦੇ ਤੇ ਜੇ ਅਗਲੇ ਨੇ ਕਛਹਿਰਾ ਪਾਇਆ ਹੁੰਦਾ ਤਾਂ ਉਸ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਜਾਂਦਾ।''

ਕੁਝ ਇਕੱਠੀਆਂ 'ਟੁੱਚ.....ਟੁੱਚ.....ਟੁੱਚ' ਦੀਆਂ ਆਵਾਜ਼ਾਂ ਆਈਆਂ ਪਰ ਅਜਮੇਰ ਸਿੰਘ ਬੋਲੀ ਗਿਆ।

''ਹਿੰਦੁਸਤਾਨੀ ਸਰਕਾਰ ਨੇ ਅੰਗਰੇਜ਼ ਹਕੂਮਤ ਤੋਂ ਵੀ ਮਾੜੇ ਤੇ ਜ਼ੁਲਮੀ ਕਾਨੂੰਨ ਘੜ ਲਏ। ਇਕ ਕਾਨੂੰਨ ਸੀ ਕਿ ਜੋ ਕੋਈ ਗ੍ਰਿਫ਼ਤਾਰੀ ਵੇਲੇ ਆਪਣੇ ਮਾਂ-ਪਿਉ ਦਾ ਸਿਰਨਾਵਾਂ ਜਾਂ ਆਪਣੇ ਘਰ ਦਾ ਪਤਾ ਗ਼ਲਤ ਲਿਖਵਾਉਂਦਾ ਹੈ ਤਾਂ ਉਸ ਨੂੰ ਤਿੰਨ ਸਾਲ ਦੀ ਕੈਦ ਦੀ ਸਜ਼ਾ ਦਿੱਤੀ ਜਾਵੇਗੀ। ਹੁਣ ਸਿੱਖਾਂ ਨੇ ਆਪਣੇ ਨਾਮ ਦੇ ਨਾਲ ਪਿਤਾ ਦਾ ਨਾਮ ਗੁਰੂ ਗੋਬਿੰਦ ਸਿੰਘ ਤੇ ਮਾਤਾ ਦਾ ਨਾਮ ਸਾਹਿਬ ਕੌਰ ਤੇ ਵਾਸੀ ਅਨੰਦਪੁਰ ਸਾਹਿਬ ਲਿਖਵਾਉਣਾ ਸ਼ੁਰੂ ਕਰ ਦਿੱਤਾ। ਸਰਕਾਰ ਹੋਰ ਖਿੱਝ ਗਈ ਤੇ ਜਿਹੜੇ ਵੀ ਸਿੱਖ ਇਹ ਜਾਣਕਾਰੀ

ਲਿਖਵਾਉਂਦੇ ਉਹਨਾਂ 'ਤੇ ਜੇਲ੍ਹ ਵਿਚ ਬੇਤਹਾਸ਼ਾ ਤਸ਼ੱਦਦ ਕੀਤਾ ਜਾਂਦਾ। ਸਿੱਖਾਂ ਨੇ ਇਸ ਮੋਰਚੇ ਵਿਚ ਪਾਰਲੀਮੈਂਟ ਮੂਹਰੇ ਤੇ 15 ਅਗਸਤ ਨੂੰ ਲਾਲ ਕਿਲ੍ਹੇ ਮੂਹਰੇ ਵੀ ਜ਼ਬਰਦਸਤ ਪ੍ਰਦਰਸ਼ਨ ਕੀਤੇ। ਸਿੱਖਾਂ ਨੇ ਪ੍ਰੋਗਰਾਮ ਬਣਾਇਆ ਕਿ 15 ਅਗਸਤ ਨੂੰ ਕਾਲੇ ਗੁਬਾਰੇ ਛੱਡ ਕੇ ਵਿਰੋਧ ਕੀਤਾ ਜਾਵੇਗਾ। ਪੁਲਿਸ ਨੂੰ ਵੀ ਭਿਣਕ ਪੈ ਗਈ ਤੇ ਉਸ ਨੇ ਕਾਲੇ ਗੁਬਾਰੇ ਤੇ ਹਜ਼ਾਰਾਂ ਗੈਸ ਭਰਨ ਵਾਲੇ ਸਿਲੰਡਰ ਕਬੰਜ਼ੇ ਵਿਚ ਲੈ ਗਏ। ਪੁਲਿਸ ਖੁਸ਼ ਸੀ ਕਿ ਅਕਾਲੀਆਂ ਦਾ ਇਹ ਪ੍ਰੋਗਰਾਮ ਤਾਂ ਫੇਲ੍ਹ ਹੋ ਗਿਆ.........ਪਰ..........ਜਦੋਂ ਹੀ ਲਾਲ ਕਿਲ੍ਹੇ 'ਤੇ ਨਹਿਰੂ ਨੇ ਬੋਲਣਾ ਸ਼ੁਰੂ ਕੀਤਾ ਤਾਂ ਸੈਂਕੜਿਆਂ ਦੀ ਗਿਣਤੀ ਵਿਚ ਕਾਲੇ ਗੁਬਾਰੇ, ਜਿਨ੍ਹਾਂ ਉੱਤੇ 'ਪੰਜਾਬੀ ਸੂਬਾ ਜ਼ਿੰਦਾਬਾਦ' ਲਿਖਿਆ ਹੋਇਆ ਸੀ, ਹਵਾ ਵਿਚ ਉੱਡਣ ਲੱਗੇ। ਕੁਝ ਹੀ ਮਿੰਟਾਂ ਵਿਚ ਲਾਲ ਕਿਲ੍ਹੇ ਦੇ ਆਲੇ-ਦੁਆਲੇ ਦਾ ਅਸਮਾਨ ਕਾਲੇ ਗੁਬਾਰਿਆਂ ਨਾਲ ਭਰਿਆ ਪਿਆ ਸੀ। ਸਿੱਖ ਨੌਜੁਆਨਾਂ ਨੇ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਹਰੇ ਮਾਰ ਕੇ ਵੀ ਅਸਮਾਨ ਗੂੰਜਣ ਲਾ ਦਿੱਤਾ...........।''

''ਹੌਂਥੇ ਰੱਖ.........ਆਹ ਬਣੀ ਨਾ ਗੱਲ...........ਨਾ ਹੁਣ ਕਰ ਗੱਲ ਪੰਡਤਾ.......।'' ਮੰਦਰ ਜੋਸ਼ ਵਿਚ ਹੀ ਬੋਲ ਗਿਆ।

''ਨਹਿਰੂ ਹੁਣ ਗੁੱਸੇ ਨਾਲ ਪੂਰਾ ਭਰ ਗਿਆ, ਉਸ ਨੇ ਆਪਣੇ ਭਾਸ਼ਨ ਵਿਚ ਸਿੱਖਾਂ ਵਿਰੁੱਧ ਰੱਜ ਕੇ ਜ਼ਹਿਰ ਕੱਢੀ। ਨਹਿਰੂ ਦੀ ਇਸ ਸਿੱਖ ਵਿਰੋਧੀ ਤਕਰੀਰ ਨੂੰ ਪੂਰੀ ਦੁਨੀਆਂ ਨੇ ਸੁਣਿਆ ਤੇ ਉਸ ਦੀ ਚੁਪਾਸਿਉਂ ਥੂ-ਥੂ ਹੋਈ। ਹੁਣ ਨਹਿਰੂ ਨੇ ਪੁਲਿਸ ਨੂੰ ਅੱਤਿਆਚਾਰ ਕਰਨ ਲਈ ਹੋਰ ਖੁੱਲ੍ਹ ਦੇ ਦਿੱਤੀ। ਜ਼ੁਲਮਾਂ ਦੀ ਹਨੇਰੀ ਝੱਖੜ ਬਣ ਗਈ, ਜਿਸ ਵਿਚ ਕਈ ਮਾਸੂਮ ਜਿੰਦਾਂ ਉੱਡ ਗਈਆਂ। ਇਹਨਾਂ ਵਿਚੋਂ ਇਕ ਸੀ 'ਕਾਕਾ ਇੰਦਰਜੀਤ ਸਿੰਘ ਕਰਨਾਲ'। ਇਹ ਪੰਜਵੀਂ ਜਮਾਤ ਦਾ ਬੱਚਾ ਮੋਗੇ ਤੋਂ ਸੀ ਤੇ ਸ਼ੌਂਤ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਕਰਨਾਲ ਗਿਆ ਹੋਇਆ ਸੀ। ਇਹ ਕਈ ਬੱਚੇ ਰਲ ਕੇ ਖੇਡ ਰਹੇ ਸਨ। ਹੁਣ ਪੰਜਾਬ ਦੇ ਮੌਜੂਦਾ ਮਾਹੌਲ ਦਾ ਅਸਰ ਇਹਨਾਂ ਬੱਚਿਆਂ 'ਤੇ ਹੋਣਾ ਵੀ ਲਾਜ਼ਮੀ ਸੀ। ਇਹ ਬੱਚੇ ਗਲੀ ਵਿਚ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਹਰੇ ਮਾਰਦੇ ਫਿਰਦੇ ਸਨ ਕਿ ਕਿਸੇ ਪਾਸਿਉਂ ਪੁਲਿਸ ਦੀ ਇਕ ਟੋਲੀ ਆ ਗਈ। ਇਹ ਬੱਚੇ ਨਾਹਰੇ ਮਾਰਨੋਂ ਨਾ ਹਟੇ ਤੇ ਇੰਦਰਜੀਤ ਸਿੰਘ ਤਾਂ ਸਗੋਂ ਮੂਹਰੇ ਹੋ-ਹੋ ਕੇ ਜ਼ੋਰ ਨਾਲ ਬੋਲਣ ਲੱਗਾ, 'ਪੰਜਾਬੀ ਸੂਬਾ ਜ਼ਿੰਦਾਬਾਦ, ਪੰਜਾਬੀ ਸੂਬਾ ਜ਼ਿੰਦਾਬਾਦ' ਪੁਲਸੀਆਂ ਨੇ ਇਹਨਾਂ ਬੱਚਿਆਂ ਨੂੰ ਘੇਰ ਕੇ ਡਾਂਗਾਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਇੰਦਰਜੀਤ ਸਿਹੁੰ ਲਾਗਲੇ ਇਕ ਖੂਹ ਵਿਚ ਡਿੱਗ ਪਿਆ, ਪੁਲਿਸ ਵਾਲਿਆਂ ਕਸਾਈਆਂ ਨੇ ਉਸ ਬੱਚੇ 'ਤੇ ਵੀ ਤਰਸ ਨਾ ਖਾਧਾ ਤੇ ਉਸ ਨੂੰ ਖੂਹ ਵਿਚੋਂ ਨਾ ਨਿਕਲਣ ਦਿੱਤਾ ਤੇ ਉਹ ਵਿਚਾਰਾ ਖੂਹ ਵਿਚ ਡੁੱਬ ਕੇ ਸ਼ਹੀਦ ਹੋ ਗਿਆ।''

''ਓਏ........ਹੋ.........ਏ.....ਏ........ਏ।'' ਦੋ-ਤਿੰਨ ਆਵਾਜ਼ਾਂ ਇਕੱਠੀਆਂ ਆਈਆਂ।

''ਇੰਦਰਜੀਤ ਦੀ ਸ਼ਹੀਦੀ ਨਾਲ ਸਿੱਖ ਪੰਥ ਅੰਦਰ ਰੋਹ ਦੀ ਲਹਿਰ ਫੈਲ ਗਈ। ਥਾਂ-ਥਾਂ ਵਿਰੋਧ ਪ੍ਰਦਰਸ਼ਨ ਹੋਣ ਲੱਗੇ ਪਰ ਪੁਲਿਸ ਦਾ ਕਹਿਰ ਜਾਰੀ ਰਿਹਾ। ਵਿਰੋਧ ਪ੍ਰਦਰਸ਼ਨ ਕਰ ਰਹੇ ਸਿੱਖਾਂ ਨੂੰ ਪੁਲਿਸ ਡਾਂਗਾਂ ਨਾਲ ਨਿਵਾਜਦੀ ਤੇ ਗ੍ਰਿਫ਼ਤਾਰ ਕਰ ਲੈਂਦੀ। ਸੈਂਕੜੇ ਸਕੂਲਾਂ, ਕਾਲਜਾਂ ਦੇ ਵਿਦਿਆਰਥੀ ਵੀ ਜੇਲ੍ਹਾਂ ਵਿਚ ਤੁੰਨ ਦਿੱਤੇ। ਬਠਿੰਡੇ ਜੇਲ੍ਹ ਵਿਚ ਪੁਲਿਸ ਨੇ ਸਿੱਖ ਕੈਦੀਆਂ 'ਤੇ ਗੋਲੀਆਂ ਚਲਾਈਆਂ ਤੇ 50 ਕੇ ਕਰੀਬ ਸਿੱਖਾਂ ਨੂੰ ਨਿਸ਼ਾਨਾ ਬਣਾਇਆ। ਬਠਿੰਡਾ ਗੋਲੀ ਕਾਂਡ ਦਾ ਵਿਰੋਧ ਕਰ ਰਹੇ ਸਿੰਘਾਂ 'ਤੇ ਪਟਿਆਲੇ ਪੁਲਿਸ ਨੇ ਫਿਰ ਗੋਲੀ ਚਲਾਈ ਤੇ ਦੋ ਸਿੰਘ ਸ਼ਹੀਦ ਹੋ ਗਏ। ਸੈਂਕੜੇ ਸਿੱਖਾਂ ਨੂੰ ਜ਼ਖ਼ਮੀ ਕੀਤਾ ਗਿਆ। ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਲਈ ਬੁੱਚੜ ਪ੍ਰਤਾਪ ਸਿੰਘ ਕੈਰੋਂ ਨੇ ਉਸੇ ਦਿਨ ਦੀ ਰਾਤ ਨੂੰ ਦੋਸ਼ੀ ਪੁਲਸੀਆਂ ਨੂੰ ਇਕ-ਇਕ ਸਾਲ ਦੀ ਤਨਖ਼ਾਹ ਇਨਾਮ ਵਜੋਂ ਦੇਣ ਦਾ ਐਲਾਨ ਕੀਤਾ। ਨਹਿਰੂ ਨੇ ਆਪਣਾ ਬਿਆਨ ਦੁਹਰਾਇਆ ਕਿ ਭਾਰਤ ਵਿਚ ਪੰਜਾਬੀ ਸੂਬਾ ਨਹੀਂ ਬਣੇਗਾ। ਇਸ ਬਿਆਨ ਤੋਂ ਬਾਅਦ ਨਹਿਰੂ ਕਿਸੇ ਥਾਂ ਲੈਕਚਰ ਕਰਨ ਗਿਆ, ਜਦੋਂ ਉਹ ਲੈਕਚਰ ਸ਼ੁਰੂ ਕਰਨ ਲੱਗਾ ਤਾਂ ਜਲਸੇ ਵਿਚ ਬੈਠੇ ਕੁਝ ਸਿੱਖਾਂ ਨੇ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਅਰੇ ਲਗਾ ਦਿੱਤੇ। ਬੌਖਲਾਏ ਹੋਏ ਨਹਿਰੂ ਨੇ ਸਿੱਖ ਕੌਮ ਖ਼ਿਲਾਫ਼ ਬੜੇ ਘਟੀਆ ਸ਼ਬਦ ਵਰਤੇ ਤੇ ਸਿੱਖਾਂ ਨੂੰ ਗਾਲ੍ਹਾਂ ਤਕ ਕੱਢੀਆਂ। ਹੁਣ ਤਕ ਮਹਾਸ਼ਾ ਪ੍ਰੈਸ ਤੇ ਜਨਸੰਘੀ ਵੀ ਨਹਿਰੂ ਨਾਲ ਪੰਜਾਬੀ ਸੂਬੇ ਦੇ ਵਿਰੋਧ ਵਿਚ ਖੜੇ ਗਏ ਸਨ। ਡੀ.ਏ.ਵੀ. ਸਕੂਲਾਂ ਤੇ ਕਾਲਜਾਂ ਨੇ ਪੰਜਾਬੀ ਸੂਬੇ ਦੇ ਵਿਰੋਧ ਵਿਚ ਜਲੂਸ ਕੱਢੇ ਤੇ ਸਿੱਖਾਂ ਦੇ ਘਰਾਂ, ਦੁਕਾਨਾਂ ਤੇ ਗੁਰਦੁਆਰਿਆਂ 'ਤੇ ਹਮਲੇ ਕੀਤੇ। ਕਿਉਂਕਿ ਕੁਝ ਕਾਂਗਰਸੀ ਪੰਜਾਬੀ ਸੂਬੇ ਦੇ ਹੱਕ ਵਿਚ ਖੜੇ ਰਹੇ ਸਨ, ਇਸ ਲਈ ਉਹਨਾਂ ਨੇ ਅੰਮ੍ਰਿਤਸਰ ਵਿਚ ਕਾਂਗਰਸ ਦਾ ਦਫਤਰ ਵੀ ਫੂਕ ਦਿੱਤਾ। ਸਰਕਾਰ ਨੇ ਕਈ ਸ਼ਹਿਰਾਂ ਵਿਚ ਕਰਫ਼ਿਊ ਵੀ ਲਾਇਆ ਪਰ ਹੁਣ ਤਕ ਇਹਨਾਂ ਨੇ ਲੱਖਾਂ ਦੀ ਜਾਇਦਾਦ ਤਬਾਹ ਕਰ ਦਿੱਤੀ ਸੀ ਤੇ 8-10 ਜਣਿਆਂ ਨੂੰ ਮਾਰ ਦਿੱਤਾ ਸੀ। ਉਧਰ ਹਿੰਦ ਸਮਾਚਾਰ ਤੇ ਪ੍ਰਤਾਪ ਅਖ਼ਬਾਰਾਂ ਲਗਾਤਾਰ ਪੰਜਾਬੀ ਵਿਰੁੱਧ ਪ੍ਰਚਾਰ ਕਰ ਰਹੀਆਂ ਸਨ। ਹਰੇਕ ਹਿੰਦੂ ਨੂੰ ਆਪਣੀ ਮਾਂ-ਬੋਲੀ ਹਿੰਦੀ ਲਿਖਵਾਉਣ ਲਈ ਅਪੀਲਾਂ ਕੀਤੀਆਂ ਜਾ ਰਹੀਆਂ ਸਨ ਤੇ ਇਸ ਵਿਚ ਉਹ ਸਫਲ ਵੀ ਰਹੇ। ਪੰਜਾਬ ਦੇ ਜ਼ਿਆਦਾ ਹਿੰਦੂਆਂ ਨੇ ਪੰਜਾਬੀ ਵਿਚ ਬੋਲ ਕੇ ਆਪਣੀ ਭਾਸ਼ਾ ਹਿੰਦੀ ਲਿਖਵਾਈ.........।''

''ਪੰਜਾਬੀ ਵਿਚ ਬੋਲ ਕੇ ਕਿਵੇਂ?'' ਗੁਰਪ੍ਰੀਤ ਨੂੰ ਗੱਲ ਸਮਝ ਨਹੀਂ ਲੱਗੀ ਸੀ।

''ਮਤਲਬ ਜੇ ਕੋਈ ਪੁੱਛਦਾ ਸੀ ਕਿ ਤੁਹਾਡੀ ਮਾਤ-ਭਾਸ਼ਾ ਕੀ ਹੈ ਤਾਂ

ਇਹਨਾਂ ਨੂੰ ਕਹਿਣਾ ਚਾਹੀਦਾ ਸੀ ਕਿ 'ਹਮਾਰੀ ਮਾਤ੍ਰ-ਭਾਸ਼ਾ ਹਿੰਦੀ ਹੈ' ਪਰ ਇਹਨਾਂ ਨੇ ਕਿਹਾ 'ਸਾਡੀ ਮਾਤ-ਭਾਸ਼ਾ ਹਿੰਦੀ ਹੈ' ਕਿਉਂ ਬਾਪੂ ਜੀ........? ਠੀਕ ਐ ਨਾ!'' ਹਰਪ੍ਰੀਤ ਨੇ ਗੁਰਪ੍ਰੀਤ ਨੂੰ ਸਮਝਾਉਣ ਤੋਂ ਬਾਅਦ ਬਾਪੂ ਤੋਂ ਪੁਸ਼ਟੀ ਕਰਨੀ ਚਾਹੀ।

''ਬਿਲਕੁਲ ਠੀਕ ਪੁੱਤਰ.......ਅਸਲ ਵਿਚ ਗੁਲਜ਼ਾਰੀ ਲਾਲ ਨੰਦਾ ਚਾਹੁੰਦਾ ਸੀ ਕਿ ਜਿੰਨੀ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਘਟੇਗੀ, ਉਨਾ ਹੀ ਪੰਜਾਬੀ ਸੂਬਾ ਛੋਟਾ ਬਣੇਗਾ। ਅੰਤ ਬਾਹਮਣਾਂ ਦੀਆਂ ਚਲਾਕੀਆਂ ਰੰਗ ਲਿਆਈਆਂ ਤੇ ਨਵੰਬਰ 1966 ਵਿਚ ਐਡੇ ਵੱਡੇ ਪੰਜਾਬ ਨੂੰ ਵੱਢ-ਟੁੱਕ ਕੇ ਆਹ 'ਪੰਜਾਬੀ ਸੂਬੀ' ਬਣਾ ਦਿੱਤੀ ਗਈ। ਭਾਵੇਂ ਕਿ ਮੋਰਚਾ ਫ਼ਤਹਿ ਹੋ ਗਿਆ ਪਰ ਸਿੱਖ ਅੰਦਰੋਂ ਖ਼ੁਸ਼ ਨਹੀਂ ਸਨ........ਹੁੰਦੇ ਵੀ ਕਿਵੇਂ........60000 ਦੇ ਕਰੀਬ ਗ੍ਰਿਫਤਾਰੀਆਂ ਤੇ ਕਈ ਸਿੰਘ ਸ਼ਹੀਦ ਕਰਵਾਉਣ ਤੋਂ ਬਾਅਦ ਵੀ ਸਿੱਖਾਂ ਨੂੰ ਉਹ ਨਹੀਂ ਮਿਲਿਆ, ਜੋ ਉਹ ਮੰਗ ਰਹੇ ਸਨ........ਪਰ......ਖ਼ੈਰ ਕੁਝ ਨਾ ਹੋਣ ਨਾਲੋਂ ਕੁਝ ਨਾ ਕੁਝ ਹੋਣਾ ਚੰਗਾ ਹੁੰਦਾ ਹੈ।...........ਹੌਲੀ-ਹੌਲੀ ਸਿੱਖ ਇਹ ਦੁੱਖ ਭੁੱਲਣ ਲੱਗੇ ਤੇ ਖ਼ੁਸ਼ੀ-ਖ਼ੁਸ਼ੀ ਜੀਵਨ ਬਤੀਤ ਕਰਨ ਲੱਗੇ ਪਰ ਬਹੁਤੀ ਦੇਰ ਲਈ ਨਹੀਂ.........ਇਹ ਖ਼ੁਸ਼ੀ ਥੋੜ੍ਹੇ ਚਿਰ ਲਈ ਹੀ ਆਈ ਤੇ ਉਦੋਂ ਇਹ ਖ਼ਤਮ ਹੋ ਗਈ ਜਦੋਂ ਕਿਸੇ ਨੇ ਪਿੰਡ ਨਾਈ ਮਾਜਰਾ ਦੇ ਨਹਿਰ ਵਾਲੇ ਪੁਲ 'ਤੇ 80 ਸਾਲਾ ਬਜ਼ੁਰਗ ਬਾਬਾ ਬੂਝਾ ਸਿੰਘ ਦੀ ਗੋਲੀਆਂ ਨਾਲ ਵਿੰਨ੍ਹੀ ਹੋਈ ਲਾਸ਼ ਦੇਖੀ।''

''ਹੁਣ ਬਾਪੂ.......ਹੁਣ ਕੀ ਹੋ ਗਿਆ ਸੀ?'' ਮੰਦਰ ਨੇ ਉਤਸੁਕਤਾ ਨਾਲ ਪੁੱਛਿਆ।

''13 ਅਪਰੈਲ 1968 ਨੂੰ ਪੰਜਾਬ ਭਰ ਵਿਚ ਇਕ ਇਸ਼ਤਿਹਾਰ ਥਾਂ-ਥਾਂ ਚਿਪਕਾਇਆ ਗਿਆ,

'ਗੁਰੂ ਗੋਬਿੰਦ ਸਿੰਘ ਦਾ ਰਾਹ, ਬੰਦੇ ਬਹਾਦਰ ਦਾ ਰਾਹ, ਸ. ਭਗਤ ਸਿੰਘ ਦਾ ਰਾਹ ਵੀਅਤਨਾਮ ਦਾ ਰਾਹ, ਨਕਸਲਬਾੜੀ ਦਾ ਰਾਹ, ਸਾਡਾ ਰਾਹ। ਲੋਕਾਂ ਦੀ ਮੁਕਤੀ ਦਾ ਰਾਹ ਚੋਣਾਂ ਨਹੀਂ, ਇਨਕਲਾਬੀ ਤੇ ਖਾੜਕੂ ਜੱਦੋ-ਜਹਿਦਾਂ ਹਨ।'

ਪੰਜਾਬ ਵਿਚ ਨਕਸਲਬਾੜੀ ਲਹਿਰ 13 ਅਪਰੈਲ ਨੂੰ ਸ਼ੁਰੂ ਕੀਤੀ ਗਈ। 13 ਅਪਰੈਲ ਦਾ ਦਿਨ ਇਸ ਲਈ ਚੁਣਿਆ ਕਿ ਇਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਦੱਬੇ-ਕੁਚਲੇ ਤੇ ਲਿਤਾੜੇ ਜਾ ਰਹੇ ਲੋਕਾਂ ਨੂੰ ਇਕੱਠੇ ਕਰ ਕੇ ਮੁਗਲ ਸਾਮਰਾਜ ਦੇ ਖ਼ਿਲਾਫ਼ ਖਾੜਕੂ ਸੰਘਰਸ਼ ਨੂੰ ਇਕਸੁਰ ਕਰਨ ਦੀ ਸ਼ੁਰੂਆਤ ਕੀਤੀ ਸੀ ਤੇ ਪੰਜਾਬ ਦੇ ਲੋਕਾਂ ਦੀ ਖਾੜਕੂ ਪਰੰਪਰਾ ਇਸ ਦਿਨ ਨਾਲ ਜੁੜੀ ਹੋਈ ਹੈ। ਇਸ ਲਹਿਰ ਨੂੰ ਪੰਜਾਬ ਵਿਚ ਸ਼ੁਰੂ ਕਰਨ ਦਾ ਸਿਹਰਾ ਬਾਬਾ ਬੂਝਾ ਸਿੰਘ, ਜਿਹੜਾ ਕਿ ਇਕ ਅੰਮ੍ਰਿਤਧਾਰੀ ਨਿਤਨੇਮੀ ਗੁਰਸਿੱਖ ਸੀ, ਦੇ

ਸਿਰ ਬੱਝਦਾ ਹੈ। ਉਸ ਨੇ ਨਾਲ ਹੀ ਬਾਬਾ ਨਿਰੰਜਨ ਸਿੰਘ ਅਕਾਲੀ, ਜਿਸ ਨੇ ਕਿ ਸਭ ਤੋਂ ਪਹਿਲਾਂ 500 ਰੁਪਏ ਦਿੱਤੇ ਸਨ ਹਥਿਆਰ ਖ਼ਰੀਦਣ ਲਈ। ਬਾਬਾ ਨਿਰੰਜਨ ਸਿੰਘ ਅਕਾਲੀ ਸਾਈਕਲ 'ਤੇ ਪਿੰਡ-ਪਿੰਡ ਇਸ਼ਤਿਹਾਰ ਚਿਪਕਾਉਂਦਾ ਹੁੰਦਾ ਸੀ, ਜਿਨ੍ਹਾਂ 'ਤੇ ਲਿਖਿਆ ਸੀ:

'ਰਾਜਸੀ ਤਾਕਤ ਬੰਦੂਕ ਦੀ ਨਾਲੀ 'ਚੋਂ'

'ਖਾੜਕੂ ਘੋਲ ਲਾਮਬੰਦ ਕਰੋ'

ਹਾਕਮ ਸਿੰਘ ਸਮਾਓ ਵੀ ਇਸ ਲਹਿਰ ਦੇ ਮੋਢੀ ਲੀਡਰਾਂ ਵਿਚੋਂ ਸੀ। ਕੁਝ ਸਮੇਂ ਵਿਚ ਇਹ ਲਹਿਰ ਪੰਜਾਬ ਵਿਚ ਜ਼ੋਰ ਫੜਨ ਲੱਗੀ। ਪੰਜਾਬ ਦੀ ਜੁਝਾਰੂ ਮਿੱਟੀ ਨੇ ਲੋਕ ਹੱਕਾਂ ਲਈ ਲੜ ਰਹੇ ਆਪਣੇ ਇਹਨਾਂ ਪੁੱਤਰਾਂ ਨੂੰ ਗਲ ਨਾਲ ਲਾਇਆ। ਪੰਜਾਬ ਦੇ ਲੋਕਾਂ ਨੇ ਵੀ ਛੇਤੀ ਹੀ ਇਹ ਲਹਿਰ ਪ੍ਰਵਾਨ ਕਰ ਲਈ, ਕਿਉਂਕਿ ਇਸ ਵਿਚ ਕਿਤੇ ਨਾ ਕਿਤੇ ਉਹਨਾਂ ਨੂੰ ਆਪਣਾ ਚੰਗਾ ਭਵਿੱਖ ਦਿਸਦਾ ਸੀ। ਉਧਰ ਹਕੂਮਤ ਨੂੰ ਵੀ ਦਿਸਦਾ ਸੀ ਕਿ ਜੇ ਪੰਜਾਬ ਦੀ ਖਾੜਕੂ ਧਰਤੀ 'ਤੇ ਇਹ ਲਹਿਰ ਇਕ ਵਾਰ ਪੱਕੇ ਪੈਰੀਂ ਹੋ ਗਈ ਫਿਰ ਇਸ ਦੇ ਪੈਰ ਉਖਾੜਨੇ ਅਸੰਭਵ ਹੋ ਜਾਣਗੇ। ਸੋ ਉਹਨਾਂ ਨੇ ਵੀ ਆਪਣੇ ਜ਼ਾਲਮ ਹਮਲਿਆਂ ਦੀ ਸ਼ੁਰੂਆਤ ਕਰ ਦਿੱਤੀ। ਬੇਕਸੂਰੇ ਲੋਕਾਂ ਨੂੰ ਘਰਾਂ 'ਚੋਂ ਚੁੱਕ ਕੇ ਝੂਠੇ ਪੁਲਿਸ ਮੁਕਾਬਲੇ ਬਣਾਉਣੇ ਸ਼ੁਰੂ ਕਰ ਦਿੱਤੇ। ਲੋਕਾਂ ਦਾ ਇਸ ਲਹਿਰ ਨਾਲੋਂ ਮੋਹ ਤੋੜਨ ਲਈ ਹਰ ਜ਼ੁਲਮੀ ਤਰੀਕਾ ਵਰਤਿਆ ਗਿਆ। ਫੜੇ ਗਏ ਮੁੰਡਿਆਂ 'ਤੇ ਅੰਤਾਂ ਦਾ ਤਸ਼ੱਦਦ ਕੀਤਾ ਜਾਂਦਾ ਤੇ ਫਿਰ ਕਿਸੇ ਨਹਿਰ ਦੇ ਪੁਲ 'ਤੇ ਲਿਜਾ ਕੇ, ਗੋਲੀਆਂ ਮਾਰ ਕੇ ਪੁਲਿਸ ਮੁਕਾਬਲਾ ਬਣਾ ਦਿੱਤਾ ਜਾਂਦਾ। ਬਾਬਾ ਹਰੀ ਸਿੰਘ ਮਰਗਿੰਦ ਤੋਂ ਲੈ ਕੇ ਰਜਿੰਦਰ ਸਿੰਘ ਤਕ ਸੈਂਕੜੇ ਮੁੰਡੇ ਅੰਨ੍ਹਾ ਟਾਰਚਰ ਕਰ ਕੇ ਸ਼ਹੀਦ ਕੀਤੇ ਗਏ। ਪਰ ਇਹਨਾਂ ਵਿਚੋਂ ਕੋਈ ਵੀ ਡੋਲਿਆ ਨਹੀਂ। ਡੋਲਦੇ ਵੀ ਕਿਵੇਂ? ਤੱਤੀ ਤਵੀ 'ਤੇ ਬੈਠੇ ਪੰਜਵੇਂ ਪਾਤਸ਼ਹ, ਬੰਦ-ਬੰਦ ਕਟਵਾ ਰਹੇ ਭਾਈ ਮਨੀ ਸਿੰਘ, ਜਮੂਰਾਂ ਨਾਲ ਮਾਸ ਖਿਚਵਾ ਰਹੇ ਤੇ ਪੁੱਤਰ ਦਾ ਕਲੇਜਾ ਮੂੰਹ ਵਿਚ ਪਵਾ ਰਹੇ ਬਾਬਾ ਬੰਦਾ ਸਿੰਘ ਬਹਾਦਰ ਇਹਨਾਂ ਦੇ ਆਦਰਸ਼ ਸਨ, ਪ੍ਰੇਰਨਾ ਸਨ, ਉਹ ਇਹਨਾਂ ਨੂੰ ਤਾਕਤ ਦਿੰਦੇ ਸਨ। ਤਸ਼ੱਦਦ ਸਹਿਣ ਦੀ ਤੇ ਜੂਝ ਕੇ ਸ਼ਹਾਦਤ ਪ੍ਰਾਪਤ ਕਰਨ ਦੀ ਤੇ ਇਹਨਾਂ ਜੁਝਾਰੂਆਂ ਨੇ ਇੰਝ ਕੀਤਾ ਵੀ। ਪੰਜਾਬ ਦੀ ਅਣਖੀ ਮਿੱਟੀ ਨੂੰ ਦਾਗ਼ ਨਹੀਂ ਲੱਗਣ ਦਿੱਤਾ। ਫੇਰ ਭਾਵੇਂ ਪੁਲਿਸ ਨੇ ਇਹਨਾਂ ਨੂੰ ਜੀਪ ਮਗਰ ਬੰਨ੍ਹ ਕੇ ਘੜੀਸਿਆ, ਭਾਵੇਂ ਕੁੱਟ-ਕੁੱਟ ਕੇ ਰੀੜ ਦੀਆਂ ਹੱਡੀਆਂ ਤਕ ਤੋੜੀਆਂ, ਭਾਵੇਂ ਮਾਸ ਨੋਚਿਆ, ਭਾਵੇਂ ਪਜਾਮਿਆਂ ਵਿਚ ਭੁੱਖੇ ਚੂਹੇ ਛੱਡੇ ਤੇ ਭਾਵੇਂ ਪੁੱਠੇ ਲਮਕਾਏ, ਪਰ ਇਹ ਸੂਰਮੇ ਅਡੋਲ ਰਹੇ।''

''ਅੱਛਾ, ਤਾਂ ਇਹ ਸੀ ਨਕਸਲਬਾੜੀ ਲਹਿਰ.........ਸਾਡੇ ਕਾਲਜ ਦੇ ਕਈ ਪ੍ਰੋਫੈਸਰ ਇਸ ਬਾਰੇ ਜ਼ਿਕਰ ਕਰਦੇ ਰਹਿੰਦੇ ਹਨ, ਭਲਾ ਬਾਪੂ ਜੀ,

ਇਹਨਾਂ ਦੀ ਮੰਗ ਕੀ ਸੀ?" ਬੇਅੰਤ ਦੇ ਅਚੇਤ ਮਨ ਵਿਚ ਕਿਤੇ ਪਿਆ 'ਨਕਸਲਬਾੜੀ' ਸ਼ਬਦ ਜਾਗ ਉੱਠਿਆ।

"ਪੁੱਤਰ, ਇਹ ਮਨੁੱਖੀ ਸਮਾਨਤਾ ਚਾਹੁੰਦੇ ਸਨ, ਮਨੁੱਖ ਦੀ ਮਨੁੱਖ ਹੱਥੋਂ ਹੋ ਰਹੀ ਲੁੱਟ ਦੇ ਵਿਰੋਧੀ ਸਨ, ਸਾਮਰਾਜਵਾਦ ਜਾਂ ਰਜਵਾੜਾਸ਼ਾਹੀ ਵਿਰੁੱਧ ਸਮਾਜਵਾਦੀ ਰਾਜ ਚਾਹੁੰਦੇ ਸਨ, ਪਦਾਰਥਾਂ ਦੀ ਅੰਨ੍ਹੀ ਭੁੱਖ ਦੇ ਖ਼ਿਲਾਫ਼ ਸਨ, ਸਰਮਾਏ ਦੀ ਬਰਾਬਰ ਵੰਡ ਦੇ ਹਮਾਇਤੀ ਸਨ.......ਪਰ........ਅਫ਼ਸੋਸ..........ਕਿ ਇਹ ਲਹਿਰ ਪੰਜਾਬ ਵਿਚ ਜ਼ਿਆਦਾ ਦੇਰ ਤਕ ਨਾ ਚੱਲ ਸਕੀ.......।"

"ਕੀ ਕਾਰਨ ਸੀ ਬਾਪੂ ਜੀ, ਜਿਹੜਾ ਇਹ ਲਹਿਰ ਪੰਜਾਬ ਵਿਚ ਲੰਬਾ ਸਮਾਂ ਨਹੀਂ ਚੱਲੀ?" ਬੇਅੰਤ ਜਾਨਣਾ ਚਾਹੁੰਦਾ ਸੀ।

"ਵੱਡਾ ਕਾਰਨ ਤਾਂ ਪੁੱਤਰ ਅੰਨ੍ਹਾ ਸਰਕਾਰੀ ਕਹਿਰ ਸੀ, ਜਿਸ ਨੇ ਇਸ ਲੋਕ-ਪੱਖੀ ਲਹਿਰ ਨੂੰ ਪੱਕੇ ਪੈਰੀਂ ਨਾ ਹੋਣ ਦਿੱਤਾ........ਬਾਕੀ ਇਸ ਲਹਿਰ ਦੀ ਦੂਜੀ ਕਤਾਰ ਦੀ ਲੀਡਰਸ਼ਿਪ ਦੀਆਂ ਵੀ ਕਈ ਕਮਜ਼ੋਰੀਆਂ ਸਨ, ਜੋ ਇਸ ਨੂੰ ਲੈ ਬੈਠੀਆਂ, ਧਰਮ ਦਾ ਅੰਨ੍ਹਾ ਵਿਰੋਧ ਵੀ ਪੰਜਾਬ ਵਿਚ ਇਸ ਦੇ ਪਤਨ ਦਾ ਕਾਰਨ ਬਣਿਆ। ਪੰਜਾਬ ਦਾ ਆਪਣਾ ਵਿਰਸਾ ਏਨਾ ਮਹਾਨ ਤੇ ਸ਼ਹਾਦਤਾਂ ਨਾਲ ਭਰਿਆ ਪਿਆ ਹੈ, ਪਰ ਇਸ ਲਹਿਰ ਦੇ ਕੁਝ ਆਗੂਆਂ ਨੂੰ ਰੂਸੀ ਇਤਿਹਾਸ ਤੋਂ ਉਰੇ-ਪਰੇ ਕੁਝ ਦਿੱਸਦਾ ਹੀ ਨਹੀਂ ਸੀ ਤੇ ਉਹਨਾਂ ਨੇ ਇਸ ਨੂੰ ਪੰਜਾਬ ਦੇ ਲੋਕਾਂ ਨੂੰ ਸੁਣਾ ਕੇ ਇਸ ਵਿਚੋਂ ਇਨਕਲਾਬ ਪੈਦਾ ਕਰਨਾ ਚਾਹਿਆ........ਪਰ.........।"

"ਸੱਚਮੁੱਚ ਬਾਪੂ ਜੀ, ਸ. ਜਸਵੰਤ ਸਿੰਘ ਕੰਵਲ ਵੀ ਲਿਖਦੇ ਹਨ ਕਿ ਪੰਜਾਬ ਦੀ ਧਰਤੀ 'ਤੇ ਇਨਕਲਾਬ ਸਿਰਫ਼ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਪਾਨ ਵਿਚੋਂ ਹੀ ਆ ਸਕਦਾ ਹੈ, ਵਿਦੇਸ਼ੀ ਕਹਾਣੀਆਂ ਤੇ ਹਵਾਲੇ ਸਭ ਨੁੱਸ। ਨਾਲੇ ਜਦੋਂ ਸਾਡੇ ਕੋਲ ਆਪਣਾ ਏਨਾ ਮਹਾਨ ਇਤਿਹਾਸ ਹੈ ਤਾਂ ਅਸੀਂ ਕਿਸੇ ਤੋਂ ਉਧਾਰ ਕਿਉਂ ਲਈਏ?" ਮੰਦਰ ਨੇ ਇਸ ਲਹਿਰ ਨਾਲ ਸੰਬੰਧਤ ਕੁਝ ਨਾਵਲ ਪੜ੍ਹੇ ਹੋਏ ਸਨ, ਜਿਹਨਾਂ ਵਿਚੋਂ ਉਸ ਨੇ ਇਹ ਸ਼ਬਦ ਕਹੇ ਸਨ।

"ਪਰ ਇਹ ਗੱਲ ਤਾਂ ਮੰਨਣੀ ਪਵੇਗੀ ਕਿ ਇਹ ਲਹਿਰ ਸੀ ਜਨਤਾ ਦੇ ਹਿੱਤ ਵਿਚ, ਲੋਕ-ਪੱਖੀ ਤੇ ਭਵਿੱਖ ਸਵਾਰਨ ਵਾਲੀ। ਪਰ.......ਖ਼ੈਰ....." ਮੰਦਰ ਨੇ ਆਪਣੀ ਗੱਲ ਪੂਰੀ ਕੀਤੀ।

"ਪਰ ਬਾਪੂ ਜੀ, ਕੀ ਸਰਕਾਰ ਨੇ ਇਸ ਲਹਿਰ ਵਿਚ ਸ਼ਾਮਲ ਸਾਰੇ ਮੁੰਡੇ ਹੀ ਮਾਰ ਦਿੱਤੇ ਸਨ ਜਾਂ...........?" ਬੇਅੰਤ ਦਾ ਡੂੰਘਾ ਸਵਾਲ ਸੀ।

"ਓ ਨਹੀਂ ਪੁੱਤਰਾ, ਐਸੀਆਂ ਲਹਿਰਾਂ ਕਦੇ ਵੀ ਜੜ੍ਹਾਂ ਖ਼ਤਮ ਨਹੀਂ ਹੋਇਆ ਕਰਦੀਆਂ..........ਇਸ ਲਹਿਰ ਵਿਚੋਂ ਵੀ ਕਈ ਯੋਧੇ ਬਚ ਗਏ ਸਨ......... ਜਿਨ੍ਹਾਂ ਨੇ ਵੀਹਵੀਂ ਸਦੀ ਦੀ ਇਕ ਇਤਿਹਾਸਕ ਸਿੱਖ ਲਹਿਰ ਦਾ ਹਿੱਸਾ ਬਣ ਕੇ ਇਤਿਹਾਸ ਵਿਚ ਆਪਣਾ ਨਾਮ ਜਿਉਂਦਾ ਰੱਖਣਾ ਸੀ।"

ਅਜਮੇਰ ਸਿੰਘ ਨੇ ਜਵਾਬ ਦਿੱਤਾ।

"ਉਹ ਲਹਿਰ ਕਿਹੜੀ ਸੀ ਬਾਪੂ, ਤੇ ਉਹ ਕਾਹਦੇ ਲਈ ਚੱਲੀ ਸੀ, ਮਕਸਦ ਕੀ ਸੀ, ਟੀਚੇ ਕੀ ਸਨ, ਮੰਜ਼ਿਲ ਸਰ ਹੋਈ ਕਿ ਨਹੀਂ?" ਹਰਪ੍ਰੀਤ ਉਤਾਵਲਾ ਸੀ ਤੇ ਉਸ ਨੇ ਕਈ ਸਵਾਲ ਇਕੱਠੇ ਕਰ ਦਿੱਤੇ।

ਕਾਂਡ ੧੩

''ਭਾਰਤ ਆਜ਼ਾਦ ਹੋਏ ਨੂੰ 23 ਸਾਲ ਦੇ ਕਰੀਬ ਹੋ ਗਏ ਸਨ, ਪਰ ਸਿੱਖ ਕੌਮ ਨੂੰ ਅਜੇ ਤਕ ਲਗਾਤਾਰ ਧੱਕੇਸ਼ਾਹੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। 'ਗੰਗੂ ਦੀ ਰੂਹ' ਅਗਲੇ ਸਰੀਰਾਂ ਵਿਚ ਪ੍ਰਵੇਸ਼ ਕਰ ਚੁੱਕੀ ਸੀ, ਬ੍ਰਾਹਮਣ ਦੇ ਘਰ ਨਵੇਂ ਅਵਤਾਰਾਂ ਨੇ ਜਨਮ ਲੈ ਲਿਆ ਸੀ। ਪੰਡਿਤ ਨਹਿਰੂ ਦੇ ਘਰ ਵੀ 'ਦੁਰਗਾ' ਨੇ ਜਨਮ ਲਿਆ ਸੀ, ਐਤਕੀਂ ਇਸ ਦਾ ਨਾਮ 'ਇੰਦਰਾ' ਰੱਖਿਆ ਗਿਆ। ਇਸ ਨੇ ਬਚਪਨ ਤੋਂ ਹੀ ਸਿੱਖਾਂ ਨੂੰ 'ਅਸੁਰਾਂ' ਵਾਂਗ ਵੇਖਣਾ ਸ਼ੁਰੂ ਕਰ ਦਿੱਤਾ। ਅਸਲ ਵਿਚ ਇਸ ਦੇ ਪਿਤਾ ਦੀਆਂ ਵਧੀਕੀਆਂ ਦਾ ਸਿਰਫ਼ ਸਿੱਖ ਹੀ ਡਟਵਾਂ ਮੁਕਾਬਲਾ ਕਰਦੇ ਰਹੇ ਸਨ, ਸੋ ਸਿੱਖਾਂ ਪ੍ਰਤੀ ਇਸ ਦੇ ਦਿਲ ਵਿਚ ਨਫ਼ਰਤ ਹੋਣੀ ਸੁਭਾਵਿਕ ਹੀ ਸੀ। ਹੁਣ ਇਸ ਨੇ ਹਿੰਦੁਸਤਾਨ ਦੀ ਮਾਲਕਣ ਬਣਨਾ ਸੀ, ਸੋ ਦੋਸਤਾਂ, ਦੁਸ਼ਮਣਾਂ ਦੀ ਪਛਾਣ ਤਾਂ ਕਰਨੀ ਹੀ ਪੈਣੀ ਸੀ। ਸੋ ਇਸ ਨੇ ਆਪਣੇ ਦੁਸ਼ਮਣਾਂ ਦੀ ਲਿਸਟ ਵਿਚ ਸਿੱਖਾਂ ਨੂੰ ਸਭ ਤੋਂ ਉੱਪਰ ਰੱਖਿਆ। ਇਸ ਨੂੰ ਸਿੱਖ ਸਿਰਫ਼ ਉਦੋਂ ਹੀ ਚੰਗੇ ਲੱਗਦੇ ਸਨ, ਜਦੋਂ ਉਹ ਚੀਨ ਤੇ ਪਾਕਿਸਤਾਨ ਵੱਲ ਮੂੰਹ ਕਰਕੇ ਗੋਲੀਆਂ ਚਲਾਉਂਦੇ ਸਨ ਤੇ ਉਧਰੋਂ ਆ ਰਹੇ ਬੰਬਾਂ, ਗੋਲੀਆਂ ਨੂੰ ਆਪਣੀਆਂ ਛਾਤੀਆਂ ਨਾਲ ਰੋਕਦੇ ਸਨ, ਪਰ ਜਦੋਂ ਕਿਤੇ ਉਹੀ ਸਿੱਖ ਆਪਣੀ ਕੌਮ ਵਾਸਤੇ ਕੁਝ ਮੰਗਣ ਲਈ ਮੂੰਹ ਵੀ ਖੋਲ੍ਹਦੇ ਤਾਂ ਇਸ ਨੂੰ ਝੱਟ ਉਹ 'ਫ਼ਿਰਕੂ' ਤੇ 'ਫੰਡਾਮੈਂਟਲਿਸਟ' ਲੱਗਣ ਲੱਗਦੇ ਸਨ ਤੇ ਇਹ ਉਹਨਾਂ ਦੀ ਸਾਰੀ ਦੇਸ਼-ਭਗਤੀ ਖੂਹ-ਖਾਤੇ ਪਾ ਕੇ ਉਹਨਾਂ ਨੂੰ ਡਿਸਮਿਸ ਕਰਨ ਲੱਗਿਆਂ ਪਲ ਨਾ ਲਾਉਂਦੀ.........।''

ਅਜਮੇਰ ਸਿਹੁੰ ਨੂੰ ਜਨਰਲ ਸੁਬੇਗ ਸਿੰਘ ਦੀ ਯਾਦ ਆ ਰਹੀ ਸੀ। ਕਿਵੇਂ ਉਸ ਨੇ ਬੰਗਲਾ ਦੇਸ਼ ਨਾਲ ਹੋਈ ਜੰਗ ਵਿਚ ਆਪਣੇ ਜੰਗੀ ਜੌਹਰ ਦਿਖਾਏ ਸਨ ਤੇ ੧0000 ਦੇ ਕਰੀਬ ਦੁਸ਼ਮਣ ਫ਼ੌਜੀਆਂ ਤੋਂ ਹਥਿਆਰ ਸੁਟਵਾ ਕੇ ਉਹਨਾਂ ਦੇ ਹੱਥ ਖੜੇ ਕਰਵਾਏ ਸਨ। ਜਨਰਲ ਸੁਬੇਗ ਸਿੰਘ ਜਿਹੜਾ ਉਸ ਵੇਲੇ ਦੇਸ਼ ਦਾ 'ਹੀਰੋ' ਬਣ ਕੇ ਉਭਰ ਰਿਹਾ ਸੀ, ਹਰ ਪਾਸੇ ਉਸ ਦੀ ਵਾਹ-ਵਾਹ ਹੋ ਰਹੀ ਸੀ। ਹੁੰਦੀ ਵੀ ਕਿਉਂ ਨਾ, ਬਰਾਬਰ ਦੀ ਜੰਗ ਨੂੰ ਉਸ ਨੇ ਇਕ-ਪਾਸੜ ਬਣਾ ਕੇ ਰੱਖ ਦਿੱਤਾ ਸੀ ਪਰ ਇਧਰ ਇੰਦਰਾ ਗਾਂਧੀ, ਜਿਹੜੀ ਇਸ ਜਿੱਤ ਦਾ ਸਾਰਾ ਕਰੈਡਿਟ ਖੁਦ ਲੈਣਾ ਚਾਹੁੰਦੀ ਸੀ, ਗੁੱਸੇ ਵਿਚ ਦੰਦ

ਕਰੀਚ ਰਹੀ ਸੀ। ਉਹ ਇਹ ਬਰਦਾਸ਼ਤ ਨਹੀਂ ਕਰ ਸਕਦੀ ਸੀ ਕਿ ਉਸ ਦੇ ਹੁੰਦੇ ਹੋਏ ਕੋਈ ਹੋਰ ਏਨੀ ਸ਼ਾਬਾਸ਼ ਬਟੋਰੇ......ਤੇ ਉਹ ਵੀ ਇਕ ਸਿੱਖ........ਸੋ ਉਸ ਨੇ ਇਕ ਘਟੀਆ ਤੇ ਕਮੀਨੀ ਚਾਲ ਚੱਲਦੇ ਹੋਏ ਜਨਰਲ ਸੁਬੇਗ ਸਿੰਘ ਦੀ ਸਾਰੀ ਦੇਣ ਨੂੰ ਮਿੱਟੀ ਵਿਚ ਰੋਲਦਿਆਂ, ਉਸ ਨੂੰ ਪਹਿਲਾਂ ਤਾਂ ਇਕ ਮਾਮੂਲੀ ਜਿਹੇ ਕੇਸ ਵਿਚ ਫਸਾਇਆ ਤੇ ਫਿਰ ਰਿਟਾਇਰਮੈਂਟ ਤੋਂ ਕੁਝ ਸਮਾਂ ਪਹਿਲਾਂ ਉਸ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ। ਇਹ ਸੀ ਉਹ ਇਨਾਮ ਜੋ ਇਹ ਆਪਣੇ ਦੋਸਤਾਂ ਨੂੰ ਵੀ ਦਿੰਦੇ ਸਨ।

''ਬਾਪੂ ਜੀ, ਸੱਚ, ਇੰਦਰਾ ਗਾਂਧੀ ਨੂੰ ਸਿੱਖਾਂ ਨੇ ਹੀ ਮਾਰਿਆ ਸੀ ਨਾ..........।'' ਮੰਦਰ ਸਿੱਧੀ 10-15 ਸਾਲ ਦੀ ਛਾਲ ਮਾਰ ਗਿਆ ਸੀ।

''ਓ ਪਤੰਦਰਾ, ਤੂੰ ਤਾਂ ਬਾਹਲਾ ਕਾਹਲਾ ਪੈ ਗਿਐਂ, ਪਹਿਲਾਂ ਇਹ ਤਾਂ ਸੁਣੇ ਕਿ ਇੰਦਰਾ ਗਾਂਧੀ ਨੂੰ ਮਾਰਨ ਦੀ ਨੌਬਤ ਕਿਉਂ ਆਈ, ਕੀ ਕਾਰਨ ਸੀ ਕਿ ਦੇਸ਼ ਦੀ ਪ੍ਰਧਾਨ ਮੰਤਰੀ ਦਾ ਉਸ ਦੇ ਬਾਡੀਗਾਰਡਾਂ ਨੂੰ ਹੀ ਕਤਲ ਕਰਨਾ ਪੈ ਗਿਆ........ਨਾਲੇ ਬਈ ਗੋਪੀ, ਥੋਡੇ ਦੋਨਾਂ ਭਰਾਵਾਂ ਦੇ ਉਹਨਾਂ ਸਵਾਲਾਂ, ਕਿ ਇਹ ਗੁਰਦੁਆਰਾ ਕੀਹਨੇ ਢਾਹਿਐ? ਕਿਉਂ ਢਾਹਿਐ? ਦੇ ਜਵਾਬ ਵੀ ਹੁਣ ਮੈਂ ਦੇਣ ਲੱਗਿਆ........ਧਿਆਨ ਨਾਲ ਸੁਣਿਓ।'' ਅਜਮੇਰ ਸਿਹੁੰ ਨੇ ਗੁਰਪ੍ਰੀਤ ਤੇ ਹਰਪ੍ਰੀਤ ਨੂੰ ਉਹ ਗੱਲ ਚੇਤੇ ਕਰਵਾਈ ਜਿਥੋਂ ਇਹ ਵਾਰਤਾ ਸ਼ੁਰੂ ਹੋਈ ਸੀ।

''ਲੈ........ਹਾਂ, ਸੱਚ ਬਾਪੂ...........ਅਸੀਂ ਤਾਂ ਭੁੱਲ ਈ ਗਏ ਸੀ ਬਈ ਕਹਾਣੀ ਸ਼ੁਰੂ ਕਿਥੋਂ ਹੋਈ ਸੀ।......... ਚੱਲ ਤੂੰ ਸੁਣਾ, ਅਸੀਂ ਪੂਰੇ ਧਿਆਨ ਨਾਲ ਸੁਣਾਂਗੇ ਨਾਲੇ ਪਿਛਲਾ ਸਾਰਾ ਇਤਿਹਾਸ ਵੀ ਅਸੀਂ ਪੂਰੇ ਦਿਮਾਗ਼ ਨਾਲ ਸੁਣਿਐ, ਭਾਵੇਂ ਜਿਥੋਂ ਮਰਜ਼ੀ ਪੁੱਛ ਲਈਂ ।'' ਹਰਪ੍ਰੀਤ ਹੋਰੀਂ ਸੱਚਮੁੱਚ ਇਤਿਹਾਸ ਵਿਚ ਏਨਾ ਖੁੱਭ ਗਏ ਸਨ ਕਿ ਉਹਨਾਂ ਨੂੰ ਇਹ ਵੀ ਭੁੱਲ ਗਿਆ ਸੀ ਕਿ ਉਹਨਾਂ ਨੇ ਕਹਾਣੀ ਸ਼ੁਰੂ ਕਿਵੇਂ ਕੀਤੀ ਸੀ।

''ਹੁਣ ਤਕ ਇੰਦਰਾ ਗਾਂਧੀ ਦੇਸ਼ ਦੀ ਪੂਰੀ ਤਰ੍ਹਾਂ ਮਾਲਕ ਬਣ ਚੁੱਕੀ ਸੀ। ਉਹ ਸਾਰੇ ਭਾਰਤ ਨੂੰ ਆਪਣੀ ਜਗੀਰ ਸਮਝਦੀ ਸੀ। ਜਿਹੜਾ ਵੀ ਫ਼ੈਸਲਾ ਉਹ ਚਾਹੁੰਦੀ ਸੀ ਦੇਸ਼ 'ਤੇ ਥੋਪ ਦਿੰਦੀ ਸੀ। ਫਿਰ ਭਾਵੇਂ ਕਿਸੇ ਦੀ ਸਹਿਮਤੀ ਹੋਵੇ ਚਾਹੇ ਨਾ। ਕਈ ਫ਼ੈਸਲੇ ਉਸ ਨੇ ਆਪਣੀ ਮਨਮਰਜ਼ੀ ਨਾਲ ਕੀਤੇ।''

''ਕੀ ਬਾਪੂ ਜੀ, ਉਸ ਵਿਰੁੱਧ ਕਿਸੇ ਨੇ ਆਵਾਜ਼ ਨਹੀਂ ਉਠਾਈ?'' ਹਰਪ੍ਰੀਤ ਨੇ ਪੁੱਛਿਆ।

''ਮੈਂ ਕਿਹੈ ਨਾ ਪੁੱਤ ਕਿ ਉਹ ਆਪਣੇ ਆਪ ਨੂੰ ਦੇਸ਼ ਦੀ ਮਾਲਕਣ ਸਮਝਣ ਲੱਗ ਪਈ ਸੀ। ਜਦੋਂ ਥੋੜ੍ਹੀਆਂ ਜਿਹੀਆਂ ਵਿਰੋਧੀ ਆਵਾਜ਼ਾਂ ਉਸ ਨੂੰ ਆਪਣੇ ਵਿਰੁੱਧ ਸੁਣਨ ਲੱਗੀਆਂ ਤਾਂ ਉਸ ਨੇ ਸੰਨ 1975 ਵਿਚ ਐਮਰਜੈਂਸੀ

ਲਗਾ ਦਿੱਤੀ ਤੇ ਸਾਰੇ ਕਾਨੂੰਨ ਛਿੱਕੇ ਟੰਗ ਦਿੱਤੇ। ਹਰ ਕਿਸੇ ਦੇ ਮੂੰਹ ਨੂੰ ਜਿੰਦਾ ਲਗਾ ਦਿੱਤਾ ਗਿਆ। ਜੇ ਕਿਸੇ ਨੇ ਉਬਾਸੀ ਲੈਣ ਲਈ ਵੀ ਮੂੰਹ ਖੋਲ੍ਹਿਆ ਤਾਂ ਫੜ ਕੇ ਜੇਲ੍ਹ ਵਿਚ ਤਾੜ ਦਿੱਤਾ ਗਿਆ। ਅਨੇਕਾਂ ਲੀਡਰ ਜੇਲ੍ਹਾਂ ਵਿਚ ਤੁੰਨ ਦਿੱਤੇ ਗਏ। ਕੋਈ ਇੰਦਰਾ ਵਿਰੁੱਧ ਆਵਾਜ਼ ਨਹੀਂ ਉਠਾ ਰਿਹਾ ਸੀ। ਸਭ ਪਾਸੇ ਸਹਿਮ ਸੀ। ਲੋਕ ਡਰੇ ਹੋਏ ਸਨ। ਏਥੋਂ ਤਕ ਕਿ ਉਸ ਵੇਲੇ ਭਾਰਤ ਦੇ ਸਭ ਤੋਂ ਵੱਡੇ 'ਸੰਤ' ਅਖਵਾਉਂਦੇ 'ਵਿਨੋਬਾ ਭਾਵੇ' ਨੇ ਵੀ ਜ਼ਬਾਨ ਨਹੀਂ ਖੋਲ੍ਹੀ, ਸਗੋਂ ਮੌਨ ਵਰਤ ਰੱਖ ਲਿਆ ਸੀ ਐਮਰਜੈਂਸੀ ਦੇ ਵਿਰੋਧ ਵਿਚ......" V.9P.

"ਜਦੋਂ ਬੋਲਣ ਦਾ ਵੇਲਾ ਸੀ, ਓਦੋਂ ਮੌਨ ਵਰਤ...........ਸ਼ਾਬਾਸ਼ੇ ਬਈ ਤੇਰੇ...........।" ਗੁਰਪ੍ਰੀਤ ਬੋਲਿਆ।

"ਸਿਰਫ਼ ਤੇ ਸਿਰਫ਼ ਸਿੱਖ ਹੀ ਸਨ ਜਿਹਨਾਂ ਨੇ ਇੰਦਰਾ ਦੀ ਇਸ ਡਿਕਟੇਟਰਸ਼ਿਪ ਦਾ ਡਟਵਾਂ ਵਿਰੋਧ ਕੀਤਾ। ਇਹ ਕੇਵਲ ਪੰਜਾਬ ਹੀ ਸੀ ਜਿਥੋਂ ਐਮਰਜੈਂਸੀ ਦੇ ਵਿਰੋਧ ਵਿਚ ਬਾਗ਼ੀ ਸੁਰਾਂ ਸੁਣਾਈ ਦਿੰਦੀਆਂ ਸਨ। ਏਸ ਸਮੇਂ ਪੰਜਾਬ ਦੀ ਸਾਰੀ ਅਕਾਲੀ ਲੀਡਰਸ਼ਿਪ ਨੂੰ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ। ਇੰਦਰਾ ਨੂੰ ਭੁਲੇਖਾ ਸੀ ਕਿ ਅਗਵਾਈ ਕਰਨ ਵਾਲਾ ਕੋਈ ਨਹੀਂ ਰਹੇਗਾ ਤੇ ਲੋਕ ਚੁੱਪ-ਚਾਪ ਆਪੋ-ਆਪਣੇ ਘਰੀਂ ਬੈਠ ਜਾਣਗੇ। ਪਰ ਉਸ ਨੂੰ ਇਹ ਚਿੱਤ-ਚੇਤਾ ਵੀ ਨਹੀਂ ਸੀ ਕਿ ਸਿੱਖ ਕੌਮ ਵਿਚ ਇਕ ਅਜਿਹਾ ਸੰਤ ਵੀ ਹੈ ਜੋ ਲੋਕਾਂ ਨੂੰ ਜੱਥੇਬੰਦ ਕਰ ਕੇ ਦਿੱਲੀ ਦਰਬਾਰ ਦੇ ਵਿਰੁੱਧ ਇਕ ਲਹਿਰ ਦਾ ਮੁੱਢ ਬੰਨ੍ਹ ਦੇਵੇਗਾ........."

"ਇਹ ਸੰਤ ਕੌਣ ਸਨ ਬਾਪੂ ਜੀ?.......ਸੰਤ ਜਰਨੈਲ ਸਿੰਘ?" ਮੰਦਰ ਨੇ ਸੰਤ ਜਰਨੈਲ ਸਿੰਘ ਬਾਰੇ ਥੋੜ੍ਹਾ ਪੜ੍ਹਿਆ ਸੁਣਿਆ ਹੋਇਆ ਸੀ, ਇਸ ਲਈ ਉਹ ਵਿਚੋਂ ਬੋਲ ਪਿਆ।

"ਓ ਨਹੀਂ ਪੁੱਤਰਾ, ਇਹ ਸੰਤ ਸਨ ਦਮਦਮੀ ਟਕਸਾਲ ਦੇ 13ਵੇਂ ਮੁਖੀ ਸੰਤ ਕਰਤਾਰ ਸਿੰਘ ਜੀ ਭਿੰਡਰਾਂਵਾਲੇ। ਅਸਲ ਵਿਚ ਪੁੱਤਰੋ, ਪਿਛਲੇ ਦਹਾਕਿਆਂ ਵਿਚ ਚੱਲੀ ਸਿੱਖ ਲਹਿਰ ਦਾ ਮੁੱਢ ਸੰਤ ਕਰਤਾਰ ਸਿੰਘ ਜੀ ਨੇ ਬੱਧਾ ਸੀ। ਹੁਣ ਤਕ ਕੌਮ ਲੀਡਰਾਂ ਦੇ ਮਗਰ ਤੁਰੀ ਫਿਰਦੀ ਠੇਡੇ ਖਾ ਰਹੀ ਸੀ, ਪਰ ਹੁਣ ਕੌਮ ਦੀ ਅਗਵਾਈ ਇਕ ਸੰਤ ਨੇ ਸੰਭਾਲ ਲਈ। ਸੰਤ ਕਰਤਾਰ ਸਿੰਘ ਹੋਰਾਂ ਨੇ ਐਮਰਜੈਂਸੀ ਵਿਚ ਉਸ ਸਮੇਂ ਜਦੋਂ ਪੱਤਾ ਵੀ ਇੰਦਰਾ ਗਾਂਧੀ ਨੂੰ ਪੁੱਛ ਕੇ ਹਿੱਲ ਸਕਦਾ ਸੀ, ਹਜ਼ਾਰਾਂ ਦੇ ਇਕੱਠਾਂ ਵਾਲੇ ਨਗਰ ਕੀਰਤਨ ਕੱਢੇ। ਇਹ ਨਗਰ ਕੀਰਤਨ ਮੀਲਾਂ ਲੰਮੇ ਹੁੰਦੇ ਸਨ। ਕਈ ਵਾਰ ਸਟੇਜਾਂ 'ਤੇ ਵੀ ਸੰਤ ਕਰਤਾਰ ਸਿੰਘ ਹੋਰਾਂ ਨੇ ਦਿੱਲੀ ਦਰਬਾਰ ਦੀ ਸਿੱਖਾਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਬਾਰੇ ਆਵਾਜ਼ ਉਠਾਈ ਸੀ ਤੇ ਇਕ ਵਾਰ ਤਾਂ ਇਕ ਸਟੇਜ 'ਤੇ ਜਦੋਂ ਸੰਤ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਬੈਠੇ ਸੰਗਤਾਂ ਨੂੰ ਸੰਬੋਧਨ ਕਰ ਰਹੇ ਸਨ ਤਾਂ ਇੰਦਰਾ ਗਾਂਧੀ ਵੀ ਉਥੇ ਪਹੁੰਚ

ਗਈ। ਉਸ ਨੂੰ ਆਉਂਦੀ ਨੂੰ ਵੇਖ ਕੇ ਕੁਝ ਝੋਲੀ ਚੁੱਕ ਲੀਡਰ ਉਸ ਵੱਲ ਭੱਜੇ ਗਏ। ਇਸ 'ਤੇ ਸੰਤਾਂ ਨੇ ਉਹਨਾਂ ਸਾਰੇ ਲੀਡਰਾਂ ਨੂੰ ਬਹੁਤ ਝਾੜ ਪਾਈ ਤੇ ਨਾਲ ਹੀ ਇਹ ਕਿਹਾ ਕਿ ਕੋਈ ਵੀ ਸ਼ਖ਼ਸੀਅਤ ਸਾਡੇ ਲਈ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੋਂ ਵੱਧ ਸਤਿਕਾਰਤ ਨਹੀਂ, ਕੋਈ ਵੀ ਭਾਵੇਂ ਦੇਸ਼ ਦਾ ਪ੍ਰਧਾਨ ਮੰਤਰੀ ਕਿਉਂ ਨਾ ਹੋਵੇ। ਇੰਦਰਾ ਗਾਂਧੀ ਤਾਂ ਪਹਿਲਾਂ ਹੀ ਸੰਤਾਂ 'ਤੇ ਅੰਦਰੋਂ ਔਖੀ ਸੀ, ਇਹ ਘਟਨਾ ਉਸ ਨੂੰ ਆਪਣੀ ਹੇਠੀ ਜਾਪੀ ਤੇ ਉਸ ਨੂੰ ਸੰਤ ਕਰਤਾਰ ਸਿੰਘ ਦਮਦਮੀ ਟਕਸਾਲ ਜਾਂ ਸਿੱਧਾ ਕਹਿ ਲਓ ਕਿ ਸਿੱਖਾਂ ਨਾਲ ਦੁਸ਼ਮਣੀ ਕੱਢਣ ਦਾ ਇਕ ਹੋਰ ਬਹਾਨਾ ਮਿਲ ਗਿਆ। ਬੰਗਲਾਦੇਸ਼ ਦੀ ਲੜਾਈ ਜਿੱਤ ਕੇ ਤੇ ਆਪਣੇ ਸਾਰੇ ਸਿਆਸੀ ਵਿਰੋਧੀਆਂ ਨੂੰ ਲਿਤਾੜ ਕੇ ਉਹ ਹੁਣ ਆਪਣੇ ਆਪ ਨੂੰ ਦੁਰਗਾ ਮਹਿਸੂਸ ਕਰਨ ਲੱਗ ਪਈ ਸੀ ਤੇ ਉਸ ਨੂੰ ਸਿੱਖ ਹੁਣ ਰਾਕਸ਼ਸ ਜਾਪਣ ਲੱਗ ਪਏ ਸਨ। ਹਜ਼ਾਰਾਂ ਸਾਲ ਤੋਂ ਹਿੰਦੂਆਂ ਨੂੰ ਮਾਰ, ਕੁੱਟ ਤੇ ਲੁੱਟ ਰਹੇ ਮੁਗਲਾਂ ਨੂੰ ਉਸ ਨੇ ਆਪਣੀ ਤੇ ਦੁਨੀਆਂ ਦੀ ਨਜ਼ਰ ਵਿਚ ਸਬਕ ਸਿਖਾ ਦਿੱਤਾ ਸੀ। ਕੋਈ ਵੀ ਦੇਸ਼ ਵਿਚ ਅਜਿਹਾ ਨਹੀਂ ਸੀ ਜੋ ਉਸ ਦੇ ਵਿਰੁੱਧ ਆਵਾਜ਼ ਉਠਾ ਰਿਹਾ ਹੋਵੇ......... ਤੇ ਹੁਣ ਉਸ ਦੀ ਨਜ਼ਰ ਅਕਾਲ ਤਖ਼ਤ 'ਤੇ ਸੀ, ਉਹ ਤਖ਼ਤ ਜਿਹੜਾ ਕਦੇ ਵੀ ਕਿਸੇ ਮੂਹਰੇ ਝੁਕਿਆ ਨਹੀਂ ਸੀ, ਜਿਹੜਾ ਦਿੱਲੀ ਤਖ਼ਤ ਤੋਂ ਉੱਚਾ ਅਤੇ ਅਡੋਲ ਖੜਾ ਸੀ। ਜਿਸ 'ਤੇ ਲਹਿਰਾਉਂਦਾ ਕੇਸਰੀ ਨਿਸ਼ਾਨ ਉਸ ਨੂੰ ਤਿਰੰਗੇ ਨੂੰ ਵੰਗਾਰਦਾ ਪ੍ਰਤੀਤ ਹੁੰਦਾ ਸੀ, ਉਹ ਹੁਣ ਇਸ 'ਅਜਿੱਤ' ਅਕਾਲ ਦੇ ਤਖ਼ਤ ਨੂੰ ਜਿੱਤ ਕੇ ਭਾਰਤ ਦੀ ਮਹਾਰਾਣੀ ਬਣਨਾ ਚਾਹੁੰਦੀ ਸੀ, ਸੋ ਉਹ ਮਨ ਵਿਚ ਸਿੱਖਾਂ ਨੂੰ ਕੁਚਲਣ ਦੀਆਂ ਸਕੀਮਾਂ ਘੜਨ ਲੱਗ ਪਈ।''

''..........ਤੇ ਫਿਰ ਉਸ ਨੇ ਅਕਾਲ ਤਖ਼ਤ 'ਤੇ ਹਮਲਾ ਕਰ ਦਿੱਤਾ ਹੋਣੈ......।'' ਮੰਦਰ ਫਿਰ ਬੋਲਿਆ।

''ਹਾਂ ਪੁੱਤਰ, ਪਰ ਹਮਲੇ ਤੋਂ ਪਹਿਲਾਂ ਵੀ ਕਈ ਘਟਨਾਵਾਂ ਵਾਪਰੀਆਂ, ਜਿਹੜੀਆਂ ਮੈਂ ਤੁਹਾਨੂੰ ਦੱਸਣੀਆਂ ਨੇ।''

''ਠੀਕ ਹੈ ਬਾਪੂ ਜੀ.........ਦੱਸੋ।''

''ਸਿੱਖਾਂ ਉੱਤੇ ਕੋਈ ਵੀ ਹਮਲਾ ਕਰਨ ਤੋਂ ਪਹਿਲਾਂ ਇੰਦਰਾ ਇਹਨਾਂ ਨੂੰ ਕਮਜ਼ੋਰ ਕਰਨਾ ਚਾਹੁੰਦੀ ਸੀ। ਸੋ ਉਸ ਨੇ ਸਿੱਖਾਂ ਦੇ ਏਕੇ ਨੂੰ ਤੋੜਨ ਲਈ ਐਸੇ ਲੋਕਾਂ ਨੂੰ ਸ਼ਹਿ ਦਿੱਤੀ ਜਿਹੜੇ ਆਪ ਵੀ ਸਿੱਖਾਂ ਦੇ ਦੁਸ਼ਮਣ ਸਨ। ਇਹਨਾਂ ਵਿਚੋਂ ਇਕ ਸੀ ਨਰਕਧਾਰੀ ਗੁਰਬਚਨ ਸਿਹੁੰ। ਇਹਦੇ ਪਿਉ ਅਵਤਾਰ ਸਿਹੁੰ ਨੇ ਆਪਣੀਆਂ ਕਿਤਾਬਾਂ ਵਿਚ ਸਿੱਖ ਸਿਧਾਂਤਾਂ, ਇਤਿਹਾਸ ਤੇ ਫ਼ਲਸਫ਼ੇ ਬਾਰੇ ਬਹੁਤ ਬਕਵਾਸ ਕੀਤੀ ਸੀ। ਕਈ ਗੱਲਾਂ ਵਿਚ ਤਾਂ ਸਿੱਧਾ ਗੁਰੂ ਸਾਹਿਬ ਨੂੰ ਚੈਲਿੰਜ ਕੀਤਾ ਹੋਇਆ ਸੀ। ਸਿੱਖਾਂ 'ਤੇ ਵੱਡਾ ਹਮਲਾ ਕਰਨ ਤੋਂ ਪਹਿਲਾਂ ਇੰਦਰਾ ਨੇ ਸਭ ਤੋਂ ਪਹਿਲਾਂ ਗੁਰਬਚਨੇ ਨਰਕਧਾਰੀ ਤੋਂ ਸਿੱਖਾਂ

ਵਿਰੁੱਧ ਬਕਵਾਸ ਕਰਵਾਉਣੀ ਸ਼ੁਰੂ ਕਰ ਦਿੱਤੀ। ਪਿਉ ਵੱਲੋਂ ਕਿਤਾਬਾਂ ਵਿਚ ਲਿਖੀ ਬਕਵਾਸ ਹੁਣ ਗੁਰਬਚਨਾ, ਸਰਕਾਰੀ ਰਫਲਾਂ ਦੀ ਛਾਂ ਹੇਠ ਸ਼ਰੇਆਮ ਸਟੇਜਾਂ 'ਤੇ ਬੋਲਣ ਲੱਗਿਆ। ਸਿੱਖਾਂ ਦੇ ਸੀਨੇ ਉਸ ਦੇ ਅੰਗਾਰਾਂ ਵਰਗੇ ਬੋਲਾਂ ਨਾਲ ਛਲਣੀ ਹੋਣ ਲੱਗੇ। ਇੰਦਰਾ ਨੇ ਬੱਤੀ ਨੂੰ ਲੱਗ ਲਾ ਦਿੱਤੀ ਸੀ ਤੇ ਹੁਣ ਉਹ ਧਮਾਕੇ ਦੀ ਉਡੀਕ ਵਿਚ ਸੀ। ਇਧਰ ਸਿੱਖਾਂ ਵਿਚ ਵੀ ਹੁਣ ਇਕ ਐਸੇ ਧਾਰਮਿਕ ਲੀਡਰ ਨੇ ਜਨਮ ਲੈ ਲਿਆ ਸੀ, ਜਿਸ ਨੇ ਆਉਣ ਵਾਲੇ ਇਤਿਹਾਸ ਦਾ ਮੂੰਹ ਮੱਥਾ ਸੰਵਾਰਨਾ ਸੀ। ਇਕ ਐਸਾ ਸੰਤ ਜਿਸ ਨੂੰ ਕਿ ਪੂਰਾ ਪੰਥ ਪ੍ਰਵਾਨ ਕਰ ਚੁੱਕਾ ਸੀ। 'ਅਖੰਡ ਕੀਰਤਨੀ ਜੱਥੇ' ਦੇ ਮੋਢੀ ਸਿੱਘਾਂ ਵਿਚ ਇਕ ਭਾਈ ਫ਼ੌਜਾ ਸਿੰਘ, ਜਿਹਨਾਂ ਹਾਲਾਤਾਂ ਨੂੰ ਭਾਂਪਦੇ ਹੋਏ ਤਿਆਰੀ ਆਰੰਭ ਕੀਤੀ ਹੋਈ ਸੀ, ਵੀ ਸੰਤਾਂ ਦਾ ਸਤਿਕਾਰ ਕਰਦੇ ਸਨ। ਗੱਲ ਕੀ ਉਹਦੇ ਮੂੰਹੋਂ ਨਿਕਲੇ ਹਰ ਬੋਲ ਨੂੰ ਪੁਗਾਉਣ ਲਈ ਨੌਜੁਆਨ ਜਾਨਾਂ ਤਲੀ 'ਤੇ ਧਰੀ ਫਿਰਦੇ ਸਨ। ਇਕ ਐਸਾ ਸਿੱਖ ਆਗੂ, ਜਿਸ ਨੇ ਸਾਰੀ ਕੌਮ ਨੂੰ ਇਹ ਅਹਿਸਾਸ ਕਰਵਾਇਆ ਕਿ ਭਾਰਤ ਵਿਚ ਤੁਸੀਂ ਗੁਲਾਮ ਹੋ। ਉਸ ਨੇ ਗਰਜਵੀਂ ਆਵਾਜ਼ ਵਿਚ ਕਿਹਾ ਕਿ ਜਿੰਨਾ ਚਿਰ ਹਰੇਕ ਸਿੱਖ ਦੇ ਬੱਚੇ-ਬੱਚੇ ਦੇ ਦਿਮਾਗ ਵਿਚ ਇਹ ਗੱਲ ਘਰ ਨਹੀਂ ਕਰ ਜਾਂਦੀ ਕਿ ਅਸੀਂ ਗੁਲਾਮ ਹਾਂ, ਓਨੀ ਦੇਰ ਇਹ ਗੁਲਾਮੀ ਦੇ ਸੰਗਲ ਲਹਿਣੇ ਨਹੀਂ..........।''

''ਬਾਪੂ ਜੀ, ਹੁਣ ਦੱਸੋ ਵੀ.........ਕੌਣ ਸਨ ਇਹ ਸੰਤ?'' ਗੁਰਪ੍ਰੀਤ ਦਾ ਸਬਰ ਜੁਆਬ ਦੇ ਗਿਆ ਸੀ।

''ਪੁੱਤਰ, ਇਹ ਸੰਤ ਸਨ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ। ਦਮਦਮੀ ਟਕਸਾਲ ਦੇ 14ਵੇਂ ਮੁਖੀ। ਉਧਰ ਗੁਰਬਚਨਾ ਨਿੱਤ ਦਿਹਾੜੀ ਸਰਕਾਰੀ ਸ਼ਹਿ 'ਤੇ ਸਿੱਖਾਂ ਉੱਪਰ ਸ਼ਬਦੀ ਬਾਣ ਚਲਾ ਰਿਹਾ ਸੀ ਤੇ ਸ਼ਰੇਆਮ ਸਿੱਖਾਂ ਨੂੰ ਚੈਲਿੰਜ ਕਰ ਰਿਹਾ ਸੀ ਤੇ ਇਧਰ ਸੰਤ ਜੀ ਸਿੱਖਾਂ ਨੂੰ ਇਕੱਠੇ ਕਰਨ ਵਿਚ ਲੱਗੇ ਹੋਏ ਸਨ। ਸਿੱਖਾਂ ਨੇ ਨਰਕਧਾਰੀ ਦਾ ਬੜਾ ਵਿਰੋਧ ਕੀਤਾ, ਸਰਕਾਰਾਂ ਨੂੰ ਅਪੀਲਾਂ ਕੀਤੀਆਂ ਕਿ ਇਸ ਭੂਤਰੇ ਹੋਏ ਸਾਨ੍ਹ ਨੂੰ ਨੱਥ ਪਾਈ ਜਾਵੇ। ਪਰ ਜਿੰਨਾ ਸਿੱਖ ਤੜਫ ਰਹੇ ਸਨ, ਓਨਾ ਹੀ ਸਰਕਾਰ ਖ਼ੁਸ਼ ਹੋ ਰਹੀ ਸੀ ਤੇ ਇਸ ਸਾਧ ਨੂੰ ਹਲਾਸ਼ੇਰੀ ਦੇ ਰਹੀ ਸੀ। ਅੰਤ ਉਹ ਦਿਨ ਆ ਗਿਆ ਜਿਸ ਦਾ ਇੰਤਜ਼ਾਰ ਇੰਦਰਾ ਨੂੰ ਸੀ। ਸਿੱਖਾਂ ਦੇ ਲੱਖ ਵਿਰੋਧ ਕਰਨ ਦੇ ਬਾਵਜੂਦ ਸਰਕਾਰ ਨੇ 13 ਅਪਰੈਲ 1978 ਨੂੰ ਵਿਸਾਖੀ ਵਾਲੇ ਦਿਨ ਨਰਕਧਾਰੀ ਗੁਰਬਚਨੇ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕੁਸਤਸੰਗ ਕਰਨ ਲਈ ਪ੍ਰਵਾਨਗੀ ਦੇ ਦਿੱਤੀ। ਹੁਣ ਸਿੱਖਾਂ ਦੇ ਸਭ ਤੋਂ ਪਵਿੱਤਰ ਸ਼ਹਿਰ ਵਿਚ, ਸਿੱਖਾਂ ਦੇ ਸਭ ਤੋਂ ਪਵਿੱਤਰ ਦਿਹਾੜੇ 'ਤੇ ਉਹ ਮੱਛਰੇ ਸਾਧ ਦਾ ਟੋਲਾ ਸਿੱਖਾਂ ਦੇ ਵਿਰੁੱਧ ਹੀ ਬਕਵਾਸ ਕਰਦਾ, ਇਹ ਸਿੱਖ ਕੌਮ ਕਿਵੇਂ ਬਰਦਾਸ਼ਤ ਕਰ ਸਕਦੀ ਸੀ। ਇਧਰ ਤਾਂ ਸਰਕਾਰੀ ਕਰਮਚਾਰੀਆਂ, ਜਿਸ ਵਿਚ ਪੁਲਿਸ ਵੀ ਸ਼ਾਮਲ ਸੀ, ਨੇ ਗੁਰਬਚਨੇ

ਦੇ ਪ੍ਰੋਗਰਾਮ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਤੇ ਉਧਰ ਸਿੱਖ ਸੰਗਤਾਂ ਸ੍ਰੀ ਦਰਬਾਰ ਸਾਹਿਬ ਵਿਖੇ ਇਕੱਤਰ ਹੋਣੀਆਂ ਸ਼ੁਰੂ ਹੋ ਗਈਆਂ। ਸੰਤ ਜਰਨੈਲ ਸਿੰਘ, ਭਾਈ ਫੌਜਾ ਸਿੰਘ ਅਤੇ ਹੋਰ ਮੋਢੀ ਸਿੰਘਾਂ ਨਾਲ ਬੈਠ ਕੇ ਮਸਲੇ ਦਾ ਹੱਲ ਕੱਢਣ ਲਈ ਗੱਲਬਾਤ ਕਰਨ ਲੱਗੇ। ਕਾਫ਼ੀ ਦੇਰ ਦੀ ਵਿਚਾਰ ਤੋਂ ਬਾਅਦ ਸੰਤਾਂ ਨੇ ਕਿਹਾ ਕਿ ਉਹ ਖ਼ੁਦ ਕੁਝ ਸਿੰਘਾਂ ਨੂੰ ਨਾਲ ਲੈ ਕੇ ਨਰਕਧਾਰੀਆਂ ਦੇ ਸਮਾਗਮ ਦਾ ਵਿਰੋਧ ਕਰਨ ਜਾਣਗੇ, ਪਰ ਕੁਝ ਸਿੰਘਾਂ ਨੇ ਇਸ ਫ਼ੈਸਲੇ ਨਾਲ ਅਸਹਿਮਤੀ ਪ੍ਰਗਟਾਉਂਦੇ ਹੋਏ ਕਿਹਾ ਕਿ ਸੰਤ ਜੀ ਜਿਹੋ ਜਿਹੇ ਹਾਲਾਤ ਅੱਜ ਪੰਥ ਦੇ ਬਣੇ ਹੋਏ ਹਨ, ਉਸ ਅਨੁਸਾਰ ਤੁਹਾਡੇ ਵਰਗੇ ਲੀਡਰਾਂ ਦੀ ਸੇਧ ਦੀ ਪੰਥ ਨੂੰ ਬਹੁਤ ਲੋੜ ਰਹੇਗੀ, ਸੋ ਤੁਸੀਂ ਆਪਣਾ ਫ਼ੈਸਲਾ ਬਦਲੋ। ਇਧਰ ਭਾਈ ਫੌਜਾ ਸਿੰਘ ਵੀ ਨਰਕਧਾਰੀ ਕੁਸਤਸੰਗ ਦਾ ਵਿਰੋਧ ਕਰਨ ਜਾਣ ਲਈ ਉਤਾਵਲੇ ਸਨ ਤੇ ਕਾਹਲ ਕਰ ਰਹੇ ਸਨ। ਸੋ ਫ਼ੈਸਲਾ ਇਹ ਹੋਇਆ ਕਿ ਭਾਈ ਫੌਜਾ ਸਿੰਘ ਦੀ ਅਗਵਾਈ ਵਿਚ ਸਿੰਘਾਂ ਦਾ ਇਕ ਸ਼ਾਂਤਮਈ ਜੱਥਾ ਗੁਰਬਚਨੇ ਦਾ ਪ੍ਰੋਗਰਾਮ ਰੋਕਣ ਲਈ ਜਾਏਗਾ। ਭਾਈ ਫ਼ੌਜਾ ਸਿੰਘ ਗੁਰੂ ਚਰਨਾਂ ਵਿਚ ਅਰਦਾਸ ਕਰ ਕੇ ਸਿੰਘਾਂ ਨੂੰ ਨਾਲ ਲੈ ਕੇ ਕੂੜ ਨਾਲ ਟੱਕਰ ਲੈਣ ਲਈ ਤੁਰ ਪਏ। ਜੱਥੇਬੰਦਕ ਵਖਰੇਵਿਆਂ ਤੋਂ ਉਪਰ ਉੱਠ ਕੇ ਇਹ ਸਿੰਘ ਇਕ ਦੂਜੇ ਦੇ ਮੋਢੇ ਨਾਲ ਮੋਢਾ ਜੋੜ ਕੇ ਤੁਰ ਰਹੇ ਸਨ ਤੇ ਗੁਰੂ ਨਿੰਦਕਾਂ ਦਾ ਵਿਰੋਧ ਕਰਨ ਲਈ ਅੱਗੇ ਵਧ ਰਹੇ ਸਨ। ਅੱਗੋਂ ਸਰਕਾਰ ਦੀ ਤਿਆਰੀ ਪੂਰੀ ਸੀ। ਉਹਨਾਂ ਨੇ ਤਾਂ ਮਿਥਿਆ ਸੀ ਕਿ ਸਿੰਘਾਂ 'ਤੇ ਗੋਲੀ ਹੀ ਚਲਾਉਣੀ ਹੈ। 'ਵਾਹਿਗੁਰੂ ਵਾਹਿਗੁਰੂ' ਦਾ ਜਾਪ ਕਰਦੇ ਹੋਏ ਸਿੰਘ ਜਦੋਂ ਨਰਕਧਾਰੀਆਂ ਦੇ ਪੰਡਾਲ ਦੇ ਨੇੜੇ ਪਹੁੰਚੇ ਤਾਂ ਅੱਗੋਂ ਨਰਕਧਾਰੀਆਂ ਦੇ ਗੁੰਡਿਆਂ ਤੇ ਪੁਲਿਸ ਨੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਕਈ ਸਿੰਘ ਮੌਕੇ 'ਤੇ ਹੀ ਸ਼ਹੀਦ ਹੋ ਗਏ, ਕਈ ਜ਼ਖਮੀ ਹੋਏ ਤੇ ਬਾਕੀ ਅੱਗੇ ਵਧਦੇ ਰਹੇ। ਭਾਈ ਫ਼ੌਜਾ ਸਿੰਘ ਕੋਲ ਇਕ ਢਾਲ ਸੀ ਜਿਸ ਨੂੰ ਮੂਹਰੇ ਕਰ ਕੇ ਉਹ ਲਗਾਤਾਰ ਅੱਗੇ ਵਧ ਰਹੇ ਸਨ। ਕੁਝ ਸਿੰਘਾਂ ਤਾਂ ਦੱਸਦੇ ਹਨ ਕਿ ਭਾਈ ਫ਼ੌਜਾ ਸਿੰਘ ਜੀ ਨਰਕਧਾਰੀਆਂ ਦੀ ਸਟੇਜ ਦੇ ਬਿਲਕੁਲ ਕਰੀਬ ਪਹੁੰਚ ਗਏ ਸਨ ਤੇ ਕੁਝ ਨਰਕਧਾਰੀਆਂ ਵੱਲੋਂ ਰੌਲਾ ਪਾਉਣ ਤੋਂ ਬਾਅਦ ਕਈ ਬੰਦੂਕਾਂ ਦੇ ਮੂੰਹ ਉਹਨਾਂ ਵੱਲ ਹੋ ਗਏ। ਉਹਨਾਂ ਵਿਚੋਂ ਨਿਕਲੀਆਂ ਗੋਲੀਆਂ ਭਾਈ ਸਾਹਿਬ ਦਾ ਸੀਨਾ ਵਿੰਨ੍ਹ ਗਈਆਂ।''

''ਪਰ ਬਾਪੂ ਜੀ, ਪੁਲਿਸ ਉਹਨਾਂ ਨਾਲ ਕਿਉਂ ਰਲ ਗਈ ਸੀ ਤੇ ਉਹਨਾਂ ਨੇ ਆਪਣੇ ਹੀ ਭਰਾ ਕਿਉਂ ਮਾਰੇ?'' ਮੰਦਰ ਨੇ ਪੁੱਛਿਆ।

''ਪੁੱਤਰ, ਇਕ ਤਾਂ ਪੁਲਿਸ ਸਰਕਾਰ ਦੇ ਹੁਕਮਾਂ ਦੀ ਬੱਧੀ ਸੀ ਤੇ ਦੂਜਾ ਕੁਝ ਪੁਲਿਸ ਅਫ਼ਸਰ ਆਪ ਵੀ ਨਰਕਧਾਰੀਏ ਦੇ ਚੇਲੇ ਸਨ।''

''ਬਾਪੂ ਜੀ, ਕਿੰਨੇ ਕੁ ਸਿੰਘਾਂ ਦਾ ਨੁਕਸਾਨ ਹੋ ਗਿਆ ਸੀ ਇਸ ਗੋਲੀ ਕਾਂਡ ਵਿਚ?'' ਹਰਪ੍ਰੀਤ ਨੇ ਪੁੱਛਿਆ।

"ਪੁੱਤਰ, ਭਾਈ ਫ਼ੌਜਾ ਸਿੰਘ ਸਮੇਤ 13 ਸਿੰਘ ਸ਼ਹੀਦ ਹੋ ਗਏ ਸਨ ਇਕ ਸਾਕੇ ਵਿਚ ਤੇ ਬਾਬਾ ਗੁਰਬਚਨ ਸਿੰਘ ਮਾਣੋਚਾਹਲ ਸਮੇਤ ਕਈ ਸਿੰਘ ਜ਼ਖਮੀ ਹੋ ਗਏ ਸਨ।"

"ਬਾਬਾ ਗੁਰਬਚਨ ਸਿੰਘ ਮਾਣੋਚਾਹਲ ਕੌਣ?" ਗੁਰਪ੍ਰੀਤ ਵਾਸਤੇ ਨਾਮ ਅਜੇ ਓਪਰਾ ਸੀ।

"ਪੁੱਤਰ, ਬਾਬਾ ਮਾਣੋਚਾਹਲ ਹੋਰੀਂ ਕੌਮ ਦੇ ਇਸ ਲੰਮੇ ਚੱਲੇ ਸੰਘਰਸ਼ ਵਿਚ ਜੂਝੇ ਇਕ ਮਹਾਨ ਜਰਨੈਲ ਸਨ। ਪਰ ਇਹਨਾਂ ਬਾਰੇ ਮੈਂ ਤੁਹਾਨੂੰ ਬਾਅਦ ਵਿਚ ਦੱਸੂੰ।" ਬਾਪੂ ਨੇ ਕਹਾਣੀ ਲੰਮੀ ਹੋ ਜਾਣ ਦੇ ਡਰੋਂ ਸੰਖੇਪ ਜਿਹਾ ਉੱਤਰ ਦਿੱਤਾ।

"ਠੀਕ ਹੈ ਬਾਪੂ ਜੀ, ਤੁਸੀਂ ਅੱਗੇ ਚੱਲੋ।" ਹਰਪ੍ਰੀਤ ਬੋਲਿਆ।

"13 ਸਿੰਘਾਂ ਦਾ ਨੁਕਸਾਨ ਸ੍ਰੀ ਅੰਮ੍ਰਿਤਸਰ ਵਿਖੇ, 3 ਸਿੰਘਾਂ ਦਾ ਦਿੱਲੀ ਤੇ 7 ਸਿੰਘਾਂ ਦਾ ਕਾਨਪੁਰ ਕਰਨ ਤੋਂ ਵੀ ਨਰਕਧਾਰੀ ਗੁਰਬਚਨ ਸਿੰਘ ਨੂੰ ਸਰਕਾਰ ਦੇ ਕਹਿਣ 'ਤੇ ਅਦਾਲਤ ਨੇ ਸਾਫ਼ ਬਰੀ ਕਰ ਦਿੱਤਾ। ਬਰੀ ਹੋਣ ਤੋਂ ਬਾਅਦ ਉਹ ਇਕ ਹੋਰ ਨਿਹੋਰਾ ਸਿੱਖ ਕੌਮ ਨੂੰ ਮਾਰ ਗਿਆ, ਅਖੇ ਸਿੱਖਾਂ ਦੇ ਛੇਵੇਂ ਗੁਰੂ ਨੇ 52 ਰਿਹਾਅ ਕਰਵਾਏ ਸਨ ਤੇ ਮੈਂ 65 ਕਰਵਾ ਕੇ ਲਿਜਾ ਰਿਹਾ ਹਾਂ।"

"ਐਨਾ ਹੰਕਾਰ............ਬਾਪੂ ਜੀ, ਏਸ ਕੰਜਰ ਸਾਧ ਨੂੰ ਕਿਸੇ ਨੇ ਸੂਤ ਨਈਂ ਕੀਤਾ?" ਬੇਅੰਤ ਬੋਲਿਆ।

"ਪੁੱਤਰ, ਜਿਵੇਂ ਤੈਨੂੰ ਗੁੱਸਾ ਆ ਰਿਹੈ ਨਾ ਏਸ 'ਤੇ, ਉਵੇਂ ਹੀ ਉਦੋਂ ਸਿੱਖ ਨੌਜੁਆਨਾਂ ਦੀ ਹਾਲਤ ਸੀ। ਪਰ ਕੋਈ ਦਾਅ ਨਹੀਂ ਲੱਗ ਰਿਹਾ ਸੀ ਤੇ ਆਖ਼ਰ ਗੁਰੂ ਨੇ ਇਕ ਦਿਨ ਬਿਧ ਬਣਾ ਹੀ ਦਿੱਤੀ। ਭਾਈ ਰਣਜੀਤ ਸਿੰਘ ਨਾਮੀ ਗੁਰਸਿੱਖ ਨੇ ਸਕੀਮ ਤਿਆਰ ਕੀਤੀ ਏਸ ਪਾਪੀ ਦੁਸ਼ਟ ਨੂੰ ਸੋਧਣ ਦੀ। ਉਹ ਕੁਝ ਸਮਾਂ ਇਸ ਦੇ ਡੇਰੇ ਵਿਚ ਕੰਮ ਕਰਦੇ ਰਹੇ ਤੇ ਇਕ ਦਿਨ ਜਦੋਂ ਦਾਅ ਲੱਗਿਆ ਤਾਂ ਉਹਨਾਂ ਨੇ ਏਸ ਹੰਕਾਰੇ ਹੋਏ ਗੰਦੇ ਕੀੜੇ 'ਤੇ ਤਾੜ-ਤਾੜ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ ਤੇ ਇਸ ਨੂੰ ਥਾਏਂ ਢੇਰ ਕਰ ਦਿੱਤਾ।"

"ਹੈਥੇ ਰੱਖ।" ਹਰਪ੍ਰੀਤ ਦੇ ਮੂੰਹੋਂ ਆਪ-ਮੁਹਾਰੇ ਨਿਕਲ ਗਿਆ।

"ਚੂਪ ਲੈ ਪੋਨੇ ਪੁੱਤ............।" ਮੰਦਰ ਵੀ ਭਾਵਨਾਵਾਂ ਦਬਾਅ ਨਾ ਸਕਿਆ।

"ਓ ਰੱਖ ਵਿਖਾਈ ਸ਼ੇਰਾ ਕੌਮ ਦੀ।" ਬੇਅੰਤ ਦੀਆਂ ਅੱਖਾਂ ਵਿਚ ਪਾਣੀ ਸੀ।

"ਬਾਪੂ ਜੀ, ਅਸਲ ਵਿਚ ਐਸੇ ਦੋਖੀਆਂ ਦਾ ਇਲਾਜ ਵੀ ਇਹੀ ਹੁੰਦਾ ਹੈ............ਹੁਣ ਆਹ ਸਰਸੇ ਆਲੇ ਸਾਧ ਬਾਰੇ ਕਿੰਨਾ ਪਿੱਟ-ਸਿਆਪਾ ਹੋ ਰਿਹੈ। ਧਰਨੇ, ਬੰਦ, ਹੜਤਾਲਾਂ, ਚੱਕੇ ਜਾਮ............ਪਰ ਇਸ ਨਾਲ ਫ਼ਰਕ ਕੋਈ

ਨੀਂ ਪੈਣਾ। ਤਿੰਨ ਸਿੰਘ ਤਾਂ ਓਹਨੇ ਮਾਰ ਦਿੱਤੇ ਐ ਤੇ ਅਜੇ ਹੋਰ ਵੀ ਮਾਰੂ। ਏਹ ਤਾਂ ਕੋਈ ਰਣਜੀਤ ਸਿੰਘ ਜਿਹਾ ਯੋਧਾ ਉੱਠੇ ਤੇ ਸਾਧ ਦੀ ਧੌਣ ਵੱਢ ਕੇ ਲਿਆਵੇ ਤਾਂ ਕੰਮ ਲੋਟ ਆਊ।'' ਗੁਰਪ੍ਰੀਤ ਨੂੰ ਅੱਜ ਦੇ ਹਾਲਾਤ ਵੀ ਜਵਾਂ ਉਦੋਂ ਵਰਗੇ ਹੀ ਜਾਪੇ।

ਬਾਪੂ ਇਸ ਰੌਲੇ ਬਾਰੇ ਵੀ ਮੁੰਡਿਆਂ ਨੂੰ ਕੁਝ ਸਮਝਾਉਣਾ ਚਾਹੁੰਦਾ ਸੀ, ਪਰ ਬਾਤ ਲੰਬੀ ਹੋ ਜਾਣ ਦੇ ਡਰੋਂ ਉਸ ਨੇ ਏਸ ਕਹਾਣੀ ਨੂੰ ਨਾ ਛੋਹਿਆ।

''ਬੱਸ ਪੁੱਤਰੋ, ਏਨਾ ਸਮਝ ਲੋ ਬਈ ਇਹ ਸਭ ਕੁਝ ਸਰਕਾਰਾਂ ਦਾ ਕੀਤਾ ਕਰਾਇਆ ਹੁੰਦੈ। ਕਿਸੇ ਬੂਬਨੇ ਸਾਧ ਦੀ ਏਨੀ ਹਿੰਮਤ ਨਹੀਂ ਕਿ ਬਿਨਾਂ ਕਿਸੇ ਸਰਕਾਰੀ ਤਾਕਤ ਤੋਂ ਉਹ ਅਜਿਹੇ ਕਾਰੇ ਕਰ ਸਕੇ। ਖ਼ੈਰ, ਜੇ ਆਪਾਂ ਏਧਰ ਨੂੰ ਤੁਰ ਪਏ ਤਾਂ ਆਪਣੀ ਪਿਛਲੀ ਕਹਾਣੀ ਵਿਚੇ ਰਹਿ ਜਾਊ।''

''ਹਾਂ ਜੀ, ਬਾਪੂ ਜੀ, ਤੁਸੀਂ ਛੱਡੋ ਏਸ ਕੰਜਰ ਸਰਸੇ ਆਲੇ ਨੂੰ, ਆਪਣੀ ਪਿਛਲੀ ਕਹਾਣੀ ਜਾਰੀ ਰੱਖੋ।'' ਬੇਅੰਤ ਜਾਣਦਾ ਸੀ ਕਿ ਜੇ ਸਰਸੇ ਵਾਲੇ ਦੀ ਕਹਾਣੀ ਤੁਰ ਪਈ ਤਾਂ ਜਿਹੜੀ ਵਾਰਤਾ ਉਹ ਸੁਣ ਰਹੇ ਸਨ, ਉਹ ਵਿਚੇ ਰੁਲ ਜਾਊ।

''ਨਰਕਧਾਰੀ ਗੁਰਬਚਨੇ ਦੇ ਮਾਰੇ ਜਾਣ ਤੋਂ ਬਾਅਦ ਕੌਮ ਕੁਝ ਚੜ੍ਹਦੀ ਕਲਾ ਵਿਚ ਆਉਣੀ ਸ਼ੁਰੂ ਹੋਈ। ਭਾਈ ਰਣਜੀਤ ਸਿੰਘ ਵਾਲੇ ਵਰਤਾਰੇ ਨੇ ਕੌਮ ਨੂੰ ਉਸ ਦੀਆਂ ਜ਼ਾਲਮ ਨੂੰ ਸੋਧਾ ਲਾਉਣ ਦੀਆਂ ਪੁਰਾਣੀਆਂ ਪੰਥਕ ਰਵਾਇਤਾਂ ਦੀ ਯਾਦ ਦਿਵਾ ਦਿੱਤੀ। ਹੁਣ ਪੰਜਾਬ ਮੁੜ ਜ਼ਾਲਮ ਹਾਕਮਾਂ ਦਾ ਹਰੇਕ ਹਮਲਾ ਝੱਲਣ ਲਈ ਹਿੱਕ ਤਾਣ ਕੇ ਖੜਾ ਸੀ। ਉਧਰੋਂ ਸਰਕਾਰ ਵੀ ਪੰਜਾਬ 'ਤੇ ਕਿਸੇ ਵੱਡੇ ਹਮਲੇ ਦੀ ਤਿਆਰੀ ਕਰ ਰਹੀ ਸੀ ਤੇ ਏਧਰ ਸਿੱਖਾਂ ਨੂੰ ਇਕ ਐਸਾ ਸੁਯੋਗ ਆਗੂ ਮਿਲ ਗਿਆ ਸੀ ਜਿਸ ਨੇ ਸਾਰੀ ਕੌਮ ਨੂੰ ਕੇਸਰੀ ਨਿਸ਼ਾਨ ਥੱਲੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਹੇਠ ਸ੍ਰੀ ਅਕਾਲ ਤਖ਼ਤ ਮੂਹਰੇ ਇਕੱਠੀ ਕਰ ਲਿਆ। ਉਸ ਦੀ ਮੰਜੀ ਸਾਹਿਬ ਦੀਵਾਨ ਹਾਲ ਵਿਚ ਗੂੰਜਦੀ ਗਰਜਵੀਂ, ਬੇਖ਼ੌਫ਼ ਆਵਾਜ਼ ਨੇ ਦਿੱਲੀ ਦਰਬਾਰ ਦੀਆਂ ਕੰਧਾਂ ਹਿਲਾ ਦਿੱਤੀਆਂ।''

"......ਜੇ ਤਾਂ ਪੱਗਾਂ ਸਿਰ 'ਤੇ ਰੱਖ ਕੇ, ਸਾਬਤ ਸੂਰਤ ਰਹਿ ਕੇ ਤੇ ਸਿੱਖ ਵੱਖਰੀ ਕੌਮ ਕਹਾ ਕੇ, ਆਪਣੇ ਧਾਰਮਿਕ ਚਿੰਨ੍ਹਾਂ ਸਹਿਤ ਸੰਸਾਰ ਵਿੱਚ ਵਿਚਰਨਾ ਤਾਂ ਫਿਰ ਬੱਚਾ-ਬੱਚਾ, ਬਜ਼ੁਰਗ ਤੇ ਨੌਜੁਆਨ ਤੱਤਪਰ ਹੋਵੇ ਤੇ ਸੀਸ ਤਲੀ 'ਤੇ ਰੱਖ ਕੇ ਪਿੜ 'ਚ ਆ ਜਾਉ। ਸ਼ਸਤਰਧਾਰੀ ਹੋ ਕੇ ਕਿਸੇ ਧੀ-ਭੈਣ ਦੀ ਇੱਜ਼ਤ ਲੁੱਟਣੀ, ਦੁਕਾਨ ਲੁੱਟਣੀ ਅਤੇ ਕਿਸੇ ਦੀ ਬੇਇੱਜ਼ਤੀ ਕਰਨੀ ਸਿੱਖ ਲਈ ਪਾਪ ਆ, ਪਰ ਹਥਿਆਰ ਰੱਖ ਕੇ ਆਪਣੀ ਹੋਈ ਬੇਇੱਜ਼ਤੀ ਦਾ ਹੱਕ ਨਾ ਲੈਣਾ ਵੀ ਪਾਪ ਆ......

ਕੀ ਹਿੰਦੀ ਬੋਲਣ ਵਾਸਤੇ, ਹਿੰਦੀ ਬੋਲੀ ਦਾ ਇਲਾਕਾ ਲੈਣ ਵਾਸਤੇ, ਹਿੰਦੂ ਮੰਦਰ ਦੇ ਨਾਂਅ ਉਪਰ ਗੱਡੀ ਦਾ ਨਾਂਅ ਰਖਾਉਣ ਵਾਸਤੇ ਕੋਈ ਹਿੰਦੂ ਜੇਲ੍ਹ ਗਿਆ?

ਜੇ ਉਨ੍ਹਾਂ ਨੂੰ ਘਰੇ ਬੈਠਿਆਂ ਹੀ ਸਭ ਕੁਝ ਮਿਲ ਗਿਆ ਤੇ ਸਾਨੂੰ ਵੱਡੀ ਗਿਣਤੀ ਵਿੱਚ ਜੇਲ੍ਹ ਜਾਣ 'ਤੇ ਵੀ ਨਹੀਂ ਮਿਲਿਆ ਤਾਂ ਫਿਰ ਸਾਨੂੰ ਸੋਚਣਾ ਪਵੇਗਾ ਕਿ ਅਸੀਂ ਆਪਣੇ ਹੱਕ ਲੈਣੇ ਕਿਵੇਂ ਆ? ਇਹ ਬੰਦਿਆਂ ਵਾਲਾ ਕੰਮ ਨਹੀਂ ਕਿ ਅਸੀਂ ਆਪਣੇ ਹੱਥ ਬੰਨ੍ਹ ਕੇ ਹੀ ਬੈਠੇ ਰਹੀਏ ਤੇ ਕੁੱਟ ਈ ਖਾਈ ਜਾਈਏ......
ਜੇ ਆਣ ਕੇ ਕੋਈ ਦਰਬਾਰ ਸਾਹਿਬ ਨੂੰ ਗੋਲੀਆਂ ਨਾਲ ਛਲਣੀ-ਛਲਣੀ ਕਰਨਾ ਚਾਹੇ ਜਾਂ ਜ਼ਬਰਦਸਤੀ ਸਿੰਘਾਂ ਨੂੰ ਮਾਰਨਾ ਚਾਹੇ, ਉਸ ਵੇਲੇ ਕਿਸੇ ਵੀ ਅਸਥਾਨ 'ਤੇ ਕੋਈ ਗੁਰੂ ਕਾ ਸਿੱਖ ਬੈਠਾ, ਉਨ੍ਹਾਂ ਸਾਰਿਆਂ ਨੇ ਆਪੋ-ਆਪਣੀ ਜ਼ਿੰਮੇਵਾਰੀ ਸੰਭਾਲਣੀ ਆਂ, ਜਦੋਂ ਤਕ ਸੈਂਟਰ ਦੀਆਂ ਲਕੀਰਾਂ ਨਹੀਂ ਨਿਕਲਦੀਆਂ, ਚੰਗੀ ਤਰ੍ਹਾਂ ਨੱਕ ਨਹੀਂ ਰਗੜਦੇ, ਇਹ ਮੋਰਚਾ ਤੱਦ ਤੱਕ ਬੰਦ ਨਹੀਂ ਹੋਣਾ......."

"ਕਮਾਲ" ਸਾਰੇ ਮੁੰਡਿਆਂ ਦੇ ਮੂੰਹੋਂ ਇਕੱਠਾ ਨਿਕਲਿਆ।

"ਸੰਤ ਜੀ ਦੇ ਇਹ ਗਰਜਵੇਂ ਬੋਲ ਇੰਦਰਾ ਤਕ ਵੀ ਪਹੁੰਚਦੇ। ਉਹ ਹਰਗਿਜ਼ ਇਹ ਬਰਦਾਸ਼ਤ ਨਹੀਂ ਕਰ ਸਕਦੀ ਸੀ ਕਿ ਕੋਈ ਸਿੱਖਾਂ ਨੂੰ ਜਾਗਰੂਕ ਕਰੇ। ਉਸ ਦੀਆਂ ਖੁਫ਼ੀਆ ਏਜੰਸੀਆਂ ਉਸ ਤਕ ਇਹ ਖ਼ਬਰਾਂ ਰੋਜ਼ ਪਹੁੰਚਾਉਂਦੀਆਂ ਸਨ ਕਿ ਮੰਜੀ ਸਾਹਿਬ ਦੀਵਾਨ ਹਾਲ ਵਿਚ ਸਿੱਖਾਂ ਦੀ ਗਿਣਤੀ ਦਿਨ-ਬ-ਦਿਨ ਵਧ ਰਹੀ ਹੈ ਤੇ ਤਿਲ ਸੁੱਟਣ ਨੂੰ ਥਾਂ ਨਹੀਂ ਲੱਭਦੀ। ਸਿੱਖ ਕੌਮ, ਸਾਰੀ ਰਵਾਇਤੀ ਅਕਾਲੀ ਲੀਡਰਸ਼ਿਪ ਨੂੰ ਤਿਆਗ ਚੁੱਕੀ ਹੈ। ਸਿੱਖ ਨੌਜੁਆਨੀ ਸਿਰਫ਼ ਸੰਤ ਜਰਨੈਲ ਸਿੰਘ ਨੂੰ ਹੀ ਆਪਣਾ ਲੀਡਰ ਮੰਨਦੀ ਹੈ। ਇਹਨਾਂ ਰਿਪੋਰਟਾਂ ਨੇ ਇੰਦਰਾ ਦੀ ਨੀਂਦ ਉਡਾ ਦਿੱਤੀ। ਉਹ ਆਪਣੇ ਫੌਜੀ ਜਰਨੈਲਾਂ ਨੂੰ ਇਕੱਠੇ ਕਰ ਕੇ ਸੰਤ ਜੀ ਨੂੰ ਖ਼ਤਮ ਕਰਨ ਦੀਆਂ ਵਿਉਂਤਾਂ ਘੜਨ ਲੱਗੀ। ਉਸ ਦੇ ਫ਼ੌਜੀ ਜਰਨੈਲਾਂ ਨੇ ਉਸ ਨੂੰ ਹਮਲਾ ਕਰਨ ਦੀ ਸਲਾਹ ਦਿੱਤੀ, ਪਰ ਹਮਲੇ ਲਈ ਉਹ ਅਜੇ ਕੁਝ ਸਮਾਂ ਹੋਰ ਰੁਕਣਾ ਚਾਹੁੰਦੀ ਸੀ। ਉਸ ਦੇ ਮਨ ਵਿਚ ਭਰਮ ਸੀ ਕਿ ਸੰਤ ਜੀ ਦੀ ਵੀ ਸ਼ਾਇਦ ਦੂਜੇ ਅਕਾਲੀਆਂ ਵਾਂਗ ਕੋਈ ਨਾ ਕੋਈ ਕਮਜ਼ੋਰੀ ਜ਼ਰੂਰ ਹੋਵੇਗੀ ਤੇ ਜਦੋਂ ਉਹ ਕਮਜ਼ੋਰੀ ਉਸ ਦੇ ਹੱਥ ਆ ਗਈ ਤਾਂ ਉਹ ਸੰਤ ਜੀ ਨੂੰ ਵੀ ਦੂਜੇ ਅਕਾਲੀ ਲੀਡਰਾਂ ਵਾਂਗ ਵਰਤੇਗੀ। ਉਸ ਨੇ ਸੰਤਾਂ ਨੂੰ ਗੱਲਬਾਤ ਦੀ ਪੇਸ਼ਕਸ਼ ਕੀਤੀ ਪਰ ਸੰਤ ਕਿਸੇ ਹੋਰ ਮਿੱਟੀ ਦੇ ਬਣੇ ਹੋਏ ਸਨ। ਉਹਨਾਂ ਨੂੰ ਪੰਜਾਬ ਦੀਆਂ ਮੰਗਾਂ ਜਾਂ ਕਹਿ ਲਓ ਹੱਕਾਂ ਤੋਂ ਘੱਟ ਕੁਝ ਵੀ ਪ੍ਰਵਾਨ ਨਹੀਂ ਸੀ, ਸੋ...........।"

"ਬਾਪੂ ਜੀ, ਇਹ ਮੰਗਾਂ ਕਿਹੜੀਆਂ ਸਨ?" ਹਰਪ੍ਰੀਤ ਬੋਲਿਆ।

"ਅਸਲ ਵਿਚ ਪੁੱਤ, ਇਹ ਮੰਗਾਂ ਅਨੰਦਪੁਰ ਦੇ ਮਤੇ ਦੀਆਂ ਸਨ ਜਿਹਨਾਂ ਲਈ ਸੰਤਾਂ ਨੇ ਧਰਮ ਯੁੱਧ ਮੋਰਚਾ ਲਾਇਆ ਸੀ। ਇਹ ਮਤਾ ਸਰਦਾਰ ਕਪੂਰ ਸਿੰਘ ਦਾ ਲਿਖਿਆ ਹੋਇਆ ਸੀ। ਅਕਾਲੀ ਦਲ ਨੇ ਇਸ ਵਿਚ ਕੁਝ ਹੋਰ ਮੰਗਾਂ ਸ਼ਾਮਲ ਕਰ ਦਿੱਤੀਆਂ, ਜਿਵੇਂ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇਣੇ, ਚੰਡੀਗੜ੍ਹ ਪੰਜਾਬ ਨੂੰ ਦੇਣਾ, ਪੰਜਾਬ ਦੇ ਦਰਿਆਈ ਪਾਣੀਆਂ ਦੇ ਪੂਰੇ ਅਧਿਕਾਰ

ਪੰਜਾਬ ਨੂੰ ਦੇਣੇ, ਦਰਬਾਰ ਸਾਹਿਬ ਵਿਚ ਰੇਡੀਓ ਟ੍ਰਾਂਸਮੀਟਰ ਲਗਾਉਣਾ ਤਾਂ ਕਿ ਦਰਬਾਰ ਸਾਹਿਬ ਵਿਚ ਹੁੰਦੇ ਕੀਰਤਨ ਦਾ ਰੇਡੀਓ 'ਤੇ ਪ੍ਰਸਾਰਣ ਕੀਤਾ ਜਾ ਸਕੇ ਆਦਿ। ਇਹ ਮੰਗਾਂ ਸਰਕਾਰ ਤੋਂ ਮੰਨਵਾਉਣ ਲਈ ਅਕਾਲੀਆਂ ਨੇ ਸੰਤਾਂ ਦੇ ਜੱਥੇ ਨਾਲ ਗ੍ਰਿਫ਼ਤਾਰੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਧਰਮ ਯੁੱਧ ਮੋਰਚੇ ਵਿਚ ਹਜ਼ਾਰਾਂ ਗ੍ਰਿਫ਼ਤਾਰੀਆਂ ਦਿੱਤੀਆਂ ਗਈਆਂ।''

''ਪਰ ਸਰਕਾਰ ਨੇ ਏਨੀਆਂ ਮਾਮੂਲੀ ਮੰਗਾਂ ਵੀ ਕਿਉਂ ਨਾ ਮੰਨੀਆਂ?'' ਮੰਦਰ ਨੇ ਪੁੱਛਿਆ।

''ਪੁੱਤਰ, ਅਸਲ ਵਿਚ ਰੌਲਾ ਸਿੱਖਾਂ ਨੂੰ ਪੈਰ ਦੀ ਜੁੱਤੀ ਥੱਲੇ ਰੱਖਣ ਦਾ ਸੀ। ਇੰਦਰਾ, ਜਿਹੜੀ ਭਾਰਤ ਦੀ ਰਾਣੀ ਬਣੀ ਬੈਠੀ ਸੀ, ਨੂੰ ਬਰਦਾਸ਼ਤ ਨਹੀਂ ਸੀ ਕਿ ਕੋਈ ਉਸ ਅੱਗੇ ਆਵਾਜ਼ ਚੁੱਕੇ। ਇਸ ਲਈ ਉਸ ਨੇ ਇਹਨਾਂ ਮੰਗਾਂ ਵਿਚੋਂ ਕੋਈ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ। ਉਲਟਾ ਸਾਰੀ ਕੌਮ ਨੂੰ ਅੱਤਵਾਦੀ ਤੇ ਵੱਖਵਾਦੀ ਆਖ ਕੇ ਭੰਡਣਾ ਸ਼ੁਰੂ ਕਰ ਦਿੱਤਾ। ਸਿੱਖਾਂ ਦੀਆਂ ਇਹਨਾਂ ਹੱਕੀ ਮੰਗਾਂ ਨੂੰ ਗਲਤ ਰੰਗਤ ਦੇ ਦਿੱਤੀ ਗਈ ਤੇ ਕਿਹਾ ਗਿਆ ਕਿ ਸਿੱਖ ਵੱਖਰਾ ਮੁਲਕ ਬਣਾਉਣਾ ਚਾਹੁੰਦੇ ਹਨ। ਪੰਜਾਬ ਵਿਚ ਸਿੱਖ ਨੌਜੁਆਨਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾਣ ਲੱਗਾ। ਬਿਨਾਂ ਕਿਸੇ ਗੱਲ ਤੋਂ ਅੰਮ੍ਰਿਤਧਾਰੀ ਸਿੱਖਾਂ ਨੂੰ ਪੁਲਿਸ ਨੇ ਜ਼ਲੀਲ ਕਰਨਾ ਸ਼ੁਰੂ ਕਰ ਦਿੱਤਾ। ਸਿੱਖ ਬੀਬੀਆਂ ਦੀ ਬੇਪਤੀ ਪੁਲਿਸ ਤੇ ਸੀ.ਆਰ.ਪੀ ਕਰਨ ਲੱਗੀ। ਜੇ ਕੋਈ ਅਣਖੀਲਾ ਸਿੱਖ ਇਹਨਾਂ ਜ਼ਿਆਦਤੀਆਂ ਦਾ ਜਵਾਬ ਦਿੰਦਾ ਤਾਂ ਫੇਰ ਸਾਰੀ ਕੌਮ ਨੂੰ ਵੱਖਵਾਦੀ ਕਿਹਾ ਜਾਂਦਾ। ਕਈ ਅੰਮ੍ਰਿਤਧਾਰੀ ਗੁਰਸਿੱਖ ਨੌਜੁਆਨਾਂ ਨੂੰ, ਜਿਹੜੇ ਕਿ ਸੰਤ ਜੀ ਤੋਂ ਪ੍ਰਭਾਵਿਤ ਸਨ ਤੇ ਉਹਨਾਂ ਦੇ ਵਿਚਾਰ ਸੁਣਨ ਜਾਇਆ ਕਰਦੇ ਸਨ, ਪੁਲਿਸ ਨੇ ਚੁੱਕ-ਚੁੱਕ ਕੇ ਮਾਰਨਾ ਸ਼ੁਰੂ ਕਰ ਦਿੱਤਾ। ਮਾਰਨ ਤੋਂ ਪਹਿਲਾਂ ਇਹਨਾਂ ਮੁੰਡਿਆਂ ਨੂੰ ਅਣਮਨੁੱਖੀ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਾਂਦਾ। ਪਰ ਫਿਰ ਵੀ ਹਿੰਦੂ ਮੀਡੀਆ ਸਾਰੀ ਗ਼ਲਤੀ ਸਿੱਖਾਂ ਵਿਚ ਹੀ ਕੱਢਦਾ। ਜਲੰਧਰ ਦੀ ਇਕ ਅਖ਼ਬਾਰ ਦਾ ਮਾਲਕ ਇਹਨੀਂ ਦਿਨੀਂ ਸਿੱਖ ਸਿਧਾਂਤਾਂ ਤੇ ਇਤਿਹਾਸ ਵਿਰੁੱਧ ਬਹੁਤ ਬਕਵਾਸ ਕਰਦਾ ਸੀ। ਉਹ ਸਿੱਖਾਂ ਦੀਆਂ ਮੰਗਾਂ ਦਾ ਸਖ਼ਤ ਵਿਰੋਧੀ ਸੀ ਤੇ ਆਪਣਾ ਗੁੱਸਾ ਕਿਸੇ ਹੋਰ ਤਰੀਕੇ ਕੱਢਦਾ ਸੀ। ਉਸ ਦੀ ਇਸ ਬਕਵਾਸ ਨੂੰ ਸਰਕਾਰ ਨੇ ਬਿਲਕੁਲ ਨਹੀਂ ਰੋਕਿਆ ਤੇ ਜਦੋਂ ਕੁਝ ਸਿੱਖ ਮੁੰਡਿਆਂ ਨੇ ਉਸ ਨੂੰ ਏਨੇ ਮਾੜੇ ਲੇਖਾਂ ਦੇ ਵਿਰੋਧ ਵਿਚ ਖਿੱਝ ਕੇ ਮਾਰ ਦਿੱਤਾ ਤਾਂ ਫਿਰ ਸਰਕਾਰ ਲੱਗੀ ਦੁਹਾਈਆਂ ਪਾਉਣ। ਅਖੇ ਜੀ ਹੁਣ ਤਾਂ ਸਿੱਖ ਪ੍ਰੈਸ 'ਤੇ ਵੀ ਹਮਲਾ ਕਰਨ ਲੱਗ ਪਏ ਨੇ।''

''ਤੇ ਜਿਹੜਾ ਹਮਲਾ ਪ੍ਰੈਸ ਨੇ ਸਿੱਖਾਂ 'ਤੇ ਕੀਤੈ, ਉਹ.........ਸਾਲੇ ਲੰਡੇ ਢੱਠੇ ਦੇ।'' ਗੁਰਪ੍ਰੀਤ ਖਿਝ ਕੇ ਕਹਿ ਗਿਆ।

''ਬੱਸ ਪੁੱਤ, ਇਹਨਾਂ ਨੂੰ ਤਾਂ ਬਹਾਨਾ ਚਾਹੀਦਾ ਸੀ ਸਿੱਖਾਂ ਨੂੰ ਬਦਨਾਮ

ਕਰਨ ਦਾ। ਸੰਤ ਜੀ ਸਿੱਖਾਂ ਨੂੰ ਨਿੱਤ ਦਿਹਾੜੀ ਹੋ ਰਹੇ ਇਹਨਾਂ ਹਮਲਿਆਂ ਤੋਂ ਲਗਾਤਾਰ ਜਾਣੂ ਕਰਵਾਉਂਦੇ ਰਹਿੰਦੇ ਸਨ।''

"ਜੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਤੇ ਹਿੰਦੂ ਸੁਰੱਖਿਆ ਸੰਮਤੀ ਦੇ ਆਗੂ, ਸਿਖਾਂ ਨੂੰ ਧਮਕੀ ਦੇਣ ਤਾਂ ਕੋਈ ਕੇਸ ਨਹੀਂ ਤੇ ਭਿੰਡਰਾਂਵਾਲਾ ਜਵਾਬ ਵਿਚ ਹੀ ਕੁਝ ਕਹਿ ਦੇਵੇ ਤਾਂ ਕੇਸ ਦਰਜ...

ਜੇ ਹਿੰਦੂਆਂ ਦੇ ਮੁੰਡੇ ਪਵਨ ਕੁਮਾਰ ਤੋਂ ੨੩੦ ਗ੍ਰਨੇਡ ਫੜੇ ਜਾਣ, ਉਹ ਤਾਂ ਵੀ ਬਰੀ ਤੇ ਜੇ ਕਿਸੇ ਸਿਖ ਤੋਂ ਕੁਝ ਫੜਿਆ ਵੀ ਨਾ ਜਾਵੇ, ਉਸ ਨੂੰ ਤਾਂ ਵੀ ਸਜ਼ਾ।

ਜੇ ਹਿੰਦੂ ਇਕ ਵੀ ਮਰ ਜਾਵੇ ਤਾਂ ਲਾਸ਼ ਵਾਰਸਾਂ ਦੇ ਹਵਾਲੇ ਤੇ ਜੇ ਸਿਖ ਸੈਂਕੜੇ ਵੀ ਮਾਰ ਦਿੱਤੇ ਜਾਣ ਤਾਂ ਵੀ ਲਾਸ਼ਾਂ ਵਾਰਸਾਂ ਨੂੰ ਨਹੀਂ ਦਿੱਤੀਆਂ ਜਾਂਦੀਆਂ...

ਜੇ ਇਕ ਵੀ ਹਿੰਦੂ ਮਰ ਜਾਵੇ ਤਾਂ ਇਨਕੁਆਇਰੀ ਤਿੰਨ ਦਿਨਾਂ 'ਚ ਮੁਕੰਮਲ ਤੇ ਜੇ ਸਿਖ ਦਰਜਨਾਂ ਮਾਰੇ ਜਾਣ ਤਾਂ ਇਨਕੁਆਇਰੀ ਸ਼ੁਰੂ ਵੀ ਨਹੀਂ ਕੀਤੀ ਜਾਂਦੀ।

ਫੌਜ ਵਿਚੋਂ ਗੁਆਚਾ ਹਥਿਆਰ ਭਾਵੇਂ ਹਿੰਦੂ ਦੀ ਬੈਰਕ ਵਿਚੋਂ ਲੱਭ ਜਾਵੇ ਤੇ ਜਾਂ ਗੰਦੇ ਨਾਲੇ ਵਿਚੋਂ ਮਿਲ ਪਵੇ, ਪਰ ਮਾਰ ਦਿੱਤੇ ਜਾਣ ਸਿਖ ਫੌਜੀ ਸੀਤਲ ਸਿੰਘ ਤੇ ਪਿਆਰਾ ਸਿੰਘ...

ਹਿੰਦੂ ਮੰਗ ਵੀ ਨਾ ਕਰਨ ਤੇ ਉਹਨਾਂ ਨੂੰ ਹਰਿਆਣਾ ਤੇ ਹਿਮਾਚਲ ਬਣਾ ਕੇ ਦੇ ਦਿੱਤਾ ਜਾਵੇ ਤੇ ਸਿਖ ਪੰਜਾਬੀ ਸੂਬੇ ਦੀ ਮੰਗ ਲਈ ਮੋਰਚਾ ਲਾਉਣ ਤਾਂ ਵੀ ਪੰਜਾਬੀ ਸੂਬਾ ਮੁਕੰਮਲ ਰੂਪ ਵਿਚ ਨਾ ਮਿਲੇ..."

''ਕੌਮ ਲਗਾਤਾਰ ਰੋਹ ਵਿਚ ਆ ਰਹੀ ਸੀ। ਸਿੱਖ ਨੌਜੁਆਨਾਂ ਦਾ ਖੂਨ ਉਬਾਲੇ ਮਾਰ ਰਿਹਾ ਸੀ। ਸੰਤ ਜੀ ਉਹਨਾਂ ਨੂੰ ਗੁਰਬਾਣੀ ਤੇ ਇਤਿਹਾਸ ਸੁਣਾ ਕੇ ਹੋਰ ਪਕੇਰੇ ਕਰ ਰਹੇ ਸਨ। ਤੇ ਜਦੋਂ ਸੰਤ ਜੀ ਨੇ ਕਿਹਾ ਕਿ ਮੈਂ ਸਰੀਰ ਦੇ ਮਰਨ ਨੂੰ ਮੌਤ ਨਹੀਂ ਮੰਨਦਾ, ਜ਼ਮੀਰ ਦੇ ਮਰਨ ਨੂੰ ਮੌਤ ਗਿਣਦਾਂ ਤਾਂ ਪੰਜਾਬ ਵਿਚਲੇ ਸੁੱਤੀਆਂ ਜ਼ਮੀਰਾਂ ਵਾਲੇ ਲੋਕ ਵੀ ਉੱਠ ਖੜੇ ਹੋਏ ਤੇ ਉਨਾਂ ਨੇ ਉੱਚੀ ਆਵਾਜ਼ ਵਿਚ ਕਿਹਾ,

'ਭਿੰਡਰਾਂਵਾਲਾ ਸੰਤ ਸਿਪਾਹੀ, ਜੀਹਨੇ ਸੁੱਤੀ ਕੌਮ ਜਗਾਈ'।

ਪੰਜਾਬ ਵਿਚ ਗੂੰਜਦਾ ਇਹ ਨਾਹਰਾ ਦਿੱਲੀ ਵੀ ਪਹੁੰਚ ਗਿਆ। ਇੰਦਰਾ ਧੁਰ ਅੰਦਰ ਤਕ ਕੰਬ ਗਈ। ਉਸ ਦੇ ਸੰਤ ਜੀ ਦੇ ਕਿਰਦਾਰ ਬਾਰੇ ਸਾਰੇ ਭੁਲੇਖੇ ਦੂਰ ਹੋ ਗਏ। ਉਹ ਸਮਝ ਗਈ ਸੀ ਕਿ ਸੰਤ ਜੀ ਤੇ ਉਹਨਾਂ ਦੇ ਸਾਥੀਆਂ ਵਿਚ 18ਵੀਂ ਸਦੀ ਦੇ ਸਿੰਘਾਂ ਵਾਲਾ ਜਜ਼ਬਾ ਤੇ ਜੋਸ਼ ਸੀ। ਉਹ ਕਿਸੇ ਵੀ ਹਾਲਤ ਵਿਚ ਝੁਕਣ ਵਾਲੇ ਨਹੀਂ ਸਨ। ਹੁਣ ਇੰਦਰਾ ਨੇ ਪੰਜਾਬ ਉੱਤੇ ਧਾਵਾ ਬੋਲਣ ਦਾ ਪੂਰਾ ਮਨ ਬਣਾ ਲਿਆ। ਪਰ ਉਸ ਤੋਂ ਪਹਿਲਾਂ ਉਸ ਨੇ ਕੁਝ ਹੋਰ ਕਮੀਨੀਆਂ ਚਾਲਾਂ ਚੱਲੀਆਂ।''

''ਉਹ ਕਿਹੜੀਆਂ ਬਾਪੂ ਜੀ?'' ਹਰਪ੍ਰੀਤ ਨੇ ਪੁੱਛਿਆ।

''ਸਿੱਖਾਂ ਨੂੰ ਬਦਨਾਮ ਕਰਨ ਲਈ ਉਸ ਨੇ ਆਪਣੀਆਂ ਏਜੰਸੀਆਂ ਤੇ ਪੁਲਿਸ ਤੋਂ ਕੁਝ ਹੋਰ ਘਿਣਾਉਂਦੇ ਕੰਮ ਕਰਵਾਏ। ਇਕ ਬੱਸ ਵਿਚੋਂ ਹਿੰਦੂ ਕੱਢ ਕੇ ਮਰਵਾਏ ਤੇ ਅਖ਼ਬਾਰਾਂ ਵਿਚ ਇਹ ਵਿਖਾਇਆ ਕਿ ਸਿੱਖਾਂ ਨੇ ਹਿੰਦੂ ਮਾਰੇ ਹਨ। ਨਾਲ ਹੀ ਇਹ ਝੂਠਾ ਪ੍ਰਚਾਰ ਵੀ ਕੀਤਾ ਕਿ

'ਭਿੰਡਰਾਂਵਾਲੇ ਨੇ ਐਲਾਨ ਕੀਆ ਹੈ ਕਿ ਵੋਹ ਪੰਜਾਬ ਕੇ ਕਿਸੀ ਹਿੰਦੂ

ਕੇ ਜਿੰਦਾ ਨਹੀਂ ਛੱਡੇਗਾ।' ਇਹ ਬਿਲਕੁਲ ਕੂੜ ਬਿਆਨ ਸੀ। ਸੰਤ ਜੀ ਨੇ ਵੀ ਕਿਹਾ ਕਿ ਉਹਨਾਂ ਨੇ ਐਸਾ ਕੋਈ ਬਿਆਨ ਨਹੀਂ ਦਿੱਤਾ ਪਰ ਸਰਕਾਰ ਨੇ ਉਹਨਾਂ ਦੀ ਕੋਈ ਗੱਲ ਅਖ਼ਬਾਰਾਂ ਵਿਚ ਨਾ ਛਪਣ ਦਿੱਤੀ ਅਤੇ ਜਦੋਂ ਇੰਦਰਾ ਨੇ ਅੰਮ੍ਰਿਤਸਰ 'ਤੇ ਹਮਲੇ ਦੀ ਤਿਆਰੀ ਕਰ ਲਈ ਤਾਂ ਏਧਰ ਸੰਤਾਂ ਨੂੰ ਵੀ ਪਤਾ ਲੱਗ ਗਿਆ। ਉਹਨਾਂ ਬਿਨਾਂ ਡੋਲੇ ਪੂਰੇ ਹੌਂਸਲੇ ਤੇ ਬੇਖ਼ੌਫ਼ ਹੋ ਕੇ ਸਿੱਖਾਂ ਨੂੰ ਕਿਹਾ:

"ਜਿੱਦੋਂ ਦਰਬਾਰ ਸਾਹਿਬ 'ਤੇ ਸਰਕਾਰ ਵੱਲੋਂ ਹਮਲਾ ਹੋਇਆ ਤੇ ਇਹ ਦੁਨੀਆਂ 'ਚ ਮਿਸਾਲ ਬਣੇਗੀ ਕਿ ਖਾਲਿਸਤਾਨ ਬਣਿਆ। ਉਸ ਦਿਨ ਜ਼ਰੂਰ ਖਾਲਿਸਤਾਨ ਬਣੇਗਾ......

ਜਦੋਂ ਤੱਕ ਆਪਾਂ ਇੱਕ ਥਾਂ ਟਿਕ ਕੇ ਨਹੀਂ ਬਹਿੰਦੇ, ਇੱਕ ਦੂਜੇ 'ਤੇ ਚਿੱਕੜ ਸੁੱਟਣੋ ਨਹੀਂ ਹੱਟਦੇ, ਗੁਰੂ ਗ੍ਰੰਥ ਸਾਹਿਬ 'ਤੇ ਪੂਰਨ ਭਰੋਸਾ ਨਹੀਂ ਰੱਖਦੇ, ਸਿੱਖੀ ਵਿੱਚ ਪ੍ਰਪੱਕ ਨਹੀਂ ਹੁੰਦੇ ਤੇ ਬਾਣੀ ਦਾ ਅਭਿਆਸ ਨਹੀਂ ਕਰਦੇ ਉਦੋਂ ਤੱਕ ਕੁੱਟ ਪਵੇਗੀ। ਜੋ ਸਤਿਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਦਾ ਤੇ ਨਿਰਦੋਸ਼ੇ ਸਿੰਘਾਂ ਦਾ ਖ਼ੂਨ ਪੀਂਦਾ ਤੇ ਧੀਆਂ-ਭੈਣਾਂ ਦੀ ਇੱਜ਼ਤ ਲੁੱਟਦਾ, ਉਹਨੂੰ ਕਦੇ ਵੀ ਮਾਫ਼ ਨਹੀਂ ਕਰਨਾ ਤੇ ਜੇ ਕੋਈ ਗਰੀਬ ਬੰਦਾ ਗਾਲ੍ਹ ਵੀ ਕੱਢ ਜਾਂਦਾ, ਉਹਦਾ ਕਦੇ ਗੁੱਸਾ ਨਹੀਂ ਕਰਨਾ......

ਪੱਕਿਆਂ ਵਿੱਚ ਰਹਿਨੇ ਤਾਂ ਕੱਚਿਆਂ 'ਚ ਰਹੇ। ਕੱਚਿਆਂ 'ਚ ਰਹਿਨੇ ਤਾਂ ਕੁੱਲੀਆਂ 'ਚ ਰਹੋ। ਕੁੱਲੀਆਂ 'ਚ ਰਹਿਨੇ ਤਾਂ ਰੜੇ ਮੈਦਾਨ 'ਚ ਰਹਿਣਾ ਪਸੰਦ ਕਰ ਲਵੋ। ਅੱਠੀਂ ਪਹਿਰੀਂ ਰੋਟੀ ਖਾਣੀ ਸ਼ੁਰੂ ਕਰ ਦਿਓ, ਪਰ ਹਥਿਆਰ ਵਧੀਆ ਤੋਂ ਵਧੀਆ ਹਰ ਇੱਕ ਸਿੰਘ ਦੇ ਗਾਤਰੇ ਹੋਣਾ ਚਾਹੀਦਾ। ਮਜ਼ਲੂਮ 'ਤੇ ਤੇਗ ਨਹੀਂ ਚੁੱਕਣੀ, ਜ਼ਾਲਮ ਨੂੰ ਸੋਧਣ ਵਾਸਤੇ ਸਾਵਧਾਨ ਰਹਿਣਾ।"

ਬਾਪੂ ਜੀ ਬੋਲਦੇ ਹੋਏ ਇੰਜ ਪ੍ਰਤੀਤ ਹੁੰਦੇ ਸਨ ਜਿਵੇਂ ਸੱਚਮੁੱਚ ਸੰਤ ਜਰਨੈਲ ਸਿੰਘ ਜੀ ਬੋਲ ਰਹੇ ਹੋਣ। ਉਹ ਏਨੇ ਜੋਸ਼ ਨਾਲ ਬੋਲ ਰਹੇ ਸਨ ਕਿ ਉਹਨਾਂ ਨੂੰ ਮੁੜ੍ਹਕਾ ਆ ਗਿਆ ਸੀ।

''ਜੇ ਤਾਂ ਪੁੱਤਰ ਆਂ ਆਪਾਂ ਉਸ ਗੁਰੂ ਦੇ ਫੇਰ ਤਾਂ ਘਰ ਦਾ ਛੱਡੋ ਮੋਹ............।''

ਜਿਵੇਂ-ਜਿਵੇਂ ਬਾਪੂ ਜੀ ਬੋਲ ਰਹੇ ਸਨ, ਮੁੰਡਿਆਂ ਦੇ ਲੂੰ-ਕੰਡੇ ਖੜੇ ਹੋ ਰਹੇ ਸਨ। ''ਕਮਾਲ'' ਤੋਂ ਬਿਨਾਂ ਹੋਰ ਕੋਈ ਸ਼ਬਦ ਉਹਨਾਂ ਦੇ ਮੂੰਹੋਂ ਨਹੀਂ ਨਿਕਲ ਰਿਹਾ ਸੀ। ਸਾਰਿਆਂ ਦੇ ਮਨ ਵਿਚ ਬੱਸ ਇਹੀ ਚੱਲ ਰਿਹਾ ਸੀ ਕਿ ਕੀ ਸੱਚਮੁੱਚ ਐਹੋ ਜਿਹਾ ਕੋਈ ਨਿਧੜਕ ਸਿੱਖ ਆਗੂ ਏਸ ਸਦੀ ਵਿਚ ਵੀ ਹੋਇਆ ਸੀ? ਉਹਨਾਂ ਨੇ 17ਵੀਂ-18ਵੀਂ ਸਦੀ ਵਿਚ ਹੋਏ ਐਸੇ ਕਈ ਸਿੱਖ ਯੋਧਿਆਂ ਬਾਰੇ ਪੜ੍ਹਿਆ ਸੀ। ਪਰ ਇਹਨਾਂ ਸਮਿਆਂ ਵਿਚ ਵੀ ਐਸਾ ਆਗੂ..........ਜਦੋਂ ਕਿ ਦੁਨੀਆਂ ਸਿਰਫ਼ ਪਦਾਰਥਾਂ ਪਿੱਛੇ ਹੀ ਭੱਜ ਰਹੀ ਸੀ। ਬਿਨਾਂ ਕਿਸੇ ਨਿੱਜੀ ਸਵਾਰਥ, ਲਾਲਚ ਤੋਂ ਕੌਮ ਨਾਲ, ਪੰਥ ਨਾਲ, ਦੇਸ਼ ਪੰਜਾਬ

ਨਾਲ ਏਨਾ ਮੋਹ......: ਆਪਣੇ ਲੋਕਾਂ ਦਾ ਏਨਾ ਫ਼ਿਕਰ.........ਕਮਾਲ..............।

ਬਾਪੂ ਜੀ ਅਜੇ ਵੀ ਬੋਲ ਰਹੇ ਸਨ, "ਇਨਕੁਆਰੀਆਂ ਵਿਚ ਇਨਸਾਫ ਖਾਲਸਾ ਜੀ ਉਥੇ ਮਿਲਦਾ ਹੈ, ਜਿੱਥੇ ਕੋਈ ਦਲੀਲ, ਵਕੀਲ ਤੇ ਅਪੀਲ ਹੋਵੇ। ਜਿੱਥੇ ਹੈ ਈ ਸਰਾਸਰ ਧੱਕਾ ਤੇ ਇਹ ਨਿਰਣਾ ਕੀਤਾ ਕਿ ਸਿੱਖਾਂ ਨੂੰ ਖਤਮ ਈ ਕਰਨਾ, ਉਥੇ ਫਿਰ ਵਕੀਲ ਤੇ ਦਲੀਲ ਕਰਨ ਦੀ ਕੀ ਲੋੜ ਆ? ਜਦੋਂ ਗੁਰੂ ਦੀ ਬੇਅਦਬੀ ਕਰਨ ਵਾਲੇ ਝਟਕਾਏ ਹੋਣਗੇ, ਵਕੀਲ ਉਹ ਭਾਲਦੇ ਫਿਰਨਗੇ, ਆਪਾਂ ਨੂੰ ਕੀ ਲੋੜ ਆ? ਜਿੱਦੋਂ ਖੜਕ ਪਵੇ, 'ਮਜ਼ਲੂਮ, ਬੀਬੀ ਤੇ ਬਜ਼ੁਰਗ 'ਤੇ ਵਾਰ ਨਹੀਂ ਕਰਨਾ, ਪਰ ਜਿਹੜਾ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਾ ਹੈ, ਉਹਦਾ ਲਿਹਾਜ ਨਹੀਂ ਕਰਨਾ।

-ਮੈਂ ਸਰੀਰ ਦੇ ਮਰਨ ਨੂੰ ਮੌਤ ਨਹੀਂ ਗਿਣਦਾ, ਜ਼ਮੀਰ ਦੇ ਮਰਨ ਨੂੰ ਮੌਤ ਗਿਣਦਾ ਹਾਂ। ਜਿਹੜੇ ਸਿੰਘਾਂ ਦੇ ਘਰਾਂ ਨੂੰ ਗੌਰਮੈਂਟ ਸਾੜ ਰਹੀ ਤੇ ਲੁੱਟ ਰਹੀ ਆ, ਉਹ ਆਪਣੇ ਸਾਮਾਨ ਦੀ ਲਿਸਟ ਬਣਾ ਕੇ ਸਾਡੇ ਕੋਲ ਭੇਜ ਦਿਉ। ਜੇ ਤਾਂ ਮੇਰੀ ਜ਼ਿੰਦਗੀ ਰਹੀ ਤੇ ਤੁਹਾਨੂੰ ਉਨ੍ਹਾਂ ਹੀ ਹੱਥਾਂ ਨਾਲ, ਉਨ੍ਹਾਂ ਹੀ ਲੋਕਾਂ ਤੋਂ ਜ਼ਰੂਰ ਮੋੜਾਵਾਂਗਾ ਤੇ ਮੈਂ ਚੜ੍ਹਾਈ ਕਰ ਗਿਆ ਤੇ ਅਗਾਂਹ ਜਾ ਕੇ ਹਿਸਾਬ-ਕਿਤਾਬ ਮੈਥੋਂ ਮੰਗਿਉ ਨਾ।

ਮੈਂ ਸਟੇਜ 'ਤੇ ਬੋਲਦਾਂ ਤਾਂ ਅੱਗ ਲੱਗਦੀ ਆ ਪਾਰਲੀਮੈਂਟ ਵਿਚ ਤੇ ਜੇ ਹਿੰਦੂ ਸਟੇਜ 'ਤੇ ਬੋਲਦਾ ਤੇ ਕਹਿੰਦੇ ਆ ਸ਼ਾਂਤੀ ਵਰਤਦੀ ਆ। ਮੈਂ ਵੀ ਬਿਆਨ ਦਿੱਤਾ ਤੇ ਉਹਨਾਂ ਨੇ ਵੀ ਬਿਆਨ ਦਿੱਤਾ, ਮੈਂ ਉੱਤਰ ਵਿਚ ਬਿਆਨ ਦਿੱਤਾ। ਕਾਰਨ ਇਹ ਆ ਕਿ ਉਹ ਹਿੰਦੂਆਂ ਦੇ ਘਰੇ ਜੰਮੇ ਆਂ ਤੇ ਆਪਾਂ ਸਿੱਖਾਂ ਦੇ ਘਰ......

ਐਸੀ ਸ਼ਾਂਤੀ ਦਾ ਮੈਂ ਬਿਲਕੁਲ ਹਾਮੀ ਨਹੀਂ, ਜਿੱਥੇ ਸਿਖਾਂ ਦੀਆਂ ਲੜਕੀਆਂ ਦੀ ਬੇਪੱਤੀ ਕਰ ਕੇ ਕਿਹਾ ਜਾਵੇ ਸ਼ਾਂਤੀ ਰੱਖੋ......"

ਬਾਪੂ ਜੀ ਲਗਾਤਾਰ ਮੁੰਡਿਆਂ ਨੂੰ ਸੰਤ ਜੀ ਬਾਰੇ ਤੇ ਉਹਨਾਂ ਦੁਆਰਾ ਬੋਲੇ ਗਏ ਬੋਲਾਂ, ਜਿਹੜੇ ਕਿ ਹੁਣ ਇਤਿਹਾਸਕ ਬੋਲ ਬਣ ਚੁੱਕੇ ਹਨ, ਬਾਰੇ ਦੱਸਦੇ ਰਹੇ ਤੇ ਸਾਰੇ ਜਣੇ ਬਿਨਾਂ ਕੁਝ ਬੋਲੇ ਸਭ ਕੁਝ ਸੁਣਦੇ ਰਹੇ।

ਕਾਂਡ ੧੪

"..........ਤੇ ਬਾਪੂ ਜੀ, ਫੇਰ ਕਰਤਾ ਹਮਲਾ ਹਿੰਦ ਹਕੂਮਤ ਨੇ?" ਹਰਪ੍ਰੀਤ ਸਮੇਤ ਸਾਰੇ ਮੁੰਡਿਆਂ ਦੇ ਦਿਲ ਵਿਚ ਧੁਤਕੂ ਜਿਹਾ ਲੱਗਾ ਹੋਇਆ ਸੀ, ਉਹਨਾਂ ਨੂੰ ਆਪਣੇ ਦਿਲ ਦੀ ਧੜਕਣ ਦੀ ਆਵਾਜ਼ ਆਪਣੇ ਕੰਨਾਂ ਨਾਲ ਸੁਣਦੀ ਮਹਿਸੂਸ ਹੋ ਰਹੀ ਸੀ, ਸਾਰੇ ਜਣੇ ਚੁੱਪ ਬੈਠੇ ਸਨ, ਇਸ ਲਈ ਹਰਪ੍ਰੀਤ ਨੇ ਕਹਾਣੀ ਨੂੰ ਅੱਗੇ ਤੋਰਨ ਦਾ ਹੀਆ ਕੀਤਾ ਤੇ ਬਾਪੂ ਜੀ ਤੋਂ ਪੁੱਛਿਆ।

"ਪੂਰੇ ਪੰਜਾਬ ਉੱਤੇ ਕਾਲੇ ਬੱਦਲ ਛਾ ਗਏ, ਫ਼ਿਜ਼ਾਵਾਂ ਵਿਚ ਆਵਾਜ਼ ਗੂੰਜਣ ਲੱਗੀ,

"ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ॥
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ॥"

ਤੇ ਜਾਂ ਫਿਰ,

'ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥'

ਮੁੰਡਿਆਂ ਨੂੰ ਇਹਨਾਂ ਸ਼ਬਦਾਂ ਦੇ ਪੂਰੇ ਅਰਥ ਤਾਂ ਸਮਝ ਨਹੀਂ ਆਏ ਪਰ ਬਾਪੂ ਜੀ ਨੇ ਜਿਵੇਂ ਇਹ ਸ਼ਬਦ ਬੋਲੇ, ਉਸ ਨਾਲ ਇਹਨਾਂ ਦੀ ਘਬਰਾਹਟ ਹੋਰ ਵਧ ਗਈ। ਇਹਨਾਂ ਵਿਚੋਂ ਕਿਸੇ ਦਾ ਜੇਰਾ ਨਹੀਂ ਪੈ ਰਿਹਾ ਸੀ ਕਿ ਅੱਗੇ ਪੁੱਛੇ.........ਫਿਰ ਕੁਝ ਦੇਰ ਬਾਅਦ ਬਾਪੂ ਜੀ ਆਪ ਹੀ ਬੋਲੇ,

"ਹਾਂ ਪੁੱਤਰ, ਸਾਰੇ ਅਹਿਸਾਨਾਂ ਨੂੰ ਛਿੱਕੇ ਟੰਗ ਕੇ ਦਿੱਲੀ ਫੇਰ ਮਾਰੋ-ਮਾਰ ਕਰਦੀ ਪੰਜਾਬ ਉੱਤੇ ਚੜ੍ਹ ਆਈ ਸੀ.........ਤੇ ਇਹ ਵਰਤਾਰਾ ਇਤਿਹਾਸ ਵਿਚ ਕੋਈ ਪਹਿਲੀ ਵਾਰੀ ਨਹੀਂ ਵਾਪਰਨ ਲੱਗਾ ਸੀ। ਪਹਿਲਾਂ ਵੀ ਕਈ ਵਾਰੀ ਨਾਦਰਾਂ, ਅਬਦਾਲੀਆਂ ਤੇ ਡਾਇਰਾਂ ਨੇ ਪੰਜਾਬ 'ਤੇ ਇਵੇਂ ਚੜ੍ਹਾਈ ਕੀਤੀ ਸੀ....... ਦੁੱਖ ਇਸ ਹਮਲੇ ਦਾ ਨਹੀਂ ਸੀ.........ਦੁੱਖ ਤਾਂ ਇਸ ਗੱਲ ਦਾ ਸੀ ਕਿ ਐਤਕੀਂ ਇਹ ਹਮਲਾ ਉਹ ਕਰ ਰਹੇ ਸਨ, ਜਿਨ੍ਹਾਂ ਲਈ ਅਸੀਂ ਆਪਣਾ ਸਭ ਕੁਝ ਵਾਰਿਆ ਸੀ ਤੇ ਜਿਹੜੇ ਸਾਨੂੰ 'ਆਪਣਾ-ਆਪਣਾ' ਕਰਦੇ ਨਹੀਂ ਥੱਕਦੇ ਸਨ..........। ਪਰ ਸਾਡੇ ਯੋਧਿਆਂ ਨੇ ਪੂਰੇ ਇਤਿਹਾਸ ਵਿਚ ਅੱਜ ਤਕ ਕਦੇ ਵੀ ਦਿੱਲੀ ਦੇ ਹਮਲੇ ਤੋਂ ਭੈਅ ਖਾ ਕੇ ਪੰਜਾਬ ਨੂੰ ਪਿੱਠ ਨਹੀਂ ਦਿਖਾਈ। ਭਾਵੇਂ ਗਿਣਤੀ 30 ਹਜ਼ਾਰ ਦੇ ਮੁਕਾਬਲੇ ਸਿਰਫ਼ 30 ਹੋਵੇ।

ਸਮੇਂ-ਸਮੇਂ 'ਤੇ ਪੰਜਾਬ ਦੇ ਅਣਖੀਲੇ ਸੂਰਮਿਆਂ ਨੇ ਆਪਣੀ ਮਾਂ ਧਰਤੀ ਨੂੰ ਜ਼ਾਲਮਾਂ ਹੱਥੋਂ ਬੇ-ਆਬਰੂ ਹੋਣ ਤੋਂ ਬਚਾਉਣ ਲਈ ਆਪਣਾ ਬੇਹਿਸਾਬ ਖ਼ੂਨ ਡੋਲ੍ਹਿਆ। ਅਬਦਾਲੀ, ਮੱਸਾ ਰੰਗੜ, ਜ਼ਕਰੀਆ ਖ਼ਾਨ, ਡਾਇਰ ਵਰਗੇ ਜ਼ਾਲਮ ਜੇ ਸ਼ਕਲਾਂ ਬਦਲ-ਬਦਲ ਕੇ ਆਉਂਦੇ ਰਹੇ ਤਾਂ ਸੂਰਮੇ ਵੀ ਬਾਬਾ ਗੁਰਬਖ਼ਸ਼ ਸਿੰਘ, ਬਾਬਾ ਦੀਪ ਸਿੰਘ, ਸੁੱਖਾ ਸਿੰਘ, ਮਹਿਤਾਬ ਸਿੰਘ ਤੇ ਊਧਮ ਸਿੰਘ ਦੇ ਰੂਪ ਵਿਚ ਹਿੱਕਾਂ ਤਾਣ ਕੇ ਮੂਹਰੇ ਖੜਦੇ ਰਹੇ ਤੇ ਦੁਸ਼ਮਣ ਨੂੰ 21 ਦੀਆਂ 31 ਪਾਉਂਦੇ ਰਹੇ। ਤੇ ਐਤਕੀਂ.......... ਐਤਕੀਂ ਫੇਰ ਦੁਸ਼ਮਣ ਸ਼ਕਲ ਬਦਲ ਕੇ ਆ ਰਿਹਾ ਸੀ, ਐਤਕੀਂ ਦੁਸ਼ਮਣ ਨੇ ਡੈਣ ਇੰਦਰਾ ਦਾ ਰੂਪ ਧਾਰਿਆ ਹੋਇਆ ਸੀ ਤੇ ਅੱਗੋਂ ਸਿੰਘ ਸੰਤ ਬਾਬਾ ਜਰਨੈਲ ਸਿੰਘ ਦੀ ਅਗਵਾਈ ਵਿਚ ਤਿਆਰ ਬੈਠੇ ਸਨ। ਭਾਈ ਮਹਿੰਗਾ ਸਿੰਘ ਬੱਬਰ ਦੇ ਰੂਪ ਵਿਚ ਦੁਸ਼ਮਣਾਂ ਦੀ ਉਡੀਕ ਕਰ ਰਹੇ ਸਨ।........''

''ਭਾਈ ਮਹਿੰਗਾ ਸਿੰਘ ਬੱਬਰ...........ਉਹ ਕੌਣ ਸੀ ਬਾਪੂ ?'' ਹਰ ਵਾਰ ਜਦੋਂ ਕੋਈ ਨਵਾਂ ਨਾਮ ਸੁਣਦੇ ਤਾਂ ਮੁੰਡਿਆਂ ਵਿਚ ਉਸ ਬਾਰੇ ਜਾਣਨ ਦੀ ਉਤਸੁਕਤਾ ਬਹੁਤ ਵਧ ਜਾਂਦੀ ਸੀ। ਭਾਈ ਮਹਿੰਗਾ ਸਿੰਘ ਬੱਬਰ ਦਾ ਨਾਮ ਸੁਣ ਕੇ ਵੀ ਇੰਝ ਹੀ ਵਾਪਰਿਆ..........ਦੋ-ਤਿੰਨ ਜਣਿਆਂ ਦੀ ਇਕੱਠੀ ਆਵਾਜ਼ ਆਈ।

ਬਾਪੂ ਨੇ ਮੁੰਡਿਆਂ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਤੋਂ ਲੈ ਕੇ ਜਥੇਦਾਰ ਭਾਈ ਸੁਖਦੇਵ ਸਿੰਘ ਤਕ ਸਾਰੇ ਯੋਧਿਆਂ ਬਾਰੇ ਦੱਸਿਆ। ਅਖੰਡ ਕੀਰਤਨੀ ਜਥੇ ਦੇ ਵਾਇਆ ਭਾਈ ਫ਼ੌਜਾ ਸਿੰਘ ਦੇ ਮੀਮੀਆਂ ਪਚਰੰਗਾਂ ਫ਼ਾਰਮ ਬੱਬਰ ਖ਼ਾਲਸਾ ਬਣਨ ਦੀ ਸਾਰੀ ਵਾਰਤਾ ਵੀ ਸੁਣਾਈ। ਐਸੇ ਯੋਧੇ ਜਿਹੜੇ ਹਰ ਵੇਲੇ ਨਾਮ-ਬਾਣੀ ਦਾ ਅਭਿਆਸ ਕਰਦੇ ਰਹਿੰਦੇ ਸਨ। ਵਾਹਿ.......ਗੁਰੂ......ਰੂ........ਰੂ....... ਦੀਆਂ ਧੁਨਾਂ ਵਿਚ ਲੀਨ ਰਹਿੰਦੇ ਸਨ।

''ਅੱਛਾ ਬਾਪੂ ਜੀ, ਇਸ ਦਾ ਮਤਲਬ ਇਹਨਾਂ ਸਿੰਘਾਂ ਦੀ ਘਾੜਤ ਅਖੰਡ ਕੀਰਤਨੀ ਜੱਥੇ ਦੀਆਂ ਰੈਣ ਸਬਾਈਆਂ ਵਿਚ ਘੜੀ ਜਾਂਦੀ ਸੀ ਜਿਥੇ ਇਹ ਗੁਰਮਤਿ ਵਿਚ ਪਰਪੱਕ ਹੁੰਦੇ ਸਨ ਤੇ ਨਾਮ-ਸਿਮਰਨ ਵਿਚ ਪੂਰੀ ਤਰ੍ਹਾਂ ਭਿੱਜ ਜਾਣ ਤੋਂ ਬਾਅਦ ਇਹਨਾਂ ਵਿਚੋਂ ਕੁਝ ਸਿੰਘ 'ਬੱਬਰਾਂ' ਦੇ ਰੂਪ ਵਿਚ ਪੰਥ ਦੀ ਸੇਵਾ ਵਿਚ ਜੁੱਟ ਪੈਂਦੇ ਸਨ।'' ਬੇਅੰਤ ਸਮੇਤ ਸਾਰੇ ਮੁੰਡਿਆਂ ਦੇ ਇਹ ਗੱਲ ਸਮਝ ਆ ਗਈ।

''ਹਾਂ ਪੁੱਤਰੋ............ਤੇ ਇਹਨਾਂ ਗੁਰਮਤਿ ਵਿਚ ਭਿੱਜੀਆਂ ਕੁਝ ਰੂਹਾਂ ਵਿਚੋਂ ਹੀ ਇਕ ਸਨ ਭਾਈ ਮਹਿੰਗਾ ਸਿੰਘ ਬੱਬਰ...............ਦਰਬਾਰ ਸਾਹਿਬ ਦੇ ਆਲੇ-ਦੁਆਲੇ ਫ਼ੌਜ ਦਾ ਵਧਦਾ ਘੇਰਾ ਵੇਖ ਕੇ ਭਾਈ ਸਾਹਿਬ ਕਈ ਵਾਰ ਉੱਚ-ਉੱਚੀ ਗਾਉਣ ਲੱਗ ਪੈਂਦੇ ਸਨ :

''ਚੋਟ ਪਈ ਦਮਾਮੇ ਦਲਾਂ ਮੁਕਾਬਲਾ।''

ਫ਼ੌਜੀਆਂ ਦੀਆਂ ਸ਼ਕਲਾਂ ਵੇਖ ਕੇ ਉਹਨਾਂ ਨੂੰ ਕਚੀਚੀਆਂ ਆਉਣ ਲੱਗਦੀਆਂ ਸਨ ਤੇ ਕਈ ਵਾਰ ਉਹ ਨਾਲ ਦੇ ਸਿੰਘਾਂ ਤੇ ਫ਼ੌਜੀਆਂ ਨੂੰ ਝਕਾਵੀਂ ਜਿਹੀ ਦੇ ਕੇ ਗੋਲੀਆਂ ਦਾ ਮੀਂਹ ਵਰ੍ਹਾ ਦਿੰਦੇ ਸਨ ਤੇ ਪਤਾ ਓਦੋਂ ਹੀ ਲੱਗਦਾ ਸੀ ਜਦੋਂ ਫ਼ੌਜੀਆਂ ਦੀਆਂ ਲਾਸ਼ਾਂ ਦੇ ਇਕ ਵੱਡੇ ਢੇਰ ਨੂੰ ਨਾਲ ਦੇ ਫ਼ੌਜੀ ਟਰੱਕਾਂ ਵਿਚ ਲੱਦ ਕੇ ਲੈ ਜਾਂਦੇ ਸਨ।''

''ਵਾਹ ਬਈ ਵਾਹ..........ਨਹੀਂ ਰੀਸਾਂ ਸੂਰਮੇ ਦੀਆਂ।'' ਹਰਪ੍ਰੀਤ ਬੋਲਿਆ।

''ਭਾਈ ਮਹਿੰਗਾ ਸਿੰਘ ਦੀ ਇਹ ਕਾਹਲ ਵੇਖ ਕੇ ਨਾਲ ਦੇ ਸਿੰਘਾਂ ਨੇ ਕਹਿਣਾ, 'ਕਿਉਂ ਭਾਈ ਮਹਿੰਗਾ ਸਿੰਆਂ........ਸ਼ਹਾਦਤ ਦੀ ਬਹੁਤ ਕਾਹਲ ਹੈ ਤੈਨੂੰ..........ਲੱਗਦੈ ਸਭ ਨੂੰ ਪਿੱਛੇ ਛੱਡ ਜਾਏਂਗਾ।' ਤਾਂ ਭਾਈ ਮਹਿੰਗਾ ਸਿੰਘ ਨੇ ਕਹਿਣਾ, 'ਪਿਆਰਿਓ........ਆਪਣੇ ਤੋਂ ਨਹੀਂ ਵੇਖੇ ਜਾਂਦੇ ਹਿੰਦੁਸਤਾਨ ਦੇ ਫ਼ੌਜੀ ਬੂਟਾਂ ਸਮੇਤ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ.........ਸੋ ਆਪਾਂ ਤਾਂ ਫ਼ੈਸਲਾ ਕਰ ਲਿਐ ਬਈ ਆਪਣੇ ਜਿਉਂਦੇ-ਜੀਅ ਤਾਂ ਕਿਸੇ ਭਾੜੇ ਦੇ ਟੱਟੂ ਨੂੰ ਦਾਖ਼ਲ ਨਈ ਹੋਣ ਦੇਣਾ ਦਰਬਾਰ ਸਾਹਿਬ 'ਚ..............ਨਾਲੇ ਆਪਾਂ ਤਾਂ ਜਥੇਦਾਰ ਭਾਈ ਸੁਖਦੇਵ ਸਿੰਘ ਨੂੰ ਕਿਹਾ ਹੋਇਐ ਬਈ ਦੋ-ਤਿੰਨ ਸੌ ਫ਼ੌਜੀ ਤਾਂ ਆਪਣੇ ਖਾਤੇ ਵਿਚ ਲਿਖ ਹੀ ਲਉ।''

ਨਾਲ ਦੇ ਸਿੰਘਾਂ ਨੇ ਫਿਰ ਕਹਿਣਾ, ''ਪਰ ਭਾਈ ਮਹਿੰਗਾ ਸਿੰਘ, ਸੰਤਾਂ ਨੇ ਤਾਕੀਦ ਕੀਤੀ ਹੋਈ ਐ ਹਰੇਕ ਸਿੰਘ ਨੂੰ, ਬਈ ਜਿੰਨਾ ਚਿਰ ਫ਼ੌਜ ਗੋਲੀ ਨਹੀਂ ਚਲਾਉਂਦੀ, ਓਨਾ ਚਿਰ ਕਿਸੇ ਸਿੰਘ ਨੇ ਫ਼ਾਇਰ ਨਹੀਂ ਕਰਨਾ।''

''ਬਈ ਮੇਰੇ ਵੰਡੇ ਦੀ ਤੁਸੀਂ ਮੁਆਫ਼ੀ ਮੰਗ ਲਿਉ ਸੰਤ ਜੀ ਤੋਂ.......... ਉਹਨਾਂ ਦਾ ਦਿਲ ਬਹੁਤ ਵੱਡੈ..........ਮੇਰੀ ਏਨੀ ਕੁ ਗ਼ਲਤੀ ਤਾਂ ਉਹ ਮੁਆਫ਼ ਕਰ ਈ ਦੇਣਗੇ........ਨਾਲੇ ਉਹ ਤਾਂ 18ਵੀਂ ਸਦੀ ਦੀ ਕੋਈ ਗੁਰਮੁਖ ਰੂਹ ਨੇ, ਉਹਨਾਂ ਦਾ ਸਬਰ ਬਹੁਤ ਵੱਡੈ.........ਪਰ ਆਪਣੇ ਤੋਂ ਭਰਾਵੋ ਸਬਰ ਨਹੀਂ ਹੁੰਦਾ..........ਨਾਲੇ ਸੰਤ ਜੀ ਨੂੰ ਕਹਿ ਦਿਉ ਜਦੋਂ ਕੋਈ ਫ਼ੌਜੀ ਗੋਲੀ ਚਲਾਉਂਦਾ ਸੀ ਉਸ ਤੋਂ ਬਾਅਦ ਹੀ ਮਹਿੰਗਾ ਸਿੰਘ ਜਵਾਬੀ ਫ਼ਾਇਰ ਕਰਦਾ ਸੀ।........ਭਾਈ ਮਹਿੰਗਾ ਸਿੰਘ ਦੀ ਇਹ ਗੱਲ ਬਿਲਕੁਲ ਸੱਚ ਸੀ। ਰੁਕ-ਰੁਕ ਕੇ ਕੁਝ ਸੀ.ਆਰ.ਪੀ ਵਾਲੇ ਸਿੰਘਾਂ ਦੇ ਮੋਰਚਿਆਂ 'ਤੇ ਗੋਲੀਆਂ ਚਲਾ ਰਹੇ ਸਨ।''

''ਤੇ ਬਾਪੂ ਜੀ, ਸੱਚਮੁੱਚ ਹੀ ਭਾਈ ਮਹਿੰਗਾ ਸਿੰਘ ਨੇ ਜਿਉਂਦੇ-ਜੀਅ ਫ਼ੌਜ ਅੰਦਰ ਦਾਖ਼ਲ ਨਹੀਂ ਹੋਣ ਦਿੱਤੀ।''

''ਹਾਂ ਪੁੱਤਰ, ਜਦੋਂ ਸੀ.ਆਰ.ਪੀ. ਦਾ ਕਾਫ਼ੀ ਨੁਕਸਾਨ ਹੋ ਗਿਆ ਤਾਂ ਵੱਡੇ ਫ਼ੌਜੀ ਕਮਾਂਡਰਾਂ ਨੇ ਭਾਈ ਮਹਿੰਗਾ ਸਿੰਘ ਦੇ ਮੋਰਚੇ ਵੱਲ ਧਿਆਨ

ਦਿੱਤਾ............ਕਈ ਫ਼ੌਜੀ ਤੇ ਵੱਡੇ ਅਫ਼ਸਰ ਤਾਕ ਲਗਾ ਕੇ ਬੈਠ ਗਏ ਤੇ ਭਾਈ ਮਹਿੰਗਾ ਸਿੰਘ ਦੇ ਅਗਲੇ ਹਮਲੇ ਦਾ ਇੰਤਜ਼ਾਰ ਕਰਨ ਲੱਗੇ............. ਕਿਉਂਕਿ ਇਸ ਮੋਰਚੇ ਨੂੰ ਜਿੱਤੇ ਬਿਨਾਂ ਉਹ ਇਕ ਕਦਮ ਵੀ ਅੱਗੇ ਨਹੀਂ ਵਧ ਸਕਦੇ ਸਨ। ਕਾਫ਼ੀ ਦੇਰ ਭਾਈ ਸਾਹਿਬ ਨੇ ਗੋਲੀ ਨਹੀਂ ਚਲਾਈ। ਅੰਤ ਸੀ.ਆਰ.ਪੀ. ਨੇ ਉਹਨਾਂ ਨੂੰ ਉਕਸਾਉਣ ਲਈ ਗੋਲੀਆਂ ਚਲਾਈਆਂ, ਪਰ ਭਾਈ ਸਾਹਿਬ ਨਾਲ ਦੇ ਸਿੰਘਾਂ ਦੇ ਰੋਕਣ ਕਰਕੇ ਸ਼ਾਂਤ ਚਿੱਤ ਬੈਠੇ ਰਹੇ। ਸਿੰਘਾਂ ਨੂੰ ਪਤਾ ਸੀ ਕਿ ਫ਼ੌਜੀ ਸਾਨੂੰ ਭੜਕਾਉਣ ਲਈ ਗੋਲੀਆਂ ਚਲਾ ਰਹੇ ਹਨ। ਹੁਣ ਫ਼ੌਜੀ ਵੀ ਬੈਠੇ-ਬੈਠੇ ਅੱਕ ਗਏ ਸਨ। ਉਹਨਾਂ ਦੇ ਅਫ਼ਸਰ ਸੋਚ ਰਹੇ ਸਨ ਕਿ ਜੇ ਇਕ-ਇਕ ਮੋਰਚੇ ਨੂੰ ਇੰਝ ਘੰਟਿਆਂ ਦਾ ਸਮਾਂ ਲੱਗਣ ਲੱਗਾ ਤਾਂ ਫਿਰ ਉਹ ਇਹ ਜੰਗ ਕਦੇ ਨਹੀਂ ਜਿੱਤ ਸਕਦੇ। ਸੋ ਉਹਨਾਂ ਨੇ ਇਕ ਨਵੀਂ ਚਾਲ ਚੱਲੀ। ਕੁਝ ਫ਼ੌਜੀ ਅਫ਼ਸਰ ਉੱਚੀ-ਉੱਚੀ ਬੋਲਣ ਲੱਗੇ, 'ਚਲੋ ਹਿੰਦ ਕੇ ਬਹਾਦੁਰ ਫ਼ੌਜੀ ਜਵਾਨੋਂ..........ਬੜੇ ਚਲੋ............ਹਮੇਂ ਦੋ ਘੰਟੇ ਮੇਂ ਸਵਰਨ ਮੰਦਿਰ ਪਰ ਕਬਜ਼ਾ ਕਰਨਾ ਹੈ.........ਰਸਤੇ ਮੇਂ ਆਨੇ ਵਾਲੀ ਹਰ ਰੁਕਾਵਟ ਕੋ ਕੁਚਲ ਦੋ........।'

ਇਕ ਹੋਰ ਫ਼ੌਜੀ ਬੋਲਿਆ, "ਗੋਲੀਓਂ ਕੀ ਪਰਵਾਹ ਨਾ ਕਰੋ.......... ਉਨ ਕੇ ਪਾਸ ਹਮ ਸੇ ਬਿਹਤਰ ਹਥਿਆਰ ਨਹੀਂ ਹੈ............ਕੁਚਲ ਦੋ ਇਨ ਸਿਖੋਂ ਕੋ............ਜੈਸੇ ਇਸ ਮੋਰਚੇ ਕੋ ਤੁਮ ਨੇ ਸ਼ਾਂਤ ਕਰ ਦੀਆ ਹੈ, ਵੈਸੇ ਹੀ ਆਸ-ਪਾਸ ਕੇ ਸਾਰੇ ਮੋਰਚੋਂ ਕੋ ਚੁਪ ਕਰਾ ਦੋ.............ਔਰ ਸਵਰਨ ਮੰਦਿਰ ਪਰ ਕਬਜ਼ਾ ਕਰੋ............ਜੈ ਹਿੰਦ.....ਜੈ ਹਿੰਦ ਦੀਆਂ ਕਈ ਆਵਾਜ਼ਾਂ ਆਈਆਂ।

ਫ਼ੌਜੀਆਂ ਦੇ ਇਹਨਾਂ ਸ਼ਬਦੀ ਬਾਣਾਂ ਨੇ ਭਾਈ ਮਹਿੰਗਾ ਸਿੰਘ ਦਾ ਕਾਲਜਾ ਵਿੰਨ੍ਹ ਦਿੱਤਾ। ਉਹਨਾਂ ਦੇ ਸਬਰ ਦਾ ਬੰਨ੍ਹ ਟੁੱਟ ਗਿਆ। ਉਹਨਾਂ ਨੇ ਨਾਲ ਦੇ ਸਿੰਘਾਂ ਨੂੰ ਕਿਹਾ, "ਗੁਰਮੁਖੋ, ਮੇਰੇ ਤੋਂ ਹੁਣ ਰੁਕਿਆ ਨਹੀਂ ਜਾਣਾ......... ਮੈਨੂੰ ਬਾਬਾ ਦੀਪ ਸਿੰਘ ਤੇ ਬਾਬਾ ਗੁਰਬਖਸ਼ ਸਿੰਘ ਜੀ ਆਵਾਜ਼ਾਂ ਮਾਰ ਰਹੇ ਹਨ........ ਜੇ ਮੇਰੇ ਜਿਉਂਦੇ ਜੀਅ ਵੈਰੀ ਪਰਕਰਮਾਂ ਵਿਚ ਦਾਖਲ ਹੋ ਗਏ ਤਾਂ ਮੇਰਾ ਗੁਰੂ ਸਨਮੁਖ ਕੀਤਾ ਪ੍ਰਣ ਵਿਚੇ ਰਹਿ ਜਾਇਗਾ............।"

ਏਨਾ ਕਹਿ ਕੇ ਭਾਈ ਮਹਿੰਗਾ ਸਿੰਘ ਆਪਣੇ ਮੋਰਚੇ ਵੱਲ ਨੂੰ ਵਧੇ। ਉਹਨਾਂ ਨੇ ਕੁਝ ਸੀ.ਆਰ.ਪੀ. ਵਾਲੇ ਅੱਗੇ ਨੂੰ ਵਧਦੇ ਆਉਂਦੇ ਹੋਏ ਤੱਕੇ। ਆਪਣੀ ਬੰਦੂਕ ਨੂੰ ਉਹਨਾਂ ਸੀ.ਆਰ.ਪੀ. ਵੱਲ ਸੇਧ ਕੇ ਘੋੜਾ ਦਬਾ ਦਿੱਤਾ, ਅੱਖ ਦੇ ਫੋਰ ਵਿਚ ਹੀ 20-25 ਸਿਪਾਹੀ ਤਾਂ ਢੇਰ ਹੋ ਗਏ, ਪਰ ਦੁਸ਼ਮਣ ਨੂੰ ਭਾਈ ਸਾਹਿਬ ਦੇ ਮੋਰਚੇ ਦਾ ਪਤਾ ਲੱਗ ਗਿਆ। ਜਦੋਂ ਭਾਈ ਮਹਿੰਗਾ ਸਿੰਘ ਨੇ ਦੂਜੀ ਵਾਰ ਮੂੰਹ ਉੱਤੇ ਨੂੰ ਚੁੱਕਿਆ ਤਾਂ ਗੋਲੀਆਂ ਦੀ ਇਕ ਬੌਛਾਰ ਉਹਨਾਂ ਵੱਲ ਆਈ ਤੇ ਉਹਨਾਂ ਦੇ ਸਰੀਰ ਅਤੇ ਚਿਹਰੇ ਵਿਚ ਕਈ ਗੋਲੀਆਂ

ਆਰ-ਪਾਰ ਹੋ ਗਈਆਂ। ਭਾਈ ਸਾਹਿਬ ਉਥੇ ਹੀ ਡਿੱਗ ਪਏ। ਨਾਲ ਦੇ ਸਿੰਘਾਂ ਨੇ ਆ ਕੇ ਜਦ ਭਾਈ ਸਾਹਿਬ ਨੂੰ ਚੁੱਕਿਆ ਤਾਂ ਉਹ ਪੜ੍ਹ ਰਹੇ ਸਨ, 'ਸੇਵਕ ਕੀ ਓੜਕਿ ਨਿਬਹੀ ਪ੍ਰੀਤ॥' ਤੇ ਸੱਚਮੁੱਚ ਭਾਈ ਮਹਿੰਗਾ ਸਿੰਘ ਆਪਣਾ ਪ੍ਰਣ ਨਿਭਾ ਗਏ ਤੇ ਆਪਣੇ ਜੀਉਂਦੇ-ਜੀਅ ਦੁਸ਼ਮਣ ਦੇ ਕਿਸੇ ਫ਼ੌਜੀ ਨੂੰ ਅੰਦਰ ਦਾਖ਼ਲ ਨਹੀਂ ਹੋਣ ਦਿੱਤਾ।''

''ਫੇਰ ਬਾਪੂ............।'' ਦੋ-ਤਿੰਨ ਉਤਸੁਕਤਾ ਭਰੀਆ ਆਵਾਜ਼ਾਂ ਆਈਆਂ। ਇਹਨਾਂ ਵਿਚ ਇਕ ਹਉਕਾ ਤੇ ਡਰ ਵੀ ਲੁਕਿਆ ਹੋਇਆ ਸੀ।

''ਇਕੱਲੇ ਮਹਿੰਗਾ ਸਿੰਘ ਨੇ ਨਹੀਂ ਪੁੱਤ..........ਦਰਬਾਰ ਸਾਹਿਬ ਦੀ ਰਾਖੀ ਕਰ ਰਹੇ ਤਕਰੀਬਨ ਸਾਰੇ ਸਿੰਘਾਂ ਨੇ ਹੀ ਇਹ ਪ੍ਰਣ ਕੀਤਾ ਹੋਇਆ ਸੀ ਕਿ ਜੇ ਫ਼ੌਜ ਪਰਕਰਮਾ ਵਿਚ ਦਾਖ਼ਲ ਹੋਈ ਤਾਂ ਸਾਡੀਆਂ ਲਾਸ਼ਾਂ ਤੋਂ ਲੰਘ ਕੇ ਹੋਏਗੀ। ਭਾਈ ਮਹਿੰਗਾ ਸਿੰਘ ਦੀ ਸ਼ਹੀਦੀ ਤੋਂ ਬਾਅਦ ਫ਼ੌਜੀ ਅਫ਼ਸਰ ਖ਼ੁਸ਼ ਹੋ ਕੇ ਸੋਚ ਰਹੇ ਸਨ ਕਿ ਹੁਣ ਸ਼ਾਇਦ ਉਹ ਅੱਗੇ ਵਧ ਸਕਦੇ ਹਨ......... ਪਰ ਉਹ ਨਹੀਂ ਜਾਣਦੇ ਸਨ ਕਿ ਇਹ ਤਾਂ ਅਜੇ ਸ਼ੁਰੂਆਤ ਸੀ। ਅਜੇ ਤਾਂ ਕਈ ਮਹਿੰਗਾ ਸਿੰਘ ਜਿਉਂਦੇ ਸਨ, ਜਿਹੜੇ ਭਾਈ ਸਾਹਿਬ ਦਾ ਮੋਰਚਾ ਸੰਭਾਲਣ ਲਈ ਖੜੋਤੇ ਸਨ..........ਏਧਰ ਭਾਈ ਸਾਹਿਬ ਦੇ ਸਸਕਾਰ 'ਤੇ ਇਕ ਸਿੰਘ ਵੈਰਾਗ ਵਿਚ ਗਾ ਰਿਹਾ ਸੀ:

ਐਵੇਂ ਭਰਮ ਹੈ ਸਾਡਿਆਂ ਕਾਤਲਾਂ ਨੂੰ,
ਅਸੀਂ ਹੋਵਾਂਗੇ ਦੋ ਜਾਂ ਚਾਰ ਲੋਕੋ।
ਬਦਲੇ ਲਿਆਂ ਤੋਂ ਵੀ ਜਿਹੜੀ ਮੁਕਣੀ ਨਹੀਂ
ਏਡੀ ਲੰਮੀ ਏ ਸਾਡੀ ਕਤਾਰ ਲੋਕੋ।

ਕਾਂਡ ੧੫

"ਤੇ ਬਾਪੂ ਜੀ, ਭਾਈ ਮਹਿੰਗਾ ਸਿੰਘ ਦਾ ਮੋਰਚਾ ਫੇਰ ਕਿਹੜੇ ਸਿੰਘ ਨੇ ਸਾਂਭਿਆ?" ਮੁੰਡੇ ਇਕ ਹੋਰ ਮਹਿੰਗਾ ਸਿੰਘ ਦੀ ਬਹਾਦਰੀ ਦੀ ਗਾਥਾ ਸੁਣਨੀ ਚਾਹੁੰਦੇ ਸਨ।

"ਇਕ ਨਹੀਂ ਪੁੱਤਰ, ਐਸੇ ਕਈ ਮੋਰਚੇ ਸਨ ਤੇ ਉਹਨਾਂ ਵਿਚ ਭਾਈ ਮਹਿੰਗਾ ਸਿੰਘ ਵਰਗੇ ਹੀ ਸੂਰਮੇ ਸਿੰਘ-ਸਿੰਘਣੀਆਂ ਬੈਠੇ ਹੋਏ ਸਨ, ਜਿਹੜੇ ਭਾਰਤੀ ਫ਼ੌਜ ਦੇ ਨਾਸੀਂ ਧੂੰ ਲਿਆ ਰਹੇ ਸਨ........।"

"ਸਿੰਘਣੀਆਂ?............ਬਾਪੂ ਜੀ ਕੀ ਬੀਬੀਆਂ ਵੀ ਸਨ ਮੋਰਚਿਆਂ ਵਿਚ?" ਹਰਪ੍ਰੀਤ ਨੇ ਹੈਰਾਨੀ ਨਾਲ ਪੁੱਛਿਆ।

"ਹਾਂ ਪੁੱਤਰ..........ਦਰਬਾਰ ਸਾਹਿਬ ਦੀ ਪਵਿੱਤਰਤਾ ਲਈ ਜੂਝ ਰਹੇ ਸਿੰਘਾਂ ਵਿਚੋਂ ਕੁਝ ਕੁ ਦੀਆਂ ਸਿੰਘਣੀਆਂ ਤੇ ਕੁਝ ਹੋਰ ਬੀਬੀਆਂ ਵੀ ਮੋਰਚਿਆਂ ਵਿਚ ਡਟੀਆਂ ਹੋਈਆਂ ਸਨ। ਜਿਹਨਾਂ ਵਿਚੋਂ ਇਕ ਬੀਬੀ ਉਪਕਾਰ ਕੌਰ ਸੀ। ਏਸ ਕਲਗੀਧਰ ਦੀ ਸ਼ੇਰ ਬੱਚੀ ਨੇ ਵੀ ਆਪਣੇ ਜੀਉਂਦੇ-ਜੀਅ ਇਕ ਵੀ ਫ਼ੌਜੀ ਦਰਬਾਰ ਸਾਹਿਬ ਵੱਲ ਨਹੀਂ ਵਧਣ ਦਿੱਤਾ।"

"ਬਾਪੂ ਜੀ, ਇਹ ਉਹੀ ਬੀਬੀ ਉਪਕਾਰ ਕੌਰ ਸੀ ਨਾ ਸਿੱਖ ਸਟੂਡੈਂਟ ਫੈਡਰੇਸ਼ਨ ਵਾਲੀ।" ਮੰਦਰ ਨੇ ਪਹਿਲਾਂ ਵੀ ਇਸ ਬੀਬੀ ਬਾਰੇ ਸੁਣਿਆ ਹੋਇਆ ਸੀ। ਕਾਲਜ ਵਿਚ ਫੈਡਰੇਸ਼ਨ ਦੇ ਕਿਸੇ ਸਿੰਘ ਤੋਂ ਜਾਂ ਕਿਸੇ ਹੋਰ ਤੋਂ......... ਪਰ ਉਸ ਨੂੰ ਯਾਦ ਨਹੀਂ ਸੀ ਕਿਸ ਤੋਂ..........।

"ਹਾਂ ਪੁੱਤਰ, ਉਹੀ ਦਲੇਰ ਬੀਬੀ ਉਪਕਾਰ ਕੌਰ ਸੀ.........ਇਸ ਦਾ ਮੋਰਚਾ ਪਾਣੀ ਵਾਲੀ ਟੈਂਕੀ ਉਪਰ ਸੀ..........ਇਕ ਹਜ਼ਾਰ ਤੋਂ ਵੱਧ ਗੋਲੀਆਂ ਬੀਬੀ ਨੇ ਚਲਾਈਆਂ ਤੇ ਸਰਾਂ ਵਾਲੇ ਪਾਸਿਉਂ ਕਿਸੇ ਫ਼ੌਜੀ ਨੂੰ ਇਕ ਕਦਮ ਵੀ ਅੱਗੇ ਨਹੀਂ ਵਧਣ ਦਿੱਤਾ। ਬਹੁਤ ਦੇਰ ਤਾਂ ਫ਼ੌਜੀ ਅਫ਼ਸਰਾਂ ਨੂੰ ਪਤਾ ਹੀ ਨਹੀਂ ਲੱਗਾ ਕਿ ਇਹ ਗੋਲੀ ਕਿਸ ਪਾਸਿਉਂ ਆਉਂਦੀ ਹੈ ਤੇ ਜਦੋਂ ਪਤਾ ਲੱਗਾ, ਉਦੋਂ ਤਕ ਫ਼ੌਜ ਦਾ ਬਹੁਤ ਨੁਕਸਾਨ ਹੋ ਚੁੱਕਾ ਸੀ। ਹੁਣ ਇਸ ਰਸਤਿਉਂ ਕੋਈ ਵੀ ਫ਼ੌਜੀ ਅੱਗੇ ਵਧਣ ਨੂੰ ਤਿਆਰ ਨਹੀਂ ਸੀ। ਆਪਣੇ ਫ਼ੌਜੀਆਂ ਦੇ ਪੈਰ ਪਿਛਾਂਹ ਜਾਂਦੇ ਵੇਖ ਕੇ ਫ਼ੌਜੀ ਅਫ਼ਸਰਾਂ ਨੇ ਸਲਾਹ ਕੀਤੀ ਕਿ ਇਸ ਮੋਰਚੇ ਨੂੰ ਖ਼ਤਮ ਕੀਤੇ ਬਗ਼ੈਰ ਅਸੀਂ ਅੱਗੇ ਨਹੀਂ ਵਧ ਸਕਦੇ। ਸੋ ਉਹਨਾਂ

ਨੇ ਆਪਣਾ ਸਾਰਾ ਧਿਆਨ ਪਾਣੀ ਵਾਲੀ ਟੈਂਕੀ ਉਪਰ ਕੇਂਦਰਿਤ ਕਰ ਦਿੱਤਾ। ਪਰ ਕਿਸੇ ਵੀ ਤਰ੍ਹਾਂ ਫ਼ੌਜੀ ਅਫ਼ਸਰ ਇਸ ਮੋਰਚੇ ਉਪਰ ਕਬਜ਼ਾ ਕਰਨ ਵਿਚ ਅਸਫ਼ਲ ਰਹੇ। ਅੰਤ ਫ਼ੌਜ ਦੇ ਵੱਡੇ ਅਫਸਰਾਂ ਨੇ ਹੁਕਮ ਦਿੱਤਾ ਕਿ ਟੈਂਕਾਂ, ਤੋਪਾਂ ਦੇ ਗੋਲਿਆਂ ਨਾਲ ਇਹ ਟੈਂਕੀ ਢਾਹ ਦਿਉ.........ਨਹੀਂ ਤਾਂ ਅੱਗੇ ਵਧਣਾ ਅਸੰਭਵ ਹੈ....... ਤੇ ਉਹਨਾਂ ਉਹ ਪਾਣੀ ਵਾਲੀ ਟੈਂਕੀ ਤੋਪਾਂ ਦੇ ਗੋਲੇ ਮਾਰ-ਮਾਰ ਕੇ ਢਾਹ ਦਿੱਤੀ ਤੇ ਬੀਬੀ ਉਪਕਾਰ ਕੌਰ ਸਮੇਤ ਕੁਝ ਸਿੰਘ ਵੀ ਆਪਣੀਆਂ ਸ਼ਾਨਾਮੱਤੀਆਂ ਇਤਿਹਾਸਕ ਪਰੰਪਰਾਵਾਂ ਕਾਇਮ ਰੱਖਦੇ ਹੋਏ ਸ਼ਹੀਦ ਹੋ ਗਏ.....।''

ਕੁਝ ਦੇਰ ਦੀ ਚੁੱਪੀ ਤੋਂ ਬਾਅਦ ਇਕ ਆਵਾਜ਼ ਆਈ, ''ਹੁਣ ਬਾਪੂ......?'' ਜਿਸ ਵਿਚੋਂ ਘਬਰਾਹਟ ਸਾਫ਼ ਝਲਕ ਰਹੀ ਸੀ।

''ਫ਼ੌਜ ਮਾਰੋ-ਮਾਰ ਕਰਦੀ ਅੱਗੇ ਵੱਧਣ ਲੱਗੀ.........ਫ਼ੌਜੀ ਅਫ਼ਸਰ ਆਪਣੀਆਂ ਬੁਲਟ ਪਰੂਫ਼ ਗੱਡੀਆਂ ਵਿਚੋਂ ਸਪੀਕਰਾਂ ਵਿਚ ਬੋਲ ਰਹੇ ਸਨ, ''ਸ਼ਾਬਾਸ਼ ਬਹਾਦਰ ਜਵਾਨੋ...........ਬੜੇ ਚਲੋ.............ਮਰਨੇ ਸੇ ਨਾ ਘਬਰਾਉ.........ਅਪਨੀ ਭਾਰਤ ਮਾਤਾ, ਆਪਨੀ ਮਾਤ੍ਰ ਭੂਮੀ ਕੀ ਰਕਸ਼ਾ ਕਰਤੇ ਹੂਏ ਅਗਰ ਤੁਮਹਾਰੀ ਜਾਨ ਚਲੀ ਭੀ ਗਈ ਤੋ ਤੁਮ ਸ਼ਹੀਦ ਕਹਿਲਾਉਗੇ........ ਔਰ ਸ਼ਹਾਦਤ ਸੇ ਬੜਾ ਰੁਤਬਾ ਯਾ ਮੈਡਲ ਕੋਈ ਨਹੀਂ ਹੋਤਾ.........ਤੁਮਨੇ ਦੇਸ਼ ਕੇ ਬਾਹਰੀ ਦੁਸ਼ਮਨੋਂ ਕੋ ਹਰ ਬਾਰ ਮਾਤ ਦੀ ਹੈ, ਅਬ ਦੇਸ਼ ਦੇ ਭੀਤਰ ਬੈਠੇ ਇਨ ਸਾਂਪੋਂ ਕੋ ਭੀ ਕੁਚਲ ਦੋ.......ਸ਼ਾਬਾਸ਼ ਜਵਾਨੋ......ਬੜੇ ਚਲੋ।''

ਜਦੋਂ ਫ਼ੌਜੀ ਅਫ਼ਸਰ ਅਜੇ ਬੋਲ ਰਿਹਾ ਸੀ ਤਾਂ ਦੋ ਸਿੱਖ ਫ਼ੌਜੀ ਮੁੰਡੇ ਆਪਸ ਵਿਚ ਗੱਲਾਂ ਕਰ ਰਹੇ ਸਨ, ''ਸਾਲਾ ਬੜੇ ਚਲੋ ਦਾ.........ਪੁੱਤ, ਹਾਅ ਬੁਲਟ ਪਰੂਫ਼ ਗੱਡੀ 'ਚੋਂ ਬਾਹਰ ਨਿਕਲ ਕੇ ਵੇਖ ਫੇਰ ਪਤਾ ਲੱਗੂ ਕਿਹੜੇ ਭਾਅ ਵਿਕਦੀ ਐ...........।'' ਇਕ ਬੋਲਿਆ।

''ਆਹੋ, ਇਹ ਸਾਲੇ ਆਪ ਕਾਹਨੂੰ ਗਾਹਾਂ ਹੁੰਦੇ ਐ ਵਰ੍ਹਦੀਆਂ ਗੋਲੀਆਂ ਵਿਚ, ਸਾਡੀ...........'ਚ ਉਂਗਲਾਂ ਈ ਦੇਈ ਜਾਂਦੇ ਐ.........ਤੇ 15 ਅਗਸਤ ਤੇ 26 ਜਨਵਰੀ ਨੂੰ ਲਾਲ ਕਿਲ੍ਹੇ ਤੋਂ ਮੈਡਲ ਲੈਣ ਲੱਗੇ ਇਹੀ ਸਭ ਤੋਂ ਮੂਹਰੇ ਹੁੰਦੇ ਐ...........ਐਥੇ ਰਫਲ ਫੜ ਕੇ ਮੂਹਰੇ ਹੋ ਕੇ ਤੁਰਨ ਤਾਂ ਪਤਾ ਲੱਗੇ ਬਈ ਜੰਗ ਕੀ ਹੁੰਦੀ ਐ.........ਅਗਲੇ ਸੌ-ਸੌ ਪਾਠ ਕਰ ਜਾਂਦੇ ਐ ਚੰਡੀ ਦੀ ਵਾਰ ਦਾ ਤੇ ਕਹਿੰਦੇ ਐ ਕਿ ਉਹਨਾਂ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਗੱਲ ਨਹੀਂ ਕੀਤੀ ਜਾਂਦੀ ਤੇ ਇਹ ਸਾਲੇ ਬੀੜੀਆਂ ਪੀਣਿਆਂ ਨੂੰ ਲੱਗਦੈ ਬਈ ਉਹ ਐਵੇਂ ਹੱਥ ਲਮਕਾਈ ਬੈਠੇ ਹੋਣੇ ਐ.........।''

''ਸੱਚ ਪੁੱਛੇਂ ਨਾ ਯਾਰਾ ਤਾਂ ਮੇਰੀ ਤਾਂ ਵੱਢੀ ਰੂਹ ਨਹੀਂ ਕਰਦੀ ਬੰਦੂਕ ਲੈ ਕੇ ਗਾਹਾਂ ਵਧਣ ਨੂੰ.........ਇਹ ਨੀਂ ਕਿ ਮੈਂ ਡਰ ਗਿਆਂ...........ਮੈਂ ਤਾਂ ਇਹ ਸੋਚਦਾਂ ਬਈ ਯਾਰ ਆਪਾਂ ਮਾਰਨ ਕੀਹਨੂੰ ਚਲੇ ਆਂ.........ਕੀ ਉਹ ਸਾਡੇ ਆਪਣੇ ਭਰਾ ਨਹੀਂ............ਰੋਡਿਆਂ ਦੇ ਨਾਲ ਈ ਐ ਪਿੰਡ ਸਾਡਾ

ਰਾਜੇਆਣਾ.........ਤੈਨੂੰ ਸੱਚ ਦੱਸਾਂ ਬਈ ਲੋਕ ਰਬ ਜਿੰਨਾ ਸਤਿਕਾਰ ਕਰਦੇ ਆ ਭਿੰਡਰਾਂਵਾਲੇ ਦਾ।''

''ਆਹੋ, ਸਾਡੇ ਬਾਪੂ ਨੇ ਵੀ ਕਈ ਵਾਰੀ ਸੁਣਿਐ ਉਹਦਾ ਲੈਕਚਰ.......... ਉਹ ਵੀ ਆਂਹਦਾ ਸੀ ਬਈ ਸੰਤ ਦੀ ਕੋਈ ਗੱਲ ਝੂਠੀ ਨਹੀਂ..........ਕੋਈ ਮੰਗ ਨਜੈਜ਼ ਨਹੀਂ............ਉਹ ਤਾਂ ਆਵਦੇ ਹੱਕ ਮੰਗਦੇ ਐ.......... ਪਰ.......।''

''ਯਾਰ ਭਾਵੇਂ ਗਲਤ ਹੀ ਹੋਵੇ ਭਿੰਡਰਾਂਵਾਲਾ...........ਪਰ ਕੀ ਉਹਨੂੰ ਤੇ ਉਹਦੇ ਸਾਥੀਆਂ ਨੂੰ ਘੇਰ ਕੇ.........ਬਿਜਲੀ ਪਾਣੀ ਬੰਦ ਕਰਕੇ ਨੀਂ ਫੜਿਆ ਜਾ ਸਕਦਾ............ਦਰਬਾਰ ਸਾਹਿਬ ਤੇ ਅਕਾਲ ਤਖ਼ਤ 'ਤੇ ਗੋਲੀਆਂ ਚਲਾਉਣੀਆਂ ਕੀ ਜ਼ਰੂਰੀ ਆ?''

''ਸਚ ਆਹਨੈਂ ਬਾਈ..........ਮੇਰੇ ਤੋਂ ਤਾਂ ਨੀਂ ਚਲਾ ਹੋਣੀ ਯਾਰ ਗੋਲੀ ਗੁਰੂ ਦੇ ਘਰ 'ਤੇ..........ਤੇ ਨਾਲੇ ਰੱਬ ਦੇ ਤਖ਼ਤ 'ਤੇ।''

''ਮੇਰੇ ਤਾਂ ਆਪਦੇ ਭਰਾਵਾ ਹੱਥ ਕੰਬੀ ਜਾਂਦੇ ਆ.........ਮੈਂ ਸੋਚਦਾਂ ਬਈ ਕੀ ਆਪਾਂ ਮੁਗਲਾਂ ਤੋਂ ਘੱਟ ਆਂ, ਜਿਹਨਾਂ ਦੀਆਂ ਆਪਾਂ ਛੋਟੇ ਹੁੰਦੇ ਕਹਾਣੀਆਂ ਸੁਣਦੇ ਰਹੇ ਆਂ। ਕੀ ਤੈਨੂੰ ਨੀਂ ਲੱਗਦਾ ਜਿਵੇਂ ਆਪਾਂ ਅਬਦਾਲੀ ਦੀ ਫ਼ੌਜ ਦੇ ਸਿਪਾਹੀ ਹੋਈਏ............ਜਾਂ ਆਪਣੇ ਮੂਹਰੇ ਬਾਬਾ ਦੀਪ ਸਿੰਘ 18 ਸੇਰ ਪੱਕਾ ਖੰਡਾ ਲਈ ਖੜਾ ਕਹਿ ਰਿਹਾ ਹੋਵੇ ਬਈ ਵਧੋ ਅੱਗੇ.........ਫੇਰ ਵੇਖਿਓ ਲੱਗਦੇ।''

ਉਹ ਅਜੇ ਆਪਸ ਵਿਚ ਹੌਲੀ-ਹੌਲੀ ਗੱਲਾਂ ਕਰ ਹੀ ਰਹੇ ਸਨ ਕਿ ਇਕ ਜ਼ੋਰਦਾਰ ਆਵਾਜ਼ ਫਿਰ ਆਈ, ''ਚਲੋ ਜਵਾਨੋ.........ਆਗੇ ਬੜੋ....... ਜਲਦੀ।''

ਗੁਰੂ ਰਾਮਦਾਸ ਲੰਘਦੇ ਕੋਲ ਜਾ ਕੇ ਉਹ ਦੋਵੇਂ ਸਿੱਖ ਮੁੰਡੇ ਤੇ ਉਹਨਾਂ ਦੇ ਕੁਝ ਹੋਰ ਸਾਥੀ ਸਿੱਖ ਫ਼ੌਜੀ ਆਪਣੇ ਜੋੜੇ ਲਾਹੁਣ ਲੱਗਦੇ ਹਨ ਤਾਂ ਅਫ਼ਸਰ ਬੋਲਦਾ ਹੈ, ''ਕਯਾ ਕਰ ਰਹੇ ਹੋ ਜਵਾਨੋ.......ਆਗੇ ਬੜੋ.........ਰੁਕੋ ਮਤ........ਬੜਤੇ ਚਲੋ।''

''ਪਰ ਸਰ.........ਜੂਤੇ ਲੇਕਰ..........ਦਰਬਾਰ ਸਾਹਿਬ।''

''ਤੁਮਹੇਂ ਕਹਾ ਹੈ ਨਾ ਜਲਦੀ ਕਰੋ.........ਆਗੇ ਬੜੋ।''

ਉਹ ਅਫ਼ਸਰ ਨਾਲ ਬਹਿਸ ਕਰ ਰਹੇ ਸਨ ਕਿ ਦੂਜੇ ਫ਼ੌਜੀ ਜੋੜਿਆਂ ਸਮੇਤ ਅੱਗੇ ਵਧ ਗਏ। ਉਹਨਾਂ ਮੁੰਡਿਆਂ ਦੀਆਂ ਅੱਖਾਂ ਵਿਚ ਪਾਣੀ ਆ ਗਿਆ।

''ਸਰ, ਕਯਾ ਹਮ ਜੂਤੇ ਉਤਾਰ ਕਰ ਆਗੇ ਨਹੀਂ ਜਾ ਸਕਤੇ?''

''ਜੰਗ ਮੇਂ ਯੇ ਸਭ ਨਹੀਂ ਦੇਖਾ ਜਾਤਾ ਜਵਾਨ...........ਅਪਨੀ ਭਾਵਨਾਓਂ ਪਰ ਕੰਟਰੋਲ ਕਰੋ.........ਔਰ ਬਚੇ ਦੁਸ਼ਮਨ ਕੇ ਕੁਚਲ ਦੋ............।''

ਉਹ ਮੁੰਡੇ ਸੋਚ ਰਹੇ ਸਨ ਕਿ ਕੀ ਜਿਹਨਾਂ ਨੂੰ ਇਹ ਦੁਸ਼ਮਣ ਕਹਿੰਦਾ ਹੈ, ਉਹ ਵੀ ਜੋੜੇ ਪਾ ਕੇ ਗੁਰੂ ਘਰ ਵਿਚ ਬੈਠੇ ਹੋਣਗੇ..........? ਨਹੀਂ, ਨਹੀਂ, ਕਦੇ ਨਹੀਂ।'' ਮੁੰਡਾ ਇਕ ਦਮ ਬੋਲ ਪਿਆ।

ਕਾਂਡ ੧੯

"ਬਾਪੂ ਜੀ, ਤੁਹਾਨੂੰ ਫੌਜੀਆਂ ਦੀਆਂ ਇਹਨਾਂ ਗੱਲਾਂ ਬਾਰੇ ਕੀਹਨੇ ਦੱਸਿਆ.........?" ਮੰਦਰ ਨੇ ਸਵਾਲ ਕੀਤਾ।

"ਪੁੱਤ, ਸਾਡੇ ਪਿੰਡ ਆਲੇ ਭੁੱਲਰਾਂ ਦਾ ਪ੍ਰਾਹੁਣਾ ਓਦੋਂ ਉਹਨਾਂ ਫੌਜੀਆਂ ਵਿਚ ਹੀ ਸੀ.........ਉਹਨੇ ਕਾਫ਼ੀ ਕੁਝ ਦੱਸਿਆ ਸੀ ਸਾਨੂੰ ਉਥੋਂ ਬਾਰੇ।"

"ਅੱਛਾ ਬਾਪੂ ਜੀ।.........ਹੋਰ ਕੀ ਕੁਝ ਦੱਸਿਆ ਸੀ ਉਹਨੇ!?"

"ਜਦੋਂ ਇਹ ਮੁੰਡੇ ਫੌਜੀ ਅਫ਼ਸਰ ਨਾਲ ਬਹਿਸ ਕਰ ਰਹੇ ਸਨ ਤਾਂ ਓਦੋਂ ਕੁਝ ਦੂਰ ਖੜੇ ਇਕ ਹੋਰ ਫੌਜੀ ਅਫ਼ਸਰ ਨੇ ਇਹ ਸਭ ਕੁਝ ਨੋਟ ਕਰ ਲਿਆ ਸੀ ਤੇ ਆਪਣੇ ਨਾਲ ਦੇ ਦੂਜੇ ਅਫ਼ਸਰਾਂ ਨੂੰ ਜਾ ਕੇ ਕਹਿਣ ਲੱਗਾ, "ਮੈਂਨੇ ਕਹਾ ਥਾ ਕਿ ਇਸ ਹਮਲੇ ਮੇਂ ਸਿੱਖ ਫੌਜੀਉਂ ਕੋ ਮਤ ਲੇਕਰ ਜਾਉ......ਉਨ ਕੇ ਪੈਰ ਡਗਮਗਾ ਜਾਏਂਗੇ........ਅਬ ਦੇਖੋ, ਅਭੀ ਹਮ ਅੰਦਰ ਦਾਖ਼ਲ ਭੀ ਨਹੀਂ ਹੂਏ ਔਰ ਯੇ ਬਹਿਸ ਕਰ ਰਹੇ ਹੈਂ।"

"ਹਮ ਭੀ ਸਮਝਤੇ ਹੈ, ਸਰ.............ਪਰ ਲੋਹੇ ਕੋ ਲੋਹਾ ਕਾਟਤਾ ਹੈ...........ਜੋ ਅੰਦਰ ਬੈਠੇ ਹੂਏ ਹੈਂ, ਉਨ ਕਾ ਮੁਕਾਬਲਾ ਯਹੀ ਕਰ ਸਕਦੇ ਹੈਂ। ਇਸੀ ਲੀਏ ਹਮ ਇਨਹੇਂ ਆਗੇ ਭੇਜ ਰਹੇ ਹੈਂ ਤਾਕਿ ਹਮਾਰੇ ਦੂਸਰੇ ਹਿੰਦੀ ਫੌਜੀਓਂ ਕਾ ਕਮ ਸੇ ਕਮ ਨੁਕਸਾਨ ਹੋ ਔਰ ਹਮੇਂ ਦੁਸ਼ਮਣ ਕੇ ਮੋਰਚੋਂ ਕਾ ਭੀ ਪਤਾ ਚਲ ਸਕੇ..........।" ਦੂਜੇ ਅਫ਼ਸਰ ਨੇ ਜਵਾਬ ਦਿੱਤਾ।

"ਔਰ ਆਪ ਫ਼ਿਕਰ ਮਤ ਕੀਜੀਏ..........ਪ੍ਰਾਈਮ ਮਨਿਸਟਰ ਔਰ ਜਨਰਲ ਸਾਹਿਬ ਨੇ ਭੀ ਹਮੇਂ ਹਦਾਇਤੇਂ ਦੀ ਥੀਂ ਕਿ ਸਿੱਖ ਫੌਜੀਉਂ ਪਰ ਭੀ ਪੂਰੀ-ਪੂਰੀ ਨਜ਼ਰ ਰਹੇ...........ਔਰ ਅਗਰ ਯੇ ਕੋਈ ਮੁਸ਼ਕਿਲ ਖੜੀ ਕਰੇਂ ਤੋ ਇਨਹੇਂ ਵਾਪਸ ਭੇਜ ਦੀਆ ਜਾਏ.........।"

"ਪਰ ਬਾਪੂ ਜੀ, ਕੀ ਇਹ ਸਿੱਖ ਫੌਜੀਆਂ ਨਾਲ ਵੀ ਨਫ਼ਰਤ ਕਰਦੇ ਸਨ............।" ਹਰਪ੍ਰੀਤ ਹੈਰਾਨ ਹੋ ਕੇ ਬੋਲਿਆ।

"ਹੁਣ ਤਕ ਤੁਹਾਨੂੰ ਸਮਝ ਨਹੀਂ ਆਈ ਪੁੱਤ...............ਇਹ ਸਿੱਖ ਸ਼ਬਦ ਨਾਲ ਨਫ਼ਰਤ ਕਰਦੇ ਹਨ.........ਹਰ ਉਹ ਚੀਜ਼, ਜਿਸ ਨਾਲ ਸਿੱਖ ਸ਼ਬਦ ਲੱਗਿਆ ਸੀ, ਇਹਨਾਂ ਲਈ ਵਿਹੁ ਵਰਗੀ ਸੀ..........।"

ਅਜੇ ਅਜਮੇਰ ਸਿਹੁੰ ਬੋਲ ਹੀ ਰਿਹਾ ਸੀ ਕਿ ਬੇਅੰਤ ਬੋਲਿਆ, "ਫੇਰ

ਬਾਪੂ ਜੀ?''

''ਫੇਰ ਕੀ ਪੁੱਤ.........ਅਤਿ ਆਧੁਨਿਕ ਅਤੇ ਮਾਰੂ ਹਥਿਆਰਾਂ ਨਾਲ ਲੈਸ ਭਾਰਤੀ ਫ਼ੌਜ ਮਾਰੋ-ਮਾਰ ਕਰਦੀ ਅੱਗੇ ਵਧਣ ਲੱਗੀ। ਬਾਹਮਣ ਮੁੱਲ ਮੋੜਨ ਲੱਗੇ ਸਿੱਖਾਂ ਦੀਆਂ ਉਹਨਾਂ ਲਈ ਤੇ ਉਹਨਾਂ ਦੇ ਦੇਸ਼ ਲਈ ਕੀਤੀਆਂ ਅਣਗਿਣਤ ਕੁਰਬਾਨੀਆਂ ਦਾ। ਹਜ਼ਾਰਾਂ ਸਾਲ ਤੋਂ ਗ਼ੁਲਾਮ ਹਿੰਦੂ ਕੌਮ ਨੂੰ ਰਾਜ-ਭਾਗ ਦੀ ਮਾਲਕ ਬਣਾਉਣ ਵਾਲੀ ਸਿੱਖ ਕੌਮ ਅੱਜ ਇਹਨਾਂ ਨੂੰ ਆਪਣੀ ਸਭ ਤੋਂ ਵੱਡੀ ਦੁਸ਼ਮਣ ਲੱਗਣ ਲੱਗ ਪਈ ਸੀ ਤੇ ਇਹ ਸਿੱਖਾਂ ਦੀਆਂ ਅੱਜ ਤਕ ਦੀਆਂ ਕੀਤੀਆਂ ਦਾ ਸਿਲਾ ਦੇਣ ਲੱਗੇ ਸਨ.........।''

''ਬਾਪੂ ਜੀ, ਕੀ ਫੇਰ ਫ਼ੌਜ ਨੇ ਦਰਬਾਰ ਸਾਹਿਬ 'ਤੇ ਕਬਜ਼ਾ ਕਰ ਲਿਆ?'' ਮੰਦਰ ਨੇ ਬਹੁਤ ਹੈਰਾਨਗੀ ਭਰੇ ਲਹਿਜੇ ਵਿਚ ਪੁੱਛਿਆ।

ਅਜਮੇਰ ਸਿੰਘ ਥੋੜ੍ਹਾ ਮੁਸਕਰਾਉਂਦੇ ਹੋਏ ਬੋਲਿਆ, ''ਐਨੀ ਛੇਤੀ ਕਿਥੇ ਪੁੱਤ......... ਅਜੇ ਤਾਂ ਇਹਨਾਂ ਨੂੰ ਉਹ ਵਿਰੋਧ ਸਹਿਣ ਕਰਨਾ ਪੈਣਾ ਸੀ ਜਿਸ ਦੀ ਇਹਨਾਂ ਨੇ ਕਦੇ ਆਸ ਵੀ ਨਹੀਂ ਕੀਤੀ ਸੀ...........।''

''ਅੱਛਾ ਬਾਪੂ ਜੀ!'' ਮੁੰਡਿਆਂ ਦੀਆਂ ਅੱਖਾਂ ਵਿਚ ਦੁਬਾਰਾ ਚਮਕ ਜਿਹੀ ਆ ਗਈ ਸੀ।

''ਕਹਿੰਦੇ ਹਮਲੇ ਤੋਂ ਪਹਿਲਾਂ ਫ਼ੌਜ ਦੇ ਵੱਡੇ ਅਫ਼ਸਰ ਅੰਮ੍ਰਿਤਸਰ ਸਾਹਿਬ ਦੇ ਡੀ.ਸੀ. ਨੂੰ ਮਿਲਣ ਗਏ ਤੇ ਉਥੇ ਜਾ ਕੇ ਫੜ੍ਹਾਂ ਮਾਰਨ ਲੱਗੇ ਕਿ ਅਸੀਂ ਦੋ ਘੰਟੇ ਵਿਚ ਦਰਬਾਰ ਸਾਹਿਬ 'ਤੇ ਕਬਜ਼ਾ ਕਰ ਲੈਣਾ ਹੈ.........। ਇਹ ਸੁਣ ਕੇ ਡੀ.ਸੀ. ਕਹਿਣ ਲੱਗਾ ਕਿ ਸ਼ਾਇਦ ਤੁਸੀਂ ਉਹਨਾਂ ਨੂੰ ਯਾਨੀ ਕਿ ਸਿੱਖਾਂ ਨੂੰ ਬਹੁਤ ਥੋੜ੍ਹਾ ਕਰ ਕੇ ਜਾਣ ਰਹੇ ਹੋ........ਇਹ ਏਨੀ ਸੌਖੀ ਗੱਲ ਨਹੀਂ ਹੋਵੇਗੀ.........। ਇਹ ਸੁਣ ਕੇ ਫ਼ੌਜੀ ਅਫ਼ਸਰ ਡੀ.ਸੀ. ਨੂੰ ਕਹਿਣ ਲੱਗੇ, ''ਸ਼ਾਇਦ ਆਪ ਫ਼ੌਜ ਕੀ ਤਾਕਤ ਕੋ ਨਹੀਂ ਜਾਨਤੇ ਜਬ ਫ਼ੌਜ ਹਮਲਾ ਕਰਤੀ ਹੈ ਤੋ ਬੜੇ-ਬੜੇ ਜਰਨੈਲੋਂ ਕੀ ਪਤਲੂਨੇਂ ਗੀਲੀ ਹੋ ਜਾਤੀ ਹੈਂ..........।'' ਤੇ ਮੈਂ ਕਈ ਵਾਰ ਸੋਚਦਾ ਹੁੰਨਾਂ ਕਿ ਇਤਿਹਾਸ ਨੇ ਵੇਖੀਆਂ ਪੈਂਟਾਂ ਗਿੱਲੀਆਂ ਹੁੰਦੀਆਂ.........ਪਰ ਭਾਰਤ ਦੇ ਬਹਾਦਰ ਅਖਵਾਉਂਦੇ ਫ਼ੌਜੀਆਂ ਦੀਆਂ............ ਮੂਹਰੋਂ ਮਿਲੇ ਜਵਾਬ ਨੇ ਇਹਨਾਂ ਨੂੰ ਹਿਲਾ ਕੇ ਰੱਖ ਦਿੱਤਾ ਸੀ.........ਤੇ ਇਹ ਕਈ ਵਾਰੀ ਚਿੱਤੜਾਂ ਨੂੰ ਅੱਡੀਆਂ ਲਾ ਕੇ ਪਿਛਾਂਹ ਮੁੜੇ ਸਨ.......।''

''ਅੱਛਾ ਬਾਪੂ ਜੀ.........ਫੇਰ ਤਾਂ ਕਾਰੀ ਚਿਰ ਮੁਕਾਬਲਾ ਹੋਇਆ ਹੋਣੈ?'' ਬੇਅੰਤ ਨੇ ਉਤਸੁਕਤਾ ਨਾਲ ਪੁੱਛਿਆ।

''ਕਾਰੀ ਚਿਰ?........ ਦੋ ਘੰਟਿਆਂ 'ਚ ਦਰਬਾਰ ਸਾਹਿਬ 'ਤੇ ਕਬਜ਼ਾ ਕਰ ਲੈਣ ਦੀਆਂ ਫੜ੍ਹਾਂ ਮਾਰਨ ਵਾਲਿਆਂ ਨੂੰ 72 ਘੰਟੇ ਦੀ ਲੰਬੀ ਲੜਾਈ ਕਰਨੀ ਪਈ.........।''

''ਬਹੱਤਰ ਘੰਟੇ..............।'' ਇਕਦਮ ਕਈ ਆਵਾਜ਼ਾਂ ਆਈਆਂ।

"ਇਹ ਜੰਗ ਪੁੱਤਰੋ, ਕਈ ਵਾਰ ਮੈਨੂੰ ਗੁਰਦਾਸ ਨੰਗਲ ਦੀ ਤੇ ਕਈ ਵਾਰ ਸਭਰਾਵਾਂ ਦੀ ਜੰਗ ਵਰਗੀ ਲੱਗਦੀ ਹੁੰਦੀ ਐ। ਗੁਰਦਾਸ ਨੰਗਲ ਦੀ ਇਸ ਲਈ ਕਿਉਂਕਿ ਇਥੇ ਵੀ ਸਿੰਘਾਂ ਨੂੰ ਚਾਰੇ ਪਾਸਿਉਂ ਘੇਰਾ ਪੈ ਗਿਆ ਸੀ ਤੇ ਉਹਨਾਂ ਕੋਲ ਵੀ ਬਾਬਾ ਬੰਦਾ ਸਿੰਘ ਬਹਾਦਰ ਤੇ ਉਹਨਾਂ ਦੇ ਸਾਥੀਆਂ ਵਾਂਗ ਖਾਣ-ਪੀਣ ਲਈ ਕੁਝ ਨਹੀਂ ਸੀ, ਪਰ ਫਿਰ ਵੀ ਉਹ ਲਗਾਤਾਰ ਭੁੱਖਣ-ਭਾਣੇ ਲੜਦੇ ਰਹੇ..........ਤੇ ਸਭਰਾਵਾਂ ਵਰਗੀ ਤਾਂ ਲੱਗਦੀ ਹੁੰਦੀ ਐ ਬਈ ਏਸ ਜੰਗ ਵਿਚ ਵੀ ਸੰਤ ਜਰਨੈਲ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਂਗ ਟੈਂਕਾਂ, ਤੋਪਾਂ ਤੇ ਹੋਰ ਮਾਰੂ ਹਥਿਆਰਾਂ ਦਾ ਮੁਕਾਬਲਾ ਆਪਣੇ ਮਾਮੂਲੀ ਹਥਿਆਰਾਂ ਨਾਲ ਕੀਤਾ ਸੀ.........ਤੇ ਮੁਕਾਬਲਾ ਵੀ ਐਸਾ ਕੀਤਾ ਕਿ ਇਹ ਜੰਗ ਵੀ ਦੁਨੀਆਂ ਦੀਆਂ ਉਹਨਾਂ ਜੰਗਾਂ ਵਿਚ ਸ਼ਾਮਲ ਹੋ ਗਈ, ਜਿਸ ਵਿਚ ਇਕ ਪਾਸੇ ਤਾਂ ਲੱਖਾਂ ਦੀ ਫ਼ੌਜ ਸੀ ਤੇ ਦੂਜੇ ਪਾਸੇ ਉਂਗਲਾਂ 'ਤੇ ਗਿਣੇ ਜਾ ਸਕਣ ਵਾਲੇ ਸੂਰਮੇ। ਪਰ ਉਹਨਾਂ ਮੁੱਠੀ ਭਰ ਯੋਧਿਆਂ ਨੇ ਇਸ ਜੰਗ ਨੂੰ ਕਦੇ ਵੀ ਇਕ-ਪਾਸੜ ਨਹੀਂ ਹੋਣ ਦਿੱਤਾ, ਜਿਹਾ ਕਿ ਗਿਣਤੀ ਵੇਖ ਕੇ ਲੱਗਦਾ ਸੀ ਕਿ ਇਹ ਤਾਂ ਇਕ-ਪਾਸੜ ਜੰਗ ਹੈ.......।"

ਅਜਮੇਰ ਸਿਹੁੰ ਮੁੰਡਿਆਂ ਨੂੰ ਲਗਾਤਾਰ ਸਿੰਘਾਂ ਦੀ ਬਹਾਦਰੀ ਦੇ ਜੌਹਰ ਸੁਣਾ ਰਿਹਾ ਸੀ। ਹਰ ਛੋਟੇ ਤੋਂ ਛੋਟੇ ਮੋਰਚੇ 'ਤੇ ਵੀ ਫ਼ੌਜ ਦੇ ਹੋਏ ਭਾਰੀ ਨੁਕਸਾਨ ਬਾਰੇ ਦੱਸ ਰਿਹਾ ਸੀ। ਸ਼ੁਕਰਚਕੀਆ ਤੇ ਰਾਮਗੜ੍ਹੀਆ ਬੁੰਗਿਆਂ, ਦਰਵਾਜ਼ਿਆਂ ਦੀਆਂ ਪੌੜੀਆਂ, ਪਰਕਰਮਾ ਦੇ ਕਮਰਿਆਂ ਵਿਚਲੇ ਮੋਰਚਿਆਂ ਨੇ ਫ਼ੌਜੀਆਂ ਦੀਆਂ ਲਾਸ਼ਾਂ ਦੇ ਢੇਰ ਲਗਾ ਦਿੱਤੇ ਸਨ। ਫ਼ੌਜ ਨੇ ਟੈਂਕ ਅੰਦਰ ਲਿਆਂਦੇ ਪਰ ਸਿੰਘਾਂ ਨੇ ਆਪਣੇ ਸਰੀਰਾਂ ਨਾਲ ਬੰਬ ਬੰਨ੍ਹ ਕੇ ਉਹਨਾਂ ਟੈਂਕਾਂ ਵਿਚ ਛਾਲਾਂ ਮਾਰ ਦਿੱਤੀਆਂ ਤੇ ਉਹ ਨਕਾਰਾ ਕਰ ਦਿੱਤੇ। ਹੁਣ ਫ਼ੌਜ ਨੂੰ ਮਾਮਲਾ ਹੱਥ ਵਿਚੋਂ ਖਿਸਕਦਾ ਨਜ਼ਰ ਆ ਰਿਹਾ ਸੀ। ਦੋ ਘੰਟਿਆਂ ਵਿਚ ਲੜਾਈ ਖਤਮ ਹੋ ਜਾਣ ਦੀਆਂ ਫੜ੍ਹਾਂ ਮਾਰਨ ਵਾਲੇ ਅਫ਼ਸਰਾਂ ਦੇ ਸੰਘ ਸੁੱਕ ਗਏ ਸਨ ਤੇ ਉਹ ਵਾਰ-ਵਾਰ ਏ.ਸੀ. ਗੱਡੀਆਂ 'ਚ ਬੈਠੇ ਪਾਣੀ ਪੀ ਰਹੇ ਸਨ.........ਤੇ ਉਹਨਾਂ ਨੇ ਜਲ ਸੈਨਾ ਦੇ ਗੋਤਾਖ਼ੋਰ ਮੰਗਵਾਏ ਤਾਕਿ ਉਹ ਸਰੋਵਰ ਰਾਹੀਂ ਅਕਾਲ ਤਖ਼ਤ ਸਾਹਿਬ ਤਕ ਪਹੁੰਚਣ.........ਪਰ ਸਿੰਘਾਂ ਦੇ ਨਿਸ਼ਾਨਿਆਂ ਤੋਂ ਉਹ ਵੀ ਨਾ ਬਚ ਸਕੇ........ ਫੇਰ ਥੱਕ-ਹਾਰ ਕੇ ਫ਼ੌਜੀ ਅਫ਼ਸਰਾਂ ਨੂੰ 50-60 ਸਿੰਘਾਂ ਨਾਲ ਲੜਦੀ ਆਪਣੀ ਲੱਖਾਂ ਫ਼ੌਜ ਬੇਅਰਥ ਲੱਗੀ ਤੇ ਉਹਨਾਂ ਨੇ ਹਵਾਈ ਸੈਨਾ ਦੀ ਮਦਦ ਲਈ....... ਹਵਾਈ ਸੈਨਾ ਦੇ ਹੈਲੀਕਾਪਟਰਾਂ ਨੇ ਅੰਨ੍ਹੇਵਾਹ ਅਕਾਲ ਤਖ਼ਤ ਸਾਹਿਬ 'ਤੇ ਗੋਲੇ ਵਰਸਾਏ। ਦੋਹਾਂ ਬੁੰਗਿਆਂ 'ਤੇ ਬੰਬ ਸੁੱਟੇ, ਅੱਥਰੂ ਗੈਸ ਤੇ ਹੋਰ ਜ਼ਹਿਰੀਲੀਆਂ ਗੈਸਾਂ ਦੇ ਗੋਲੇ ਸੁੱਟੇ........ਹਵਾਈ ਸੈਨਾ ਦੇ ਆਉਣ ਨਾਲ ਹਿੰਦ ਫ਼ੌਜ ਕੁਝ ਪੱਕੇ ਪੈਰੀਂ ਹੋਈ। ਹੁਣ ਉਹਨਾਂ ਨੂੰ ਹਾਲਾਤ ਆਪਣੇ ਪੱਖ ਵਿਚ ਹੁੰਦੇ ਨਜ਼ਰ ਆ ਰਹੇ ਸਨ।

ਹੁਣ ਫ਼ੌਜੀ ਅਫ਼ਸਰਾਂ ਦੇ ਚਿਹਰਿਆਂ 'ਤੇ ਰੌਣਕ ਥੋੜ੍ਹੀ ਵਾਪਸ ਆ ਰਹੀ ਸੀ........ਪਰ ਅੰਦਰੋਂ ਉਹਨਾਂ ਨੂੰ ਇਹ ਡਰ ਜ਼ਰੂਰ ਖਾਈ ਜਾ ਰਿਹਾ ਸੀ ਕਿ ਅਸੀਂ ਦੁਨੀਆਂ ਨੂੰ ਕੀ ਮੂੰਹ ਵਿਖਾਵਾਂਗੇ। ਮੁੱਠੀ ਭਰ ਸਿੱਖ ਸਾਡੀ ਮਹਾਨ ਫ਼ੌਜ ਨਾਲ ਲਗਾਤਾਰ 72 ਘੰਟੇ ਜੂਝਦੇ ਰਹੇ।

ਜਿਵੇਂ-ਜਿਵੇਂ ਅਜਮੇਰ ਸਿੰਘ ਜੰਗ ਦੇ ਅੰਤਲੇ ਹਿੱਸੇ ਵੱਲ ਵਧ ਰਿਹਾ ਸੀ, ਤਿਵੇਂ-ਤਿਵੇਂ ਮੁੰਡਿਆਂ ਦੇ ਚਿਹਰਿਆਂ ਦੇ ਰੰਗ ਬਦਲ ਰਹੇ ਸਨ। ਉਹਨਾਂ ਨੂੰ ਅੰਦਰੋਂ ਕੁਝ ਟੁੱਟਦਾ, ਕੁਝ ਉਬਲਦਾ-ਖੌਲਦਾ ਪ੍ਰਤੀਤ ਹੋ ਰਿਹਾ ਸੀ। ਹੁਣ ਉਹ ਸਾਰੇ ਸੰਤ ਜਰਨੈਲ ਸਿੰਘ ਬਾਰੇ ਜਾਣਨਾ ਚਾਹੁੰਦੇ ਸਨ। ਇਸ ਤੋਂ ਪਹਿਲਾਂ ਕਿ ਅਜਮੇਰ ਸਿੰਘ ਕੁਝ ਹੋਰ ਦੱਸਦਾ, ਬੇਅੰਤ ਬੋਲਿਆ, ਥੋੜ੍ਹਾ ਝਿਜਕਦਾ ਹੋਇਆ, "ਤੇ ਬਾਪੂ ਜੀ...........ਸੰਤ...........ਸੰਤ ਜਰਨੈਲ ਸਿੰਘ..........।" ਉਸ ਦੀ ਆਵਾਜ਼ ਹੌਲੀ ਨਿਕਲੀ ਸੀ, ਉਸ ਨੇ ਗੱਲ ਮਸਾਂ ਪੂਰੀ ਕੀਤੀ ਸੀ ਤੇ ਉਸ ਦਾ ਗੱਚ ਭਰ ਆਇਆ ਸੀ। ਇਹ ਤਾਂ ਬੇਅੰਤ ਸੀ, ਜੋ ਗੱਲ ਪੂਰੀ ਕਰ ਗਿਆ ਸੀ, ਕਿਸੇ ਹੋਰ ਮੁੰਡੇ ਤੋਂ ਤਾਂ ਏਨਾ ਵੀ ਨਹੀਂ ਬੋਲਿਆ ਜਾਣਾ ਸੀ।

ਪਰ ਹੁਣ ਇਮਤਿਹਾਨ ਤਾਂ ਅਜਮੇਰ ਸਿੰਘ ਦਾ ਸੀ। ਉਸ ਵਾਸਤੇ ਇਹ ਪਲ ਸਭ ਤੋਂ ਵੱਧ ਦੁਖਦਾਈ ਸੀ।

"ਹਜ਼ਾਰੋਂ ਬਰਸ ਗੁਲਸ਼ਨ ਅਪਨੀ ਬੇਨੂਰੀ ਪੇ ਰੋਤੀ ਹੈ
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।"

ਸੱਚਮੁੱਚ ਐਸਾ ਦੀਦਾਵਰ ਸਿੱਖ ਕੌਮ ਨੂੰ ਸਾਲਾਂ ਪਿੱਛੋਂ ਮਿਲਿਆ ਸੀ। ਕਹਿੰਦੇ ਨੇ ਸੰਤ ਜਰਨੈਲ ਸਿੰਘ ਬਚਪਨ ਤੋਂ ਬਹੁਤ ਹੀ ਸ਼ਾਂਤ ਸੁਭਾਅ ਦੇ ਸਨ। ਕਦੇ ਕਿਸੇ ਨੂੰ ਮੰਦਾ-ਚੰਗਾ ਜਾਂ ਉੱਚਾ ਨਹੀਂ ਬੋਲਦੇ ਸਨ। ਸੱਥ ਵਿਚ ਦੀ ਨੀਵੀਂ ਪਾ ਕੇ ਲੰਘ ਜਾਂਦੇ ਸਨ। ਬਹੁਤ ਸਾਊ ਸੁਭਾਅ ਦੇ ਮਾਲਕ। ਇਕ ਵਿਦਵਾਨ ਨੇ ਲਿਖਿਐ ਕਿ 'ਯੋਧੇ ਨੂੰ ਗੁੱਸਾ ਦਿਵਾਉਣ ਲਈ ਸਦੀਆਂ ਲੱਗਦੀਆਂ ਹਨ...... ਸਦੀਆਂ ਦਾ ਜ਼ੁਲਮ, ਤਸ਼ੱਦਦ, ਤਕਲੀਫ਼ਾਂ ਵੇਖਣ, ਸੁਣਨ, ਸਹਿਣ ਤੋਂ ਬਾਅਦ ਹੀ ਯੋਧੇ ਨੂੰ ਗੁੱਸਾ ਆਉਂਦਾ ਹੈ........ਪਰ..........ਜਦੋਂ ਕਿਸੇ ਯੋਧੇ ਨੂੰ ਗੁੱਸਾ ਆ ਜਾਵੇ ਤਾਂ ਫੇਰ ਉਸ ਨੂੰ ਸ਼ਾਂਤ ਕਰਨ ਲਈ ਵੀ ਸਦੀਆਂ ਲੱਗਦੀਆਂ ਨੇ.......... ਫਿਰ ਜਿੰਨਾ ਚਿਰ ਉਹ ਯੋਧਾ ਉਹਨਾਂ ਸਾਰਿਆਂ ਨੂੰ, ਜਿਹਨਾਂ ਨੇ ਉਸ ਨੂੰ ਗੁੱਸੇ ਕੀਤਾ ਹੁੰਦਾ ਹੈ, ਖ਼ਤਮ ਨਹੀਂ ਕਰ ਦਿੰਦਾ, ਜਾਂ ਉਹਨਾਂ ਨਾਲ ਲੜਦਾ ਹੋਇਆ ਆਪ ਸ਼ਹੀਦ ਨਹੀਂ ਹੋ ਜਾਂਦਾ, ਓਨਾ ਚਿਰ ਉਹ ਸ਼ਾਂਤ ਨਹੀਂ ਹੁੰਦਾ।

ਅਜਮੇਰ ਸਿੰਘ ਦੇ ਦਿਮਾਗ ਵਿਚ ਸਮੁੰਦਰ ਦੀਆਂ ਤੇਜ਼ ਲਹਿਰਾਂ ਵਾਂਗ ਸ਼ੋਰ ਹੋ ਰਿਹਾ ਸੀ। ਹੈਲੀਕਾਪਟਰਾਂ ਦੇ ਗੋਲੇ, ਬੰਬਾਂ ਤੇ ਫ਼ੌਜੀਆਂ ਦੀਆਂ ਵਰ੍ਹਦੀਆਂ ਗੋਲੀਆਂ ਉਸ ਨੂੰ ਆਪਣੇ ਸਿਰ ਵਿਚ ਚਲਦੀਆਂ ਪ੍ਰਤੀਤ ਹੋ ਰਹੀਆਂ ਸਨ।

ਪਰ ਇਹਨਾਂ ਵਰ੍ਹਦੀਆਂ ਗੋਲੀਆਂ ਤੇ ਬੰਬਾਂ ਵਿਚ ਵੀ ਉਸ ਨੂੰ ਸੰਤ ਜਰਨੈਲ ਸਿੰਘ ਅਡੋਲ ਖੜੇ ਪ੍ਰਤੀਤ ਹੋ ਰਹੇ ਸਨ........ ਉਸ ਨੂੰ ਇੰਝ ਜਾਪ ਰਿਹਾ ਸੀ ਜਿਵੇਂ ਸੰਤ ਉੱਚੀ ਆਵਾਜ਼ ਵਿਚ ਗਾ ਰਹੇ ਹੋਣ:

'ਦਿੱਤਿਆਂ ਬਾਝ ਨਹੀਂ ਰਹਿਣ, ਧਰਮ ਸਿਰ ਦਿੱਤਿਆਂ ਬਾਝ ਨਹੀਂ ਰਹਿਣਾ।'

''ਬਾਪੂ ਜੀ,;..........ਸੰਤ ਜੀ..........।'' ਫਿਰ ਇਕ ਆਵਾਜ਼ ਆਈ।

''ਥੋਨੂੰ ਪਤੈ ਪੁੱਤ, ਇਕ ਅੰਗਰੇਜ਼ ਇਤਿਹਾਸਕਾਰ ਨੇ ਲਿਖਿਐ ਕਿ ਦਰਸ਼ਨੀ ਡਿਉੜੀ ਤੇ ਅਕਾਲ ਤਖ਼ਤ ਦੇ ਵਿਚਕਾਰਲੀ ਥਾਂ ਭਾਰਤੀ ਫ਼ੌਜੀਆਂ ਦਾ ਕਬਰਿਸਤਾਨ ਬਣ ਗਈ...........।'' ਅਜਮੇਰ ਸਿੰਘ ਮੁੰਡਿਆਂ ਨੂੰ ਇਹ ਦੱਸਣਾ ਚਾਹੁੰਦਾ ਸੀ ਪਰ ਇਹ ਮੁੰਡਿਆਂ ਦੀ ਉਸ ਗੱਲ ਦਾ ਜਵਾਬ ਨਹੀਂ ਸੀ, ਜਿਹੜੀ ਉਹਨਾਂ ਨੇ ਪੁੱਛੀ ਸੀ।

ਏਨੀ ਕੁ ਗੱਲ ਕਰ ਕੇ ਅਜਮੇਰ ਸਿੰਘ ਫਿਰ ਚੁੱਪ ਕਰ ਗਿਆ ਸੀ। ਉਹ ਘੁੱਟ ਕੇ ਅੱਖਾਂ ਮੀਟਣੀਆਂ ਚਾਹੁੰਦਾ ਸੀ ਪਰ ਏਸ ਡਰੋਂ ਕਿ ਇਸ ਤਰ੍ਹਾਂ ਕੀਤੇ ਉਸ ਦੀਆਂ ਅੱਖਾਂ ਵਿਚਲਾ ਪਾਣੀ ਹੰਝੂ ਬਣ ਕੇ ਵਹਿ ਤੁਰੇਗਾ, ਉਸ ਨੇ ਇੰਝ ਨਾ ਕੀਤਾ। ਉਹ ਫਿਰ ਉਸੇ ਥਾਂ ਪਹੁੰਚ ਗਿਆ ਸੀ।

''ਸੰਤ ਜੀ ਅਜੇ ਵੀ ਉਵੇਂ ਹੀ ਅਡੋਲ ਖੜੇ ਸਨ, ਹੁਣ ਆਵਾਜ਼ ਆ ਰਹੀ ਸੀ:

''ਸਾਡਾ ਤੇ ਨਿਮਾਣਿਆਂ ਦਾ ਤੂੰਹੀ ਏਂ ਹੋਰ ਕੋਈ ਆਸਰਾ ਨਹੀਂ।''

ਅਜਮੇਰ ਸਿੰਘ ਨੂੰ ਪਤਾ ਸੀ ਕਿ ਮੁੰਡੇ ਫੇਰ ਸੰਤ ਜੀ ਬਾਰੇ ਪੁੱਛਣਗੇ, ਇਸ ਲਈ ਉਸ ਨੇ ਪਹਿਲਾਂ ਹੀ ਕੋਈ ਹੋਰ ਗੱਲ ਛੇੜ ਲਈ, ''ਥੋਨੂੰ ਪਤੈ ਪੁੱਤਰ...........ਸੰਤ ਜੀ ਨੇ 5-6 ਜੂਨ ਦੀ ਰਾਤ ਨੂੰ ਆਪਣਾ ਇਕ ਸਿੰਘ ਬੱਬਰਾਂ ਵੱਲ ਭੇਜਿਆ, ਇਹ ਕਹਿ ਕੇ ਕਿ 'ਭਾਈ ਸਿੰਘਾ 'ਮੇਰੇ ਸੁੱਖੇ' ਨੂੰ ਕਹੀਂ ਕਿ ਭਾਈ ਅਮਰੀਕ ਸਿੰਘ ਵੀ ਨਹੀਂ ਮੰਨਦਾ..........ਮੈਂ ਵੀ ਗੁਰੂ ਦੀ ਹਜ਼ੂਰੀ 'ਚ ਪ੍ਰਣ ਕਰ ਚੁੱਕਾ ਹਾਂ ਕਿ ਇਥੇ ਹੀ ਪ੍ਰਾਣ ਤਿਆਗਾਂਗਾ.........ਤੇ ਜੇ ਤੁਸੀਂ ਵੀ ਨਾ ਮੰਨੇ ਤਾਂ ਸੰਘਰਸ਼ ਏਥੇ ਹੀ ਰੁਕ ਜਾਵੇਗਾ............ਸੋ ਉਹਨਾਂ ਨੂੰ ਕਹੀਂ ਕਿ ਜਰਨੈਲ ਸਿਹੁੰ ਨੇ ਬੇਨਤੀ ਕੀਤੀ ਐ ਕਿ ਉਹ ਆਪਣੇ ਸਾਥੀਆਂ ਸਮੇਤ ਏਥੋਂ ਚਲੇ ਜਾਣ...........।''

ਪਹਿਲਾਂ ਵੀ ਸੰਤਾਂ ਨੇ ਜਥੇਦਾਰ ਸੁਖਦੇਵ ਸਿੰਘ ਬੱਬਰ, ਜਿਸ ਨੂੰ ਕਿ ਉਹ 'ਮੇਰਾ ਸੁੱਖਾ' ਕਹਿੰਦੇ ਹੁੰਦੇ ਸਨ, ਨੂੰ ਏਥੋਂ ਚਲੇ ਜਾਣ ਦਾ ਸੁਨੇਹਾ ਭੇਜਿਆ ਸੀ ਤਾਂਕਿ ਇਹ ਸੰਘਰਸ਼ ਉਹਨਾਂ ਤੋਂ ਪਿੱਛੋਂ ਵੀ ਜਾਰੀ ਰਹਿ ਸਕੇ........... ਪਰ ਜਥੇਦਾਰ ਨੇ ਇਹ ਕਹਿ ਕੇ ਜਵਾਬ ਦੇ ਦਿੱਤਾ ਸੀ ਕਿ ਸੰਤ ਜੀ ਅਸੀਂ ਭਗੌੜੇ ਨਹੀਂ ਅਖਵਾਉਣਾ, ਥੋਡੇ ਨਾਲ ਹੀ ਰਹਾਂਗੇ ਤੇ ਦਰਬਾਰ ਸਾਹਿਬ ਨੂੰ ਜਿਉਂਦੇ-ਜੀਅ ਇਹਨਾਂ ਦੇ ਕਬਜ਼ੇ ਵਿਚ ਨਹੀਂ ਆਉਣ ਦੇਵਾਂਗੇ.........।''

ਅਜਮੇਰ ਸਿੰਘ ਨੇ ਥੋੜ੍ਹਾ ਰੁਕ ਕੇ ਫੇਰ ਕਹਿਣਾ ਸ਼ੁਰੂ ਕੀਤਾ, "ਤੇ ਐਤਕੀਂ ਪੁੱਤ, ਸੰਤਾਂ ਨੇ ਫੇਰ ਇਕ ਸਿੰਘ ਜਥੇਦਾਰ ਹੋਰਾਂ ਵੱਲ ਭੇਜਿਆ। ਉਹ ਜਾਣਦੇ ਸਨ ਕਿ ਇਹ ਲੜਾਈ ਏਥੇ ਹੀ ਖ਼ਤਮ ਨਹੀਂ ਹੋਣੀ। ਇਹ ਤਾਂ ਹੁਣ ਲੰਬਾ ਸਮਾਂ ਚੱਲੇਗੀ। ਉਹਨਾਂ ਦੇ ਆਪਣੇ ਹੀ ਬੋਲ ਸਨ, "ਜਿੱਦਣ ਦਰਬਾਰ ਸਾਹਿਬ 'ਤੇ ਹਮਲਾ ਹੋਇਆ, ਓਦਣ ਖ਼ਾਲਿਸਤਾਨ ਦੀ ਨੀਂਹ ਰੱਖੀ ਜਾਏਗੀ।" ਤੇ ਉਹਨਾਂ ਨੂੰ ਪਤਾ ਸੀ ਕਿ ਹੁਣ ਸਿੱਖ ਨੌਜੁਆਨੀ ਸਿਰ ਤਲੀਆਂ 'ਤੇ ਟਿਕਾ ਲਵੇਗੀ ਤੇ ਕੌਮ ਦੇ 'ਆਪਣੇ ਘਰ' ਲਈ ਸੰਘਰਸ਼ ਸ਼ੁਰੂ ਕਰ ਦੇਵੇਗੀ। ਇਸ ਲਈ ਉਸ ਸੰਘਰਸ਼ ਦੀ ਅਗਵਾਈ ਕਰਨ ਵਾਲੇ ਯੋਗ ਗੁਰਸਿੱਖ ਜੁਝਾਰੂਆਂ ਦੀ ਵੀ ਲੋੜ ਸੀ। ਸੰਤ ਜੀ ਹਮੇਸ਼ਾ ਹੀ ਜੱਥੇਦਾਰ ਸੁਖਦੇਵ ਸਿੰਘ ਬੱਬਰ ਨੂੰ ਦੂਰ-ਅੰਦੇਸ਼ ਆਗੂ ਸਮਝਦੇ ਰਹੇ ਸਨ। ਇਸੇ ਲਈ ਵਾਰ-ਵਾਰ ਉਹਨਾਂ ਨੂੰ ਇਥੋਂ ਚਲੇ ਜਾਣ ਲਈ ਕਹਿ ਰਹੇ ਸਨ।

ਸੰਤਾਂ ਦੇ ਦੁਬਾਰਾ ਭੇਜੇ ਸੁਨੇਹੇ ਤੋਂ ਬਾਅਦ ਜਥੇਦਾਰ ਨੇ ਕੁਝ ਹੋਰ ਮੋਢੀ ਸਿੰਘਾਂ ਨਾਲ ਗੱਲਬਾਤ ਕੀਤੀ ਤੇ ਸਾਰਿਆਂ ਨੇ ਏਥੋਂ ਨਿਕਲਣ ਦਾ ਮਨ ਬਣਾ ਲਿਆ। ਸੁਨੇਹੇ ਲੈ ਕੇ ਆਏ ਸਿੰਘ ਨੂੰ ਜੱਥੇਦਾਰ ਸੁਖਦੇਵ ਸਿੰਘ ਨੇ ਕੋਲ ਬੁਲਾ ਕੇ ਕਿਹਾ, "ਭਾਈ ਗੁਰਮੁਖਾ, ਸੰਤ ਜੀ ਨੂੰ ਕਹੀਂ ਕਿ ਤੁਹਾਡਾ ਦੇਣ ਕੌਮ ਕਦੇ ਨਹੀਂ ਦੇ ਸਕੇਗੀ। ਤੁਹਾਡੇ ਕਹੇ ਬਚਨਾਂ ਨੂੰ ਅਸੀਂ ਸੱਚ ਕਰ ਕੇ ਵਿਖਾਵਾਂਗੇ। ਤੁਹਾਡੇ ਬੋਲ ਰਹਿੰਦੀ ਦੁਨੀਆਂ ਤਕ ਸਿੱਖ ਨੌਜੁਆਨੀ ਦੇ ਕੰਨਾਂ ਵਿਚ ਗੂੰਜਦੇ ਰਹਿਣਗੇ..........ਤੇ ਆਉਣ ਵਾਲੇ ਸਮੇਂ ਵਿਚ ਮਾਵਾਂ ਆਪਣੇ ਪੁੱਤਰਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ, ਹਰੀ ਸਿੰਘ ਨਲੂਆ ਤੇ ਸ਼ਾਮ ਸਿੰਘ ਅਟਾਰੀ ਵਾਲੇ ਦੇ ਨਾਲ ਸੰਤ ਜਰਨੈਲ ਸਿੰਘ ਦੀ ਬਹਾਦਰੀ, ਅਡੋਲਤਾ ਤੇ ਨਿਡਰਤਾ ਦੀਆਂ ਗਾਥਾਵਾਂ ਸੁਣਾਇਆ ਕਰਨਗੀਆਂ। ਢਾਡੀ, ਸੰਤ ਜੀ ਦੀਆਂ ਵਾਰਾਂ ਗਾ ਕੇ ਸਿੱਖ ਸੰਗਤਾਂ ਵਿਚ ਜੋਸ਼ ਭਰਿਆ ਕਰਨਗੇ........ਜਾਹ ਭਾਈ ਸਿੰਘਾ, ਸੰਤ ਜੀ ਨੂੰ ਕਹਿ ਦੇਈਂ ਕਿ ਇਤਿਹਾਸ ਵਿਚ ਤੁਹਾਡਾ ਨਾਮ ਚੰਨ ਵਾਂਗ ਚਮਕੇਗਾ।" ਏਨਾ ਕਹਿ ਕੇ ਜੱਥੇਦਾਰ ਸੁਖਦੇਵ ਸਿੰਘ ਦੀਆਂ ਅੱਖਾਂ ਵਿਚ ਪਾਣੀ ਭਰ ਆਇਆ।

ਜਦੋਂ ਉਸ ਸਿੰਘ ਨੇ ਇਹ ਸੁਨੇਹਾ ਆ ਕੇ ਸੰਤ ਜੀ ਤੇ ਦੂਜੇ ਸਾਥੀਆਂ ਨੂੰ ਸੁਣਾਇਆ ਤਾਂ ਸਾਰਿਆਂ ਦੀਆਂ ਅੱਖਾਂ ਵਿਚ ਇਕ ਅਨੋਖੀ ਖ਼ੁਸ਼ੀ ਝਲਕਣ ਲੱਗੀ। ਉਹਨਾਂ ਨੂੰ ਇੰਝ ਲੱਗ ਰਿਹਾ ਸੀ ਕਿ ਹੁਣ ਉਹਨਾਂ ਤੋਂ ਬਾਅਦ ਵੀ ਇਹ ਸੰਘਰਸ਼ ਮੰਜ਼ਲ ਦੀ ਪ੍ਰਾਪਤੀ ਤਕ ਚੱਲਦਾ ਰਹੇਗਾ। ਸੰਤ ਜੀ ਨੇ ਇਹ ਸੁਨੇਹਾ ਸੁਣ ਕੇ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕੀਤੀ,

"ਹੇ ਸੱਚੇ ਪਾਤਸ਼ਾਹ, ਮਿਹਰ ਕਰਿਓ, ਆਪਣੇ ਬੱਚਿਆਂ ਨੂੰ ਅਡੋਲਤਾ ਬਖ਼ਸ਼ਿਓ, ਤੁਹਾਡੀ ਮਿਹਰ ਸਦਕਾ ਹੀ ਪਾਤਸ਼ਾਹ ਕੌਮ ਇਕ ਦਿਨ ਆਪਣੇ ਕੌਮੀ ਘਰ ਦੀਆਂ ਆਜ਼ਾਦ ਫ਼ਿਜ਼ਾਵਾਂ ਵਿਚ ਸੁੱਖ ਦਾ ਸਾਹ ਲਏਗੀ........ਬੱਸ

ਕੌਮ ਨੂੰ ਏਕਤਾ, ਭਰੋਸਾ, ਇਤਫ਼ਾਕ ਬਖ਼ਸ਼ਿਓ........।''

''ਤੇ ਬਾਪੂ ਜੀ,............ਫੇਰ ਸੰਤ ਜੀ...........ਕੀ ਫ਼ੌਜ ਨੇ...........।'' ਬੇਅੰਤ ਤੋਂ ਗੱਲ ਫੇਰ ਪੂਰੀ ਨਾ ਹੋਈ।

''ਪੁੱਤਰ, ਥੋਨੂੰ ਪਤੈ ਬਈ ਜਨਰਲ ਸੁਬੇਗ ਸਿੰਘ ਦੇ ਹੱਥ ਵਿਚੋਂ ਉਹਨਾਂ ਦੀ ਸ਼ਹਾਦਤ ਤੋਂ ਬਾਅਦ ਵੀ ਉਹਨਾਂ ਦੀ ਰਫਲ ਛੁਡਾਈ ਨਹੀਂ ਸੀ ਜਾ ਸਕੀ। ਉਹਨਾਂ ਨੇ ਆਪਣੀ ਰਫਲ ਏਨੀ ਘੁੱਟ ਕੇ ਫੜੀ ਹੋਈ ਸੀ ਕਿ ਉਹਨਾਂ ਦਾ ਹੱਥ ਸੁੱਜ ਗਿਆ ਸੀ। ਉਸੇ ਤਰ੍ਹਾਂ ਜਿਵੇਂ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦੀ ਸ਼ਹਾਦਤ ਪਿੱਛੋਂ ਉਹਨਾਂ ਦੀ ਕਿਰਪਾਨ ਹੱਥ ਵਿਚੋਂ ਨਹੀਂ ਛੁਡਾਈ ਜਾ ਸਕੀ ਸੀ ਤੇ ਉਹਨਾਂ ਦੀ ਕਿਰਪਾਨ ਦਾ ਉਹਨਾਂ ਦੇ ਨਾਲ ਹੀ ਸਸਕਾਰ ਕਰਨਾ ਪਿਆ ਸੀ।''

ਕੁਝ ਦੇਰ ਚੁੱਪ ਕਰਨ ਤੋਂ ਪਿੱਛੋਂ ਅਜਮੇਰ ਸਿੰਘ ਫਿਰ ਬੋਲਿਆ, ''ਤੇ ਪੁੱਤਰ, ਜਦੋਂ ਗੋਲੀ-ਸਿੱਕਾ ਖ਼ਤਮ ਹੋ ਗਿਆ ਤਾਂ ਭਾਈ ਅਮਰੀਕ ਸਿੰਘ ਸੰਤ ਜੀ ਕੋਲ ਆਏ ਤੇ ਕਹਿਣ ਲੱਗੇ ਕਿ ਸੰਤ ਜੀ, ਹੁਣ ਮੈਂ ਬਾਹਰ ਨਿਕਲ ਕੇ ਜੂਝਣਾ ਚਾਹੁੰਦਾ ਹਾਂ, ਜਿੰਨੀਆਂ ਗੋਲੀਆਂ ਮੇਰੇ ਕੋਲ ਬਚੀਆਂ ਹਨ, ਮੈਂ ਬਾਹਰ ਜਾ ਕੇ ਚਲਾਉਣੀਆਂ ਚਾਹੁੰਦਾ ਹਾਂ ਤੇ ਆਪ ਵੀ ਆਪਣੀ ਛਾਤੀ ਵਿਚ ਗੋਲੀਆਂ ਖਾਣੀਆਂ ਚਾਹੁੰਦਾ ਹਾਂ।

ਸੰਤ ਜੀ ਨੇ ਭਾਈ ਅਮਰੀਕ ਸਿੰਘ ਨੂੰ ਛਾਤੀ ਨਾਲ ਲਾਇਆ ਤੇ ਕਹਿਣ ਲੱਗੇ, ''ਭਾਈ ਅਮਰੀਕ ਸਿਆਂ, ਤੂੰ ਮਹਾਂਪੁਰਸ਼ਾਂ ਦਾ ਸੱਚਾ ਸਪੂਤ ਬਣ ਕੇ ਵਿਖਾਇਆ ਹੈ। ਤੁਹਾਡੇ ਸਹਿਯੋਗ ਤੋਂ ਬਿਨਾਂ ਮੈਂ ਵੀ ਅਧੂਰਾ ਸੀ, ਤੁਸੀਂ ਅੰਤਲੇ ਸਮੇਂ ਤਕ ਮੇਰੇ ਮੋਢੇ ਨਾਲ ਮੋਢਾ ਲਾ ਕੇ ਖੜੇ ਰਹੇ.........ਜੇ ਅਕਾਲ ਪੁਰਖ ਨੇ ਕ੍ਰਿਪਾ ਕੀਤੀ ਤੇ ਕੌਮ ਦਾ ਕੋਈ 'ਆਪਣਾ ਘਰ' ਬਣ ਗਿਆ ਤਾਂ ਉਸ ਨੂੰ ਉਸਾਰਨ ਲਈ ਹੋਈਆਂ ਕੁਰਬਾਨੀਆਂ ਵਿਚ ਤੁਹਾਡਾ ਨਾਮ ਮੂਹਰਲੀਆਂ ਸਫ਼ਾਂ ਵਿਚ ਹੋਵੇਗਾ........।''

ਸੰਤ ਜੀ ਤੋਂ ਆਗਿਆ ਲੈ ਕੇ ਭਾਈ ਅਮਰੀਕ ਸਿੰਘ ਜ਼ਾਲਮਾਂ ਨੂੰ ਮੂਹਰੇ ਹੋ ਕੇ ਵੰਗਾਰਨ ਲੱਗੇ, ਇਕੋ ਵੇਲੇ ਕਈ ਪਾਸਿਆਂ ਤੋਂ ਸੈਂਕੜੇ ਗੋਲੀਆਂ ਆਈਆਂ ਤੇ ਭਾਈ ਸਾਹਿਬ ਦਾ ਸੀਨਾ ਵਿੰਨ੍ਹ ਗਈਆਂ।''

ਅਜਮੇਰ ਸਿੰਘ ਨੇ ਬਥੇਰਾ ਰੋਕਣੇ ਚਾਹੇ ਪਰ ਉਸ ਦੀਆਂ ਅੱਖਾਂ ਵਿਚੋਂ ਹੰਝੂ ਛਲਕ ਹੀ ਗਏ ਤੇ ਉਸ ਦੀ ਚਿੱਟੀ ਦਾਹੜੀ ਵਿਚ ਕਿਧਰੇ ਗੁਆਚ ਗਏ। ਮੁੰਡੇ ਵੀ ਹੁਣ ਤਕ ਇਹ ਤਾਂ ਸਮਝ ਹੀ ਚੁੱਕੇ ਸਨ ਕਿ ਇਸ ਤੋਂ ਬਾਅਦ ਸੰਤ ਜੀ ਵੀ ਸ਼ਹੀਦ ਹੋ ਗਏ ਹੋਣਗੇ, ਪਰ ਅੰਦਰੋਂ ਉਹਨਾਂ ਦਾ ਮਨ ਕਰ ਰਿਹਾ ਸੀ ਕਿ ਕੋਈ ਕਰਾਮਾਤ ਵਾਪਰਦੀ, ਕੋਈ ਚਮਤਕਾਰ ਹੁੰਦਾ ਤੇ ਸੰਤ ਜੀ ਉਥੋਂ ਅੰਦਰੋਂ ਅਲੋਪ ਹੋ ਜਾਂਦੇ, ਜਿਵੇਂ ਕਿ ਹੋਰ ਵੀ ਅਨੇਕਾਂ ਸਿੱਖ ਸੋਚਦੇ ਸਨ ਜਾਂ ਹਨ ਕਿ ਸੰਤ ਜੀ ਉਸ ਤੋਂ ਪਿੱਛੋਂ ਵੀ ਸੰਘਰਸ਼

ਦੀ ਅਗਵਾਈ ਕਰਦੇ ਤਾਂ ਸ਼ਾਇਦ.........ਮੁੰਡਿਆਂ ਦੇ ਦਿਮਾਗ਼ ਵਿਚ ਵੀ ਇਹੀ ਸਭ ਕੁਝ ਚੱਲ ਰਿਹਾ ਸੀ। ਪਰ ਫਿਰ ਵੀ ਉਹ ਅਨਮੰਨੇ ਜਿਹੇ ਮਨ ਨਾਲ ਅਜਮੇਰ ਸਿੰਘ ਤੋਂ ਵਾਰ-ਵਾਰ ਪੁੱਛ ਰਹੇ ਸਨ, "ਤੇ ਬਾਪੂ..........ਸੰਤ ਜੀ.........।"

ਅਜਮੇਰ ਸਿੰਘ ਨੂੰ ਹੁਣ ਕਿਸੇ ਚਮਤਕਾਰੀ ਜਿਹੇ ਢੰਗ ਨਾਲ ਸਾਫ਼ ਦਿਖਾਈ ਦੇ ਰਿਹਾ ਸੀ। ਦੋ ਗੋਲੀਆਂ ਸੰਤ ਜੀ ਦੇ ਸੱਜੇ ਪਾਸੇ ਮੋਢੇ ਤੋਂ ਹੇਠਾਂ ਵੱਜੀਆਂ...... ਜਦ ਉਹ ਉੱਠਣ ਲੱਗੇ ਤਾਂ ਇਕ ਹੋਰ ਗੋਲੀ ਪਤਾ ਨਹੀਂ ਕਿਧਰੋਂ ਆਈ ਤੇ ਉਹਨਾਂ ਦੇ ਲੱਕ ਵਿਚ ਸੱਜੇ ਪਾਸੇ ਵੱਜੀ। ਉਹਨਾਂ ਨੂੰ ਕੁਝ ਫ਼ੌਜੀ ਦਰਸ਼ਨੀ ਡਿਊੜੀ ਤੋਂ ਦਰਬਾਰ ਸਾਹਿਬ ਨੂੰ ਜਾਂਦੇ ਦਿਸੇ........ਬੂਟਾਂ ਸਮੇਤ...........ਹੁਣ ਸੰਤ ਜੀ ਆਪਣਾ ਪ੍ਰਣ ਨਿਭਾਉਣ ਲਈ ਕਿਸੇ ਸਭ ਤੋਂ ਵਧੀਆ ਥਾਂ ਬਾਰੇ ਸੋਚਣ ਲੱਗੇ। ਉਹਨਾਂ ਨੇ ਕੁਝ ਦਿਨ ਪਹਿਲਾਂ ਕਿਸੇ ਵਿਦਵਾਨ ਸੱਜਣ ਨਾਲ ਇਸ ਬਾਰੇ ਗੱਲਾਂ-ਬਾਤਾਂ ਕੀਤੀਆਂ ਸਨ। ਸ਼ਹਾਦਤ ਲਈ ਸਭ ਤੋਂ ਢੁਕਵੀਂ ਥਾਂ......... ਉਹਨਾਂ ਨੇ ਆਪਣਾ ਰਿਵਾਲਵਰ ਸਾਂਭਿਆ, ਉਸ ਵਿਚ ਕੋਈ ਗੋਲੀ ਨਹੀਂ ਸੀ.........ਉਹਨਾਂ ਨੇ ਆਪਣੇ ਗਲ ਵਿਚ ਪਾਏ ਗੋਲੀਆਂ ਵਾਲੇ ਪਟੇ ਵਿਚੋਂ ਰਹਿੰਦੀਆਂ ਪੰਜ ਗੋਲੀਆਂ ਕੱਢੀਆਂ ਤੇ ਭਰ ਲਈਆਂ। ਅਕਾਲ ਤਖ਼ਤ ਸਾਹਿਬ ਦੇ ਖੱਬੇ ਪਾਸੇ ਦੀ.........ਗੁਰੂ ਤੇਗ ਬਹਾਦਰ ਸਾਹਿਬ ਦੇ ਭੋਰੇ ਨੂੰ ਸਿਰ ਝੁਕਾ ਕੇ ਉਹ ਹੇਠਾਂ ਉਤਰੇ ਤੇ ਮੀਰੀ-ਪੀਰੀ ਦੇ ਨਿਸ਼ਾਨਾਂ ਸਾਹਿਬਾਂ ਦੇ ਵਿਚਾਲੇ ਆ ਕੇ ਰੁਕ ਗਏ। ਸ਼ਾਇਦ ਇਹੀ ਉਹ ਥਾਂ ਸੀ.........ਸ਼ਹਾਦਤ ਲਈ ਸਭ ਤੋਂ ਵਧੀਆ ਜਗ੍ਹਾ............ਖੱਬੇ ਪਾਸੇ ਦਰਬਾਰ ਸਾਹਿਬ...........ਸੱਜੇ ਪਾਸੇ ਅਕਾਲ ਤਖ਼ਤ ਸਾਹਿਬ............ਸੰਤ ਜੀ ਨੇ ਦਰਬਾਰ ਸਾਹਿਬ ਵੱਲ ਸਿਰ ਝੁਕਾਇਆ............ਉਹਨਾਂ ਦੇ ਆਲੇ-ਦੁਆਲੇ ਫ਼ੌਜੀਆਂ ਦਾ ਘੇਰਾ ਵਧ ਰਿਹਾ ਸੀ..........ਫੌਜੀ ਗੋਲੀ ਨਹੀਂ ਚਲਾ ਰਹੇ ਸਨ............ਉਹ ਚਾਰੇ ਪਾਸਿਆਂ ਤੋਂ ਸੰਤ ਜੀ ਵੱਲ ਵਧ ਰਹੇ ਸਨ ਤੇ ਸੰਤ ਜੀ ਵਿਚਾਲੇ ਖਲੋਤੇ ਸਨ........... ਇਸੇ ਵੇਲੇ ਪਤਾ ਨਹੀਂ ਕਿਥੋਂ ਫ਼ਿਜ਼ਾ ਵਿਚ ਬੋਲ ਗੂੰਜ ਰਹੇ ਸਨ:

'ਇਹ ਪੰਛੀ ਇਕੱਲਾ ਏ, ਏਹਦੇ ਮਗਰ ਸ਼ਿਕਾਰੀ ਬਹੁਤੇ।'

ਸੰਤ ਜੀ ਨੇ ਜਦੋਂ ਅਕਾਲ ਤਖ਼ਤ ਸਾਹਿਬ ਵੱਲ ਦੇਖਿਆ ਤਾਂ ਉਹਨਾਂ ਦੀ ਭੁੱਬ ਨਿਕਲ ਗਈ..........

ਉਹਨਾਂ ਨੇ ਦਰਸ਼ਨੀ ਡਿਉੜੀ ਵਿਚ ਦਾਖ਼ਲ ਹੋ ਰਹੇ ਕੁਝ ਫ਼ੌਜੀਆਂ ਵੱਲ ਤੱਕਿਆ.........ਫੇਰ ਕੁਝ ਫੌਜੀ ਬੂਟਾਂ ਸਮੇਤ ਦਰਬਾਰ ਸਾਹਿਬ ਵੱਲ ਜਾ ਰਹੇ ਸਨ.........ਉਹਨਾਂ ਨੇ ਆਪਣੇ ਰਿਵਾਲਵਰ ਦੀਆਂ ਪੰਜੇ ਗੋਲੀਆਂ ਚਲਾਈਆਂ.........ਅਗਲੇ ਪਲ ਦਰਸ਼ਨੀ ਡਿਉੜੀ ਦੇ ਦਰਵਾਜ਼ੇ 'ਤੇ ਪੰਜ ਫ਼ੌਜੀਆਂ ਦੀਆਂ ਲਾਸ਼ਾਂ ਪਈਆਂ ਸਨ.........ਏਨੀ ਦੇਰ ਸੀ ਕਿ ਚਾਰੇ ਪਾਸਿਆਂ ਤੋਂ ਗੋਲੀਆਂ ਦੀ ਤੜ.......ਤੜ.........ਤੜ...........ਸੁਣਾਈ ਦਿੱਤੀ।........ਸੰਤ ਜੀ ਗੋਡਿਆਂ

ਭਾਰ ਡਿਗ ਪਏ...........ਕੁਝ ਗੋਲੀਆਂ ਉਹਨਾਂ ਦੀ ਦਸਤਾਰ ਵਿਚ ਵੱਜੀਆਂ..........ਉਹਨਾਂ ਨੇ ਆਪਣੀ ਦਸਤਾਰ ਨੂੰ ਹੱਥ ਪਾ ਲਿਆ ਤੇ ਉਸ ਨੂੰ ਸਿਰੋਂ ਲਹਿੰਣ ਤੋਂ ਬਚਾਇਆ।..........ਹੁਣ ਉਹ ਨਿਸ਼ਾਨ ਸਾਹਿਬਾਂ ਦੇ ਵਿਚਾਲੇ ਪਏ ਸਨ..........ਉਹਨਾਂ ਨੇ ਆਖ਼ਰੀ ਵਾਰ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਵੱਲ ਤੱਕਿਆ..........''ਹੇ ਗੁਰੂ ਰਾਮਦਾਸ ਸੱਚੇ ਪਾਤਸ਼ਾਹ.........ਆਪ ਜੀ ਦੇ ਬੱਚਿਆਂ ਤੋਂ ਜੇ ਕੋਈ ਗ਼ਲਤੀ ਹੋ ਗਈ ਹੋਵੇ ਤਾਂ ਮੁਆਫ਼ ਕਰਿਓ.........ਹੇ ਕਲਗੀਧਰ ਪਾਤਸ਼ਾਹ, ਕੌਮ ਨੂੰ ਬਲ ਬਖ਼ਸ਼ੋ ਤਾਂਕਿ ਉਹ ਬ੍ਰਾਹਮਣਵਾਦੀ ਜੂਲੇ ਤੋਂ ਮੁਕਤ ਹੋ ਸਕੇ..........ਹੁਣ ਪਾਤਸ਼ਾਹ ਕੌਮ ਹੋਰ ਗ਼ੁਲਾਮੀ ਨਹੀਂ ਸਹਾਰ ਸਕਦੀ..........।''

ਕੁਝ ਰੁਕ ਕੇ ਸੰਤ ਜੀ ਫੇਰ ਬੋਲੇ, ''ਜ਼ਾਲਮ ਪਾਪਣ ਇੰਦਰਾ, ਤੂੰ ਗੁਰੂ ਦੇ ਖ਼ਾਲਸੇ ਦੀਆਂ ਤੁਹਾਡੇ ਦੇਸ਼ ਲਈ ਕੀਤੀਆਂ ਕੁਰਬਾਨੀਆਂ ਦਾ ਆਹ ਮੁੱਲ ਮੋੜਿਆ।...........ਤੂੰ ਗੁਰੂ ਘਰ 'ਤੇ ਚੜ੍ਹ ਕੇ ਆਈ.........ਅਕਾਲ ਤਖ਼ਤ ਸਾਹਿਬ ਢਾਹਿਆ............ਹਰਿਮੰਦਰ ਦਾ ਸੀਨਾ ਛਲਣੀ ਕੀਤਾ..........ਇਸ ਦੀ ਸਜ਼ਾ ਤੈਨੂੰ ਤੇ ਤੇਰੈ ਦੇਸ਼ ਨੂੰ ਭੁਗਤਣੀ ਪਵੇਗੀ.........।''

ਕਈ ਫ਼ੌਜੀ ਸੰਤਾਂ ਕੋਲ ਆ ਕੇ ਖੜ ਗਏ।

'ਫਰੀਦਾ ਬਾਰ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥
ਜੇ ਤੂੰ ਏਵੈ ਰਖਸੀ ਜੀਉ ਸਰੀਰਹੁ......॥'

ਇਕ ਦਮ ਕੁਝ ਗੋਲੀਆਂ ਚੱਲੀਆਂ......... 'ਜੀਉ ਸਰੀਰਹੁ' ਸੰਤ ਜੀ ਦੇ ਬੋਲ ਮੂੰਹ ਵਿਚ ਰਹਿ ਗਏ।

ਇਸ ਵੇਲੇ ਦਰਬਾਰ ਸਾਹਿਬ ਵਿਚ ਕੀਤਰਨ ਨਹੀਂ ਹੋ ਰਿਹਾ ਸੀ........ ਪਰ ਫਿਰ ਵੀ ਹਜ਼ਾਰਾਂ ਇਲਾਹੀ ਆਵਾਜ਼ਾਂ ਆ ਰਹੀਆਂ ਸਨ:

ਓੜਕਿ ਨਿਬਹੀ ਪ੍ਰੀਤਿ ਸੇਵਕ ਕੀ
ਓੜਕ ਨਿਬਹੀ ਪ੍ਰੀਤਿ॥

ਬੇਅੰਤ ਤੇ ਮੰਦਰ ਨੇ ਮੂੰਹ ਵਿਚ ਰਜਾਈ ਨੱਪੀ ਹੋਈ ਸੀ ਤਾਂ ਕਿ ਰੋਣ ਦੀ ਆਵਾਜ਼ ਨਾ ਨਿਕਲ ਸਕੇ। ਗੁਰਪ੍ਰੀਤ ਤੇ ਹਰਮੀਤ ਅੱਖਾਂ ਵਿਚੋਂ ਪਰਲ-ਪਰਲ ਹੰਝੂ ਸੁੱਟ ਰਹੇ ਸਨ। ਹਰਪ੍ਰੀਤ ਤਾਂ ਉੱਠ ਕੇ ਬਾਹਰ ਚਲਾ ਗਿਆ ਸੀ। ਕਿਸੇ ਵਿਚ ਇਕ ਦੂਜੇ ਵੱਲ ਵੇਖਣ ਦੀ ਵੀ ਹਿੰਮਤ ਨਹੀਂ ਸੀ। ਸਾਰਿਆਂ ਨੂੰ ਆਪਣੇ ਅੰਦਰ ਕਿਤੇ ਭਾਰੀ ਹਲਚਲ ਹੁੰਦੀ ਪ੍ਰਤੀਤ ਹੋ ਰਹੀ ਸੀ। ਇੰਝ ਲੱਗਦਾ ਸੀ ਜਿਵੇਂ ਬਹੁਤ ਕੁਝ ਟੁੱਟ-ਭੱਜ ਗਿਆ ਹੋਵੇ। ਕਈਆਂ ਦੇ ਅੰਦਰ ਬਹੁਤ ਕੁਝ ਉਸਰਿਆ ਹੋਇਆ ਢਹਿ ਗਿਆ ਸੀ। ਭਾਰਤ ਲਈ ਉਹਨਾਂ ਦੇ ਮਨ ਵਿਚ ਜੋ ਮਾੜਾ-ਮੋਟਾ ਪਿਆਰ ਸੀ, ਉਹ ਵੀ ਨਫ਼ਰਤ ਵਿਚ ਬਦਲ ਗਿਆ ਸੀ। ਹਰਮੀਤ ਦੇਸ਼ ਭਗਤੀ ਦੇ ਕਈ ਗੀਤ ਜਾਣਦਾ ਸੀ, ਤਿਰੰਗੇ ਬਾਰੇ ਵੀ ਉਹ ਕਾਫ਼ੀ ਕੁਝ ਗਾਉਂਦਾ ਹੁੰਦਾ ਸੀ, ਪਰ............ਹੁਣ

ਉਹ ਸਾਰੇ ਗੀਤ ਉਸ ਨੂੰ ਵਿਹੁ ਵਰਗੇ ਲੱਗ ਰਹੇ ਸਨ। ਤਿਰੰਗੇ ਵਿਚੋਂ ਉਸ ਨੂੰ ਲਹੂ ਚੋਂਦਾ ਦਿਸ ਰਿਹਾ ਸੀ.........ਲਹੂ..........ਉਸ ਦੀ ਆਪਣੀ ਧਰਤੀ ਦੇ ਜਾਇਆਂ ਦਾ..........ਆਪਣੇ ਵੀਰਾਂ ਦਾ.........ਤੇ ਜਦੋਂ ਬਾਪੂ ਜੀ ਨੇ ਦੱਸਿਆ ਕਿ ਅਕਾਲ ਤਖ਼ਤ ਸਾਹਿਬ ਤੋਂ ਨਿਸ਼ਾਨ ਸਾਹਿਬ ਲਾਹ ਕੇ ਭਾਰਤੀ ਫ਼ੌਜ ਨੇ ਤਿਰੰਗਾ ਚੜ੍ਹਾਇਆ ਸੀ ਤਾਂ ਉਸ ਨੇ ਮਨ ਵਿਚ ਲਾਲ ਕਿਲ੍ਹੇ 'ਤੇ ਝੂਲਦੇ ਤਿਰੰਗੇ ਨੂੰ ਕਈ ਗਾਲ੍ਹਾਂ ਕੱਢੀਆਂ।

ਹੁਣ ਕਿਸੇ ਲਈ ਅੱਗੇ ਕੁਝ ਬੋਲਣਾ ਅਸੰਭਵ ਸੀ। ਹਰਪ੍ਰੀਤ ਪਾਣੀ ਲੈ ਆਇਆ। ਸਾਰੇ ਬਿਨਾਂ ਕੋਈ ਸ਼ਬਦ ਬੋਲੇ ਘੁੱਟ-ਘੁੱਟ ਪਾਣੀ ਪੀ ਕੇ ਪੈ ਗਏ। ਰਜਾਈਆਂ ਨਾਲ ਮੂੰਹ ਢੱਕ ਲਏ। ਕਿਤੇ-ਕਿਤੇ ਕੋਈ ਸਿਸਕੀ ਜਿਹੀ ਦੀ ਆਵਾਜ਼ ਕੰਨੀਂ ਪੈ ਜਾਂਦੀ।

ਬੇਅੰਤ ਦਾ ਸਾਰਿਆਂ ਤੋਂ ਬੁਰਾ ਹਾਲ ਸੀ। ਸਾਹਿਤਿਕ ਰੁਚੀਆਂ ਦਾ ਹੋਣ ਕਰਕੇ ਉਹ ਕੁਝ ਭਾਵੁਕ ਵੀ ਸੀ। ਉਸ ਦੇ ਮਨ ਵਿਚ ਤਾਂ ਜਿਵੇਂ ਜਵਾਲਾਮੁਖੀ ਫਟ ਰਹੇ ਸਨ। ਪਹਾੜਾਂ ਵਿਚੋਂ ਇਕਦਮ ਨਿਕਲਦੇ ਗਰਮ ਚਸ਼ਮਿਆਂ ਵਾਂਗ ਉਸ ਦੇ ਦਿਲ ਵਿਚ ਵੀ ਥੋੜ੍ਹੇ-ਥੋੜ੍ਹੇ ਚਿਰ ਬਾਅਦ ਕੁਝ ਉੱਬਲਦਾ ਸੀ। ਉਸ ਨੂੰ ਇਕਬਾਲ ਦੀਆਂ ਸਤਰਾਂ ਚੇਤੇ ਆ ਰਹੀਆਂ ਸਨ:

'ਸ਼ਰਮ ਸੀ ਆਤੀ ਹੈ ਇਸੇ ਵਤਨ ਕਹਿਤੇ ਹੂਏ।'

ਹਰਪ੍ਰੀਤ ਤੇ ਗੁਰਪ੍ਰੀਤ ਦੀ ਤਾਂ ਪਿਛਲੀ ਰਾਤ ਹੀ ਨੀਂਦ ਉੱਡ ਗਈ ਸੀ........ਤੇ ਅੱਜ ਦੀ ਵਾਰਤਾ ਸੁਣ ਕੇ ਤਾਂ.........।

ਮੰਦਰ ਨੇ ਪਹਿਲਾਂ ਵੀ ਥੋੜ੍ਹਾ-ਬਹੁਤਾ ਇਸ ਘਟਨਾ ਬਾਰੇ ਸੁਣਿਆ ਹੋਇਆ ਸੀ। ਪਰ ਹਿੰਦ ਦੇ ਪੰਜਾਬ 'ਤੇ ਢਾਹੇ ਏਨੇ ਜ਼ੁਲਮਾਂ ਬਾਰੇ ਤਾਂ ਕਦੇ ਉਸ ਨੇ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ। ਗੁਰਦੁਆਰੇ ਵਾਲੇ ਭਾਈ ਜੀ ਜਿਹੜਾ ਸ਼ੇਅਰ ਕਈ ਵਾਰ ਪੜ੍ਹਦੇ ਹੁੰਦੇ ਸਨ:

ਅਸੀਂ ਸਿੱਖ ਹਾਂ ਗੁਰੂ ਦਸਮੇਸ਼ ਜੀ ਦੇ
ਭਲਾ ਦੇਸ਼ ਦਾ ਕੀਤਾ ਤਾਂ ਅਸੀਂ ਕੀਤਾ।
ਚੜ੍ਹਦੇ ਸੰਨ 47 ਦੇ ਜ਼ਖ਼ਮ ਖਾ ਕੇ
ਜ਼ਖ਼ਮ ਦੇਸ਼ ਦਾ ਸੀਤਾ ਤਾਂ ਅਸੀਂ ਸੀਤਾ।
ਚੜ੍ਹ ਕੇ ਲੇਹ ਲੱਦਾਖ ਦਿਆਂ ਪਰਬਤਾਂ 'ਤੇ,
ਲਹੂ ਵੈਰੀਆਂ ਦਾ ਪੀਤਾ ਤਾਂ ਅਸੀਂ ਪੀਤਾ।
ਗੋਲੀ ਡਾਇਰ ਦੇ ਮਾਰੀ ਤਾਂ ਅਸੀਂ ਮਾਰੀ,
ਬਦਲਾ ਦੇਸ ਦਾ ਲੀਤਾ ਤਾਂ ਅਸੀਂ ਲੀਤਾ।
(ਪਰ) ਦੇਸ਼ ਹੋਇਆ ਆਜ਼ਾਦ ਮੁਲਖ਼ ਤਾਮੀਰ ਹੋਏ,
ਉਹ ਹੋਰ ਹੋ ਗਏ, ਅਸੀਂ ਹੋਰ ਹੋ ਗਏ।
ਸਾਡੀ ਰਹੀ ਇਸ ਦੇਸ਼ ਵਿਚ ਗੱਲ ਕੋਈ ਨਾ,

ਉਹ ਸਾਧ ਹੋ ਗਏ, ਅਸੀਂ ਚੋਰ ਹੋ ਗਏ।

ਇਸ ਦੀ ਪੂਰੀ ਸਮਝ ਮੰਦਰ ਨੂੰ ਅੱਜ ਲੱਗੀ ਸੀ।

ਸਾਰੇ ਜਣੇ ਭਾਵੇਂ ਜਾਗਦੇ ਸਨ, ਪਰ ਕਿਸੇ ਦੇ ਸਾਹ ਲੈਣ ਦੀ ਆਵਾਜ਼ ਵੀ ਨਹੀਂ ਸੀ ਆ ਰਹੀ। ਸਭ ਦੇ ਦਿਮਾਗ ਵਿਚ ਕੁਝ ਨਾ ਕੁਝ ਚੱਲ ਰਿਹਾ ਸੀ। ਆਖ਼ਰ ਇਹ ਚੁੱਪੀ ਚੌਂਕੀਦਾਰ ਦੇ 'ਜਾਗਦੇ ਰਹੋ' ਨੇ ਤੋੜੀ.......

"ਜਾਗਦੇ, ਆਂ ਭਰਾਵਾ......ਹੁਣ ਨੀਂ ਸੌਂਦੇ........ਜਾਂ ਸ਼ਾਇਦ ਹੁਣ ਨੀਂਦ ਆਉਣੀ ਹੀ ਨਹੀਂ..........।" ਬੇਅੰਤ ਨੇ ਰਜਾਈ ਵਿਚੋਂ ਹੀ ਕਿਹਾ ਤੇ ਸਾਰੇ ਜਣੇ 'ਸਵੇਰ' ਦਾ ਇੰਤਜ਼ਾਰ ਕਰਨ ਲੱਗੇ।

ਕਾਂਡ ੧੭

ਗੁਰਦੁਆਰੇ ਵਾਲੇ ਭਾਈ ਜੀ ਦੀ ਆਵਾਜ਼ ਆਈ:

ਅਬ ਮਨ ਜਾਗਤ ਰਹੁ ਰੇ ਭਾਈ॥
ਗਾਫਲੁ ਹੋਇ ਕੈ ਜਨਮ ਗਵਾਇਓ ਚੋਰੁ ਮੁਸੈ ਘਰੁ ਜਾਈ॥
ਆਸਾ ਆਸ ਕਰੇ ਸਭੁ ਕੋਈ॥
ਹੁਕਮੈ ਬੁਝੈ ਨਿਰਾਸਾ ਹੋਈ॥
ਆਸਾ ਵਿਚਿ ਸੁਤੇ ਕਈ ਲੋਈ॥
ਸੋ ਜਾਗੈ ਜਾਗਾਵੈ ਸੋਈ॥ *(794)*

ਪਹਿਲੀ ਵਾਰ ਮੁੰਡਿਆਂ ਨੂੰ ਗੁਰਬਾਣੀ ਦੇ ਸ਼ਬਦਾਂ ਦੀ ਸਮਝ ਆ ਰਹੀ ਸੀ ਜਾਂ ਸ਼ਾਇਦ ਪਹਿਲਾਂ ਕਦੇ ਉਹਨਾਂ ਨੇ ਗੁਰਬਾਣੀ ਏਨੇ ਧਿਆਨ ਨਾਲ ਸੁਣੀ ਨਹੀਂ ਸੀ।

ਖ਼ੈਰ!

ਚਾਹ ਪੀ ਕੇ ਸਾਰਿਆਂ ਨੇ ਇਸ਼ਨਾਨ ਕੀਤਾ ਤੇ ਤਿਆਰ ਹੋਣ ਲੱਗੇ।

ਬੇਅੰਤ ਆਪਣੇ ਘਰੋਂ ਜਾ ਕੇ ਤਿਆਰ ਹੋ ਆਇਆ ਸੀ। ਰੋਟੀ ਸਾਰਿਆਂ ਇਕੱਠਿਆਂ ਨੇ ਖਾਣੀ ਸੀ।

ਸਾਰੇ ਜਣੇ ਫੇਰ ਬੈਠਕ ਵਿਚ ਮੰਜਿਆਂ 'ਤੇ ਬੈਠ ਗਏ। ਅਜਮੇਰ ਸਿੰਘ ਵੀ ਉਹਨਾਂ ਦੇ ਕੋਲ ਹੀ ਬੈਠਾ ਸੀ। ਗੱਲ-ਬਾਤ ਸ਼ੁਰੂ ਕਰਨ ਲਈ ਬੇਅੰਤ ਨੇ ਪਹਿਲ ਕੀਤੀ। ਉਹ ਅਜਮੇਰ ਸਿੰਘ ਨੂੰ ਪੁੱਛਣ ਲੱਗਾ, ''ਬਾਪੂ ਜੀ, ਕਹਿੰਦੇ ਮੰਡੀ ਆਲਾ ਰਾਮ ਆੜ੍ਹਤੀਆ ਵੀ ਖਾੜਕੂਆਂ ਨੇ ਮਾਰਤਾ ਸੀ......ਉਹਦੇ ਬਾਰੇ ਪਤੈ ਕੁਝ ਥੋਨੂੰ.....?''

''ਆਹੋ ਪੁੱਤ,........ਉਹ ਵੀ ਉਹਨਾਂ ਪਾਪੀ ਦੁਸ਼ਟਾਂ ਵਿਚੋਂ ਇਕ ਸੀ ਜਿਹਨਾਂ ਨੇ ਦਰਬਾਰ ਸਾਹਿਬ 'ਤੇ ਹਮਲੇ ਦੀ ਖ਼ੁਸ਼ੀ ਵਿਚ ਲੱਡੂ ਵੰਡੇ ਸਨ। ਅਸਲ ਵਿਚ ਉਹਨੂੰ ਖਾੜਕੂਆਂ ਨੇ ਨਹੀਂ ਸੀ ਮਾਰਿਆ।''

''ਅੱਛਾ!........ਫੇਰ ਕੀਹਨੇ ਮਾਰਿਆ ਸੀ?''

''ਉਹ ਤਾਂ ਜਦੋਂ ਪੁੱਤਰ ਲੱਡੂ ਵੰਡ ਰਿਹਾ ਸੀ ਤਾਂ ਰੋੜੀ ਦਾ ਇਕ ਮਜ਼ਹਬੀਆਂ ਦਾ ਮੁੰਡਾ ਉਧੋਂ ਦੀ ਲੰਘਿਆ। ਉਸ ਨੇ ਪੁੱਛਿਆ ਕਿ ਇਹ ਲੱਡੂ ਕਾਹਦੇ ਵੰਡਦੇ ਐ?.......ਕਿਸੇ ਨੇ ਕਿਹਾ ਕਿ ਅੰਬਰਸਰ ਫ਼ੌਜ ਨੇ ਜਿੱਤ

ਲਿਐ.........ਉਹ ਮੁੰਡਾ ਗੁੱਸੇ 'ਤੇ ਕਾਬੂ ਨਾ ਰੱਖ ਸਕਿਆ ਤੇ ਉਸ ਨੇ ਗਾਲ੍ਹਾਂ ਕੱਢ ਦਿੱਤੀਆਂ ਲਾਲਿਆਂ ਨੂੰ.......ਕਹਿੰਦਾ..........ਇਹਨਾਂ ਭੈਣ ਦਿਆਂ ਯਾਰਾਂ ਨੂੰ ਕਾਹਦੀ ਖੁਸ਼ੀ ਚੜ੍ਹੀ ਐ...........ਦਰਬਾਰ ਸਾਬ੍ਹ ਢਾਹਤਾ ਕੁੱਤੀ ਗੌਰਮਿੰਟ ਨੇ............ਬਾਬੇ ਨਾਨਕ ਦਾ ਘਰ..........ਤੇ ਇਹ ਭੈਣ...........ਸਾਲੇ ਲੱਡੂ ਵੰਡੀ ਜਾਂਦੇ ਆ..........ਇਹਨਾਂ ਨੂੰ ਕੋਈ ਪੁੱਛੇ ਬਈ ਸਾਲਿਓ ਕੀ ਕੁਛ ਨੀਂ ਕੀਤਾ ਸਿੱਖਾਂ ਨੇ ਥੋਡੇ ਲਈ...........ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਛੱਡੇ........ਆਵਦੀ ਜ਼ਮੀਨ-ਜੈਦਾਤ ਛੱਡੀ...........ਘਰ ਲੁਟਾਏ............ਇੱਜ਼ਤਾਂ ਖੁਹਾਈਆਂ..........ਤੇ ਤੁਸੀਂ ਸਾਲਿਓ ਆਹ ਮੁੱਲ ਤਾਰਿਆ..........ਬੱਚੇ ਮਰ ਜਾਣ ਗਾਂਧੀ-ਨਹਿਰੂ ਦੇ...........ਇਹਨਾਂ ਨੂੰ ਭੋਰਾ ਸ਼ਰਮ ਨਾ ਆਈ ਸਿੱਖਾਂ ਨਾਲ ਧ੍ਰੋਹ ਕਮਾਉਂਦਿਆਂ..........ਤੇ ਆਹ ਡੈਣ ਇੰਦਰਾ ਨੂੰ ਕੱਲ ਅਜੇ ਜੰਗ ਜਿੱਤ ਕੇ ਦਿੱਤੀ ਆ ਸਿੱਖਾਂ ਨੇ ਬੰਗਲਾ ਦੀ..........ਕ੍ਰਿਤਘਣ ਓ ਤੁਸੀਂ..........ਪਾਪੀ.......... ਦੁਸ਼ਟ..........ਜ਼ਾਲਮ..........ਥੋਨੂੰ ਕਿਸੇ ਜਹਾਨ 'ਚ ਢੋਈ ਨੀਂ ਮਿਲਣੀ.......... ਦਰਬਾਰ ਸਾਹਿਬ ਢਾਹੁਣ ਆਲਾ ਪਾਪੀ ਅਜ ਤਕ ਤਾਂ ਕਦੇ ਜਿਉਂਦਾ ਨੀਂ ਛੱਡਿਆ ਯੋਧਿਆਂ ਨੇ..........ਤੇ ਛੱਡਦੇ ਏਸ ਕੁੱਤੀ ਬਾਹਮਣੀ ਨੂੰ ਵੀ ਨਈਂ..........ਤੇ ਤੁਸੀਂ ਵੀ ਕੰਜਰੋ ਤਿਆਰੀ ਰੱਖਿਓ ਨਰਕਾਂ ਦੀ..........' ਏਨਾ ਕਹਿ ਕੇ ਉਹ ਮਜ਼ਬੀ ਤਾਂ ਉਥੋਂ ਚਲਾ ਗਿਆ ਪਰ ਇਹ ਸਭ ਕੁਝ ਉਥੇ ਖੜੇ ਕਾਲਜ ਦੇ ਦੋ ਮੁੰਡੇ ਸੁਣ ਰਹੇ ਸਨ। ਉਹਨਾਂ ਨੇ ਸ਼ਾਮ ਨੂੰ ਸੈਰ ਕਰਨ ਜਾਂਦਾ ਲਾਲਾ ਰਾਮ ਵੱਢਤਾ ਕਿਰਪਾਨ ਨਾਲ..........।..........ਤੇ ਪੁਲਿਸ ਨੇ ਕੁੱਟ-ਕੁੱਟ ਕੇ ਉਹ ਮਜ਼ਬੀ ਮਾਰਤਾ ਵਿਚਾਰਾ। ਅਖੇ ਜੀ ਇਹ ਵਾਰਨਿੰਗ ਦੇ ਕੇ ਗਿਆ ਸੀ ਲਾਲਾ ਜੀ ਨੂੰ।"

"ਤੇ ਹੋਰ ਲਾਲੇ ਨੂੰ ਫੁੱਲ ਪਾਉਂਦੇ..........ਉਹਨੂੰ ਸ਼ਰਮ ਨੀਂ ਆਈ ਸਾਲੇ ਨੂੰ ਲੱਡੂ ਵੰਡਦੇ ਨੂੰ।"

"ਆਹੀ ਗੱਲ ਉਸ ਮਜ਼ਬੀ ਨੇ ਕਹਿ ਦਿੱਤੀ ਸੀ ਪੁਲਿਸ ਆਲਿਆਂ ਨੂੰ.........."

ਪੁਲਿਸ ਆਲੇ ਆਂਹਦੇ ਤੂੰ ਲਾਲੇ ਰਾਮ ਨੂੰ ਬੁਰਾ ਭਲਾ ਕਿਉਂ ਬੋਲਿਆ..........ਉਹ ਕਹਿੰਦਾ..........ਉਹ ਭੈਣ ....ਖੁਸ਼ੀ ਮਨਾਉਂਦਾ ਸੀ ਦਰਬਾਰ ਸਾਹਿਬ ਢਾਹੁਣ ਦੀ..........ਉਹਨੂੰ ਭੈਣ ਦੇ ਯਾਰ ਨੂੰ ਪਤਾ ਨੀਂ ਸੀ ਬਈ ਦਰਬਾਰ ਸਾਹਿਬ ਨੂੰ ਮੰਨਣ ਆਲੀ ਕੌਮ ਦੇ ਸਿਰ 'ਤੇ ਈ ਉਹ ਰਾਜ ਭਾਗ ਦੇ ਮਾਲਕ ਬਣੇ ਬੈਠੇ ਐ..........ਨਹੀਂ ਤਾਂ ਉਹਨਾਂ ਨੇ ਅਜੇ ਗੋਰਿਆਂ ਦੇ ਬੂਟ ਪਾਲਿਸ਼ ਕਰਦੇ ਹੋਣਾ ਸੀ..........ਉਹਨੇ ਮੇਰੇ ਸਾਲੇ ਨੇ ਜੋ ਕਰਤੂਤ ਕੀਤੀ ਸੀ, ਉਹਦੀ ਸਜ਼ਾ ਤਾਂ ਉਹਨੂੰ ਮਿਲਣੀ ਸੀ..........।

ਬੱਸ ਏਨਾ ਕਹਿਣ ਦੀ ਦੇਰ ਸੀ ਕਿ ਪੁਲਿਸ ਨੇ ਕੁੱਟ-ਕੁੱਟ ਕੇ ਉਹਦੀਆਂ ਵਿਚਾਰੇ ਦੀਆਂ ਪੱਸਲੀਆਂ ਤੋੜ ਦਿੱਤੀਆਂ ਤੇ ਕੁਝ ਦਿਨਾਂ ਬਾਅਦ ਖ਼ਤਰਨਾਕ

ਅੱਤਵਾਦੀ ਘੋਸ਼ਿਤ ਕਰ ਕੇ ਉਹਦਾ ਮੁਕਾਬਲਾ ਬਣਾ ਦਿੱਤਾ..........।''

''ਮੁਕਾਬਲਾ..........ਉਹ ਕੀ ਬਾਪੂ..........ਮੁਕਾਬਲਾ ਕਿਵੇਂ..........?'' ਮੁੰਡੇ ਅਜੇ ਪੁਲਿਸ ਮੁਕਾਬਲਿਆਂ ਦੀ ਅਸਲੀਅਤ ਵੀ ਨਹੀਂ ਜਾਣਦੇ ਸਨ।

''ਓ ਕੋਨੀਂ ਲੱਗ ਜੂ ਮੁਕਾਬਲਿਆਂ ਬਾਰੇ ਵੀ ਥੋਨੂੰ ਪਤਾ..........ਐਨਾ ਕੁਝ ਜਾਣ ਗਏ ਓ..........ਏਹ ਵੀ ਜਾਣ ਜਾਓਗੇ।'' ਅਜਮੇਰ ਸਿੰਘ ਹੁਣ ਗੱਲ ਹੋਰ ਵਧਾਉਣੀ ਨਹੀਂ ਚਾਹੁੰਦਾ ਸੀ, ਅਸਲ ਵਿਚ ਉਹਨੇ ਮੇਜਰ ਬੁੜ੍ਹੇ ਕਿਆਂ ਕੰਨੀਂ ਜਾਣਾ ਸੀ ਕਿਸੇ ਜ਼ਮੀਨ ਦੇ ਰੌਲੇ-ਗੌਲੇ 'ਚ..........ਸੋ ਉਹ ਹੁਣ ਮੁੰਡਿਆਂ ਤੋਂ ਛੁੱਟੀ ਚਾਹੁੰਦਾ ਸੀ।

ਮੁੰਡਿਆਂ ਨੇ ਵੀ ਉਸ ਨੂੰ ਬਹੁਤਾ ਜ਼ੋਰ ਦੇ ਕੇ ਨਾ ਕਿਹਾ। ਉਹ ਰਾਤ ਦੀ ਵਾਰਤਾ ਸੁਣ ਕੇ ਅਜੇ ਪੂਰੀ ਤਰ੍ਹਾਂ ਸੰਭਲੇ ਨਹੀਂ ਸਨ। ਸੋ ਉਹਨਾਂ ਨੇ ਬਾਕੀ ਗੱਲਾਂ ਕਦੇ ਫੇਰ ਸੁਣਨ ਦਾ ਅਜਮੇਰ ਸਿੰਘ ਤੋਂ ਵਾਅਦਾ ਲੈ ਲਿਆ ਤੇ ਉਸ ਨੂੰ ਜਾਣ ਦਿੱਤਾ।

''ਯਾਰ, ਮੈਂ ਤਾਂ ਆਹਨੈਂ ਹਰਪ੍ਰੀਤ, ਆਪਾਂ ਕਿਸੇ ਦਿਨ ਪ੍ਰੋਫੈਸਰ ਜਤਿੰਦਰ ਹੋਰਾਂ ਕੋਲ ਫੇਰ ਬੈਠੀਏ ਤੇ ਏਸ ਸਭ ਕਾਸੇ ਬਾਰੇ ਕੁਝ ਹੋਰ ਗੱਲਾਂ ਕਰੀਏ।'' ਬੇਅੰਤ ਨੇ ਆਪਣੇ ਮਨ ਵਿਚ ਚੱਲ ਰਹੀ ਗੱਲ ਕਹੀ।

''ਆਹੋ..........ਨਾਲੇ ਸ਼ੈਦ ਕੁਝ ਹੋਰ ਨਵੀਆਂ ਗੱਲਾਂ ਪਤਾ ਲੱਗਣ।'' ਹਰਪ੍ਰੀਤ ਨੇ ਵੀ ਹੁੰਗਾਰਾ ਭਰਿਆ।

ਸੋ ਇਸ ਆਸ ਨਾਲ ਸਾਰਿਆਂ ਨੇ ਇਕ-ਦੂਜੇ ਤੋਂ ਵਿਦਾਈ ਲਈ।

''ਚੰਗਾ ਫੇਰ, ਸਵੇਰੇ ਕਾਲਜ ਮਿਲਦੇ ਹਾਂ।'' ਬੱਸ ਚੜ੍ਹਨ ਲੱਗੇ ਮੰਦਰ ਤੇ ਹਰਮੀਤ ਨੇ ਬੇਅੰਤ, ਹਰਪ੍ਰੀਤ ਤੇ ਗੁਰਪ੍ਰੀਤ ਨੂੰ ਕਿਹਾ।

ਕਾਂਡ ੧੯

"ਮੈਂ ਤਾਂ ਯਾਰ ਹਰਪ੍ਰੀਤ, ਕੱਲ੍ਹ ਊਈਂ ਡੌਰ-ਭੌਰ ਜਿਹਾ ਹੋ ਕੇ ਫਿਰਦਾ ਰਿਹਾ ਘਰੇ..........ਸਾਲਾ ਕਿਸੇ ਕੰਮ 'ਚ ਮਨ ਈ ਨਾ ਲੱਗੇ..........ਦਿਮਾਗ਼ ਹੋਰ ਪਾਸੇ ਤੁਰਿਆ ਫਿਰੇ ਤੇ ਸਰੀਰ ਹੋਰ ਪਾਸੇ।" ਮੰਦਰ ਨੇ ਹਰਪ੍ਰੀਤ ਸਮੇਤ ਸਾਰਿਆਂ ਨੂੰ ਆਵਦੀ ਹਾਲਤ ਦੱਸੀ।

"ਓ ਤੇਰਾ ਕੱਲੇ ਦਾ ਥੋੜ੍ਹਾ..........ਸਾਰਿਆਂ ਦਾਂ ਇਹੀ ਹਾਲ ਐ..........ਇਊਂ ਲੱਗਦੈ ਜਿਵੇਂ ਭੂਤਕਾਲ ਜਹੇ 'ਚ ਤੁਰੇ ਫਿਰਦੇ ਹੋਈਏ।" ਹਰਪ੍ਰੀਤ ਨੇ ਵੀ ਮੰਦਰ ਦੀ ਗੱਲ ਦਾ ਸਾਰਿਆਂ ਵੱਲੋਂ ਜਵਾਬ ਦਿੱਤਾ।

"ਯਾਰ, ਮੈਨੂੰ ਤਾਂ ਸਮਝ ਨੀਂ ਆਉਂਦੀ..........ਆਪਾਂ ਤਾਂ ਏਨੀਆਂ ਕਿਤਾਬਾਂ ਪੜ੍ਹਦੇ ਆਂ..........ਸਲੇਬਸ ਤੋਂ ਬਾਹਰੀਆਂ ਵੀ..........ਫੇਰ ਯਾਰ ਐਡੀਆਂ ਘਟਨਾਵਾਂ ਕਿਵੇਂ ਆਪਣੀਆਂ ਅੱਖਾਂ ਤੋਂ ਪਰੇ ਰਹਿ ਗਈਆਂ..........।" ਹਰਮੀਤ ਵੀ ਬੋਲਿਆ।

"ਓ ਹਰਮੀਤ ਸਿਆਂ, ਕਿਤਾਬਾਂ ਆਪਾਂ ਨੂੰ ਕਹਿੰਦੇ ਈ ਓਹੋ ਜਿਹੀਆਂ ਨੇ ਪੜ੍ਹਨ ਨੂੰ, ਜਿਨ੍ਹਾਂ 'ਚ ਇਹ ਸਭ ਕੁਝ ਨੀਂ ਹੁੰਦਾ..........ਨਾਲੇ ਇਹੋ ਜਿਹੀਆਂ ਕਿਤਾਬਾਂ 'ਅਗਲੇ' ਛਾਪਣ ਵੀ ਨੀਂ ਦਿੰਦੇ ਹੋਣੇ..........ਏਥੇ ਤਾਂ ਨਹਿਰੂ ਨੂੰ ਚਾਚਾ, ਗਾਂਧੀ ਨੂੰ ਬਾਪੂ ਤੇ ਇੰਦਰਾ ਨੂੰ 'ਦੁਰਗਾ' ਦਰਸਾਉਂਦੀਆਂ ਕਿਤਾਬਾਂ ਈ ਆਪਣੇ ਮੂਹਰੇ ਆਉਂਦੀਐਂ..........ਨਾਲੇ ਆਪਣੇ ਪ੍ਰੋਫ਼ੈਸਰਾਂ 'ਚੋਂ ਜਤਿੰਦਰ ਸਿਹੁੰ ਨੂੰ ਛੱਡ ਕੇ ਹੋਰ ਕੋਈ ਹੈ ਜਿਹੜਾ ਆਪਾਂ ਨੂੰ ਕੋਈ ਚੱਜ ਦੀ ਚੀਜ਼ ਦੱਸੇ..........।" ਬੇਅੰਤ ਨੇ ਗੱਲ ਸਿਰੇ ਲਾ ਦਿੱਤੀ।

ਗੱਲਾਂ ਕਰਦੇ-ਕਰਦੇ ਸਾਰੇ ਜਣੇ ਕਾਲਜ ਪਹੁੰਚ ਗਏ। ਰਸਤੇ ਵਿਚ ਉਹ ਅਜਮੇਰ ਸਿੰਘ ਤੋਂ ਸੁਣੀ ਵਾਰਤਾ ਬਾਰੇ ਹੀ ਗੱਲਾਂ ਕਰਦੇ ਆਏ ਸਨ ਤੇ ਹੁਣ ਕਾਲਜ ਵੜ ਕੇ ਪ੍ਰੋਫ਼ੈਸਰ ਜਤਿੰਦਰ ਨੂੰ ਲੱਭ ਰਹੇ ਸਨ। ਇਕ-ਦੋ ਪ੍ਰੋਫ਼ੈਸਰਾਂ ਤੋਂ ਪੁੱਛਣ ਤੋਂ ਬਾਅਦ ਉਹਨਾਂ ਨੂੰ ਪਤਾ ਲੱਗਾ ਕਿ ਪ੍ਰੋਫ਼ੈਸਰ ਸਾਹਿਬ ਤਾਂ ਅੱਜ ਛੁੱਟੀ 'ਤੇ ਹਨ।

"ਫੇਰ ਹੁਣ..........ਕਿਮੇਂ ਕਰੀਏ ?" ਗੁਰਪ੍ਰੀਤ ਬੋਲਿਆ।

"ਚਲੋ ਕੱਲ੍ਹ ਨੂੰ ਸਹੀ..........।" ਹਰਪ੍ਰੀਤ ਨੇ ਜਵਾਬ ਦਿੱਤਾ।

"ਜੇ ਤੁਸੀਂ ਮੰਨੋ ਤਾਂ ਆਪਾਂ ਪ੍ਰੋਫ਼ੈਸਰ ਸਾਹਿਬ ਦੇ ਘਰ ਚੱਲ ਆਉਂਦੇ

ਹਾਂ।'' ਮੰਦਰ ਬੋਲਿਆ। ਉਹ ਪਹਿਲਾਂ ਵੀ ਪ੍ਰੋਫ਼ੈਸਰ ਜਤਿੰਦਰ ਹੋਰਾਂ ਵੱਲ ਆਉਂਦਾ-ਜਾਂਦਾ ਰਹਿੰਦਾ ਸੀ।

''ਨਈਂ ਯਾਰ,..........ਕੀ ਪਤੈ ਅਗਲੇ ਨੇ ਛੁੱਟੀ ਕਾਸਤੋਂ ਲਈ ਐ.........ਭਾਵੇਂ ਅਗਲੇ ਨੂੰ ਕੋਈ ਜ਼ਰੂਰੀ ਕੰਮ ਹੋਵੇ ਜਾਂ ਉਹ ਘਰ ਹੀ ਨਾ ਹੋਣ.........।'' ਹਰਮੀਤ ਨੂੰ ਲੱਗਦਾ ਸੀ ਕਿ ਇਸ ਤਰ੍ਹਾਂ ਕਿਸੇ ਦੇ ਘਰ ਨਹੀਂ ਜਾਣਾ ਚਾਹੀਦਾ।

''ਓ ਨਈਂ ਕੋਈ ਗੱਲ ਨੀਂ.........ਜੇ ਨਾ ਹੋਏ ਤਾਂ ਆਪਾਂ ਮੁੜ ਆਵਾਂਗੇ.........ਨਾਲੇ ਉਹਨਾਂ ਦਾ ਘਰ ਕਿਹੜਾ ਦੂਰ ਐ.........ਆਹ ਨਹਿਰਾਂ ਆਲੀ ਕਲੋਨੀ 'ਚ ਨਾਲ ਤਾਂ ਹੈ.........।'' ਮੰਦਰ ਦਾ ਇਰਾਦਾ ਜਾਊ ਸੀ।

ਜੱਕੋ-ਤੱਕੀ ਵਿਚ ਸਾਰੇ ਜਣੇ ਤੁਰ ਪਏ।

ਪ੍ਰੋਫ਼ੈਸਰ ਸਾਹਿਬ ਦਾ ਘਰ ਕੋਈ ਬਹੁਤੀ ਦੂਰ ਨਹੀਂ ਸੀ। ਕਾਲਜ ਤੋਂ ਅੱਗੇ ਨਾਲ ਹੀ ਫਾਟਕ ਟੱਪ ਕੇ ਅਗਲੀ ਕਲੋਨੀ ਵਿਚ ਸੀ। ਸਾਰੇ ਜਣੇ ਪ੍ਰੋਫ਼ੈਸਰ ਜਤਿੰਦਰ ਦੇ ਘਰ ਪਹੁੰਚ ਗਏ। ਘੰਟੀ ਵਜਾਉਣ 'ਤੇ ਇਕ ਮੁੰਡਾ ਬਾਹਰ ਆਇਆ।

''ਪ੍ਰੋਫ਼ੈਸਰ ਜਤਿੰਦਰ ਸਿੰਘ ਜੀ ਘਰ ਹੈਗੇ ਨੇ.........।'' ਮੰਦਰ ਨੇ ਪੁੱਛਿਆ।

''ਹਾਂ ਜੀ ਘਰ ਈ ਨੇ.........ਲੰਘ ਆਓ।'' ਮੁੰਡੇ ਨੇ ਜਵਾਬ ਦਿੱਤਾ। ਉਹ ਪ੍ਰੋਫ਼ੈਸਰ ਜਤਿੰਦਰ ਸਿੰਘ ਦਾ ਮੁੰਡਾ ਹਰਿੰਦਰ ਸੀ। 12ਵੀਂ ਵਿਚ ਪੜ੍ਹਦਾ ਸੀ। ਇਕ ਤਾਂ ਪਬਲਿਕ ਸਕੂਲ ਵਿਚ ਪੜ੍ਹਨ ਕਰਕੇ ਤੇ ਦੂਜਾ ਪ੍ਰੋਫ਼ੈਸਰ ਜਤਿੰਦਰ ਸਿੰਘ ਦੀ ਸਿੱਖਿਆ ਨਾਲ ਉਹ ਬਹੁਤ ਆਗਿਆਕਾਰ, ਸਿਆਣਾ ਤੇ ਮਿਲਣਸਾਰ ਸੀ।

ਹਰਿੰਦਰ ਨੇ ਉਹਨਾਂ ਨੂੰ ਲਿਜਾ ਕੇ ਅੰਦਰ ਇਕ ਕਮਰੇ ਵਿਚ ਬਿਠਾਇਆ ਤੇ ਪਾਣੀ ਲੈਣ ਚਲਾ ਗਿਆ।

''ਬੱਸ ਜੀ, ਅਸੀਂ ਹੁਣੇ ਕਾਲਜ 'ਚੋਂ ਪਾਣੀ ਪੀ ਕੇ ਈ ਆਏ ਹਾਂ।'' ਜਦ ਉਹ ਪਾਣੀ ਵਾਲੇ ਗਿਲਾਸ ਟਰੇਅ ਵਿਚ ਰੱਖ ਕੇ ਇਹਨਾਂ ਕੋਲ ਲਿਆਇਆ ਤਾਂ ਇਹ ਸਾਰੇ ਬੋਲੇ।

''ਪ੍ਰੋਫ਼ੈਸਰ ਸਾਹਿਬ ਕਿਥੇ ਨੇ.........।'' ਬੇਅੰਤ ਨੇ ਹਰਿੰਦਰ ਨੂੰ ਪੁੱਛਿਆ।

''ਏਥੇ ਈ ਨੇ.........ਅੰਦਰ ਹੀ.........ਦੁਆਈ ਲਵਾ ਰਹੇ ਨੇ.........ਹੁਣੇ ਬੁਲਾਉਂਦਾਂ.........।'' ਹਰਿੰਦਰ ਕਹਿ ਕੇ ਤੁਰਨ ਲੱਗਾ।

''ਦੁਆਈ.........ਕਾਹਦੀ ਦੁਆਈ.........ਪ੍ਰੋਫ਼ੈਸਰ ਸਾਹਿਬ ਠੀਕ ਤਾਂ ਨੇ.........।'' ਹਰਪ੍ਰੀਤ ਸਮੇਤ ਸਾਰੇ ਹੈਰਾਨ ਸਨ।

''ਨਹੀਂ.........ਨਹੀਂ.........ਉਹ ਠੀਕ ਨੇ.........ਬੱਸ.........।'' ਹਰਿੰਦਰ ਅੰਦਰ ਚਲਾ ਗਿਆ।

''ਮੈਂ ਤਾਂ ਆਂਹਨੈ ਬਈ ਆਪਾਂ ਕਦੇ ਫੇਰ ਆਜਾਂਗੇ......।'' ਗੁਰਪ੍ਰੀਤ ਬੋਲਿਆ।

ਅਜੇ ਉਹ ਆਪਸ ਵਿਚ ਵਿਚਾਰਾਂ ਕਰ ਹੀ ਰਹੇ ਸਨ ਕਿ ਹਰਿੰਦਰ ਆ ਕੇ ਉਹਨਾਂ ਨੂੰ ਕਹਿਣ ਲੱਗਾ, ''ਪਾਪਾ ਨੇ ਤੁਹਾਨੂੰ ਅੰਦਰ ਈ ਬੁਲਾਇਐ..........ਆਪਣੇ ਕਮਰੇ 'ਚ।''

ਸਾਰੇ ਜਣੇ ਉੱਠ ਕੇ ਹਰਿੰਦਰ ਨਾਲ ਅੰਦਰ ਚਲੇ ਗਏ। ਅੱਗੇ ਪ੍ਰੋਫ਼ੈਸਰ ਜਤਿੰਦਰ ਸਿੰਘ ਰਜਾਈ ਵਿਚ ਬੈੱਡ ਨਾਲ ਢੋ ਲਗਾਈ ਬੈਠੇ ਸਨ, ''ਵਾਹ ਜੀ ਵਾਹ, ਅੱਜ 'ਤਾਂ ਸਾਰਾ ਜੱਥਾ 'ਕੱਠਾ ਈ ਆਇਆ ਮੰਦਰ ਸਿਹੁੰ ਨਾਲ..........ਕਿਉਂ ਬਈ..........ਕੋਈ ਤਕੜਾ ਹੀ ਮਸਲਾ ਲੱਗਦੈ..........।'' ਪ੍ਰੋਫ਼ੈਸਰ ਉਹਨਾਂ ਨੂੰ ਦੇਖਦੇ ਸਾਰ ਬੋਲਿਆ ਤੇ ਉਹਨਾਂ ਨੂੰ ਸਤਿ ਸ੍ਰੀ ਅਕਾਲ ਬੁਲਾਉਣ ਦਾ ਮੌਕਾ ਵੀ ਨਾ ਦਿੱਤਾ।

''ਸਾ-ਸ੍ਰੀ 'ਕਾਲ..........ਸਰ..........।'' ਸਾਰੇ ਇਕੱਠੇ ਹੀ ਬੋਲੇ।

'ਸਤਿ ਸ੍ਰੀ ਅਕਾਲ, ਬਈ ਜਵਾਨੋ..........ਆਓ ਬਹਿ ਜੋ।''

''ਮਸਲਾ-ਮੁਸਲਾ ਤਾਂ ਕਦੇ ਫੇਰ ਵਿਚਾਰਾਂਗੇ ਜੀ..........ਪਰ ਪਹਿਲਾਂ ਤੁਸੀਂ ਦੱਸੋ ਕਾਹਦੀਆਂ ਦਵਾਈਆਂ ਲਈ ਜਾਨੇ ਓ..........?''

''ਓ ਬੱਸ ਮਾੜੀ-ਮੋਟੀ ਪੀੜ ਜਿਹੀ ਹੁੰਦੀ ਸੀ..........ਸਰੀਰ 'ਚ..........ਠੰਢ ਜਿਹੀ ਐ ਨਾ..........ਹੁਣ ਬੁੜੇ ਹੋ ਗਏ ਆਂ..........ਇਹ ਬੁਢਾਪਾ ਆਉਣ ਦੀ ਨਿਸ਼ਾਨੀ ਐ..........ਤੁਸੀਂ ਦੱਸੋ ਕਿਵੇਂ ਆਉਣੇ ਹੋਏ..........।'' ਇੰਝ ਲੱਗਦਾ ਸੀ ਜਿਵੇਂ ਪ੍ਰੋਫ਼ੈਸਰ ਉਹਨਾਂ ਨੂੰ ਆਪਣੀ ਬੀਮਾਰੀ ਬਾਰੇ ਦੱਸਣੋਂ ਟਲ ਜਿਹਾ ਗਿਆ ਹੋਵੇ।

''ਅਸੀਂ ਤਾਂ ਜੀ ਬਸ..........ਊਈਂ..........ਆਗੇ।'' ਮੰਦਰ ਨੂੰ ਕੋਈ ਗੱਲ ਨਹੀਂ ਸੁੱਝੀ ਤੇ ਉਸ ਨੇ 'ਊਈਂ' ਨਾਲ ਸਾਰਨਾ ਚਾਹਿਆ।

''ਊਈਂ..........ਹਾ..........ਹਾ..........ਹਾ..........ਇਹ 'ਊਈਂ' ਕੀ ਹੋਇਆ ਬਈ?'' ਪ੍ਰੋਫ਼ੈਸਰ ਹੱਸਦਾ ਹੋਇਆ ਬੋਲਿਆ।

''ਅਸਲ ਵਿਚ ਪ੍ਰੋਫ਼ੈਸਰ ਸਾਹਿਬ..........ਉਹੀ ਵਾਰਤਾ..........ਜਿਹੜੀ ਸਾਰੇ ਸਾਨੂੰ ਸੁਣਾਉਂਦੇ-ਸੁਣਾਉਂਦੇ 47 'ਤੇ ਆ ਕੇ ਛੱਡ ਦਿੰਦੇ ਸਨ.......... ਉਹ..........ਅਸੀਂ ਜੀ..........ਹਰਪ੍ਰੀਤ ਹੁਰਾਂ ਦੇ ਬਾਪੂ ਜੀ ਨੇ ਸਾਨੂੰ ਸੁਣਾ ਦਿੱਤੀ ਐ ਸਾਰੀ..........ਤੇ ਹੁਣ..........ਅਸੀਂ ਜੀ..........ਪ੍ਰੋਫ਼ੈਸਰ ਸਾਹਿਬ..........ਹੁਣ ਸਾਨੂੰ ਪਤਾ ਲੱਗਿਆ ਕਿ ਸਾਰੇ ਸਾਨੂੰ ਉਹ ਕਹਾਣੀ ਕਿਉਂ ਨਹੀਂ ਦੱਸਦੇ ਸਨ..........।'' ਬੇਅੰਤ ਨੇ ਗੱਲ ਮਸਾਂ ਪੂਰੀ ਕੀਤੀ।

''ਮੈਂ ਥੋਨੂੰ ਕਿਹਾ ਸੀ ਪੁੱਤਰੋ..........ਬਈ ਇਹ ਘਟਨਾਵਾਂ ਤੁਹਾਡੇ ਲਈ ਸੰਭਾਲਣੀਆਂ ਬਹੁਤ ਔਖੀਐਂ..........ਇਸੇ ਲਈ..........ਚਲੋ ਖ਼ੈਰ, ਤੁਹਾਨੂੰ ਵੀ ਸਭ ਪਤਾ ਤਾਂ ਹੋਣਾ ਈ ਚਾਹੀਦੈ..........ਤੁਹਾਡੇ ਲੱਖਾਂ ਭਰਾ ਮਾਰਤੇ ਹਕੂਮਤ ਨੇ..........ਇਹ ਤੁਹਾਥੋਂ ਲੁਕਾਏ..........।''

''ਲੱਖਾਂ..........ਪ੍ਰੋਫ਼ੈਸਰ ਸਾਹਿਬ..........ਲੱਖਾਂ ਭਰਾ?'' ਮੰਦਰ ਪ੍ਰੋਫ਼ੈਸਰ

ਸਾਹਿਬ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਬੋਲ ਪਿਆ। ਸੱਚਮੁੱਚ ਉਸ ਲਈ ਤੇ ਸਾਰਿਆਂ ਲਈ ਇਹ ਗਿਣਤੀ ਬਹੁਤ ਵੱਡੀ ਸੀ। ਉਹ ਹੈਰਾਨ ਸਨ ਕਿ ਬਾਪੂ ਜੀ ਨੇ ਉਹਨਾਂ ਨੂੰ ਲੱਖਾਂ ਦੇ ਮਾਰੇ ਜਾਣ ਬਾਰੇ ਤਾਂ ਨਹੀਂ ਦੱਸਿਆ ਸੀ।

"ਸਾਨੂੰ ਤਾਂ ਪ੍ਰੋਫ਼ੈਸਰ ਸਾਹਿਬ, ਬਾਪੂ ਨੇ ਅਕਾਲ ਤਖ਼ਤ ਸਾਹਿਬ ਦੇ ਢਹਿਣ ਤਕ ਦੀ ਵਾਰਤਾ ਈ ਸੁਣਾਈ ਐ.........ਉਸ ਤੋਂ ਅੱਗੇ.........।" ਹਰਪ੍ਰੀਤ ਨੇ ਪ੍ਰੋਫ਼ੈਸਰ ਸਾਹਿਬ ਨੂੰ ਗੱਲ ਕਲੀਅਰ ਕੀਤੀ।

"ਅੱਛਾ-ਅੱਛਾ.........ਤਾਂ ਤੇ ਫੇਰ ਬਾਪੂ ਜੀ ਨੇ ਥੋਨੂੰ ਓਦੂੰ 10 ਸਾਲ ਬਾਅਦ ਦੀ ਕਹਾਣੀ ਨੀਂ ਸੁਣਾਈ.........ਇਹਨਾਂ ਦਸਾਂ ਸਾਲਾਂ 'ਚ ਈ ਮੇਰੇ ਬੱਚਿਓ ਤੁਹਾਡੇ ਡੇਢ ਲੱਖ ਦੇ ਕਰੀਬ ਭਰਾ ਮਾਰ ਦਿੱਤੇ ਸੀ ਹਾਕਮਾਂ ਨੇ.........ਝੂਠੇ ਪੁਲਿਸ ਮੁਕਾਬਲਿਆਂ 'ਚ.........।" ਪ੍ਰੋਫ਼ੈਸਰ ਸਾਹਿਬ ਦੇ ਮੂੰਹੋਂ 'ਮੁਕਾਬਲਿਆਂ' ਸ਼ਬਦ ਸੁਣ ਕੇ ਸਾਰੇ ਇਕਦਮ ਸਾਵਧਾਨ ਹੋ ਗਏ। ਅਜਮੇਰ ਸਿੰਘ ਨੇ ਵੀ ਕਹਾਣੀ 'ਮੁਕਾਬਲਿਆਂ' 'ਤੇ ਹੀ ਛੱਡੀ ਸੀ ਤੇ ਉਹਨਾਂ ਨੂੰ ਲੱਗਦਾ ਸੀ ਕਿ ਪ੍ਰੋਫ਼ੈਸਰ ਸਾਹਿਬ ਹੁਣ ਇਥੋਂ ਹੀ ਵਾਰਤਾ ਸ਼ੁਰੂ ਕਰਨਗੇ।

"ਪਰ ਮੇਰੇ ਬੱਚਿਓ,.........ਤੁਹਾਡੇ ਪੇਪਰ ਸਿਰ 'ਤੇ ਨੇ ਡੇਢ ਮਹੀਨਾ ਹੀ ਰਹਿ ਗਿਐ.........ਤੁਸੀਂ ਇਉਂ ਕਰੋ ਪੇਪਰ ਦੇ ਕੇ ਵਿਹਲੇ ਹੋ ਜਾਓ.........ਤੇ ਫੇਰ ਆਪਾਂ ਕਦੇ ਵਿਹਲੇ ਸਮੇਂ ਬੈਠ ਕੇ ਥੋਨੂੰ ਇਹਨਾਂ ਦਸਾਂ-ਗਿਆਰਾਂ ਸਾਲਾਂ ਦਾ ਇਤਿਹਾਸ ਸੁਣਾਵਾਂਗੇ.........31 ਅਕਤੂਬਰ 1984 ਤੋਂ 31 ਅਗਸਤ 1995 ਤਕ ਦਾ ਸਾਰਾ ਇਤਿਹਾਸ.........।"

"ਪਰ ਪ੍ਰੋਫ਼ੈਸਰ ਸਾਹਿਬ.........ਅਸੀਂ ਤਾਂ.........ਪੇਪਰ ਤਾਂ ਜੀ ਅਜੇ.........।" ਗੁਰਪ੍ਰੀਤ ਹੁਣੇ ਸਾਰੀ ਕਹਾਣੀ ਸੁਣਨਾ ਚਾਹੁੰਦਾ ਸੀ ਪਰ ਉਸ ਦੇ ਬੋਲਦੇ-ਬੋਲਦੇ ਮੰਦਰ ਨੇ ਉਸ ਦਾ ਪੈਰ ਨੱਪ ਕੇ ਉਸ ਨੂੰ ਚੁੱਪ ਕਰ ਦਿੱਤਾ।

"ਚਲੋ ਇੰਝ ਕਰਦੇ ਆਂ ਬਈ ਮੈਂ ਤੁਹਾਨੂੰ ਆਪਣੀ ਪੀੜ.........ਜੀਹਦੀ ਮੈਂ ਦਵਾਈ ਲਾ ਰਿਹਾ ਸੀ, ਉਸ ਬਾਰੇ ਦੱਸਦਾਂ।"

ਸਾਰੇ ਮੁੰਡੇ ਹੈਰਾਨ ਸਨ ਬਈ ਪ੍ਰੋਫ਼ੈਸਰ ਸਾਹਿਬ ਇਹ ਗੱਲ ਕਿਧਰ ਨੂੰ ਲੈ ਗਏ, ਪਰ ਉਹ ਚੁੱਪ-ਚਾਪ ਬੈਠੇ ਰਹੇ।

"ਇਹ ਗੱਲ 1990 ਦੀ ਐ.........ਆਪਣੇ ਕਾਲਜ 'ਚ ਵੀ ਸਿੱਖ ਸਟੂਡੈਂਟ ਫ਼ੈਡਰੇਸ਼ਨ ਨਾਲ ਸੰਬੰਧਤ ਮੁੰਡੇ ਪੜ੍ਹਦੇ ਸਨ.........।"

"ਆਹੋ ਜੀ, ਹੁਣ ਵੀ ਹੈਗੇ ਐ.........।" ਗੁਰਪ੍ਰੀਤ ਵਿਚੋਂ ਹੀ ਬੋਲ ਪਿਆ।

"ਓ ਹੁਣ ਕਿਹੜੇ ਸਿੱਖ ਸਟੂਡੈਂਟ ਤੇ ਕਿਹੜੀਆਂ ਫ਼ੈਡਰੇਸ਼ਨਾਂ, ਆਪਣੇ-ਆਪਣੇ ਧੜੇ ਨੇ ਸਭ ਦੇ.........ਕੋਈ ਕਿਸੇ ਲੀਡਰ ਨਾਲ ਕੋਈ ਕਿਸੇ

ਨਾਲ.........ਹੁਣ ਆਲੀਆਂ ਫ਼ੈਡਰੇਸ਼ਨਾਂ 'ਚੋਂ ਇਕ ਵੀ ਨਹੀਂ ਓਹੋ ਜਹੀ.........ਭਾਈ ਅਮਰੀਕ ਸਿੰਘ ਦੀ ਫੈਡਰੇਸ਼ਨ ਵਰਗੀ.........।'' ਪ੍ਰੋਫ਼ੈਸਰ ਗੁਰਪ੍ਰੀਤ ਦੀ ਗੱਲ ਦਾ ਜਵਾਬ ਦੇ ਗਿਆ।

''ਫ਼ੈਡਰੇਸ਼ਨ ਦੇ ਓਹ ਮੁੰਡੇ ਵੀ ਖਾੜਕੂ ਸਰਗਰਮੀਆਂ ਵਿਚ ਹਿੱਸਾ ਲੈਂਦੇ ਰਹਿੰਦੇ ਸਨ.........ਪਰ ਕੋਈ ਉਹਨਾਂ ਬਾਰੇ ਜਾਣਦਾ ਨਹੀਂ ਸੀ.........ਇਥੋਂ ਤਕ ਕਿ ਉਹ ਮੈਨੂੰ ਕਈ ਵਾਰ ਮਿਲਦੇ ਰਹਿੰਦੇ ਸਨ ਪਰ ਮੈਨੂੰ ਵੀ ਪਤਾ ਨਹੀਂ ਸੀ ਕਿ ਉਹ ਐਸੀਆਂ ਸਰਗਰਮੀਆਂ ਵਿਚ ਹਿੱਸਾ ਲੈ ਰਹੇ ਹਨ। ਕਈ ਵਾਰ ਉਹਨਾਂ ਮੇਰੇ ਕੋਲ ਬੈਠ ਜਾਣਾ ਤੇ ਪੰਜਾਬ ਮਸਲੇ ਬਾਰੇ ਲੰਬੀਆਂ ਵਿਚਾਰਾਂ ਕਰਦੇ ਰਹਿਣਾ.........।'' ਪ੍ਰੋਫ਼ੈਸਰ ਜਤਿੰਦਰ ਸਿੰਘ ਬੋਲਦਾ-ਬੋਲਦਾ ਮੁੰਡਿਆਂ ਨੂੰ 10-15 ਸਾਲ ਪਿੱਛੇ ਲੈ ਗਿਆ, ਜਿਥੇ ਫ਼ੈਡਰੇਸ਼ਨ ਦੇ ਉਹ ਜੁਝਾਰੂ ਸਿੰਘ ਪ੍ਰੋਫ਼ੈਸਰ ਨਾਲ ਬੈਠੇ ਗੱਲਾਂ ਕਰ ਰਹੇ ਸਨ।

ਕਾਂਡ ੧੯

''ਪਰ ਪ੍ਰੋਫ਼ੈਸਰ ਸਾਹਿਬ, ਗੋਲੀ ਦਾ ਜਵਾਬ ਤਾਂ ਗੋਲੀ ਨਾਲ ਹੀ ਦਿੱਤਾ ਜਾ ਸਕਦੈ ਨਾ..........।''ਫ਼ੈਡਰੇਸ਼ਨ ਦੇ ਉਹਨਾਂ ਮੁੰਡਿਆਂ ਵਿਚੋਂ ਇਕ ਮੁੰਡਾ ਬੋਲਿਆ।

ਉਹ ਹਿੰਦੂ ਕਤਲਾਂ ਦੇ ਜਾਇਜ਼ ਜਾਂ ਨਜਾਇਜ਼ ਹੋਣ ਬਾਰੇ ਗੱਲ ਕਰ ਰਹੇ ਸਨ। ਪ੍ਰੋਫ਼ੈਸਰ ਜਤਿੰਦਰ ਅਨੁਸਾਰ ਨਿਰਦੋਸ਼ੇ ਲੋਕਾਂ (ਹਿੰਦੂਆਂ) ਨੂੰ ਮਾਰਨਾ ਗ਼ਲਤ ਸੀ ਪਰ ਉਹਨਾਂ ਮੁੰਡਿਆਂ ਦੀ ਅਲੱਗ ਰਾਇ ਸੀ।

''ਤੁਸੀਂ ਆਪ ਹੀ ਵੇਖ ਲਓ ਪ੍ਰੋਫ਼ੈਸਰ ਸਾਹਿਬ, ਨਵੰਬਰ 84 ਵਿਚ ਤਿੰਨ ਦਿਨ ਲਗਾਤਾਰ ਦਿੱਲੀ, ਬੋਕਾਰੋ, ਕਾਨਪੁਰ ਤੇ ਹਿੰਦੁਸਤਾਨ ਦੇ ਹੋਰ ਅਨੇਕਾਂ ਭਾਗਾਂ ਵਿਚ ਹਜ਼ਾਰਾਂ ਬੇਗੁਨਾਹ ਸਿੱਖ ਮਾਰੇ ਗਏ, ਧੀਆਂ ਭੈਣਾਂ ਦੀ ਬੇਪਤੀ ਕੀਤੀ ਗਈ, ਪਰ ਹਿੰਦੁਸਤਾਨ ਦਾ ਕੋਈ ਲੀਡਰ, ਕਾਨੂੰਨੀ ਮਾਹਿਰ, ਅਖ਼ਬਾਰ ਬੋਲਿਆ?..........ਸਾਰੇ ਘੂਕ ਸੁੱਤੇ ਰਹੇ..........ਇਹਨਾਂ ਦੀ ਨੀਂਦ ਤਾਂ ਓਦੋਂ ਖੁੱਲ੍ਹਦੀ ਹੈ ਜਦੋਂ ਇਹਨਾਂ ਨਾਲ ਆਪਣੇ ਨਾਲ ਵਾਪਰਦੀ ਹੈ..........।'' ਇਕ ਹੋਰ ਮੁੰਡਾ ਬੋਲਿਆ।

''ਜੂਨ 84 ਵਿਚ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਨੂੰ ਨਮਸਕਾਰ ਕਰਨ ਆਏ ਹਜ਼ਾਰਾਂ ਬੇਗੁਨਾਹ ਸ਼ਰਧਾਲੂ ਭਾਰਤੀ ਫ਼ੌਜੀਆਂ ਨੇ ਗੋਲੀਆਂ ਨਾਲ ਭੁੰਨ ਦਿੱਤੇ..........ਪਰ ਹਮਲਾ ਕਰਵਾਉਣ ਵਾਲੀ ਨੂੰ 'ਦੁਰਗਾ' ਦਾ ਖ਼ਿਤਾਬ ਦਿੱਤਾ ਗਿਆ..........ਨਵੰਬਰ 84 ਦੇ ਕਤਲੇਆਮ ਵੇਲੇ ਕ੍ਰੂਤਰੀਆਂ ਟੋਲੀਆਂ ਦੀ ਅਗਵਾਈ ਕਰਨ ਵਾਲਿਆਂ ਨੂੰ ਕੁਰਸੀਆਂ ਤੇ ਵਜ਼ੀਰੀਆਂ ਬਖ਼ਸ਼ੀਆਂ ਗਈਆਂ..........ਕਿਥੇ ਹੈ ਹਿੰਦੁਸਤਾਨ ਦਾ ਕਾਨੂੰਨ..........ਇਹ ਕਾਨੂੰਨ ਪ੍ਰੋਫ਼ੈਸਰ ਸਾਹਿਬ ਸਿਰਫ਼ ਘੱਟ ਗਿਣਤੀਆਂ ਨੂੰ ਮਾਰਨ ਲਈ ਹੀ ਹੈ..........।'' ਤੀਜੇ ਮੁੰਡੇ ਨੇ ਗੱਲ ਸਿਰੇ ਲਾ ਦਿੱਤੀ।

''ਪਰ ਫੇਰ ਵੀ ਪੁੱਤਰੋ..........ਮੰਨਿਆ ਕਿ ਕਾਨੂੰਨ ਹਿੰਦੂਆਂ ਦੇ ਹੱਥ ਵਿਚ ਹੈ..........ਮੰਨਿਆ ਕਿ ਨਵੰਬਰ 84 ਵਿਚ ਸਿੱਖਾਂ ਦੇ ਕਾਤਲ ਹਿੰਦੂ ਸਨ..........ਪਰ ਇਸ ਵਿਚ ਪੰਜਾਬ ਦੇ ਹਿੰਦੂਆਂ ਦਾ ਕੀ ਕਸੂਰ..........ਦਿੱਲੀ ਵਿਚ ਤਾਂ ਸਿੱਖ ਬੀਬੀਆਂ ਦੇ ਬਤਲਾਤਕਾਰ ਵੀ ਕੀਤੇ ਗਏ ਤੇ ਕੀ ਹੁਣ ਤੁਸੀਂ ਉਸ ਦਾ ਬਦਲਾ ਪੰਜਾਬ ਦੀਆਂ ਹਿੰਦੂ ਔਰਤਾਂ ਦੇ ਬਲਾਤਕਾਰ ਕਰ

ਕੇ ਲਵੋਗੇ..........ਨਹੀਂ ਮੇਰੇ ਬੱਚਿਓ, ਨਹੀਂ..........ਤੁਹਾਡਾ ਸਿਧਾਂਤ ਇਸ ਗੱਲ ਦੀ ਆਗਿਆ ਨਹੀਂ ਦਿੰਦਾ..........ਗੁਰੂ ਸਾਹਿਬ ਵੇਲੇ ਮੁਗਲ ਸਿਪਾਹੀ ਸਿੱਖ ਔਰਤਾਂ ਨਾਲ਼ ਬਦਸਲੂਕੀ ਕਰਦੇ ਸਨ ਤਾਂ ਇਹ ਵੇਖ ਕੇ ਕੁਝ ਸਿੰਘ ਸਤਿਗੁਰੂ ਕੋਲ ਆ ਕੇ ਕਹਿਣ ਲੱਗੇ ਕਿ ਜਿਵੇਂ ਮੁਗਲ ਸਾਡੀਆਂ ਔਰਤਾਂ ਨਾਲ ਕਰਦੇ ਹਨ..........ਉਵੇਂ ਹੀ ਅਸੀਂ ਮੁਗਲ ਔਰਤਾਂ ਨਾਲ ਕਰਾਂਗੇ.......... ਪਰ..........ਇਹ ਸੁਣ ਕੇ ਦਸਵੇਂ ਪਾਤਸ਼ਾਹ ਪਤੈ ਕੀ ਬੋਲੇ ਸਨ,

ਸੁਣ ਕੇ ਸਤਿਗੁਰੂ ਬੋਲੇ ਤਿਸ ਬੇਰੇ ।।ਹਮ ਜੇ ਜਾਨੋ ਪੰਥ ਉਚੇਰੇ ।।

ਤੇ ਜਿਹੜੇ ਸਿਧਾਂਤ ਪਿੱਛੇ ਤੁਸੀਂ ਲੜ ਰਹੇ ਹੋ ਉਸ ਨੂੰ ਪਿੱਠ ਕਿਵੇਂ ਦਿਓਗੇ..........।''

ਮੁੰਡੇ ਸ਼ਾਂਤ ਬੈਠੇ ਸੁਣ ਰਹੇ ਸਨ, ਪ੍ਰੋਫੈਸਰ ਸਾਹਿਬ ਨੇ ਬੋਲਣਾ ਜਾਰੀ ਰੱਖਿਆ।

''ਨਵਾਬ ਸ਼ੇਰ ਮੁਹੰਮਦ ਖ਼ਾਨ ਨੇ ਵਜ਼ੀਰ ਖ਼ਾਨ ਵੱਲੋਂ ਛੋਟੇ ਸਾਹਿਬਜ਼ਾਦਿਆਂ ਨੂੰ ਦਿੱਤੀ ਜਾ ਰਹੀ ਸਜ਼ਾ ਦਾ ਵਿਰੋਧ ਕੀਤਾ ਤੇ ਹਾਅ ਦਾ ਨਾਅਰਾ ਮਾਰਿਆ..........ਤੇ ਉਸ ਬਦਲੇ ਉਸ ਦੇ ਸ਼ਹਿਰ ਮਲੇਰਕੋਟਲੇ ਦਾ ਸਿੱਖਾਂ ਨੇ ਅਜੇ ਤਕ ਕੋਈ ਨੁਕਸਾਨ ਨਹੀਂ ਕੀਤਾ। ਬਾਬਾ ਬੰਦਾ ਬਹਾਦਰ ਦੇ ਹਮਲੇ ਵੇਲੇ ਮਲੇਰ ਕੋਟਲੇ ਦਾ ਕੋਈ ਮੁਸਲਮਾਨ ਨਹੀਂ ਮਾਰਿਆ ਗਿਆ ਤੇ 47 ਦੀ ਵੰਡ ਵੇਲੇ ਵੀ ਇਥੋਂ ਦੇ ਮੁਸਲਮਾਨਾਂ ਦੀ ਸਿੱਖਾਂ ਨੇ ਰਾਖੀ ਕੀਤੀ ਸੀ..........ਸਿਰਫ਼ ਸ਼ੇਰ ਮੁਹੰਮਦ ਖ਼ਾਂ ਦੇ ਹਾਅ ਦੇ ਨਾਅਰੇ ਬਦਲੇ..........ਤੇ ਫੇਰ ਟੋਡਰ ਮੱਲ ਸਮੇਤ ਪੰਜਾਬ ਦੇ ਕਈ ਹਿੰਦੂਆਂ ਦੇ ਸਾਡੇ 'ਤੇ ਅਹਿਸਾਨ ਵੀ ਹਨ..........ਸੋ ਮੇਰੇ ਬੱਚਿਓ, ਜੇ ਹਿੰਦੂ ਨਿਰਦੋਸ਼ੇ ਸਿੱਖਾਂ ਨੂੰ ਮਾਰ ਰਹੇ ਹਨ ਤਾਂ ਇਤਿਹਾਸ ਉਹਨਾਂ ਨੂੰ ਹਮੇਸ਼ਾ ਜ਼ਾਲਮ ਕਹੇਗਾ..........ਪਰ ਤੁਸੀਂ ਮੇਰੇ ਬੱਚਿਓ, ਮੈਨੂੰ ਪਤੈ ਇਤਿਹਾਸ ਵਿਚ ਜ਼ਾਲਮ ਨਹੀਂ ਸੂਰਮੇ ਅਖਵਾਉਣਾ ਪਸੰਦ ਕਰੋਗੇ।''

''ਇਤਿਹਾਸ ਤਾਂ ਪ੍ਰੋਫੈਸਰ ਸਾਹਿਬ ਜੇਤੂਆਂ ਦਾ ਹੁੰਦੈ..........ਹਾਰੀਆਂ ਕੌਮਾਂ ਦਾ ਕੋਈ ਇਤਿਹਾਸ ਨਹੀਂ ਹੁੰਦਾ..........।''

''ਕੌਣ ਕਹਿੰਦਾ ਹੈ ਪੁੱਤਰੋ ਕਿ ਤੁਸੀਂ ਹਾਰੇ ਹੋ..........ਆਪਣੀ ਜੱਦੋ-ਜਹਿਦ ਜਾਰੀ ਰੱਖੋ..........ਕੌਮਾਂ ਦੀ ਆਜ਼ਾਦੀ ਦੇ ਘੋਲ ਬਹੁਤ ਲੰਬੇ ਚੱਲਦੇ ਹਨ..........ਕਈ ਵਾਰ ਤਾਂ ਜਿੱਤਾਂ ਸਦੀਆਂ ਦੀ ਘਾਲਣਾ ਤੋਂ ਪਿੱਛੋਂ ਮਿਲਦੀਆਂ ਨੇ..........।''

''ਤੇ ਪ੍ਰੋਫੈਸਰ ਸਾਹਿਬ, ਫਿਰ ਲੜਾਈ ਦਾ ਪੈਂਤੜਾ ਕੀ ਹੋਣਾ ਚਾਹੀਦੈ..........? ਕੀ ਹਥਿਆਰਬੰਦ ਜੱਦੋ-ਜਹਿਦ ਛੱਡ ਦੇਣੀ ਚਾਹੀਦੀ ਹੈ..........?''

''ਨਹੀਂ ਪੁੱਤਰੋ,..........ਇਹ ਵੀ ਜ਼ਰੂਰੀ ਹੈ..........ਜਿਹਨਾਂ ਨੇ ਜ਼ੁਲਮ

ਕੀਤੇ ਨੇ, ਉਹਨਾਂ ਨੂੰ ਸਜ਼ਾ ਦਿਓ..........ਤੇ ਦੁਨੀਆਂ ਨੂੰ ਦੱਸੋ ਕਿ ਭਾਰਤੀ ਅਦਾਲਤਾਂ ਇਹਨਾਂ ਜ਼ਾਲਮਾਂ ਨੂੰ ਸਜ਼ਾ ਨਹੀਂ ਦੇ ਰਹੀਆਂ, ਇਸੇ ਲਈ ਸਾਨੂੰ ਹਥਿਆਰ ਉਠਾਉਣੇ ਪਏ ਹਨ..........ਨਿਰਦੋਸ਼ੇ ਸਿੱਖਾਂ ਦੇ ਕਾਤਲ ਲੀਡਰਾਂ, ਪੁਲਿਸ ਅਫ਼ਸਰਾਂ ਨੂੰ ਮਾਰਨਾ ਮਾੜੀ ਗੱਲ ਨਹੀਂ..........ਪਰ ਉਹਨਾਂ ਦੇ ਪਰਿਵਾਰਾਂ ਨੂੰ ਮਾਰਨਾ ਬਿਲਕੁਲ ਗ਼ਲਤ ਹੈ..........।''

ਖ਼ੈਰ, ਪ੍ਰੋਫ਼ੈਸਰ ਦੀਆਂ ਉਹਨਾਂ ਮੁੰਡਿਆਂ ਨਾਲ ਗੱਲਾਂ-ਬਾਤਾਂ ਅਕਸਰ ਹੁੰਦੀਆਂ ਰਹਿੰਦੀਆਂ। ਉਹਨਾਂ ਮੁੰਡਿਆਂ ਨੇ ਆਪਣੀ ਪੜ੍ਹਾਈ ਦੇ ਨਾਲ-ਨਾਲ ਹਥਿਆਰਬੰਦ ਜੱਦੋ-ਜਹਿਦ ਵੀ ਜਾਰੀ ਰੱਖੀ ਹੋਈ ਸੀ।

.... ਤੇ ਇਕ ਦਿਨ ਉਹਨਾਂ ਮੁੰਡਿਆਂ ਨੇ ਸ਼ਹਿਰ ਵਿਚ ਇਕ ਵੱਡੇ ਪੁਲਿਸ ਅਧਿਕਾਰੀ ਨੂੰ ਬੰਬ ਨਾਲ ਉਡਾ ਦਿੱਤਾ..........ਇਹ ਪੁਲਿਸ ਅਧਿਕਾਰੀ ਖਾੜਕੂਆਂ ਦੇ ਪਰਿਵਾਰਾਂ 'ਤੇ ਅੰਨ੍ਹਾ ਤਸ਼ੱਦਦ ਕਰਨ ਕਾਰਨ ਬਹੁਤ ਬਦਨਾਮ ਸੀ..........ਸਹਿਰ ਦੇ ਲੋਕ ਇਸ ਦੇ ਮਾਰੇ ਜਾਣ 'ਤੇ ਸੁਖ ਦਾ ਸਾਹ ਲੈ ਰਹੇ ਸਨ..........ਪਰ ਇਹਨਾਂ ਮੁੰਡਿਆਂ ਵਿਚੋਂ ਇਕ ਪੁਲਿਸ ਦੇ ਅੜਿੱਕੇ ਆ ਗਿਆ..........ਤੇ ਫੇਰ..........।'' ਪ੍ਰੋਫ਼ੈਸਰ ਮੁੰਡਿਆਂ ਨੂੰ ਵਾਰਤਾ ਸੁਣਾਉਂਦਾ-ਸੁਣਾਉਂਦਾ ਕੁਝ ਸਮੇਂ ਲਈ ਚੁੱਪ ਕਰ ਗਿਆ।

ਕੁਝ ਦੇਰ ਬਾਅਦ ਮੰਦਰ ਨੇ ਚੁੱਪੀ ਤੋੜੀ, ''ਪ੍ਰੋਫ਼ੈਸਰ ਸਾਹਿਬ,..........ਫੇਰ..........ਫੇਰ ਕੀ ਭਾਣਾ ਵਾਪਰਿਆ ?''

''ਉਸ ਮੁੰਡੇ ਨੂੰ ਬਹੁਤ ਜ਼ਾਲਮਾਨਾ ਤਰੀਕੇ ਨਾਲ ਕੋਹਿਆ ਗਿਆ..........ਉਸ ਦੇ ਹੱਥਾਂ-ਪੈਰਾਂ ਦੇ ਸਾਰੇ ਨਹੁੰ ਖਿੱਚ ਦਿੱਤੇ ....ਬਿਜਲੀ ਦੇ ਕਰੰਟ ਲਗਾਏ ਗਏ..........ਉਸ ਦੇ ਪੱਟ ਚੀਰ ਕੇ ਵਿਚ ਮਿਰਚਾਂ ਭਰੀਆਂ ਗਈਆਂ..........।''

''ਓ..........ਏ..........ਏ..........ਹੋ..........ਏ..........ਏ ।'' ਹਉਕੇ ਵਰਗੀਆਂ ਕਈ ਇਕੱਠੀਆਂ ਆਵਾਜ਼ਾਂ ਆਈਆਂ।

''ਜਦ ਉਹ ਮੁੰਡਾ ਫੇਰ ਵੀ ਨਾ ਡੋਲਿਆ ਤਾਂ ਪੁਲਿਸ ਵਾਲੇ ਕਮੀਨੇਪਣ 'ਤੇ ਆ ਗਏ..........ਉਸ ਮੁੰਡੇ ਦੀ ਭੈਣ ਨੂੰ ਪੁਲਿਸ ਵਾਲਿਆਂ ਨੇ ਉਸ ਦੇ ਸਾਹਮਣੇ ਕਈ ਦਿਨ ਬਿਨਾਂ ਕੱਪੜਿਆਂ ਤੋਂ ਬਿਠਾਈ ਰੱਖਿਆ..........ਉਹ ਬੇਬੱਸ ਕੁੜੀ ਵਿਚਾਰੀ ਇਕ ਨੁੱਕਰੇ ਸੁੰਗੜ ਕੇ ਬੈਠੀ ਰਹਿੰਦੀ..........ਤੇ ਇਕ ਦਿਨ ਇਕ ਜ਼ਾਲਮ ਅਫ਼ਸਰ ਨੇ ਮੁੰਡੇ ਦੇ ਸਿਰ ਨੂੰ ਪਿਸਤੌਲ ਲਾ ਕੇ ਕੁੜੀ ਨੂੰ ਕਿਹਾ, ''ਚੱਲ ਕੁੱਤੀਏ..........ਜੇ ਆਵਦੇ ਭਰਾ ਦੀ ਜ਼ਿੰਦਗੀ ਚਾਹੁੰਨੀ ਏ ਤਾਂ ਨੱਚ..........ਏਥੇ ਵਿਚਾਲੇ..........ਸਾਰਿਆਂ ਦੇ ਸਾਹਮਣੇ..........।''

ਪ੍ਰੋਫ਼ੈਸਰ ਅਜੇ ਬੋਲ ਹੀ ਰਿਹਾ ਸੀ ਕਿ ਬੇਅੰਤ ਉੱਠ ਕੇ ਪਰੇ ਸੋਫ਼ੇ 'ਤੇ ਚਲਾ ਗਿਆ ਤੇ ਉੱਚੀ-ਉੱਚੀ ਰੋਣ ਲੱਗ ਪਿਆ। ਸਾਰਿਆਂ ਨੇ ਉਸ ਨੂੰ ਜਾ ਕੇ ਚੁੱਪ ਕਰਾਇਆ। ਪ੍ਰੋਫ਼ੈਸਰ ਚੁੱਪ-ਚਾਪ ਬੈਠਾ ਅੱਖਾਂ ਵਿਚੋਂ ਅੱਥਰੂ ਸੁੱਟ ਰਿਹਾ ਸੀ........ਜਿਵੇਂ ਸਾਰਾ ਦ੍ਰਿਸ਼ ਉਸ ਦੀਆਂ ਅੱਖਾਂ ਮੂਹਰੇ ਚੱਲ ਰਿਹਾ ਹੋਵੇ।

''ਤੇ ਅੰਤ ਮੇਰੇ ਬੱਚਿਓ..........ਜਦ ਉਸ ਸੂਰਮੇ ਨੇ ਭੋਰਾ ਜ਼ਬਾਨ ਨਹੀਂ ਖੋਲ੍ਹੀ ਤਾਂ ਜ਼ਾਲਮਾਂ ਨੇ ਉਸ ਦੇ ਸਿਰ ਵਿਚ ਹਥੌੜੇ ਨਾਲ ਕਿੱਲਾਂ ਠੋਕ-ਠੋਕ ਕੇ ਉਸ ਨੂੰ ਸ਼ਹੀਦ ਕਰ ਦਿੱਤਾ..........। ਇਸ ਤੋਂ ਕੁਝ ਦਿਨ ਪਿੱਛੋਂ ਪੁਲਿਸ ਵਾਲੇ ਕਾਲਜ ਆ ਕੇ ਉਸ ਮੁੰਡੇ ਬਾਰੇ ਪੁੱਛ-ਗਿੱਛ ਕਰਦੇ ਰਹੇ..........ਉਹਨਾਂ ਨੂੰ ਕਿਸੇ ਨੇ ਦੱਸ ਦਿੱਤਾ ਸੀ ਕਿ ਉਹ ਮੁੰਡਾ ਤੇ ਉਸ ਦੇ ਸਾਥੀ ਪ੍ਰੋਫ਼ੈਸਰ ਜਤਿੰਦਰ ਨਾਲ ਕਈ ਵਾਰ ਬੈਠੇ ਹੁੰਦੇ ਸਨ..........ਤੇ ਪੁਲਿਸ ਵਾਲੇ ਮੇਰੇ ਕੋਲ ਪਹੁੰਚ ਗਏ।''

''ਹਾਂ ਜੀ..........ਪ੍ਰੋਫ਼ੈਸਰ ਜਤਿੰਦਰ ਤੁਹਾਡਾ ਹੀ ਨਾਮ ਐ..........।'' ਥਾਣੇਦਾਰ ਬੋਲਿਆ।

''ਜੀ ਹਾਂ..........ਮੈਂ ਹੀ ਜਤਿੰਦਰ ਸਿੰਘ ਹਾਂ..........ਦੱਸੋ..........।''

''ਤੁਸੀਂ ਸਾਡੇ ਨਾਲ ਥਾਣੇ ਚੱਲੋ।''

''ਕਿਉਂ..........ਕੀ ਗੱਲ..........ਏਥੇ ਹੀ ਦੱਸੋ ਜੇ ਕੋਈ ਕੰਮ ਐਂ ਤਾਂ।''

''ਪ੍ਰੋਫ਼ੈਸਰ ਸਾਹਿਬ, ਕੰਮ ਏਥੇ ਦੱਸਣ ਵਾਲਾ ਨਹੀਂ..........।''

''ਪਰ ਕੋਈ ਕਾਰਨ ਤਾਂ ਦੱਸੋ।''

''ਬੱਸ ਅਸੀਂ ਵੇਖਣਾ ਈ ਐ ਕਿ ਤੁਸੀਂ ਮੁੰਡਿਆਂ ਨੂੰ ਕੀ ਪੜ੍ਹਾਉਂਦੇ ਓ..........ਜਿਹੜਾ ਉਹ ਬੰਬ ਚਲਾਉਣ ਲੱਗ ਪੈਂਦੇ ਐ..........।''

''ਤੁਹਾਨੂੰ ਪਤਾ ਵੀ ਐ..........ਤੁਸੀਂ ਕੀ ਬੋਲ ਰਹੇ ਓ।''

''ਸਭ ਪਤੈ ਪ੍ਰੋਫ਼ੈਸਰ ਸਾਹਿਬ..........ਇਸੇ ਲਈ ਤਾਂ ਆਏ ਆਂ.......... ਕੁਝ ਦਿਨ ਪਹਿਲਾਂ ਸ਼ਹਿਰ ਵਿਚ ਇਕ ਧਮਾਕਾ ਹੋਇਆ ਸੀ, ਜਿਸ ਵਿਚ ਵੱਡੇ ਸਾਹਿਬ ਸਮੇਤ 4 ਪੁਲਿਸ ਜਵਾਨ 'ਸ਼ਹੀਦ' ਹੋ ਗਏ ਸਨ..........ਥੋਨੂੰ ਪਤੈ ਉਹ ਧਮਾਕਾ ਕਿਸ ਨੇ ਕੀਤਾ ਸੀ..........।''

''ਮੈਨੂੰ ਕੀ ਪਤਾ..........ਮੈਨੂੰ ਇਸ ਧਮਾਕੇ ਬਾਰੇ ਪਤਾ ਕਿਵੇਂ ਹੋ ਸਕਦੈ..........ਤੁਸੀਂ ਕੀ ਕਹਿ ਰਹੇ ਓ..........ਮੈਨੂੰ ਕੁਝ ਸਮਝ ਨਹੀਂ ਆ ਰਿਹਾ।''

''ਬਸ ਪ੍ਰੋਫ਼ੈਸਰ ਸਾਹਿਬ, ਇਹੀ ਸਮਝਾਉਣੈ ਥੋਨੂੰ..........।''

ਇਹ ਕਹਿ ਕੇ ਪੁਲਿਸ ਵਾਲਿਆਂ ਨੇ ਪ੍ਰੋਫ਼ੈਸਰ ਜਤਿੰਦਰ ਨੂੰ ਆਪਣੀ ਗੱਡੀ ਵਿਚ ਬਿਠਾ ਲਿਆ ਤੇ ਥਾਣੇ ਦੀ ਥਾਂ ਸ਼ਹਿਰ ਦੀ ਪੁਰਾਣੀ ਅਸਤਬਲ ਵਿਚ ਲੈ ਗਏ। ਰਾਜੇ ਦੀ ਘੋੜੇ ਬੰਨ੍ਹਣ ਵਾਲੀ ਇਹ ਅਸਤਬਲ ਅੱਜ ਕੱਲ ਮੁੰਡਿਆਂ ਨੂੰ ਕੋਹਣ ਲਈ ਵਰਤੀ ਜਾਂਦੀ ਸੀ। ਕਈ ਦਿਨ ਪ੍ਰੋਫ਼ੈਸਰ ਨੂੰ ਉਥੇ ਪੁੱਠਾ ਲਮਕਾਈ ਰੱਖਿਆ..........ਘੋਟਣੇ ਲਾਏ ਗਏ..........।

''ਹਾਂ ਜੀ, ਪ੍ਰੋਫ਼ੈਸਰ ਸਾਹਿਬ, ਕੁਝ-ਕੁਝ ਸਮਝ ਆਈ?'' ਉਹੀ ਥਾਣੇਦਾਰ ਲਮਕਦੇ ਪ੍ਰੋਫ਼ੈਸਰ ਨੂੰ ਪੁੱਛਣ ਲੱਗਾ।

''ਚੱਲ ਜੇ ਕੁਝ ਹੋਰ ਨਹੀਂ ਦੱਸਣਾ ਤਾਂ ਉਹਨਾਂ ਮੁੰਡਿਆਂ ਦੇ ਨਾਮ

ਹੀ ਦੱਸ ਦਿਓ.........।''

''ਮੈਨੂੰ ਕੁਝ ਨਹੀਂ ਪਤਾ.........ਉਹ ਮੁੰਡੇ ਮੇਰੇ ਨਾਲ ਬੈਠਦੇ ਜ਼ਰੂਰ ਸਨ.........ਪਰ ਮੈਂ ਉਹਨਾਂ ਬਾਰੇ ਕੁਝ ਨਹੀਂ ਜਾਣਦਾ ਤੇ ਨਾ ਹੀ ਮੈਨੂੰ ਇਹ ਪਤਾ ਸੀ ਕਿ ਉਹ ਮੁੰਡੇ ਖਾੜਕੂ ਹਨ।'' ਸੱਚਮੁੱਚ ਪ੍ਰੋਫ਼ੈਸਰ ਉਹਨਾਂ ਮੁੰਡਿਆਂ ਦੇ ਨਾਂ ਵੀ ਨਹੀਂ ਜਾਣਦਾ ਸੀ।

''ਅੱਤਵਾਦੀ ਪ੍ਰੋਫ਼ੈਸਰ ਸਾਹਿਬ.........ਅੱਤਵਾਦੀ.........ਖਾੜਕੂ ਨਹੀਂ ਅੱਤਵਾਦੀ।'' ਇੰਝ ਲੱਗਦਾ ਸੀ ਜਿਵੇਂ ਥਾਣੇਦਾਰ ਪ੍ਰੋਫ਼ੈਸਰ ਦੁਆਰਾ ਮੁੰਡਿਆਂ ਨੂੰ ਖਾੜਕੂ ਕਹੇ ਜਾਣ 'ਤੇ ਵੀ ਖਿੱਝ ਗਿਆ ਸੀ।

ਉਹ ਸਿਪਾਹੀਆਂ ਨੂੰ ਕਹਿਣ ਲੱਗਾ, ''ਹਾਂ ਬਈ ਮੁੰਡਿਓ, ਪ੍ਰੋਫ਼ੈਸਰ ਸਾਹਿਬ ਨੂੰ ਕੁਝ ਦਿਨ ਬਰਫ਼ 'ਤੇ ਲਿਟਾਓ.........ਕੁਝ ਠੰਡ ਮਿਲੇ ਇਹਨਾਂ ਨੂੰ।''

ਇਸ ਤਰ੍ਹਾਂ ਪ੍ਰੋਫ਼ੈਸਰ ਜਤਿੰਦਰ 'ਤੇ ਪੁਲਿਸ ਕਈ ਦਿਨ ਅੰਤਾਂ ਦਾ ਕਹਿਰ ਢਾਉਂਦੀ ਰਹੀ। ਉਹ ਤਾਂ ਉਹਨਾਂ ਦਾ ਖਹਿੜਾ ਉਦੋਂ ਛੁੱਟਿਆ ਜਦੋਂ ਸ਼ਹਿਰ ਦੇ ਇਕ ਮਸ਼ਹੂਰ ਵਕੀਲ ਇੰਦਰਪਾਲ ਸੇਖੋਂ ਨੇ ਉਹਨਾਂ ਦੀ ਹਾਈ ਕੋਰਟ ਵਿਚੋਂ ਜ਼ਮਾਨਤ ਕਰਵਾ ਕੇ ਲਿਆਂਦੀ।

ਏਧਰ ਬੇਅੰਤ ਸਮੇਤ ਸਾਰੇ ਮੁੰਡੇ ਭੌਰ-ਭੌਰ ਜਿਹੇ ਹੋਏ ਬੈਠੇ ਸਨ। ਉਹਨਾਂ ਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਪ੍ਰੋਫ਼ੈਸਰ ਸਾਹਿਬ ਨਾਲ ਵੀ ਏਨਾ ਸਭ ਕੁਝ ਵਾਪਰਿਆ ਸੀ।

''ਬੱਸ ਉਸੇ ਪੁਲਿਸ ਦੀ ਕੁੱਟ ਨਾਲ ਪੁੱਤਰੋ, ਠੰਡ ਵਿਚ ਮੇਰੇ ਸਰੀਰ ਵਿਚ ਚੀਸਾਂ ਪੈਣ ਲੱਗਦੀਆਂ ਨੇ.........।''

''ਪਰ ਪ੍ਰੋਫ਼ੈਸਰ ਸਾਹਿਬ, ਏਨਾ ਕੁਝ ਵਾਪਰ ਗਿਆ.........ਏਨਾ ਲਹੂ ਡੁੱਲ੍ਹਿਆ.........ਲੱਖਾਂ ਨਿਰਦੋਸ਼ੇ ਲੋਕ ਮਾਰੇ ਗਏ.........ਪਰ ਇਹ ਸਭ ਕੁਝ ਸਾਡੀਆਂ ਕਿਤਾਬਾਂ ਵਿਚ ਕਿਉਂ ਨਾ ਆਇਆ.........।'' ਮੰਦਰ ਹੈਰਾਨ ਸੀ ਕਿ ਏਡੀਆਂ ਘਟਨਾਵਾਂ ਉਹਨਾਂ ਦੀਆਂ ਅੱਖਾਂ ਤੋਂ ਓਹਲੇ ਕਿਵੇਂ ਰਹਿ ਗਈਆਂ।

''ਮੈਨੂੰ ਲੱਗਦੇ ਪੁੱਤਰੋ, ਬਈ ਉਹਨਾਂ ਮੁੰਡਿਆਂ ਦੀ ਗੱਲ ਠੀਕ ਹੀ ਸੀ.........ਇਤਿਹਾਸ ਹਮੇਸ਼ਾ ਜੇਤੂਆਂ ਦੇ ਹੀ ਹੁੰਦੇ ਹਨ.........ਹਾਰੀਆਂ ਕੌਮਾਂ ਤਾਂ ਵਿਚਾਰੀਆਂ ਆਪਣੇ ਮਾਰੇ ਗਿਆਂ ਦੀਆਂ ਲਾਸ਼ਾਂ ਸਾਂਭਣ ਵਿਚ ਹੀ ਲੱਗੀਆਂ ਰਹਿੰਦੀਆਂ ਹਨ.........ਕੋਈ ਸੌਖੀ ਗੱਲ ਨਹੀਂ ਹੁੰਦੀ ਡੇਢ-ਦੋ ਲੱਖ ਲਾਸ਼ਾਂ ਸਾਂਭਣੀਆਂ.........ਤੇ ਜਦੋਂ 25000 ਤੋਂ ਵੱਧ ਲੋਕ ਲਾਵਾਰਿਸ ਕਹਿ ਕੇ ਫੂਕ ਦਿੱਤੇ ਗਏ ਹੋਣ, ਉਦੋਂ ਤਾਂ ਹੋਰ ਵੀ ਮੁਸ਼ਕਿਲ।''

''ਲਾਵਾਰਿਸ.........ਪ੍ਰੋਫ਼ੈਸਰ ਸਾਹਿਬ.........।'' ਬੇਅੰਤ ਬੋਲਿਆ।

''ਹਾਂ ਪੁੱਤਰੋ.........ਹਜ਼ਾਰਾਂ ਲਾਸ਼ਾਂ.........ਜਿਹੜੇ ਨਿਰਦੋਸ਼ ਮੁੰਡੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਦਿੱਤੇ ਜਾਂਦੇ ਸਨ.........ਜਾਂ ਜਿਹਨਾਂ ਨੂੰ ਅੰਨ੍ਹੇ

ਤਸ਼ੱਦਦ ਤੋਂ ਬਾਅਦ ਮਾਰਿਆ ਜਾਂਦਾ ਸੀ ਤੇ ਲਾਸ਼ ਘਰਦਿਆਂ ਨੂੰ ਦੇਣ ਦੀ ਸਥਿਤੀ ਵਿਚ ਨਹੀਂ ਹੁੰਦੀ ਸੀ.........ਉਹਨਾਂ ਨੂੰ ਲਾਵਾਰਿਸ ਕਹਿ ਕੇ ਫੂਕ ਦਿੱਤਾ ਜਾਂਦਾ ਸੀ।''

ਇਸ ਤਰ੍ਹਾਂ ਪ੍ਰੋਫੈਸਰ ਜਤਿੰਦਰ ਕਾਫ਼ੀ ਦੇਰ ਮੁੰਡਿਆਂ ਨਾਲ ਬੀਤੇ ਦੀਆਂ ਗੱਲਾਂ ਕਰਦਾ ਰਿਹਾ। ਮੁੰਡੇ ਵੀ ਚੁੱਪ-ਚਾਪ ਸੁਣਦੇ ਰਹੇ ਤੇ ਕਿਤੇ-ਕਿਤੇ ਕੋਈ ਸਵਾਲ ਕਰ ਕੇ ਜਵਾਬ ਲੈਂਦੇ ਰਹੇ। ਜਦ ਉਹਨਾਂ ਨੂੰ ਆਇਆਂ ਨੂੰ ਕਾਫ਼ੀ ਦੇਰ ਹੋ ਗਈ ਤਾਂ ਗੱਲ ਮੁਕਾਉਣ ਲਈ ਬੇਅੰਤ ਨੇ ਸਵਾਲ ਕੀਤਾ, ''ਪਰ ਕੀ ਪ੍ਰੋਫੈਸਰ ਸਾਹਿਬ, ਏਨੇ ਨੁਕਸਾਨ ਤੋਂ ਬਾਅਦ.........ਅਕਾਲ ਤਖ਼ਤ ਸਾਹਿਬ, ਹਰਿਮੰਦਰ ਸਾਹਿਬ ਦੀ ਬੇਹੁਰਮਤੀ, ਲੱਖਾਂ ਨਿਰਦੋਸ਼ੇ ਲੋਕਾਂ ਦੇ ਕਤਲਾਂ, ਹਜ਼ਾਰਾਂ ਧੀਆਂ ਭੈਣਾ ਦੀ ਬੇਪਤੀ ਹੋ ਜਾਣ ਤੋਂ ਬਾਅਦ.........ਹੁਣ ਸਾਨੂੰ ਚੁੱਪ ਕਰ ਕੇ ਬੈਠ ਜਾਣਾ ਚਾਹੀਦੈ.........ਕੀ ਪੰਜਾਬ ਦੇ ਏਡੇ ਵੱਡੇ ਨੁਕਸਾਨ ਹੋ ਜਾਣ ਤੋਂ ਪਿੱਛੋਂ ਹੁਣ ਅਸੀਂ ਘਸਿਆਰਿਆਂ ਵਾਂਗੂੰ ਆਵਦੀਆਂ ਧੀਆਂ-ਭੈਣਾਂ ਦੇ ਹੱਥ ਫੜ ਕੇ ਸਟੇਜਾਂ 'ਤੇ ਨੱਚਦੇ ਹੀ ਮਰ ਜਾਵਾਂਗੇ.........ਕੀ ਸਾਨੂੰ ਡੁੱਲ੍ਹੇ ਲਹੂ ਦਾ ਬਦਲਾ ਨਹੀਂ ਲੈਣਾ ਚਾਹੀਦਾ।''

''ਹਾਂ ਜੀ ਪ੍ਰੋਫੈਸਰ ਸਾਹਿਬ, ਤੁਹਾਡੇ ਅਨੁਸਾਰ ਸਾਨੂੰ ਕੀ ਕਰਨਾ ਚਾਹੀਦਾ ਹੈ?'' ਮੰਦਰ ਨੇ ਵੀ ਪੁੱਛਿਆ।

''ਇਕੱਠੇ ਹੋਵੋ ਪੁੱਤਰੋ,.........ਆਪਣੇ ਵਰਗੇ ਹੋਰ ਲੱਭੋ.........ਲੋਕਾਂ ਨੂੰ ਦੱਸੋ.........ਪੰਜਾਬ ਦੀ ਪੀੜ.........ਬਾਪੂ ਦੇ ਜ਼ਖਮ.........ਉਸ ਦੇ ਪੁੱਤਰਾਂ ਨੂੰ ਵਿਖਾਓ.........ਗ਼ਫ਼ਲਤ ਦੀ ਨੀਂਦ ਵਿਚ ਘਿਰੇ ਹੋਇਆਂ ਨੂੰ ਹਲੂਣ ਕੇ ਜਗਾਓ.........ਨੱਚਦਿਆਂ ਦੀਆਂ ਬਾਹਵਾਂ ਫੜ ਕੇ ਉਹਨਾਂ ਨੂੰ ਬਾਪੂ ਦਾ ਹੋਇਆ ਨੁਕਸਾਨ ਵਿਖਾਓ.........ਦੁਨੀਆਂ ਨੂੰ ਦੱਸੋ ਕਿ ਸਾਡੇ ਦੇਸ਼ ਪੰਜਾਬ ਨਾਲ ਕੀ ਬੀਤੀ.........ਜ਼ਾਲਮ ਹਾਕਮਾਂ ਨੂੰ ਲੋਕਾਂ ਦੀ ਕਚਹਿਰੀ ਵਿਚ ਨੰਗੇ ਕਰੋ.........ਪੰਥ ਦੀ, ਪੰਜਾਬ ਦੀ ਪਿੱਠ ਵਿਚ ਛੁਰਾ ਖੋਭਣ ਵਾਲੇ ਗ਼ੱਦਾਰਾਂ ਦੇ ਮੂੰਹਾਂ ਤੋਂ ਨਕਾਬ ਲਾਹੋ.........ਨੱਚਾਰ ਬਣਦੀ ਜਾ ਰਹੀ ਕੌਮ ਨੂੰ ਉਸ ਦਾ ਅਣਖੀ ਤੇ ਸ਼ਹਾਦਤਾਂ ਭਰਿਆ ਇਤਿਹਾਸ ਸੁਣਾ ਕੇ ਵਾਪਸ ਮੋੜੋ.........ਜਥੇਬੰਦ ਹੋਵੋ ਮੇਰੇ ਪੁੱਤਰੋ.........ਇਹੀ ਤੁਹਾਡੀ ਸਭ ਤੋਂ ਵੱਡੀ ਲੋੜ ਹੈ।''

''ਪਰ ਪ੍ਰੋਫੈਸਰ ਸਾਹਿਬ, ਭਟਕੀ ਹੋਈ ਸਾਡੀ ਪੀੜ੍ਹੀ ਨੂੰ ਮੋੜੀਏ ਕਿਵੇਂ.........ਇਹ ਤਾਂ ਕੰਜਰਖ਼ਾਨੇ ਤੋਂ ਬਿਨਾਂ ਹੋਰ ਕੁਝ ਸੁਣਦੀ ਹੀ ਨਹੀਂ।'' ਕੰਜਰਖ਼ਾਨੇ ਤੋਂ ਬੇਅੰਤ ਦਾ ਮਤਲਬ ਅੱਜ ਕਲ ਚੱਲ ਰਹੇ ਨਾਚ-ਗਾਣੇ ਤੋਂ ਸੀ।

''ਸੁਣਦੇ ਨੇ ਪੁੱਤਰੋ.........ਨੌਜੁਆਨ ਤਾਂ ਤਿਹਾਏ ਬੈਠੇ ਨੇ.........ਬੱਸ ਕੋਈ ਸੁਣਾਉਣ ਵਾਲਾ ਹੀ ਨਹੀਂ.........ਤੁਸੀਂ ਕੁਝ ਸਿਆਣੇ ਮੁੰਡੇ ਇਕੱਠੇ ਕਰੋ.........ਛੋਟੇ-ਛੋਟੇ ਪ੍ਰੋਗਰਾਮ ਸ਼ੁਰੂ ਕਰੋ.........ਮਸਲਨ ਕਿਤੇ 50-60 ਮੁੰਡੇ

'ਕੱਠੇ ਕਰ ਲਓ..........ਤੇ ਕਿਥੋ ਸਿਆਣੇ ਵਿਦਵਾਨ ਸੱਜਣ ਨੂੰ ਸੱਦ ਕੇ ਉਹਨਾਂ ਨੂੰ ਪੰਜਾਬ ਦੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਓ..........।''

''ਮੁੰਡੇ ਤਾਂ ਅਸੀਂ ਇਕੱਠੇ ਕਰ ਲਵਾਂਗੇ ਪ੍ਰੋਫ਼ੈਸਰ ਸਾਹਿਬ,..........50-60 ਤਾਂ ਕਰ ਈ ਲਵਾਂਗੇ.........ਪਰ ਸੱਦੀਏ ਕੀਹਨੂੰ?'' ਹਰਮੀਤ ਬੋਲਿਆ।

ਉਹ ਹੋਸਟਲ ਵਾਲੇ ਮੁੰਡਿਆਂ ਨੂੰ ਜਾਣਦਾ ਸੀ ਤੇ ਉਹਨਾਂ ਨੂੰ ਲਿਆ ਸਕਦਾ ਸੀ।

''ਸੱਦਣ ਨੂੰ ਤਾਂ ਬਹੁਤ ਵਿਦਵਾਨ ਨੇ ਪੁੱਤਰੋ..........ਪਰ ਤੁਸੀਂ ਨਵੇਂ ਮੁੰਡੇ ਇਕਠੇ ਕਰਨੇ ਨੇ..........ਸੋ ਉਹਨਾਂ ਨੂੰ ਸਭ ਤੋਂ ਸੌਖੀ ਭਾਸ਼ਾ 'ਚ ਤਾਂ ਬਾਪੂ ਜਸਵੰਤ ਸਿੰਘ ਕੰਵਲ ਹੀ ਸਮਝਾ ਸਕਦੇ ਹਨ..........ਪਰ ਪਹਿਲਾਂ ਤੁਸੀਂ ਉਹਨਾਂ ਦੇ ਨਾਵਲ ਪੜ੍ਹੋ.........ਪੜ੍ਹੇ ਨੇ ਕਿਸੇ ਨੇ?''

''ਨਹੀਂ ਜੀ।'' ਸਾਰੇ ਬੋਲੇ।

''ਨਾਮ ਤਾਂ ਕਈ ਵਾਰ ਸੁਣਿਐਂ ਪ੍ਰੋਫ਼ੈਸਰ ਸਾਹਿਬ, ਪਰ ਕੋਈ ਨਾਵਲ ਪੂਰਾ ਨਹੀਂ ਪੜ੍ਹਿਆ।'' ਮੰਦਰ ਬੋਲਿਆ।

''ਤਾਂ ਫੇਰ ਐਂ ਕਰੋ.........ਚਾਰ ਨਾਵਲ ਪੜ੍ਹੋ.......... 'ਰਾਤ ਬਾਕੀ ਹੈ', 'ਲਹੂ ਦੀ ਲੋਅ', 'ਐਨਿਆਂ 'ਚੋਂ ਉਠੋ ਸੂਰਮਾ' ਤੇ 'ਖ਼ੂਨ ਕੇ ਸੋਹਿਲੇ ਗਾਵੀਅਹਿ ਨਾਨਕ'..........ਇਹਨਾਂ ਨਾਵਲਾਂ ਵਿਚੋਂ ਨਾਲੇ ਤਾਂ ਤੁਸੀਂ ਬਹੁਤ ਕੁਝ ਜਾਣੋਗੇ..........ਲੋਕ ਲਹਿਰਾਂ ਬਾਰੇ ਪਤਾ ਲੱਗੇਗਾ..........ਸਰਕਾਰੀ ਜ਼ੁਲਮਾਂ ਬਾਰੇ ਜਾਣਕਾਰੀ ਹੋਵੇਗੀ ਤੇ ਨਾਲੇ ਤੁਸੀਂ ਜਸਵੰਤ ਸਿੰਘ ਕੰਵਲ ਨੂੰ ਪੜ੍ਹ ਸਕੋਗੇ ਕਿ ਉਹ ਕਿਥੇ ਖੜਾ ਹੈ।''

''ਠੀਕ ਐ ਪ੍ਰੋਫ਼ੈਸਰ ਸਾਹਿਬ..........ਅਸੀਂ ਛੇਤੀ ਹੀ ਇਹ ਨਾਵਲ ਲਵਾਂਗੇ..........ਤੇ ਹੁਣ ਤੁਹਾਨੂੰ ਇਹ ਪੜ੍ਹਨ ਤੋਂ ਬਾਅਦ ਹੀ ਮਿਲਾਂਗੇ।'' ਬੇਅੰਤ ਨੇ ਸਾਰਿਆਂ ਵੱਲੋਂ ਹਾਮੀ ਭਰੀ ਤੇ ਸਾਰਿਆਂ ਪ੍ਰੋਫ਼ੈਸਰ ਜਤਿੰਦਰ ਨੂੰ ਸਤਿ ਸ੍ਰੀ ਅਕਾਲ ਕਹਿ ਕੇ ਵਿਦਾ ਲਈ।

ਕੁਝ ਦਿਨਾਂ ਬਾਅਦ ਹੀ ਮੁੰਡਿਆਂ ਨੇ ਉਹ ਸਾਰੇ ਨਾਵਲ ਇਕ-ਇਕ ਕਰ ਕੇ ਪੜ੍ਹ ਲਏ। ਇਹਨਾਂ ਨਾਵਲਾਂ ਨਾਲ ਉਹਨਾਂ ਦੀ ਬਾਪੂ ਜਸਵੰਤ ਸਿੰਘ ਕੰਵਲ ਨਾਲ ਇਕ ਸਾਂਝ ਜਿਹੀ ਪੈ ਗਈ। ਕਈ ਵਾਰ ਨਾਵਲ ਪੜ੍ਹਦਿਆਂ ਇਹਨਾਂ ਨੂੰ ਜਸਵੰਤ ਸਿੰਘ ਕੰਵਲ, ਬਾਪੂ ਅਜਮੇਰ ਸਿੰਘ ਵਾਂਗ ਜਾਪਿਆ।

ਬੇਅੰਤ ਨੇ ਤਾਂ 'ਕੌਮੀ ਵਸੀਅਤ' ਤੇ 'ਸਚ ਕੀ ਬੇਲਾ' ਵੀ ਪੜ੍ਹ ਦਿੱਤੀਆਂ ਸਨ ਤੇ ਹੁਣ ਇਹ ਸਾਰੇ ਜਸਵੰਤ ਸਿੰਘ ਕੰਵਲ ਨੂੰ ਮਿਲਣ ਦੇ ਇੱਛਕ ਸਨ। ਇਹਨਾਂ ਨੇ ਪ੍ਰੋਫ਼ੈਸਰ ਜਤਿੰਦਰ ਨਾਲ ਗੱਲ ਕੀਤੀ।

''ਪ੍ਰੋਫ਼ੈਸਰ ਸਾਹਿਬ ਅਸੀਂ 60-70 ਮੁੰਡਿਆਂ ਨਾਲ ਗੱਲ ਕਰ ਲਈ ਐ ਜੀ..........ਸਾਰੇ ਆਉਣ ਨੂੰ ਤਿਆਰ ਨੇ..........ਤੁਸੀਂ ਹੁਣ ਬਾਪੂ ਜੀ ਨੂੰ ਬੁਲਾਉਣ ਦਾ ਪ੍ਰਬੰਧ ਕਰ ਦਿਓ ਜੀ..........।'' ਹਰਮੀਤ ਨੇ ਪ੍ਰੋਫ਼ੈਸਰ ਜਤਿੰਦਰ ਨੂੰ ਕਿਹਾ।

''ਠੀਕ ਹੈ, ਮੈਂ ਅੱਜ ਹੀ ਬਾਪੂ ਜੀ ਨਾਲ ਗੱਲ ਕਰ ਕੇ ਕੋਈ ਤਰੀਕ ਲੈਨਾ ਤੇ ਨਾਲੇ ਪ੍ਰਿੰਸੀਪਲ ਸਾਹਿਬ ਨਾਲ ਗੱਲ ਕਰ ਲੈਨਾ।.........ਕਾਲਜ ਦੇ ਹਾਲ ਲਈ.........।'' ਪ੍ਰੋਫੈਸਰ ਨੇ ਮੁੰਡਿਆਂ ਨੂੰ ਹੌਂਸਲਾ ਦਿੱਤਾ ਤੇ ਕੁਝ ਦਿਨਾਂ ਬਾਅਦ ਹੀ.........

ਕਾਂਡ ੨੦

ਸਾਰੇ ਜਣੇ ਪੱਬਾਂ ਭਾਰ ਹੋ ਕੇ ਬਾਪੂ ਜਸਵੰਤ ਸਿੰਘ ਕੰਵਲ ਨੂੰ ਉਡੀਕ ਰਹੇ ਸਨ। ਅਜੇ ਤੱਕ ਇਹਨਾਂ ਸਾਰਿਆਂ ਨੇ ਨਾਵਲਾਂ 'ਤੇ ਹੋਰ ਲੇਖਾਂ ਰਾਹੀਂ ਹੀ ਕੰਵਲ ਨੂੰ ਦੇਖਿਆ ਸੀ ਤੇ ਅੱਜ ਪਹਿਲੀ ਵਾਰ ਆਹਮਣੇ-ਸਾਹਮਣੇ ਹੋਣਾ ਸੀ। ਅੱਜ ਜੀਅ ਭਰ ਕੇ ਉਹਨਾਂ ਨਾਲ 'ਦੇਸ਼ ਪੰਜਾਬ' ਦਾ ਦੁੱਖ ਸਾਂਝਾਂ ਕਰਨਾ ਸੀ। ਸੋ ਸਾਰੇ ਹਾਲ ਵਿਚ ਬੈਠੇ ਬਾਰ ਬਾਰ ਬੂਹੇ ਵੱਲ ਤੱਕ ਰਹੇ ਸਨ।

ਬੇਅੰਤ ਤੇ ਹਰਪ੍ਰੀਤ ਦੋਹੇਂ ਜਣੇ ਗੇਟ 'ਤੇ ਖੜ੍ਹੇ ਸਨ, ਬਾਪੂ ਜੀ ਦੇ ਸਵਾਗਤ ਲਈ। ਉਹਨਾਂ ਨੂੰ ਉਮੀਦ ਸੀ ਕਿ ਉਹ ਕਿਸੇ ਗੱਡੀ 'ਤੇ ਆਉਣਗੇ, ਸੋ ਉਹ ਆਉਂਦੀਆਂ ਜਾਂਦੀਆਂ ਕਾਰਾਂ ਵੱਲ ਤੱਕ ਰਹੇ ਸਨ।

ਇਹਨਾਂ ਦੋਹਾਂ ਨੇ ਪਹਿਲਾਂ ਕਦੇ ਬਾਪੂ ਜਸਵੰਤ ਸਿੰਘ ਕੰਵਲ ਨੂੰ ਨਹੀਂ ਦੇਖਿਆ ਸੀ। ਕੁਝ ਦੂਰ ਇੱਕ ਚਿੱਟੇ ਦਾਹੜੇ ਤੇ ਛੋਟੀ ਜਿਹੀ ਅਸਮਾਨੀ ਪੱਗ ਵਾਲਾ ਬਜ਼ੁਰਗ ਤੁਰਿਆ ਆ ਰਿਹਾ ਸੀ। ਉਹ ਬਜ਼ੁਰਗ ਇਹਨਾਂ ਦੋਹਾਂ ਕੋਲ ਆ ਕੇ ਖਲੋ ਗਿਆ ਤੇ ਕੁਝ ਚਿਰ ਬਾਅਦ ਪੁੱਛਿਆ,

"ਪੁੱਤਰੋ ਪ੍ਰੋਗਰਾਮ ਏਥੇ ਈ ਐ"

"ਹਾਂ ਜੀ ਬਾਪੂ ਜੀ ਏਥੇ ਈ ਆ" ਹਰਪ੍ਰੀਤ ਨੇ ਜਵਾਬ ਦਿੱਤਾ, ਤੇ ਨਾਲ ਹੀ ਬੇਅੰਤ ਨੇ ਬਜ਼ੁਰਗ ਨੂੰ ਪੁੱਛਿਆ , "ਤੁਸੀਂ ਕਿੱਥੋਂ ਆਏ ਓ ਬਾਪੂ ਜੀ" ਉਸ ਦੇ ਦਿਲ ਨੇ ਬਜ਼ੁਰਗ ਨੂੰ ਪਛਾਣ ਲਿਆ ਸੀ।

"ਪੁੱਤ ਮੋਗੇ ਨੇੜੇ ਮੇਰਾ ਪਿੰਡ ਐ, ਢੁੱਡੀਕੇ, ਤੇ ਮੇਰਾ ਨਾਮ ਐ ਜਸਵੰਤ ਸਿੰਘ ਕੰਵਲ" ਬਾਪੂ ਨੇ ਬੜੀ ਹਲੀਮੀਂ ਨਾਲ ਕਿਹਾ,

ਮੁੰਡਿਆਂ ਦੇ ਚਿਹਰੇ ਦਾ ਰੰਗ ਇੱਕ ਦਮ ਉੱਡ ਗਿਆ, ਉਹਨਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ੬੦ ਦੇ ਕਰੀਬ ਕਿਤਾਬਾਂ ਲਿਖ ਚੁੱਕਾ ਇੱਕ ਸਤਿਕਾਰਤ ਲੇਖਕ, ਏਨਾ ਸਾਦਾ ਤੇ ਏਨੀ ਨਿਮਰਤਾ ਭਰਿਆ ਕਿ ਉਹ ਸਮਾਗਮ ਦਾ ਮੁਖ ਬੁਲਾਰਾ ਸੀ ਪਰ ਮੁੰਡਿਆਂ ਵੱਲੋਂ ਉਸ ਨੂੰ ਨਾਂ ਪਛਾਨਣ 'ਤੇ ਵੀ ਉਸ ਨੇ ਭੋਰਾ ਗੁੱਸਾ ਨਹੀਂ ਕੀਤਾ ।

ਬੇਅੰਤ ਨੂੰ ਨਾਲ ਦੀ ਨਾਲ ਇੱਕ ਪੁਰਾਣੀ ਘਟਨਾਂ ਚੇਤੇ ਆ ਰਹੀ ਸੀ। ਕੇਰਾਂ ਕਿਸੇ ਧਾਰਮਿਕ ਸੰਸਥਾ ਵੱਲੋਂ ਸੁਖਾਨੰਦ ਕਾਲਜ ਵਿਚ ਇੱਕ ਗੁਰਮਤਿ ਟ੍ਰੇਨਿੰਗ ਕੈਂਪ ਲਗਾਇਆ ਗਿਆ ਸੀ। ਚੰਡੀਗੜ੍ਹ ਦਾ ਇੱਕ ਉੱਘਾ ਸਿਖ ਸਕਾਲਰ ਉੱਥੇ

ਮੁੱਖ ਬੁਲਾਰਾ ਸੀ। ਪ੍ਰਬੰਧਕਾਂ ਵੱਲੋਂ ਉਸ ਅਮੀਰ ਇਤਿਹਾਸਕਾਰ ਲਈ ਉਚੇਚੇ ਪ੍ਰਬੰਧ ਕੀਤੇ ਗਏ ਸਨ। ਸਭ ਨੇ ਸੁਣਿਆਂ ਹੋਇਆ ਸੀ ਕਿ ਉਹ ਖਰਵੇਂ ਸੁਭਾਅ ਦਾ ਹੈ। ਖੈਰ..... ਉਸ ਸਕਾਲਰ ? ਨੇ ਪ੍ਰਬੰਧਕਾਂ ਨੂੰ ਟਾਈਮ ਦਿੱਤਾ ਹੋਇਆ ਸੀ ਕਿ 4 ਵਜੇ ਉਸ ਨੂੰ ਬਾਘੇਪੁਰਾਣੇ ਤੋਂ ਆਂ ਕੇ ਲੈ ਜਾਇਓ। ਇਹ ਵਿਚਾਰੇ ਸੜਕ ਖਰਾਬ ਹੋਣ ਕਾਰਨ ਪੰਜ ਮਿੰਟ ਲੇਟ ਹੋ ਗਏ, ਜਦ ਉਸ ਚੰਡੀਗੜ੍ਹੀਏ ਸਕਾਲਰ ਨੂੰ ਇਹਨਾਂ ਨੇ ਫੋਨ ਕੀਤਾ,.

"ਹਾਂ ਜੀ, ਵੀਰ ਜੀ ਕਿੱਥੇ ਓਂ "

"ਕੌਣ" ਗੁੱਸੇ ਭਰਿਆ ਜਵਾਬ ਸੀ

"ਸਟੱਡੀ ਸਰਕਲ ਤੋਂ ਬੋਲਦੇ ਆਂ ਵੀਰ ਜੀ"

"ਹਾਂ ਦੱਸੋ ਕੀ ਗੱਲ ਐ"

"ਕਿੱਥੇ ਓਂ ਜੀ"

"ਮੋਗੇ ਆਂ"

"ਪਰ ਤੁਸੀਂ ਤਾਂ ਕਹਿੰਦੇ ਸੀ ਬਈ 4 ਵਜੇ ਬਾਘੇਪੁਰਾਣੇ ਪਹੁੰਚ ਜਾਓਗੇ"

"ਤੁਸੀਂ ਕੁੱਤਿਓ ਮੇਰੀ ਭਕਾਈ ਕਰਵਾਈ, ਮੈਂ ਅੱਧਾ ਘੰਟਾ ਬਾਘੇਪੁਰਾਣੇ ਖੜ੍ਹਾ ਰਿਹਾ"

"ਪਰ ਤੁਸੀ 4 ਵਜੇ ਦਾ ਟਾਈਮ ਦਿੱਤਾ ਸੀ ਜੀ ਤੇ ਹੁਣ ਅਜੇ ਚਾਰ ਵੱਜ ਕੇ ਪੰਜ ਮਿੰਟ ਹੋਏ ਨੇ"

"ਬਹੁਤੀ ਬਕਵਾਸ ਨਾ ਕਰੋ, ਤੁਹਾਡਾ ਫਰਜ਼ ਨਹੀਂ ਬਣਦਾ ਸੀ ਬਈ ਅੱਧਾ ਘੰਟਾ ਪਹਿਲਾਂ ਆ ਕੇ ਖੜ੍ਹਦੇ"

"ਪਰ ਤੁਸੀਂ ਜੇ ਪਹਿਲਾਂ ਪਹੁੰਚ ਗਏ ਸੀ ਤਾਂ ਇੱਕ ਫੋਨ ਕਰ ਦਿੰਦੇ, ਅਸੀਂ ਪਹਿਲਾਂ ਆ ਜਾਂਦੇ"

"ਬਹੁਤੀ ਭਕਾਈ ਨਾਂ ਮਾਰੋ ਮੇਰੇ ਨਾਲ, ਮੈਂ ਥੋੜਾ ਨੌਕਰ ਰੱਖਿਆਂ, ਬਈ ਤੁਹਾਨੂੰ ਫੋਨ ਕਰਦਾ ਫਿਰਾਂ, ਖਬਰਦਾਰ ਜੇ ਹੁਣ ਮੈਨੂੰ ਫੋਨ ਕੀਤਾ, ਮੈਂ ਹੁਣ ਵਾਪਸ ਜਾ ਰਿਹਾਂ ਤੇ ਮੋਗਾ ਟੱਪ ਗਿਆਂ"

ਤੇ ਏਨਾਂ ਕਹਿ ਕੇ ਉਸ ਨੇ ਫੋਨ ਕੱਟ ਦਿੱਤਾ, ਇਹ ਵਿਚਾਰੇ ਛਿੱਥੇ ਜਿਹੇ ਹੋ ਕੇ ਵਾਪਸ ਤੁਰ ਪਏ, ਪਰ ਨਾਲ ਹੀ ਇਹਨਾਂ ਨੂੰ ਇਹ ਵੀ ਫਿਕਰ ਸੀ ਕਿ ਏਡਾ ਵੱਡਾ ਪ੍ਰੋਗਰਾਮ, ਏਨੀਆਂ ਅਨਾਊਸਮੈਂਟਾਂ, ਤੇ ਜੇ ਮੁੱਖ ਬੁਲਾਰਾ ਹੀ ਨਹੀਂ ਆਇਆ ਤਾਂ ਪ੍ਰੋਗਰਾਮ ਕਿਵੇਂ ਨੇਪਰੇ ਚੜ੍ਹੂ। ਖੈਰ ਕਰ ਕਰਾ ਕੇ ਏਹਨਾਂ ਵਿਚਾਰਿਆਂ ਨੇ ਸਟੇਜ 'ਤੇ ਝੂਠ ਬੋਲ ਦਿੱਤਾ ਕਿ ਸਾਡੇ ਮੁੱਖ ਬੁਲਾਰੇ ਦਾ ਐਕਸੀਡੈਂਟ ਹੋ ਗਿਐ। ਪਰ ਪ੍ਰਮਾਤਮਾਂ ਨੇ ਕ੍ਰਿਪਾ ਕੀਤੀ ਤੇ ਪ੍ਰੋਗਰਾਮ ਸਫਲਤਾ ਨਾਲ ਨੇਪਰੇ ਚੜ੍ਹ ਗਿਆ।

ਤੇ ਬੇਅੰਤ ਏਧਰ ਵਾਰ ਵਾਰ ਬਾਪੂ ਜਸਵੰਤ ਕੰਵਲ ਵੱਲ ਤੱਕ ਰਿਹਾ ਸੀ, ਜਿਹੜਾ ਆਪੇ ਹੀ ਸਮਾਗਮ ਦੀ ਥਾਂ 'ਤੇ ਪਹੁੰਚ ਗਿਆ ਸੀ ਤੇ ਚਿਹਰੇ 'ਤੇ ਭੋਰਾ ਗਿਲਾ ਨਹੀਂ ਸੀ ਤੇ ਓਸ ਚੰਡੀਗੜ੍ਹੀਏ ਸਕਾਲਰ ਨੇ ਬਾਪੂ ਜਸਵੰਤ ਕੰਵਲ ਨੂੰ

ਆਪਣੀ ਇੱਕ ਕਿਤਾਬ ਵਿਚ ਸਿਖੀ ਵਿਰੋਧੀ ਲੇਖਕ ਦੱਸਿਆ ਸੀ।

ਖੈਰ.... ਦੋਹਾਂ ਨੇ ਹੁਣ ਬਜ਼ੁਰਗ ਦੇ ਝੁਕ ਕੇ ਪੈਰੀਂ ਹੱਥ ਲਾਏ, ਨਾਲ ਹੀ ਮੁਆਫੀ ਵੀ ਮੰਗੀ ਤੇ ਬਾਪੂ ਜੀ ਨੂੰ ਪੂਰੇ ਸਤਿਕਾਰ ਨਾਲ ਮਹਿਮਾਨਾਂ ਵਾਲੇ ਕਮਰੇ ਵਿਚ ਲੈ ਆਏ। ਬਾਪੂ ਜੀ ਨੇ ਸਿਰਫ ਚਾਹ ਦਾ ਇੱਕ ਕੱਪ ਲਿਆ। ਰਸਮੀਂ ਜਿਹੀ ਆਓ ਭਗਤ ਤੋਂ ਬਾਅਦ ਬਾਪੂ ਜੀ ਨੂੰ ਹਾਲ ਵਿਚ ਲਿਆਂਦਾ ਗਿਆ, ਜਿੱਥੇ ਸਾਰੇ ਸ੍ਰੋਤੇ ਉਹਨਾਂ ਦਾ ਬੇਸਬਰੀ ਨਾਲ ਇੰਤਜਾਰ ਕਰ ਰਹੇ ਸਨ।

ਸਟੇਜ ਸੈਕਟਰੀ ਨੇ ਸਾਰਿਆਂ ਨਾਲ ਉਹਨਾਂ ਦੀ ਜਾਣ ਪਛਾਣ ਕਰਵਾਈ,

"ਹਾਲ ਵਿਚ ਬੈਠੇ ਹੋਏ ਸਮੂਹ ਵੀਰੋ, ਅੱਜ ਸਾਡੇ ਵਿਚ ਉਹ ਸਤਿਕਾਰਯੋਗ ਬਜ਼ੁਰਗ ਪਹੁੰਚੇ ਹਨ, ਜਿਹਨਾਂ ਨੇ ਬੇਖੌਫ ਅਤੇ ਨਿਧੜਕ ਹੋ ਕੇ ਪੰਜਾਬ ਦੇ ਹੱਕਾਂ ਉੱਤੇ ਸਮੇਂ-ਸਮੇਂ 'ਤੇ ਪਏ ਡਾਕਿਆਂ ਪ੍ਰਤੀ ਸਾਨੂੰ ਸੁਚੇਤ ਕੀਤਾ, ਜਿਨ੍ਹਾਂ ਦੀ ਕਲਮ ਪਿਛਲੇ ੫੦-੬੦ ਸਾਲਾਂ ਤੋਂ ਪੰਥ ਅਤੇ ਪੰਜਾਬ ਦੇ ਦੋਖੀਆਂ ਦੇ ਪਾਜ ਉਘੇੜਦੀ ਰਹੀ ਹੈ, ਜਿਹੜੇ ਸਮੇਂ-ਸਮੇਂ 'ਤੇ ਨੌਜੁਆਨੀ ਨੂੰ ਵੰਗਾਰਾਂ ਪਾਉਂਦੇ ਰਹੇ ਹਨ, ਖੁਰਦੇ ਜਾ ਰਹੇ ਪੰਜਾਬ ਨੂੰ ਬਚਾਉਣ ਲਈ.................., ਮੈਂ ਬਹੁਤ ਹੀ ਸਤਿਕਾਰ ਨਾਲ ਬੇਨਤੀ ਕਰਦਾਂ, ਬਾਪੂ ਜਸਵੰਤ ਸਿੰਘ ਕੰਵਲ ਜੀ ਨੂੰ, ਉਹ ਆਉਣ ਤੇ ਤੁਹਾਡੇ ਨਾਲ ਆਪਣੇ ਦਿਲ ਦੇ ਦਰਦ ਵੰਡਾਉਣ, ਬਾਪੂ ਜਸਵੰਤ ਸਿੰਘ ਕੰਵਲ ਜੀ"

ਬਾਪੂ ਜੀ ਖੜ੍ਹੇ ਹੁੰਦੇ ਹਨ, ਉਹਨਾਂ ਦੀ ਤੋਰ ਕੁਝ ਥੱਕੀ ਜਿਹੀ ਜਾਪਦੀ ਹੈ, ਜਿਵੇਂ ਕੋਈ ਮੁਸਾਫਰ ਲਗਾਤਾਰ ਤੁਰ ਰਿਹਾ ਹੋਵੇ ਪਰ ਮੰਜਿਲ ਨਾ ਮਿਲ ਰਹੀ ਹੋਵੇ, ਇੰਝ ਜਾਪਦਾ ਹੈ ਜਿਵੇਂ ਉਹ ਵੀ ਤੁਰਦੇ ਤੁਰਦੇ ਥੱਕ ਗਏ ਹਨ, ਸਮਾਂ ਵੀ ਬਹੁਤ ਹੋ ਗਿਐ ਨਾ ਤੁਰਦਿਆਂ ਨੂੰ, ਅੱਧੀ ਸਦੀ ਤੋਂ ਜਿਆਦਾ, ਉਹ ਚੱਲ ਕੇ ਮਾਈਕ ਕੋਲ ਆਉਂਦੇ ਹਨ, ਚਾਰੇ ਪਾਸੇ ਸ਼ਾਂਤੀ ਹੈ, ਬਾਪੂ ਜੀ ਬੋਲਣਾ ਸ਼ੁਰੂ ਕਰਦੇ ਹਨ,

"ਗੁਰੂ ਰੂਪ ਸਮੂਹ ਸੰਗਤ ਜੀਓ,
'ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹਿ'

ਮੈਂ ਜਸਵੰਤ ਸਿੰਘ ਕੰਵਲ, ਦੇਸ਼ ਪੰਜਾਬ ਦਾ ਜੰਮਪਲ, ਗੁਰੂ ਨੂੰ ਹਾਜਰ ਨਾਜਰ ਜਾਣ ਕੇ ਕਹਿੰਦਾ ਹਾਂ ਕਿ ਜੋ ਕੁਝ ਕਹਾਂਗਾ ਸੱਚ ਕਹਾਂਗਾ, ਗਲਤ ਫਹਿਮੀਂ ਵਿਚ ਉਕਾਈ ਵੀ ਹੋ ਸਕਦੀ ਹੈ, ਉਸ ਲਈ ਗੁਰੂ ਅਤੇ ਸੰਗਤ ਤੋਂ ਖ਼ਿਮਾਂ ਦਾ ਜਾਚਕ ਹਾਂ। ਪੰਥ ਅਤੇ ਪੰਜਾਬ ਦੇ ਵਾਲੀ ਸੂਰਮੇਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਹਿਣੀ, ਕਰਨੀਂ ਅਤੇ ਅਥਾਹ ਸਿਦਕਵਾਨ ਜਰਨੀ ਦੇ ਲਹੂ ਦਾ ਇੱਕ ਨਿੱਕਾ ਜਿਹਾ ਤੁਪਕਾ, ਮੇਰੀ ਬੇਚੈਨ ਹਿੱਕ ਵਿਚ ਬੁਰੀ ਤਰ੍ਹਾਂ ਧੜਕ, ਤੜਪ ਰਿਹਾ ਹੈ। ਪੰਜਾਬ ਅਤੇ ਪੰਥ ਦੀ ਹੋਈ ਦੁਰਦਸ਼ਾ, ਖੱਖੜੀਆਂ ਹੋਇਆ ਸ਼੍ਰੀ ਅਕਾਲ ਤਖ਼ਤ ਸਾਹਿਬ, ਦਿੱਲੀ ਤੇ ਹੋਰ ਰਾਜਾਂ ਦੇ ਸ਼ਹਿਰਾਂ ਵਿਚ ਹਜ਼ਾਰਾਂ ਬੇਗੁਨਾਹ ਸਿਖਾਂ ਦੀਆਂ ਹੋਈਆਂ ਕਤਲਾਮਾਂ, ਮੇਰੇ ਸਿਰ ਨੂੰ ਜਨੂੰਨ ਬਣ ਕੇ ਚੜ੍ਹ ਚੁੱਕੀਆਂ ਹਨ। ਮੇਰੇ ਸਿਰ ਦੀ ਮਜਬੂਰੀ ਐ, ਮੈਂ ਨੇਮਾਂ ਉਪਨੇਮਾਂ ਦੀ ਪਾਬੰਦੀ ਤੋੜ ਕੇ ਲੋਕਾਂ ਦੇ ਪਰ੍ਹੇ ਵਿਚ ਬਗਾਵਤੀ

ਸੂਰ ਦੀ ਦੁਹਾਈ ਪਾ ਉੱਠਿਆ ਹਾਂ।

ਪੰਜਾਬ, ਜੋ ਮੇਰਾ ਤੇ ਸ਼ਾਇਦ ਥੋੜਾ ਵੀ ਬਾਪੂ ਐ, ਵਿਚਾਰਾ ਨਿਰਦੋਸ਼ ਆ ਗਿਆ, ਦੁਸ਼ਮਣਾ, ਗ਼ਦਾਰਾਂ ਤੇ ਮੱਕਾਰਾਂ ਦੇ 'ਡਿੱਕੇ। ਉਸਦੀ ਖ਼ੂਬਸੂਰਤ ਧਾਂਕਾਂ ਪਾਉਂਦੀ ਜਵਾਨੀ ਨਸ਼ਿਆਂ ਨੇ ਚੱਟ ਲਈ। ਉਸ ਦੇ ਸਕੇ ਸੋਦਰੇ ਉਸ ਦੀ ਲੜਖੜਾਂਉਂਦੀ ਹਾਲਤ ਵੇਖ, ਮੰਜੇ ਪਏ ਨੂੰ ਜਿਉਂ ਦਾ ਤਿਉਂ ਛੱਡ ਕੇ ਭਗੌੜੇ ਬਣ ਗਏ। ਬਾਪੂ ਨੇਂ ਕਿੰਨੇ ਲਹੂ ਲੁਹਾਣ ਘੱਲੂਘਾਰੇ ਵੇਖੇ, ਉਹ ਬਹਾਦਰੀ ਨਾਲ ਲੜਿਆ ਤੇ ਜਿੱਤਾਂ ਦਾ ਮੋਹਰੀ ਬਣਦਾ ਰਿਹਾ।

.........ਤੇ ਹੁਣ ਮੰਜੇ ਪਿਆ, ਝੂਰਦਾ ਬਾਪੂ ਗਿਲਾ ਕਰਦਾ ਹੈ,

'ਮੇਰੇ ਉੱਤੇ ਭੈੜੇ ਹਾਲਤ ਪਹਿਲੀ ਵਾਰ ਨਹੀਂ ਆਏ, ਤੁਸੀਂ ਜ਼ੁਲਮ ਤੇ ਲੁੱਟ ਦੇ ਖਿਲਾਫ ਖੜੇ ਕਿਉਂ ਨਾ ? ਮੇਰਾ ਵਾਲ ਵਾਲ ਜ਼ਖ਼ਮਾਂ ਨਾਲ ਭਰਿਆ ਪਿਆ ਹੈ। ਮੈਂ ਸਿਰ ਤਲੀ 'ਤੇ ਧਰ ਲੜਦਾ ਰਿਹਾ ਹਾਂ, ਮੈਦਾਨ 'ਚੋਂ ਪਿੱਠ ਨਹੀਂ ਭੁਆਈ। ਪਰ ਮੇਰਾ ਹੁਣ ਤੁਹਾਡੇ ਨਾਲ ਗਿਲਾ ਹੈ, ਤੁਸੀਂ ਆਫਤਾਂ ਨਾਲ ਪੈਰ ਗੱਡ ਕੇ ਲੜੇ ਕਿਉਂ ਨਾ ? ਭਗੌੜੇ ਹੋ ਕੇ ਮੈਨੂੰ ਕਲੰਕ ਲਗਾਇਆ। ਤੁਹਾਨੂੰ ਹੁਣ ਪੰਜਾਬ ਦੇ ਅਟਕ ਤੋੜ ਸੂਰਮੇਂ ਪੁੱਤ ਕੌਣ ਕਹੇਗਾ ? ਓਏ ਸੁਰਤਾ ਮਾਰੇ ਪੁੱਤਰੋ, ਪੰਜਾਬ ਦੀ ਗ਼ੈਰਤ, ਬਹਾਦਰੀ ਤੇ ਅਣਖ ਵੇਚ ਕੇ ਸੋਨਾ ਖਰੀਦਿਆ ? ਜਿਸ ਨੂੰ ਗੁਰੂ ਨੇ ਮਣਾ ਮੂੰਹੀਂ ਸਰਸਾ ਵਿਚ ਰੋੜ ਦਿੱਤਾ ਸੀ, ਤੇ ਹੁਣ ਮੇਰੀਆਂ ਬਚੀਆਂ ਖੁਚੀਆਂ ਰਵਾਇਤਾਂ ਵੀ ਵੇਚੋਗੇ ?'"

ਜਿਉਂ ਜਿਉਂ ਬਾਪੂ ਜਸਵੰਤ ਸਿਹੁੰ ਬੋਲ ਰਿਹਾ ਸੀ ਤਿਉਂ ਤਿਉਂ ਉਸ ਦੀ ਆਵਾਜ ਵਿਚ ਕਰੜਾਈ ਆ ਰਹੀ ਸੀ, ਚੁੱਪੀ ਚਾਰੇ ਪਾਸੇ ਫੈਲੀ ਹੋਈ ਸੀ, ਵਿਚੋਂ ਕਦੇ ਕਦੇ ਕਿਸੇ ਦੇ ਸਾਹ ਖਿੱਚ ਕੇ ਹਉਂਕਾ ਲੈਣ ਦੀ ਆਵਾਜ ਆਉਂਦੀ, ਬਾਪੂ ਲਗਾਤਾਰ ਬੋਲ ਰਿਹਾ ਸੀ,

"ਮੇਰੇ ਸ਼ਬਦ, ਸਟੀਲ ਦੀਆਂ ਮੇਖਾਂ ਬਣ ਕਿਸੇ ਤਰ੍ਹਾਂ ਤੁਹਾਡੇ ਦਿਮਾਗ ਵਿਚ ਗੱਡੀਆਂ ਜਾਣ, ਸ਼ਾਇਦ ਤੁਹਾਡਾ ਬੌਂਦਲਿਆ ਦਿਮਾਗ ਅੰਗੜਾਈ ਭਰ ਕੇ ਜਾਗ ਪਵੇ ਤੇ ਮੰਜੇ ਪਿਆ ਬਾਪੂ ਮੁੜ ਉੱਠਦਾ ਹੋ ਜਾਵੇ। ਅਮੀਰ ਵਿਰਾਸਤਾਂ ਤੇ ਲੱਖਾਂ ਸ਼ਹਾਦਤਾਂ ਦਾ ਮਾਲਕ ਪੰਜਾਬ ਮੁੜ ਜ਼ਾਲਮਾਂ ਮੂਹਰੇ ਹਿੱਕ ਤਾਣ ਕੇ ਖਲੋ ਜਾਵੇ। ਤੁਸੀਂ ਗਾਂ ਦੇ ਸੋਸੇ ਤੇ ਸੂਰ ਦੇ ਪਕੌੜੇ ਖਾਣ ਬਾਹਰ ਨੂੰ ਭੱਜ ਤੁਰੇ, ਤੇ ਤੁਹਾਡੇ ਪਿਛਲੇ ਭਰਾਵਾਂ, ਨਸ਼ਿਆਂ ਨੂੰ 'ਦੇਹ ਤੇਰੇ ਦੀ' ਕਰ ਮਾਰੀ। ਬਾਪੂ ਹੱਡੀਆਂ ਦਾ ਢਾਂਚਾ ਬਣ ਕੇ ਰਹਿ ਗਿਆ। ਬਦਚਲਣ ਪੁੱਤਰਾਂ ਨੂੰ ਬਾਪੂ ਫ਼ਰਾਖਤੀ(ਮੇਰਾ ਪੁੱਤਰ ਨਹੀਂ) ਦੇ ਦਿੰਦੇ ਸਨ, ਪਰ ਘੋਰ ਕਲਯੁਗ ਪੁੱਤਰਾਂ ਨੇ ਸਾਊ ਤੇ ਕਮਾਊ ਬਾਪੂ ਨੂੰ ਹੀ ਫ਼ਰਾਖਤੀ ਦੇ ਮਾਰੀ, 'ਤੂੰ ਸਾਡਾ ਬਾਪੂ ਨਹੀਂ' ਵਿਚਾਰੇ ਦਰਵੇਸ਼ ਬਾਪ ਦਾ ਦਿਲ ਪੁੱਛਿਆਂ ਹੀ ਜਾਣਦਾ ਹੈ,

ਮੇਰੇ ਕੁਝ ਕੰਡਿਆਂ ਵਰਗੇ ਤਿੱਖੇ ਸਵਾਲ ਹਨ,

ਮਨ ਨਾਲ ਪੱਕਾ ਫੈਸਲਾ ਕਰਕੇ ਦੱਸੋ, ਪੰਜਾਬ ਤੁਹਾਡਾ ਬਾਪ ਹੈ ਜਾਂ ਨਹੀਂ ?

ਜੇ ਨਹੀਂ ਤਾਂ ਇਹ ਦੱਸਣ ਦੀ ਖੇਚਲ ਵੀ ਕਰੋ ਕਿ 'ਕੀਹਦੇ ਪੁੱਤ ਹੋ' ? ਕੋਈ ਹੋਰ ਬਾਪ ਕਪੁੱਤਰਾਂ ਨੂੰ ਅਪਣਾਉਣ ਲਈ ਤਿਆਰ ਵੀ ਹੈ ?

ਹੱਥ ਜੋੜ ਕੇ ਖ਼ਿਮਾਂ ਮੰਗਦਾ ਪੁੱਛਦਾ ਹਾਂ, ਜਿਹਨਾਂ ਦੇ ਬਾਪ ਨਹੀਂ ਹੁੰਦੇ, ਲੋਕ ਉਹਨਾਂ ਨੂੰ ਕੀ ਆਖਦੇ ਹਨ ?

ਜੇ ਸਚਮੁੱਚ ਪੰਜਾਬੀ ਹੋ, ਤਾਂ ਇਹ ਦੱਸਣ ਦੀ ਖੇਚਲ ਵੀ ਕਰੋ ਕਿ ਬਾਪੂ ਨੂੰ ਮਰ ਜਾਣ ਦੇਣਾ ਹੈ ਜਾਂ ਮੰਜਿਓਂ ਉੱਠਦਾ ਕਰਨਾ ਹੈ ? ਬਾਪੂ ਨਾਲ ਪਿਆਰ ਦੀ ਸਾਂਝ ਰੱਖਣੀ ਹੈ ਜਾਂ ਹਮੇਸ਼ਾਂ ਲਈ ਤੋੜ ਵਿਛੋੜਾ ਕਰਨਾ ਹੈ ?

ਡਾਕਟਰੋ, ਇੰਜਨੀਅਰੋ ਤੇ ਸਾਇੰਸਦਾਨੋਂ, ਇਹ ਦੱਸਣ ਦੀ ਕ੍ਰਿਪਾ ਕਰੋ ਕਿ ਜੇ ਜਵਾਨ ਸਰੀਰ ਵਿਚੋਂ ਲਹੂ ਖਿੱਚ ਲਿਆ ਜਾਵੇ ਤਾਂ ਢਾਂਚਾ ਕਿੰਨਾ ਕੁ ਚਿਰ ਖਲੋਤਾ ਰਹਿ ਸਕਦਾ ਹੈ ? ਤੁਸਾਂ ਬਾਪੂ ਵਸਾਰ ਦਿੱਤਾ, ਗਲੋਂ ਲਾਹ ਦਿੱਤਾ, ਇਹ ਬਚੇਗਾ ਕਿਵੇਂ ? ਜੇ ਕਹੋ ਤਾਂ ਚੌਕੀਦਾਰ ਰਾਹੀਂ ਥਾਣੇ ਮਰਨੇ ਦੀ ਇਤਲਾਹ ਦਰਜ ਕਰਵਾ ਦੇਵਾਂ ?

ਦੇਖੋ ਪੰਜਾਬੀਆਂ ਦੀ ਬਦਕਿਸਮਤੀ, ਬਾਪੂ ਦੇ ਮਰਨੇ 'ਤੇ ਆਪਣਾ ਨਾਂ ਬਣਾਉਣ ਲਈ ਲੱਖਾਂ ਖਰਚ ਕਰ ਦਿੰਦੇ ਨੇ, ਪਰ ਮੰਜੇ ਪਏ ਨੂੰ ਦੁਆਨੀ ਦੀ ਦਵਾਈ ਨਹੀਂ ਦਵਾ ਸਕਦੇ। ਮੇਰੀ ਪੱਕੀ ਗਵਾਹੀ, ਬਾਪੂ ਮਰਿਆ ਨਹੀਂ, ਬਾਹਰਲਿਆਂ ਤੇ ਅੰਦਰਲੇ ਅਮਲੀਆਂ ਰਲ ਕੇ ਕਤਲ ਕੀਤਾ ਹੈ, ਸਬੂਤ ਮੌਜੂਦ ਨੇ।

ਗਿਲੇ ਸ਼ਿਕਵਿਆਂ ਨਾਲ ਭਰਿਆ ਪਿਆਂ। ਜਿਹੜੇ ਤੀਰ ਮਾਰਿਆਂ ਪੀੜ ਦੀ ਚੀਸ ਨਹੀਂ ਵੱਟਦੇ, ਉਹਨਾਂ ਪੱਥਰਾਂ ਨਾਲ ਸਿਰ ਮਾਰ ਕੇ ਹੀ ਹਮਦਰਦੀ ਜਿੱਤ ਲਵਾਂਗਾ। ਦਿਲ ਨੇ ਰੁਲਦੇ ਤੇ ਖਤਮ ਹੁੰਦੇ ਪੰਜਾਬ ਦਾ ਦਰਦ ਮਹਿਸੂਸ ਕੀਤਾ, ਘਰੋਂ ਬਾਹਰ ਨਿਕਲ ਕੇ ਹਾਲ ਦੁਹਾਈ ਪਾਈ, ਵੇ ਲੋਕੋ, ਸ਼ਾਨਾਂ ਮੱਤਾ ਬਹਾਦਰ ਪੰਜਾਬ ਮਰ ਰਿਹੈ, ਜੇ ਕਿਸੇ ਦਾ ਕੁਛ ਲਗਦੈ ਤਾਂ ਬਚਾ ਲਓ, ਵਰਨਾ ਦੁਸ਼ਮਨ ਲੈ ਚੱਲੇ ਐ ਸਿਵਿਆਂ ਨੂੰ।"

ਕੁਝ ਦੇਰ ਲਈ ਬਾਪੂ ਜੀ ਚੁੱਪ ਹੋ ਗਏ, ਹਾਲ ਵਿਚੋਂ ਹੁਣ ਹਉਕਿਆਂ ਦੀਆਂ ਆਵਾਜਾਂ ਲਗਾਤਾਰ ਆ ਰਹੀਆਂ ਸਨ, ਤੇ ਮਰਦੇ ਜਾ ਰਹੇ ਪੰਜਾਬ ਲਈ ਉਸ ਦੇ ਕੁਝ ਪੁੱਤਰ ਹੰਝੂ ਵੀ ਵਹਾ ਰਹੇ ਸਨ, ਬੇਅੰਤ ਇਹਨਾਂ ਸਭਨਾਂ ਵਿਚੋਂ ਸਭ ਤੋਂ ਵੱਧ ਰੋ ਰਿਹਾ ਸੀ, ਉਸ ਨੂੰ ਇਝ ਪ੍ਰਤੀਤ ਹੋ ਰਿਹਾ ਸੀ ਜਿਵੇਂ ਉਹ ਦਰਦ ਨਾਲ ਕਰਾਹ ਰਹੇ ਤੇ ਮਰਦੇ ਜਾ ਰਹੇ ਬਾਪੂ ਦੇ ਸਿਰਹਾਣੇ ਬੈਠਾ ਹੋਵੇ, ਪਤਾ ਨਈ ਕਿਉਂ ਉਸ ਨੂੰ ਆਪਣਾ ਦਿਲ ਡੁੱਬਦਾ ਜਾ ਰਿਹਾ ਮਹਿਸੂਸ ਹੋ ਰਿਹਾ ਸੀ, ਹਰਪ੍ਰੀਤ, ਜੋ ਆਪ ਵੀ ਰੋ ਰਿਹਾ ਸੀ, ਨਾਲ ਨਾਲ ਬੇਅੰਤ ਨੂੰ ਹੌਸਲਾ ਦੇ ਰਿਹਾ ਸੀ।

ਓਧਰ ਬਾਪੂ ਕੰਵਲ ਨੇ ਦੁਬਾਰਾ ਬੋਲਣਾ ਸ਼ੁਰੂ ਕੀਤਾ, "ਵਿਦੇਸ਼ਾਂ ਨੂੰ ਨੱਠ ਜਾਣ ਵਾਲਿਓ, ਇਹ ਜਰੂਰ ਸੋਚ ਲਵੋ, ਜੇ ਪੰਜਾਬ ਘੱਟ ਗਿਣਤੀ ਵਿਚ ਹੋ ਗਿਆ, ਇਸਦਾ ਹਸ਼ਰ ਕੀ ਹੋਵੇਗਾ ? ਬਹਾਦਰੀਆਂ ਤੇ ਸ਼ਹੀਦੀਆਂ ਭਰਿਆ ਇਤਿਹਾਸ, ਮਿੱਠੀ ਸੁਰ ਦੇ ਗੀਤ ਗਾਉਂਦਾ ਸੱਭਿਆਚਾਰ, ਕੁਲ ਵਿਰਾਸਤ ਤੇ ਨਾਨਕ, ਫਰੀਦ,

ਭੁੱਲੇ ਤੇ ਵਾਰਸ ਦੀ ਮਿੱਠੀ ਪੰਜਾਬੀ ਬੋਲੀ ਤੇ ਹੋਰ ਸਭ ਕੁਝ ਖੇਹ ਮਿੱਟੀ ਨਹੀਂ ਹੋ ਜਾਵੇਗਾ ? ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦਾ ਨਿਰਾਦਰ ਨਹੀਂ ਹੋਵੇਗਾ ? ਕਮਾਏ ਸੋਨੇ ਨਾਲ ਆਪਣੀਆਂ ਸਮਾਧਾਂ ਉੱਤੇ ਲਿਖਵਾ ਦਿਓ, 'ਏਥੇ ਸਿਖ ਕੌਮ ਦੇ ਸ਼ਹੀਦ ਸੂਰਮੇਂ ਆਰਾਮ ਕਰ ਰਹੇ ਨੇ, ਜਿਹੜੀ ਕਦੇ ਸੁਨਹਿਰੀ ਇਤਿਹਾਸ ਦੀ ਮਾਲਕ ਹੁੰਦੀ ਸੀ' ਲਾਂਹਨਤ।

ਤੁਸੀਂ ਜਿੰਨਾ ਮਰਜ਼ੀ ਜ਼ੋਰ ਲਾ ਲਵੋ, ਯਹੂਦੀਆਂ ਜਿੰਨਾ ਧਨ ਨਹੀਂ ਕਮਾ ਸਕਦੇ। ਇਸ ਧਨ ਕਮਾਈ ਪਿੱਛੇ ਉਹਨਾਂ ਆਪਣਾ ਦੇਸ਼ ਹੀ ਗਵਾ ਲਿਆ ਸੀ। ਜਦੋਂ ਹਿਟਲਰ ਨੇ ਗੈਸ ਚੈਂਬਰਾਂ ਵਿਚ ਦੇ ਕੇ ਲੱਖਾਂ ਯਹੂਦੀ ਖਤਮ ਕੀਤੇ, ਫੇਰ ਉਹਨਾਂ ਨੂੰ ਮੂਸਾ ਯਾਦ ਆਇਆ, ਕਾਸ਼ ਸਾਡਾ ਵੀ ਕਿਤੇ ਰਾਜ ਹੁੰਦਾ, ਦੇਸ਼ ਹੁੰਦਾ ਤਾਂ ਸਾਡੀ ਪਰਲੋ ਮੌਤ 'ਤੇ ਕੋਈ ਹਾਅ ਦਾ ਨਾਅਰਾ ਮਾਰਦਾ। ਇੱਕ ਵਾਰ ਪੰਜਾਬ ਘੱਟ ਗਿਣਤੀ ਵਿਚ ਹੋ ਗਿਆ, ਇਹ ਨਾ ਮੁੜ ਸਿਰ ਚੁੱਕ ਸਕਿਆ। ਇਹ ਯਹੂਦੀ ਹੀ ਸਨ, ਜਿਹੜੇ ਦੁਸ਼ਮਨਾਂ ਵਿਚਾਲੇ ਘਿਰੇ ਆਪਣਾ ਕਿਲ੍ਹਾ ਰੂਪੀ ਸੁਰੱਖਿਅਤ ਘਰ ਬਣਾ ਗਏ।

ਇਹ ਭੁੱਲ ਜਾਓ, ਹੁਣ ਬਾਬਾ ਬੰਦਾ ਸਿੰਘ ਬਹਾਦਰ ਤੇ ਸਿਰ ਤਲੀ 'ਤੇ ਧਰ ਕੇ ਲੜਨ ਵਾਲੇ ਸੂਰਮੇਂ ਤੁਹਾਡੇ ਲਈ ਕੌਮੀ ਘਰ ਬਣਾਉਣਗੇ। ਬਣਿਆ ਬਣਾਇਆ ਘਰ ਗਵਾ ਦੇਣ ਵਾਲਿਆਂ ਦਾ ਕੋਈ ਯਾਰ ਨਹੀਂ ਬਣਦਾ।

ਅਕਾਲੀ ਲਹਿਰ ਨੇ ਜਜ਼ਬਾਤੀ ਮੂੰਹ ਜ਼ੋਰ ਧੱਕੇ ਨਾਲ ਗੁਰਦੁਆਰੇ ਨਿਖੱਟੂ ਮਹੰਤਾਂ ਤੋਂ ਖੋਹ ਲਏ। ਇਤਿਹਾਸ ਨੇ ਉਹਨਾਂ ਬੀਰ ਬਹਾਦਰਾਂ ਨੂੰ ਵੱਡੀ ਸ਼ਾਬਾਸ਼ ਦਿੱਤੀ ਪਰ ਉਹਨਾਂ ਮਗਰੋਂ ਪੂਜਾ ਦੇ ਧਾਨ ਪਿੱਛੇ ਆਪੋ ਵਿਚ ਲੜਨ ਵਾਲੇ ਗ਼ਦਾਰ ਆਗੂ ਚੌਧਰੀ ਬਣ ਬੈਠੇ ਤੇ ਤੁਸੀਂ ਉਹਨਾਂ ਨੂੰ ਪਛਾਣ ਨਾ ਸਕੇ।

ਜੇ ਹੁਣ ਵੀ ਨਾ ਸੰਭਲੇ ਤੇ ਪੰਜਾਬ ਵਿਚ ਘੱਟ ਗਿਣਤੀ ਹੋ ਗਏ ਤਾਂ ਤੁਹਾਡੀ ਦਾਸਤਾਨ ਇਤਿਹਾਸ ਵਿਚੋਂ ਭਾਲੀ ਨਹੀਂ ਮਿਲੇਗੀ। ਜਿੰਨੇ ਝੋਲੀ ਚੁਕ ਕਾਂਗਰਸੀ ਤੇ ਅਨਾੜੀ ਅਕਾਲੀ ਆਗੂ, ਸਭ ਨੇ ਆਪਣੇ ਬੱਬਰ ਹੀ ਭਰੇ ਨੇ, ਕੌਮ ਦਾ ਕਿਸੇ ਨੇ ਕੁਝ ਸਵਾਰਿਐ ਤਾਂ ਦੱਸ ਦੇਵੋ। ਜ਼ਬਾਨ ਦੇ ਆਧਾਰ 'ਤੇ ਸੂਬੇ ਬਣਾਏ ਪਰ ਪੰਜਾਬ ਨੂੰ ਏਸੇ ਲਈ ਖੱਜਲ ਕੀਤਾ ਬਈ ਏਸ ਨੇ ਆਜ਼ਾਦੀ ਦੀ ਜੰਗ ਵਿਚ ਅੱਸੀ ਫੀ ਸਦੀ ਸਿਰ ਦਿੱਤੇ ਸਨ। ਪਾਣੀ ਖੋਹਿਆ, ਸਸਤੀ ਬਿਜਲੀ ਲੁੱਟੀ, ਮਨ ਮਰਜ਼ੀ ਦੇ ਭਾਅ ਫਸਲ ਚੁੱਕੀ, ਇੱਕ ਨੰਬਰ ਸੂਬਾ ਲੁੱਟ ਕੇ ਦਸ ਨੰਬਰ 'ਤੇ ਲੈ ਆਂਦਾ। ਹੁਣ ਲੁੱਟ ਪੁੱਟ ਕੇ ਅੱਧਾ ਪੰਜਾਬ ਬਾਹਰਲੇ ਦੇਸ਼ਾਂ ਵਿਚ ਧੱਕ ਦਿੱਤਾ।

'ਹੈ ਕੋਈ ਗ਼ੈਰਤਮੰਦ ਸੂਰਮਾਂ, ਜਿਹੜਾ ਰੁੜਦੇ ਜਾਂਦੇ ਪੰਜਾਬ ਨੂੰ ਬੰਨ੍ਹ ਮਾਰੇ ?'

ਬਾਪੂ ਮੋਰਿਆ, ਮੈਨੂੰ ਨਹੀਂ ਪਤਾ, ਤੇਰਾ ਕਿਹੜਾ ਪੁੱਤ ਦਰਦੀ ਬਣ ਕੇ ਬਹੁੜੇਗਾ। ਜੇ ਬਾਹਰਲੇ ਖੇਡਾਂ ਆਦਿ ਉੱਤੇ ਧਨ ਦੀ ਸੋਟ ਕਰਦੇ ਐ ਤਾਂ ਉਹ ਕੇਵਲ ਆਪਣੀ ਵਡਿਆਈ ਤੇ ਇੱਜ਼ਤ ਅਫਜ਼ਾਈ ਲਈ। ਦਿਨੋਂ ਦਿਨ ਨਿੱਘਰਦੇ ਜਾ ਰਹੇ ਬਾਪੂ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਬਾਹਰਲੇ ਧਨੀ ਮਹਾਂਪੁਰਸ਼ੋ,

ਕਦੇ ਸੋਚਿਐ, ਇਕੱਲੇ ਇਕੱਲੇ ਜਿਵੇਂ ਖਰਚ ਕਰਦੇ ਓ, ਜੇ ਸਾਰੇ ਜੁੜ ਜਾਵੋ, ਕਿੰਨੀ ਵੱਡੀ ਤਾਕਤ ਬਣ ਜਾਂਦੇ ਹੋ ?

ਬਾਪੂ ਦਾ ਸਾਰਾ ਕਰਜਾ ਲਾਹ ਸਕਦੇ ਓ, ਜਿਹੜਾ ਪੰਡਾਂ ਬਣ ਬਣ ਕੇ ਸਿਰ ਚੜ੍ਹ ਗਿਆ ਹੈ ਤੇ ਬਾਪੂ ਨੂੰ ਭਰੀ ਪੰਚਾਇਤ ਵਿਚ ਇਸ ਕਰਕੇ ਨਮੋਸ਼ੀ ਝੱਲਣੀ ਪੈਂਦੀ ਹੈ। ਇਹ ਕਰਜਾਂ ਤਾਂ ਖੁਦਕੁਸ਼ੀਆਂ ਕਰਿਆਂ ਵੀ ਸਿਰੋਂ ਨਹੀਂ ਲਹਿੰਦਾ। ਹੋਰ ਰਜਾ ਲਓ ਭੁੱਖੇ ਮਰਦੇ ਹਿੰਦੋਸਤਾਨ ਨੂੰ, ਰਜਾਉਣ ਤੇ ਵਰਤਾਉਣ ਵਾਲੇ ਹਕੀਰ ਫ਼ਕੀਰ ਹੋ ਗਏ। ਓਸੇ ਕਿਰਤ ਨੂੰ ਲੁੱਟਣ ਵਾਲੇ ਅਮੀਰ ਤੇ ਰਈਸ ਬਣ ਗਏ। ਸਾਜ਼ਸਤੀ ਦੇ ਵਿਕਰਾਲ ਰੂਪ ਨੇ ਤੁਹਾਨੂੰ ਪਰਦੇਸੀਂ ਦਿਹਾੜੀਆਂ ਕਰਨ ਲਾ ਦਿੱਤਾ। ਬਾਕੀ ਬਚਦੇ ਪੰਜਾਬ ਨੂੰ ਨਸ਼ਿਆਂ ਨੇ ਅਸਲੋਂ ਬੋੜਾ ਕਰ ਮਾਰਿਆ। ਪੰਜਾਬ ਨੇ ਕੰਮ ਛੱਡਿਆ ਤਾਂ ਯੂ. ਪੀ., ਬਿਹਾਰ ਨੇ ਸੰਭਾਲ ਲਿਆ, ਭਈਆਂ ਦੀਆਂ ਵਹੀਰਾਂ ਚੜ੍ਹ ਪਈਆਂ। ਤੁਹਾਡੇ ਨਿਕਾਸ ਤੇ ਬਿਹਾਰੀਆਂ ਦੇ ਵਿਕਾਸ ਨੇ ਇਤਿਹਾਸ ਨੂੰ ਨਵੀਂ ਸਥਿਤੀ ਦੇ ਦਿੱਤੀ ਹੈ। ਅਖੀਰ ਨੂੰ ਗੱਲ, ਧੀਆਂ ਭੈਣਾ ਦੀਆਂ ਇੱਜ਼ਤਾਂ ਲੁੱਟਣ ਤੇ ਫਿਰਕੂ ਫਸਾਦਾਂ ਤੱਕ ਪੁੱਜਣੀ ਲਾਜ਼ਮੀਂ ਐ। ਜਦੋਂ ਪੰਜਾਬੀ ਆਪਣਾ ਦੇਸ਼ ਛੱਡ ਕੇ, ਲੱਖਾਂ ਦੇ ਕੇ, ਬਾਹਰ ਨੂੰ ਭੱਜ ਰਹੇ ਨੇ, ਤੇ ਪੰਜਾਬ ਨੂੰ ਤਾਂ ਫਿਰ ਉਹੀ ਸੰਭਾਲਣਗੇ, ਜਿਹੜੇ ਇਸ ਵਿਚ ਵਸਣਗੇ, ਇਹ ਤਾਰੀਖੀ ਤੌਰ 'ਤੇ ਸਪਸ਼ਟ ਐ, ਦੇਸ਼ ਉਸੇ ਦਾ, ਜਿਹੜਾ ਉਸ ਵਿਚ ਵਸਦਾ ਹੈ। ਜੇਕਰ ਤੁਹਾਡੇ ਜਾਣ ਤੇ ਉਹਨਾਂ ਦੇ ਆਉਣ ਦੀ ਰਫਤਾਰ ਏਹੀ ਰਹੀ ਤਾਂ ਹੋਰ ਦਸ ਸਾਲਾਂ ਨੂੰ ਅਸੀਂ ਯਕੀਨਨ ਘੱਟ ਗਿਣਤੀ ਵਿਚ ਹੋ ਜਾਵਾਂਗੇ, ਫੇਰ ਪੰਜਾਬ ਸਾਡਾ ਤੁਹਾਡਾ ਨਹੀਂ ਹੋਵੇਗਾ, ਅਸੀਂ ਆਪਣੇ ਘਰ ਵਿਚ ਹੀ ਗੁਲਾਮ ਹੋਵਾਂਗੇ।

ਜੇ ਪੰਜਾਬ ਕਾਣੀ ਕੌਡੀ ਹੋ ਗਿਆ, ਬਾਹਰ ਬੈਠੇ ਤੁਸੀਂ ਵੀ ਖੋਟੇ ਪੈਸੇ ਹੋ ਜਾਓਗੇ। ਮੰਨੋ ਭਾਵੇਂ ਨਾ ਮੰਨੋ, ਤੁਹਾਡਾ ਮਾਨ ਸਵੈਮਾਨ ਪੰਜਾਬ ਦੇ ਇਤਿਹਾਸ ਕਾਰਨ ਬੁਲੰਦ ਹੈ, ਪਵਿੱਤਰ ਸ਼੍ਰੀ ਹਰਿਮੰਦਰ ਸਾਹਿਬ ਨਾਲ ਹੈ। ਜੇ ਇਸ ਕੌਮੀ ਭੀੜ ਵਿਚ ਸਹਾਈ ਹੋਵੋ, ਤਾਰੀਖ ਤੁਹਾਡਾ ਅਹਿਸਾਨ ਕਦੇ ਨਹੀਂ ਭੁੱਲੇਗੀ। ਤੁਸੀਂ ਸ਼ੰਕਾ ਕਰ ਸਕਦੇ ਹੋ, ਅਸੀਂ ਪਰਦੇਸਾਂ ਵਿਚ ਬੈਠੇ ਕੀ ਕਰ ਸਕਦੇ ਹਾਂ ? ਤੁਸੀਂ ਵੱਡੀ ਕਰਾਮਾਤ ਕਰ ਸਕਦੇ ਹੋ, ਸਮੇਂ ਦੀ ਰਫਤਾਰ ਵੇਖੋ, ਅਗਲਿਆਂ ਨੇ ਚੰਨ, ਤਾਰਿਆਂ ਨੂੰ ਪੌੜੀਆਂ ਲਾ ਲਈਆਂ ਨੇ।

ਨਾਸ਼ੁਕਰਾ ਬਾਹਮਣਵਾਦ ਸਾਡੀਆਂ ਲਹੂ ਭਿੱਜੀਆਂ ਹਜ਼ਾਰਾਂ ਕੁਰਬਾਨੀਆਂ ਖਾ ਕੇ ਦੁਸ਼ਮਨ ਬਣ ਬੈਠਾ। ਸਾਮਰਾਜ ਨੂੰ ਸਿਰ ਅਸੀਂ ਦਿੱਤੇ, ਫਲ ਖਾਧਾ ਬਾਹਮਣਵਾਦ ਨੇ। ਅਜ਼ਾਦੀ ਹਾਸਲ ਕਰਨ ਲਈ ਲਹੂ ਲੁਹਾਣ ਹੋਇਆ ਪੰਜਾਬ ਤੇ ਬਾਹਮਣ ਨੂੰ ਮੁੜਕਾ ਤੱਕ ਨਾ ਆਇਆ। ਭੋਲਿਆਂ, ਮਿਹਨਤ ਕਰਨ ਵਾਲਿਆਂ ਤੇ ਕੁਰਬਾਨੀ ਦੇਣ ਵਾਲਿਆਂ ਨਾਲ, ਤਾਰੀਖ ਗਵਾਹ ਹੈ, ਠੱਗੀਆਂ ਵੱਜਦੀਆਂ ਆਈਆਂ ਹਨ। ਓਇ ਪਿਆਰਿਓ, ਸਿਰਾਂ ਦੀਆਂ ਭੇਟਾਂ ਦੇ ਕੇ, ਨੰਗ ਮੁਨੰਗ ਹੋ ਕੇ, ਅਣਖਾਂ-ਇੱਜ਼ਤਾਂ, ਖੂਹ ਖਾਤੇ ਪਾ ਕੇ, ਹੁਣ ਤਾਂ ਹੋਸ਼ ਫੜ ਲਓ।

ਖੁਰਦੇ ਇਤਿਹਾਸ ਨੂੰ ਲਹੂ ਦਾ ਅਰਗ ਦੇ ਕੇ ਠੱਲ੍ਹ ਪਾਉ। ਇਹ ਪੰਜਾਬ ਦੀ ਸਿਸਕ ਰਹੀ ਗੈਰਤ ਦਾ ਸਵਾਲ ਹੈ। ਚਮਕੌਰ ਦੀ ਤੱਤੀ ਜੰਗ ਵਿਚੋਂ ਪਾਣੀ ਪੀਣ ਆਏ ਆਪਣੇ ਪੁੱਤਰ ਨੂੰ ਗੁਰੂ ਨੇ ਪਾਣੀ ਨਹੀਂ ਦਿੱਤਾ ਸੀ,

'ਪੁੱਤਰਾ, ਤੂੰ ਆਪਣੇ ਲਹੂ ਨਾਲ ਆਪਣੀ ਪਿਆਸ ਬੁਝਾਏਂਗਾ'

ਉਏ ਨਕਰਮੇ ਪੁੱਤਰੋ, ਸੁੱਤੇ ਪੰਜਾਬੀਓ, ਗੁਰੂ ਦਾ ਦਿਲ, ਜ਼ੇਰਾ ਵੇਖੋ, ਦੁਨੀਆਂ ਦੀ ਤਾਰੀਖ ਵਿਚ ਅਜਿਹੀ ਮਿਸਾਲ ਤੁਹਾਨੂੰ ਕਿਤੋਂ ਨਹੀਂ ਮਿਲੇਗੀ........., ਨਹੀਂ ਮਿਲੇਗੀ............, ਅਜਿਹੇ ਅਣਖੀਲੇ ਗੁਰੂ ਦੀ ਸੰਤਾਨ ਹੋ ਕੇ ਤੁਸੀਂ ਸਿੱਧੇ ਗਦਾਰ ਬਣ ਗਏ। ਨਹੀਂ ਤੁਸੀਂ ਗੁਰੂ ਦੀ ਤਾਰੀਖ ਤੇ ਸਿਦਕ ਨੂੰ ਦਾਗ ਨਹੀਂ ਲਾਵੋਗੇ। ਆਪਣਾ ਕੌਮੀ ਘਰ ਬਣਾਉਣ ਲਈ ਖ਼ੂਨ ਦਾ ਆਖਰੀ ਤੁਪਕਾ ਤੱਕ ਵਹਾ ਦਿਓਗੇ, ਗੁਰੂ ਬਖ਼ਸ਼ਣਹਾਰ ਐ, ਤੁਹਾਡੀਆਂ ਸਭ ਭੁੱਲਾਂ ਬਖ਼ਸ਼ ਦੇਵੇਗਾ, ਉਸ ਮਹਾਂ ਸਿੰਘ ਨੂੰ ਗਲ ਲਾ ਲਿਆ ਸੀ।

ਬਸ, ਤੁਸੀਂ ਬਾਬੇ ਨਾਨਕ ਦੀ ਉੱਮਤ ਉੱਠੋ ਤੇ ਸਿਰ ਬੁਲੰਦ ਕਰੋ, ਪੁਰਾਤਨ ਸਿੰਘਾਂ ਦੇ ਜਜ਼ਬੇ ਨੂੰ ਦੁਹਰਾਓ,

'ਸਿਰ ਜਾਵੇ ਤਾਂ ਜਾਵੇ, ਮੇਰਾ ਸਿਖੀ ਸਿਦਕ ਨਾ ਜਾਵੇ'

ਕਈ ਵਾਰ ਸਦੀਆਂ ਪਿੱਛੋਂ ਕੌਮਾਂ ਨੂੰ ਉੱਠਣ ਦੇ ਮੌਕੇ ਮਿਲਦੇ ਹਨ। ਗੁਰੂ ਦੇ ਬੇਟਿਓ, ਇਹ ਮੌਕਾ ਨਹੀਂ ਗਵਾਚਣਾ ਚਾਹੀਦਾ, ਸਮਾਂ ਲੰਘ ਜਾਣ 'ਤੇ ਪਛਤਾਵਾ ਹੀ ਪੱਲੇ ਰਹਿ ਜਾਂਦਾ ਹੈ। ਇਹ ਅਜਿਹਾ ਮੌਕਾ ਹੈ ਜੋ ਤੁਹਾਡੀਆਂ ਜ਼ਿੰਦਗੀ ਭਰ ਦੀਆਂ ਗ਼ਲਤੀਆਂ ਪੱਧਰੀਆਂ ਕਰ ਕੇ ਤੁਹਾਡੀ ਜਿੱਤ ਦਾ ਨਵਾਂ ਕਿਲ੍ਹਾ ਖੜਾ ਕਰੇਗਾ। ਪੰਜਾਬ ਦੀ ਖੁਰ ਰਹੀ ਕਿਸਾਨੀ ਡਟ ਕੇ ਤੁਹਾਡੇ ਮੋਢੇ ਨਾਲ ਮੋਢਾ ਜੋੜ ਕੇ ਖਲੋਵੇਗੀ। ਅਜਿਹਾ ਸਮਾਂ ਆ ਗਿਆ ਹੈ, ਤੁਹਾਡੀ ਅੰਦਰਲੀ ਬਾਹਰਲੀ ਸਾਰੀ ਮੈਲ ਧੋਤੀ ਜਾਵੇਗੀ। ਵਿਦਿਅਕ ਗਿਆਨ ਤੁਹਾਡੇ ਸਿਰ ਦਾ ਮੀਨਾਰ ਬਣ ਕੇ ਰੌਸ਼ਨੀ ਦੇਵੇਗਾ।

ਅੰਤ ਵਿਚ ਸਭ ਦੇ ਮੁੜ ਉੱਠਣ ਦੀ ਆਸ ਵਿਚ ਉਹਨਾਂ ਜੱਫੀਆਂ ਘੁੱਟਦਾ ਫਤਹਿ ਬੁਲਾਂਦਾ ਹਾਂ,

'ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹਿ' "

ਕਾਂਡ ੨੧

ਤੇ ਉਸ ਨੂੰ ਪਤਾ ਈ ਨਈ ਲੱਗਿਆ ਕਿ ਕਦੋਂ ਉਸ ਦੀ ਅੱਖ ਲੱਗ ਗਈ। ਕਹਿੰਦੇ ਨੇ ਜੋ ਰਾਤ ਨੂੰ ਸੌਣ ਤੋਂ ਪਹਿਲਾਂ ਸਾਡੇ ਦਿਮਾਗ ਵਿਚ ਚੱਲ ਰਿਹਾ ਹੁੰਦੈ, ਸੁਪਨੇ ਵੀ ਉਸੇ ਨਾਲ ਸਬੰਧਤ ਆਉਂਦੇ ਨੇ। ਬੇਅੰਤ ਨਾਲ ਵੀ ਇਸੇ ਤਰ੍ਹਾਂ ਵਾਪਰਿਆ।

ਉਸ ਦਾ ਸੁਪਨਾਂ ਸ਼ੁਰੂ ਹੋਇਆ,

ਇੱਕ ਵੱਡੀ ਅਦਾਲਤ ਵਿਚ ਬਹੁਤ ਵੱਡੀ ਭੀੜ ਜੁੜੀ ਹੋਈ ਹੈ................., ਸ਼ਾਇਦ ਕੋਈ ਬਹੁਤ ਮਹੱਤਵਪੂਰਨ ਕੇਸ ਹੈ....................,

ਕੁਝ ਚਿਰ ਪਿੱਛੋਂ ਇੱਕ ਉੱਚੀ ਆਵਾਜ ਸਾਰਿਆਂ ਦੇ ਕੰਨੀਂ ਪੈਂਦੀ ਹੈ,

"ਭਾਰਤ ਬਨਾਮ ਪੰਜਾਬ"

ਇਹ ਕੇਸ ਹੈ, ਹਿੰਦੋਸਤਾਨੀ ਹਕੂਮਤ ਦਾ ਪੰਜਾਬ ਨਾਲ, ਹਿੰਦੋਸਤਾਨ ਦੀ ਉੱਚ ਅਦਾਲਤ ਹੈ, ਉਸੇ ਦੇ ਵਕੀਲ ਹਨ, ਉਸੇ ਦੇ ਗਵਾਹ, ਪੰਜਾਬ ਤਾਂ ਵਿਚਾਰਾਂ ਪੁਲਸ ਤੇ ਫੌਜ ਦੇ ਵਿਚਕਾਰ ਇਕੱਲਾ ਹੀ ਖਲੋਤਾ ਹੈ, ਕਈ ਸਰਮਾਏਦਾਰ ਸੇਠ ਉਸ ਵਿਚਾਰੇ ਦੀ ਤਰਸਯੋਗ ਹਾਲਤ ਨੂੰ ਮਖੌਲ ਕਰਦੇ ਹੋਏ ਹੱਸ ਕੇ ਲੰਘਦੇ ਹਨ, ਪਰ ਪੰਜਾਬ ਵਿਚਾਰਾ ਚੁੱਪ ਚਾਪ ਦੁਸ਼ਮਨਾਂ ਵਿਚ ਘਿਰਿਆ ਖੜਾ ਹੈ, ਕਾਫੀ ਦੇਰ ਉਸ ਨੂੰ ਧੁੱਪੇ ਖੜਾ ਰੱਖਿਆ ਜਾਂਦਾ ਹੈ ਤੇ ਜਦ ਵਿਚਾਰਾ ਪਾਣੀ ਮੰਗਦਾ ਹੈ ਤਾਂ ਇੱਕ ਜ਼ੋਰਦਾਰ ਬੈਂਤ ਉਸ ਦੀਆਂ ਪਿੰਜਣੀਆਂ 'ਤੇ ਵੱਜਦੀ ਹੈ ਤੇ ਨਾਲ ਹੀ ਨਿਹੋਰਾ ਵੀ ਵੱਜਦਾ ਹੈ,

"ਸਾਲਾ ਪਾਣੀ ਦਾ, ਓਦੋਂ ਤਾਂ ਕਹਿੰਦਾ ਸੀ ਸਾਡੇ ਕੋਲ ਆਪਣੇ ਲਈ ਪਾਣੀ ਥੋੜੈ, ਤੇ ਹੁਣ ਸਾਥੋਂ ਭਾਲਦੈ ਸ਼ਕੰਜਵੀ, ਕੋਈ ਨੀ ਪੁਤ ਲਗਾਉਣੇ ਆਂ ਤੇਰੇ ਮੂੰਹ ਨੂੰ ਟੂਟੀ, ਤੂੰ ਵੀ ਕੀ ਯਾਦ ਰੱਖੇਂਗਾ"

ਤੇ ਵਿਚਾਰਾ ਪੰਜਾਬ, ਥੱਕ ਕੇ ਧਰਤੀ 'ਤੇ ਡਿੱਗ ਪੈਂਦੈ। ਡਿੱਗੇ ਪਏ 'ਤੇ ਡਾਂਗਾ ਦਾ ਮੀਂਹ ਵਰ੍ਹਾ ਦਿੱਤਾ ਜਾਂਦੈ,

"ਖੜਾ ਹੋ ਚੁੱਪ ਕਰਕੇ, ਇਉਂ ਬੈਠ ਗਿਐ ਜਿਵੇਂ ਸਹੁਰੀਂ ਆਇਆ ਹੋਵੇ"

ਸਰਕਾਰੀ ਪੱਖ ਦੀ ਧੋਤੀ, ਜਨੇਊ, ਟਿੱਕਾ ਤੇ ਬੋਦੀ ਟਹਿਕ ਰਹੇ ਹਨ ਤੇ ਦੂਜੇ ਪਾਸੇ ਕਮਜ਼ੋਰ ਜਿਹਾ, ਖਿੱਲਰੇ ਕੇਸ ਦਾਹੜੀ ਵਾਲਾ ਵਿਚਾਰਾ ਪੰਜਾਬ, ਜਿਸਦੇ ਹੱਥ ਉਸਦੀ ਆਪਣੀ ਪੱਗ ਨਾਲ ਬੰਨ੍ਹੇ ਹੋਏ ਨੇ, ਨਿਰਬਲ ਹੋਇਆ ਖੜਾ ਹੈ।

'ਵਾਜ ਪੈਂਦੀ ਹੈ,

'ਪੰਜਾਬ ਹਾਜਰ ਹੋ'

ਤੇ ਇਸ ਵਿਚਾਰੇ ਨੂੰ ਘੜੀਸ ਕੇ ਕਟਿਹਰੇ ਵਿਚ ਲਿਆ ਖੜਾ ਕੀਤਾ ਜਾਂਦੈ,

ਜੱਜ ਇਸ ਦੀ ਹਾਲਤ ਵੇਖ ਕੇ ਮੁਸ਼ਕੜੀਏਂ ਹੱਸਦੈ, ਉਸ ਨੂੰ ਪਤਾ ਹੈ ਕਿ ਕੇਸ ਕੀ ਹੈ ਪਰ ਸਵਾਦ ਲੈਣ ਲਈ ਪੁਛਦਾ ਹੈ,

"ਕੀ ਦੋਸ਼ ਹਨ ਇਸ 'ਤੇ"

ਆਵਾਜ਼ ਆਉਂਦੀ ਹੈ,

"ਦੇਸ਼ ਧਰੋਹ, ਅੱਤਵਾਦੀ ਕਾਰਵਾਈਆਂ, ਗਵਾਂਢੀਆਂ ਨੂੰ ਪਾਣੀ ਦੇਣ ਤੋਂ ਇਨਕਾਰ; ਕਰਜਾ ਨਾ ਮੋੜਨਾ....."

"ਹੂੰ, ਬੜੇ ਸੰਗੀਨ ਜ਼ੁਰਮ ਹਨ, ਕਾਰਵਾਈ ਸ਼ੁਰੂ ਕੀਤੀ ਜਾਏ" ਜੱਜ ਨੇ ਹੁਕਮ ਸੁਣਾਇਆ।

ਸਰਕਾਰੀ ਵਕੀਲ ਉੱਠ ਕੇ ਬੋਲਣਾ ਸ਼ੁਰੂ ਕਰਦਾ ਹੈ,

"ਜੱਜ ਸਾਹਬ, ਤੁਹਾਡੀਆਂ ਅੱਖਾਂ ਦੇ ਸਾਹਮਣੇ ਭੋਲਾ ਜਿਹਾ ਬਣ ਕੇ ਖਲੋਤਾ ਇਹ ਮੁਜ਼ਰਮ ਅਸਲ ਵਿਚ ਬਹੁਤ ਖ਼ਤਰਨਾਕ ਅਪਰਾਧੀ ਹੈ। ਇਸ ਦੇ ਦੋਸ਼ ਨਾ ਕਾਬਲੇ ਮੁਆਫੀ ਹਨ। ਇਸ ਨੇ ਦੇਸ਼ ਨਾਲ ਬਹੁਤ ਧੋਖੇ ਕੀਤੇ ਹਨ, ਅਨੇਕਾਂ ਅੱਤਵਾਦੀ ਕਾਰਵਾਈਆਂ ਵਿਚ ਇਸ ਦੀ ਸਿੱਧੀ ਸ਼ਮੂਲੀਅਤ ਰਹੀ ਹੈ, ਪਰ ਕਦੇ ਵੀ ਇਸ ਨੂੰ ਸਖਤ ਸਜਾ ਨਹੀਂ ਦਿੱਤੀ ਗਈ, ਜਿਸ ਕਰਕੇ ਇਸਦੀ ਹਿੰਮਤ ਹੋਰ ਵਧਦੀ ਗਈ। ਇਹ ਪਹਿਲਾਂ ਕੇਂਦਰ ਤੋਂ ਮੰਗਾਂ ਮੰਗਦੈ ਤੇ ਜੇ ਪੂਰੀਆਂ ਨਾ ਹੋਣ ਤਾਂ ਬੰਬ ਧਮਾਕੇ ਕਰਨ ਤੋਂ ਗੁਰੇਜ ਨਹੀਂ ਕਰਦਾ......................., ਤੇ ਜੱਜ ਸਾਹਬ, ਇਸ ਦੀਆਂ ਮੰਗਾਂ ਹਨ ਕਿ ਮੁੱਕਣ ਦਾ ਨਾਮ ਹੀ ਨਹੀਂ ਲੈਂਦੀਆਂ, ਕਦੇ ਇਸ ਨੂੰ ਉੱਤਰ ਭਾਰਤ ਵਿਚ ਆਜ਼ਾਦ ਖਿੱਤਾ ਚਾਹੀਦੈ, ਕਦੇ ਪੰਜਾਬੀ ਸੂਬਾ ਚਾਹੀਦੈ, ਕਦੇ ਇਹ ਕਹਿੰਦੈ ਕਿ ਪਾਣੀ 'ਤੇ ਸਿਰਫ ਮੇਰਾ ਹੱਕ ਐ, ਜਿਵੇਂ ਨਾਨਕਿਆਂ ਤੋਂ ਲਿਆਇਆ ਹੋਵੇ, ਕਦੇ ਇਹ ਪੰਜਾਬੀ ਬੋਲਦੇ ਇਲਾਕੇ ਚਾਹੁੰਦੈ, ਕਦੇ ਚੰਡੀਗੜ੍ਹ ਮੰਗਦੈ, ਕਦੇ ਗੱਡੀਆਂ ਦੇ ਨਾਮ ਗੁਰਦੁਆਰਿਆਂ 'ਤੇ, ਕਦੇ ਟ੍ਰਾਸਮੀਟਰ, ਕਦੇ ਪਵਿੱਤਰ ਸ਼ਹਿਰ, ਕਦੇ...................., ਕਦੇ..........................., ਕਦੇ...................."

ਸਰਕਾਰੀ ਵਕੀਲ ਲਗਾਤਾਰ ਬੋਲ ਰਿਹੈ, ਚੀਕ ਚੀਕ ਕੇ, ਪਰ ਪੰਜਾਬ ਵਿਚਾਰਾ ਚੁੱਪ ਚਾਪ ਖਲੋਤਾ ਹੈ। ਉਸ ਦੀਆਂ ਲੱਤਾਂ ਵਿਚ ਵੀ ਹੁਣ ਉਹ ਜਾਨ ਨਹੀਂ ਰਹੀ, ਥੱਕਿਆ ਹੋਇਆ ਕਦੇ ਸੱਜੀ ਲੱਤ 'ਤੇ ਭਾਰ ਪਾਉਂਦੈ ਤੇ ਕਦੇ ਖੱਬੀ 'ਤੇ। ਕਦੇ ਕਦੇ ਉਹ ਵਕੀਲ ਦੀਆਂ ਗੱਲਾਂ ਸੁਣ ਕੇ ਮਾੜਾ ਜਿਹਾ ਹੱਸ ਵੀ ਪੈਂਦੈ, ਜਿਵੇਂ ਉਸ ਨੂੰ ਲੱਗ ਰਿਹਾ ਹੋਵੇ ਕਿ ਬਾਹਮਣ ਜ਼ਾਤ ਝੂਠ ਵੀ ਸੱਚ ਬਣਾ ਕੇ ਪੇਸ਼ ਕਰ ਦਿੰਦੀ ਐ,

'ਡਾਹਢੇ ਦਾ ਸੱਤੀਂ ਵੀਹੀਂ ਸੌ'

ਓਧਰ ਸਰਕਾਰੀ ਵਕੀਲ ਬੇਰੋਕ ਬੋਲ ਰਿਹੈ, "ਤੇ ਜੱਜ ਸਾਹਬ, ਜੇ ਅਸੀਂ (ਹੁਣ ਉਹ ਕੇਂਦਰ ਦੀ ਥਾਂ 'ਤੇ ਅਸੀਂ ਕਹਿਣ ਲੱਗ ਪੈਂਦੈ) ਅੱਗੋਂ ਜਵਾਬ ਦੇ ਦੇਈਏ

ਕਿ ਇਹ ਮੰਗਾਂ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ, ਤਾਂ ਇਹ ਅੱਤਵਾਦੀ ਜੰਮਣੇ ਸ਼ੁਰੂ ਕਰ ਦਿੰਦੈ, ਜਿਹੜੇ ਸਾਡੇ ਨਾਲ ਸਿੱਧੀ ਟੱਕਰ ਲੈਂਦੇ ਨੇ। ਭਿੰਡਰਾਂਵਾਲਾ, ਤਲਵਿੰਦਰ ਸਿਹੁੰ, ਬੁਧ ਸਿੰਘ ਵਾਲਾ, ਤੂਫਾਨ ਸਿੰਘ, ਅਨੋਖ ਸਿੰਘ, ਸੁਖਦੇਵ ਬੱਬਰ ਇਸ ਦੇ ਪੈਦਾ ਕੀਤੇ ਖ਼ਤਰਨਾਕ ਅੱਤਵਾਦੀਆਂ ਵਿਚੋਂ ਕੁਝ ਕੁ ਹਨ। ਇਹਨਾਂ ਅੱਤਵਾਦੀਆਂ ਨੇ ਇੱਕ ਵਾਰ ਤਾਂ ਪੂਰੇ ਹਿੰਦੋਸਤਾਨ ਨੂੰ ਹਿਲਾ ਕੇ ਰੱਖ ਦਿੱਤਾ ਸੀ, ਸਾਡੇ ਹਜ਼ਾਰਾਂ ਦੇਸ਼ ਭਗਤ ਫੌਜੀ ਤੇ ਪੁਲਸ ਦੇ ਜਵਾਨ ਸ਼ਹੀਦ ਕਰ ਦਿੱਤੇ ਇਹਨਾਂ ਦੇਸ਼ ਧ੍ਰੋਹੀਆਂ ਨੇ, ਕਰੋੜਾਂ ਦੀ ਸੰਪਤੀ ਉਜਾੜ ਦਿੱਤੀ......................, ਓਸ ਸਭ ਦਾ ਜ਼ਿੰਮੇਵਾਰ ਵੀ ਇਹੀ ਐ ਜੱਜ ਸਾਹਬ, ਓਸ ਨੁਕਸਾਨ ਦੀ ਭਰਪਾਈ ਵੀ ਇਸੇ ਤੋਂ ਕਰਵਾਉਣੀ ਚਾਹੀਦੀ ਐ................, ਮੇਰੀ ਇਹੀ ਅਪੀਲ ਐ ਜੱਜ ਸਾਹਬ ਕਿ ਇਸ ਨੂੰ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ ਤਾਂ ਕਿ ਇਸ ਦੀਆਂ ਪੁਸ਼ਤਾਂ ਵੀ ਯਾਦ ਰੱਖਣ ਕਿ ਹਿੰਦੋਸਤਾਨ ਨਾਲ ਟੱਕਰ ਲੈਣ ਵਾਲੇ ਦਾ ਹਸ਼ਰ ਕੀ ਹੁੰਦੈ.................."

ਕੁਝ ਦੇਰ ਚੁੱਪ ਰਹਿਣ ਪਿੱਛੋਂ ਸਰਕਾਰੀ ਵਕੀਲ ਮੁੜ ਬੋਲਦਾ ਹੈ, "ਜੱਜ ਸਾਹਬ, ਹੁਣ ਮੈਂ ਕੁਝ ਐਸੇ ਗਵਾਹ ਪੇਸ਼ ਕਰਨ ਦੀ ਇਜਾਜਤ ਚਾਹਾਂਗਾ, ਜਿਹੜੇ ਏਸ ਅਪਰਾਧੀ ਦੇ ਜ਼ੁਲਮਾਂ ਤੋਂ ਪੀੜਤ ਹਨ"

"ਇਜਾਜਤ ਹੈ"

"ਸ਼ੁਕਰੀਆ ਜੱਜ ਸਾਹਬ, ਸਭ ਤੋਂ ਪਹਿਲਾਂ ਮੈਂ ਬੁਲਾਉਣਾ ਚਾਹਾਂਗਾ ਗਾਂਧੀ ਪਰਿਵਾਰ ਨੂੰ"

"ਮੋਨੀਆਂ ਗਾਂਧੀ ਹਾਜ਼ਰ ਹੋ..................." ਅਵਾਜ ਪੈਂਦੀ ਹੈ ਤੇ ਮੋਨੀਆਂ ਗਾਂਧੀ ਨੱਕ ਉੱਤੇ ਕੱਪੜਾ ਰੱਖ ਕੇ, ਕਿਉਂਕਿ ਪੰਜਾਬ ਕੋਲੋਂ ਸੜ੍ਹ ਗਲ੍ਹ ਚੁੱਕੇ ਸੂਰਜਮੁਖੀ ਦੇ ਫੁੱਲਾਂ ਦੀ ਸੜ੍ਹਿਆਂਦ ਮਾਰਦੀ ਹੈ, ਪੰਜਾਬ ਕੋਲੋਂ ਲੰਘਦੀ ਹੈ ਤੇ ਦੂਜੇ ਕਟਹਿਰੇ ਵਿਚ ਜਾ ਖੜਦੀ ਹੈ। ਵਕੀਲ ਬੋਲਣਾ ਸ਼ੁਰੂ ਕਰਦਾ ਹੈ,

"ਹਾਂ ਜੀ ਮੋਨੀਆਂ ਜੀ, ਕੀ ਤੁਸੀਂ ਸਾਹਮਣੇ ਖੜੇ ਏਸ ਸ਼ਖ਼ਸ਼ ਨੂੰ ਪਛਾਣਦੇ ਹੋ"

"ਜੀ ਹਾਂ, ਇਸ ਕਾਤਲ ਨੂੰ ਮੈਂ ਕਿਵੇਂ ਭੁੱਲ ਸਕਦੀ ਹਾਂ"

"ਕੀ ਤੁਸੀ ਇਸ ਬਾਰੇ ਜਰਾ ਖੁੱਲ ਕੇ ਦੱਸੋਗੇ"

"ਜੀ ਹਾਂ, ਕਿਉਂ ਨਹੀਂ, ਮੇਰੇ ਨਾਨਾ ਸਹੁਰਾ ਜੀ ਨੇ ਆਜ਼ਾਦੀ ਤੋਂ ਪਹਿਲਾਂ ਇਸ ਨੂੰ ਇੱਕ ਵਾਰ ਐਵੇਂ ਹੀ ਕਹਿ ਦਿੱਤਾ ਕਿ ਤੁਹਾਨੂੰ ਆਜ਼ਾਦੀ ਦਾ ਨਿੱਘ ਮਾਨਣ ਲਈ ਇੱਕ ਵੱਖਰਾ ਖਿੱਤਾ ਦਿੱਤਾ ਜਾਵੇਗਾ ਤੇ ਇਸ ਬੁੱਧੂ ਨੇ ਉਸ ਲਾਰੇ ਨੂੰ ਸੱਚ ਸਮਝ ਲਿਆ, ਆਜ਼ਾਦੀ ਪਿੱਛੋਂ ਲੱਗ ਪਿਆ ਜਾਨ ਖਾਣ, ਸਾਨੂੰ ਅਜਾਦ ਖਿੱਤਾ ਦਿਓ........., ਆਪਣੇ ਵਾਅਦੇ ਪੂਰੇ ਕਰੋ.................., ਨਹਿਰੂ ਜੀ ਨੇ ਬਥੇਰਾ ਸਮਝਾਇਆ ਕਿ ਮੈਂ ਤਾਂ ਐਵੇਂ ਹਾਸੇ ਵਿਚ ਹੀ ਕਿਹਾ ਸੀ ਤੇ ਤੁਸੀਂ ਪੱਕੇ ਹੀ ਹੋ ਗਏ, ਐਵੇਂ ਜਵਾਕਾਂ ਵਾਲੀ ਜਿਦ ਨਾ ਕਰੋ, ਜਾ ਕੇ ਖੇਤਾਂ ਵਿਚ ਕੰਮ ਕਰੋ

ਤੇ ਦੇਸ਼ ਦੀ ਤਰੱਕੀ ਵਿਚ ਯੋਗਦਾਨ ਪਾਓ, ਹੁਣ ਹਾਲਾਤ ਬਦਲ ਗਏ ਨੇ। ਪਰ ਇਹ ਸਿਰ ਹੀ ਚੜ ਗਏ ਤੇ ਲੱਗ ਪਏ ਰੌਲਾ ਪਾਉਣ, ਤੇ ਅੱਕੇ ਅਕਾਏ ਪਟੇਲ ਜੀ ਨੇ ਇਹਨਾਂ ਨੂੰ ਜ਼ਰਾਇਮ ਪੇਸ਼ਾ ਕਹਿ ਦਿੱਤਾ, ਹੁਣ ਤੁਸੀਂ ਦੱਸੋ ਜੱਜ ਸਾਹਬ ਜੇ ਇਹ ਜ਼ਰਾਇਮ ਪੇਸ਼ਾ ਨਹੀਂ ਤਾਂ ਕੌਣ ਹਨ, ਐਵੇਂ ਐਸੀਆਂ ਮੰਗਾਂ, ਜਿਹੜੀਆਂ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ, ਮੰਗਣ ਵਾਲੇ ਤੇ ਉਹਨਾਂ ਨੂੰ ਮਨਵਾਉਣ ਲਈ ਐਵੇਂ ਡਰਾਮੇਂ ਕਰਨ ਵਾਲੇ ਕਦੇ ਰੋਸ ਮਾਰਚ , ਕਦੇ ਧਰਨੇ ਕਦੇ ਮੋਰਚੇ ਘੇਰੇ.................., ਫੇਰ ਪਿੱਛੋਂ ਇਹਨਾਂ ਨੇ ਭਾਸ਼ਾ ਦੇ ਅਧਾਰ 'ਤੇ ਸਾਡੇ ਦੁਆਰਾ ਸੂਬਿਆਂ ਦੀ ਕੀਤੀ ਵੰਡ ਵੇਲੇ ਵੀ ਬਥੇਰਾ ਖੌਰੂ ਪੌਂਟਿਆ................, ਐਮਰਜੈਂਸੀ ਵੇਲੇ ਮੇਰੀ ਸੱਸ ਦਾ ਡਟ ਕੇ ਵਿਰੋਧ ਕੀਤਾ.............., ਹੁਣ ਇਹਨਾਂ ਸਭ ਗੁਨਾਹਾਂ ਦੀ ਸਜ਼ਾ ਤਾਂ ਇਨ੍ਹਾਂ ਨੂੰ ਮਿਲਣੀ ਹੀ ਸੀ ਨਾ ਜੱਜ ਸਾਹਬ, ਸੋ ਅਪਰੇਸ਼ਨ ਕਰਨਾ ਪਿਆ, 'ਨੀਲਾ ਤਾਰਾ' ਤੇ ਇਨ੍ਹਾਂ ਦੀਆਂ ਨੀਲੀਆਂ ਪੱਗਾਂ ਮਿੱਟੀ ਵਿਚ ਰੋਲ ਕੇ ਚੰਗਾ ਸਬਕ ਸਿਖਾਇਆ ਗਿਆ।ਬਿਨਾ ਕਿਸੇ ਦੇਸ਼ ਤੋਂ ਆਪਣੇ ਆਪ ਨੂੰ ਤਖ਼ਤਾਂ ਦੇ ਮਾਲਕ ਸਮਝਣ ਵਾਲਿਆਂ ਦਾ ਤਖ਼ਤ ਨੇਸਤੋ ਨਾਬੂਦ ਕਰ ਦਿੱਤਾ ਗਿਆ, ਪਰ ਇਹ ਟਿਕਣ ਵਾਲੇ ਕਿੱਥੇ ਸਨ, ਇਹਨਾਂ ਜ਼ਾਲਮਾਂ ਨੇ ਮੇਰੀ ਸਤਿਕਾਰਯੋਗ ਸੱਸ ਤੇ ਉਸ ਵੇਲੇ ਦੀ ਪ੍ਰਧਾਨ ਮੰਤਰੀ ਦਾ ਸਾਡੇ ਘਰ ਹੀ ਦਿਨ ਦਿਹਾੜੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ, ਹੁਣ ਤਾਂ ਪਾਣੀ ਸਿਰ ਤੋਂ ਲੰਘ ਚੁੱਕਾ ਸੀ ਤੇ ਚੁੱਪ ਨਹੀਂ ਬੈਠਿਆ ਜਾ ਸਕਦਾ ਸੀ, ਇਸ ਲਈ ਮੇਰੇ ਪਤੀ ਦੇ ਕਹਿਣ 'ਤੇ ਤਿੰਨ ਦਿਨ ਲਗਾਤਾਰ ਇਸਦੇ ਪੁੱਤਰਾਂ ਨੂੰ ਵੱਢਿਆ, ਟੁੱਕਿਆ, ਲੁੱਟਿਆ ਤੇ ਫੂਕਿਆ ਗਿਆ।ਤੁਹਾਨੂੰ ਵੀ ਪਤਾ ਈ ਐ ਜੱਜ ਸਾਹਬ ਕਿਵੇਂ ਅਦਾਲਤਾਂ ਨੂੰ ਵੀ ਜਿੰਦਰੇ ਮਾਰ ਦਿੱਤੇ ਗਏ ਸਨ ਤੇ ਕਨੂੰਨ ਨੂੰ ਵੀ ਕੁਝ ਦਿਨ ਦੀ ਛੁੱਟੀ ਦੇ ਦਿੱਤੀ ਗਈ ਸੀ, ਤਾਂ ਕਿ ਇਹਨਾਂ ਨੂੰ ਚੰਗੀ ਤਰ੍ਹਾਂ ਸਬਕ ਸਿਖਾਇਆ ਜਾ ਸਕੇ। ਉਸ ਤੋਂ ਬਾਅਦ ਇਹਨਾਂ ਨੇ ਸਾਡੇ ਪਰਿਵਾਰ ਦਾ ਤਾਂ ਕੋਈ ਨੁਕਸਾਨ ਨਹੀਂ ਕੀਤਾ, ਪਰ ਦੇਸ਼ ਨੂੰ ਬਹੁਤ ਨੁਕਸਾਨ ਪੁਚਾਇਆ। ਮੇਰੀ ਤਾਂ ਇਹੀ ਬੇਨਤੀ ਹੈ ਜੱਜ ਸਾਹਬ ਕਿ ਇਸ ਜ਼ਾਲਮ ਨੂੰ ਫਾਂਸੀ 'ਤੇ ਲਟਕਾ ਦਿੱਤਾ ਜਾਵੇ" ਏਨਾ ਕਹਿ ਕੇ ਸੋਨੀਆਂ ਗਾਂਧੀ ਚੁੱਪ ਹੋ ਗਈ ਤੇ ਸਰਕਾਰੀ ਵਕੀਲ ਨੇ ਕਿਹਾ, "ਠੀਕ ਹੈ ਹੁਣ ਤੁਸੀਂ ਜਾ ਸਕਦੇ ਹੋ"

ਉਧਰ ਪੰਜਾਬ ਵਿਚਾਰਾ ਖੜਾ-ਖੜਾ ਥੱਕ ਚੁੱਕਾ ਸੀ ਤੇ ਜਦੋਂ ਉਹ ਬੈਠਣ ਦੀ ਕੋਸ਼ਿਸ਼ ਕਰਦਾ ਤਾਂ ਇੱਕ ਸ਼ੂਕਦੀ ਡਾਂਗ ਉਸਦੇ ਮੌਰਾਂ ਵਿਚ ਵੱਜਦੀ।

ਵਕੀਲ ਨੇ ਮੁੜ ਬੋਲਣਾ ਸ਼ੁਰੂ ਕੀਤਾ, "ਜੱਜ ਸਾਹਬ ਹੁਣ ਮੈਂ ਜਲੰਧਰ ਦੇ ਮਸ਼ਹੂਰ ਦੇਸ਼ ਭਗਤ ਲਾਲਾ ਪਰਿਵਾਰ ਵਿਚੋਂ ਕਿਸੇ ਨੂੰ ਬੁਲਾਉਣਾ ਚਾਹਾਂਗਾ"

"ਲਾਲਾ ਅਜੇ ਵਲਦ ਲਾਲਾ ਭਗਤ ਨਰਾਇਣ ਹਾਜਰ ਹੋ.........................."

ਇੱਕ ਲਿਸ਼ਕਿਆ ਪੁਸ਼ਕਿਆ ਲਾਲਾ ਕਟਹਿਰੇ ਵਿਚ ਆਣ ਖੜਦਾ ਹੈ, "ਹਾਂ ਜੀ, ਅਜੇ ਜੀ, ਤੁਸੀਂ ਇਸ ਮੁਜ਼ਰਿਮ ਬਾਰੇ ਕੀ ਕਹਿਣਾ ਚਾਹੋਂਗੇ"

ਵਕੀਲ ਨੇ ਲਾਲੇ ਨੂੰ ਸਵਾਲ ਕੀਤਾ।

"ਜੱਜ ਸਾਹਬ, ਮੇਰੇ ਪਿਤਾ ਜੀ ਥੋੜਾ ਜਿਹਾ ਇਸ ਵਿਰੁੱਧ ਤੇ ਏਹਨਾਂ ਦੇ ਗੁਰੂ ਵਿਰੁੱਧ ਕੀ ਬੋਲੇ, ਇਹਨਾਂ ਅੱਤਵਾਦੀਆਂ ਨੇ ਉਨ੍ਹਾਂ ਨੂੰ ਸ਼ਰੇਆਮ ਗੋਲੀਆਂ ਨਾਲ ਭੁੰਨ ਦਿੱਤਾ, ਸਾਡੇ ਪਰਿਵਾਰ ਦੇ ਦੋ ਮੈਂਬਰ ਇਹਨਾਂ ਨੇ ਮਾਰੇ, ਪਹਿਲਾਂ, ਲੋਕਾਂ ਨੂੰ ਆਪਸ ਵਿਚ ਜੋੜਨ ਵਾਲੇ ਭਲੇ ਪੁਰਸ਼ ਨਿਰੰਕਾਰੀ ਬਾਬਾ ਗੁਰਬਚਨ ਸਿੰਘ ਨੂੰ ਇਹਨਾਂ ਨੇ ਉਹਨਾਂ ਦੇ ਘਰ ਜਾ ਕੇ ਗੋਲੀਆਂ ਨਾਲ ਛਲਣੀ ਕੀਤਾ। ਇਸ ਦੇ ਹੱਥ ਬਹੁਤ ਦੇਸ਼ ਭਗਤਾਂ ਦੇ ਖੂਨ ਨਾਲ ਰੰਗੇ ਹੋਏ ਨੇ ਜੱਜ ਸਾਹਬ। ਪ੍ਰਧਾਨ ਮੰਤਰੀ, ਫੌਜ ਦੇ ਮੁਖੀ ਵੈਦਯਾ ਜੀ, ਕਈ ਦੇਸ਼ ਭਗਤ ਕਾਂਗਰਸੀ ਨੇਤਾ, ਕਈ ਸੂਰਮੇ ਪੁਲਸ ਅਫਸਰ ਇਹਨਾਂ ਨੇ ਚੁਣ ਚੁਣ ਕੇ ਮਾਰੇ, ਤੇ ਵਿਚਾਰੇ ਭੱਦਰ ਪੁਰਸ਼ ਅਨੰਤ ਸਿੰਘ ਦੇ ਸਰੀਰ ਦਾ ਤਾਂ ਇਹਨਾਂ ਨੇ ਕੋਈ ਟੁਕੜਾ ਵੀ ਨਹੀਂ ਲੱਭਣ ਦਿੱਤਾ, ਪਰ ਸ਼ਹੀਦ ਹੋਣ ਤੋਂ ਪਹਿਲਾਂ ਅਨੰਤ ਸਿੰਘ ਨੇ ਇਸ ਨੂੰ ਤੇ ਇਸਦੇ ਅੱਤਵਾਦੀ ਪੁੱਤਰਾਂ ਨੂੰ ਚੰਗਾ ਸਬਕ ਸਿਖਾਇਆ ਸੀ, ਗਿੱਲ ਸਾਹਬ ਨਾਲ ਰਲ ਕੇ। ਅੰਤ ਵਿਚ ਜੱਜ ਸਾਹਬ ਮੈਂ ਤਾਂ ਇਹੀ ਕਹਿਣਾ ਚਾਹਾਂਗਾ ਕਿ ਇਹ ਜ਼ਾਲਮ ਪੰਜਾਬ, ਭਾਰਤ ਵਰਸ਼ ਦੀ ਏਕਤਾ ਤੇ ਅਖੰਡਤਾ ਲਈ ਬਹੁਤ ਵੱਡਾ ਖਤਰਾ ਹੈ, ਸੋ ਇਸ ਦੇ ਸਾਰੇ ਸੰਗੀਨ ਜ਼ੁਲਮਾਂ ਨੂੰ ਧਿਆਨ ਵਿਚ ਰੱਖ ਕੇ ਇਸ ਨੂੰ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ"

ਬੇਅੰਤ ਦਾ ਸੁੱਤੇ ਪਏ ਦਾ ਮੱਥਾ ਤਿਊੜੀਆਂ ਨਾਲ ਭਰ ਗਿਆ ਸੀ ਤੇ ਉਸਨੇ ਦੋਹੇਂ ਹੱਥਾਂ ਦੀਆਂ ਘੁੱਟ ਕੇ ਮੁੱਠੀਆਂ ਮੀਚੀਆਂ ਹੋਈਆਂ ਸਨ, ਲਗਦਾ ਸੀ ਜਿਵੇਂ ਉਸ ਨੂੰ ਬਹੁਤ ਗੁੱਸਾ ਚੜਿਆ ਹੋਵੇ ਤੇ ਉਹ ਇਹਨਾਂ ਸਾਰਿਆਂ ਦੇ ਮੂੰਹ ਭੰਨ ਦੇਣੇ ਚਾਹੁੰਦਾ ਹੋਵੇ, ਖੈਰ.......... ਸੁਪਨਾ ਜਾਰੀ ਰਿਹਾ,

ਲਾਲੇ ਦੇ ਮੁੰਡੇ ਦੀ ਗਵਾਹੀ ਤੋਂ ਬਾਅਦ ਵਕੀਲ ਹੋਰ ਗਵਾਹ ਸੱਦਣ ਲੱਗਦੇ, "ਜੱਜ ਸਾਹਬ, ਹੁਣ ਮੈਂ ਸ਼ਹੀਦ ਮੁੱਖ ਮੰਤਰੀ ਅਨੰਤ ਸਿੰਘ ਦੇ ਪਰਿਵਾਰ ਵਿਚੋਂ................." ਪਰ ਉਸਦੀ ਗੱਲ ਵਿਚੇ ਟੋਕ ਕੇ ਜੱਜ ਬੋਲਦਾ ਹੈ,

"ਵਕੀਲ ਸਾਹਬ ਬਹੁਤੇ ਗਵਾਹ ਪੇਸ਼ ਕਰਨ ਦੀ ਲੋੜ ਨਹੀਂ, ਇਸ 'ਤੇ ਲੱਗੇ ਸਾਰੇ ਆਰੋਪ ਸਾਬਤ ਹੋ ਚੁੱਕੇ ਹਨ, ਸਾਨੂੰ ਬਹੁਤਾ ਸਮਾਂ ਖ਼ਰਾਬ ਨਹੀਂ ਕਰਨਾ ਚਾਹੀਦਾ, ਇਸ ਤੋਂ ਪਹਿਲਾਂ ਕਿ ਕੋਈ ਅੰਤਰਰਾਸ਼ਟਰੀ ਦਬਾਅ ਪਵੇ, ਸਾਨੂੰ ਇਸਨੂੰ ਸਜਾ ਦੇ ਦੇਣੀ ਚਾਹੀਦੀ ਹੈ................., ਪਰ ਪਹਿਲਾਂ ਇਸ ਦਾ ਪੱਖ ਵੀ ਸੁਣ ਲਈਏ"

ਜੱਜ ਪੰਜਾਬ ਵੱਲ ਵੇਖ ਕੇ ਕਹਿੰਦਾ ਹੈ, "ਹਾਂ ਬਈ, ਤੇਰਾ ਕੋਈ ਵਕੀਲ ਹੈ"

"ਨਹੀਂ" ਜਵਾਬ ਆਇਆ, "ਵਕੀਲ ਨੂੰ ਫੀਸ ਦੇ ਰੂਪ ਵਿਚ ਦੇਣ ਲਈ ਮੇਰੇ ਕੋਲ ਕੁਝ ਨਹੀਂ, ਸਭ ਕੁਝ ਲੁੱਟਿਆ ਜਾ ਚੁੱਕੈ"

"ਫੇਰ ਤੇਰਾ ਕੇਸ ਕੌਣ ਲੜੇਗਾ"

"ਕਿਉਂ ਐਵੇਂ ਮੈਮੋਠਗਣੀਆਂ ਕਰਦੇ ਹੋ, ਕੀ ਜੇ ਕੋਈ ਇਹ ਸਾਬਤ ਕਰ ਦੇਵੇ ਕਿ ਮੈਂ ਬਿਲਕੁਲ ਬੇਕਸੂਰ ਹਾਂ ਤੇ ਅਸਲ ਦੋਸ਼ੀ ਭਾਰਤ ਹੈ ਤਾਂ ਕੀ ਤੁਸੀਂ ਭਾਰਤ ਨੂੰ ਫਾਹੇ ਲਾ ਦਿਓਗੇ"

"ਐਵੇਂ ਯਬਲੀਆਂ ਨਾ ਮਾਰ, ਜੇ ਆਪਣੀ ਸਫਾਈ ਵਿਚ ਕੁਝ ਕਹਿਣਾ ਹੈ ਤਾਂ ਬੋਲ"

"ਰਹਿਣਦਿਓ, ਰੁਹਿਣਦਿਓ, ਮੈਨੂੰ ਬੋਲਣ ਦਾ ਸਮਾਂ ਨਾ ਦਿਓ, ਜੇ ਮੈਂ ਬੋਲਣ ਲੱਗ ਪਿਆ ਤਾਂ ਥੋਡੀ ਸਾਰਿਆਂ ਦੀ ਬੋਲਤੀ ਬੰਦ ਹੋ ਜਾਊ" ਡਿੱਗਦਾ ਜਾ ਰਿਹਾ ਪੰਜਾਬ, ਇਹਨਾਂ ਨੂੰ ਜਵਾਬ ਦੇਣ ਲਈ ਮੁੜ ਉੱਠ ਖਲੋਤਾ ਸੀ।

"ਤੂੰ ਬੋਲ ਲੈ ਜੋ ਬੋਲਣੈ, ਨਹੀਂ ਤਾਂ ਮੁੜਕੇ ਰੌਲਾ ਪਾਏਂਗਾ ਕਿ ਭਾਰਤ ਫਿਰਕੂ ਹੈ ਤੇ ਏਥੇ ਕਿਸੇ ਗ਼ੈਰ ਹਿੰਦੂ ਨੂੰ ਬੋਲਣ ਦਾ ਮੌਕਾ ਨਹੀਂ ਮਿਲਦਾ" ਜੱਜ ਨੇ ਕੱਛਾਂ ਵਿਚੋਂ ਹੱਸਦੇ ਹੋਏ ਕਿਹਾ, ਉਸਨੂੰ ਪਤਾ ਸੀ ਕਿ ਇਸ ਨੂੰ ਫਾਹੇ ਤਾਂ ਲਾ ਹੀ ਦੇਣਾ ਹੈ, ਚਾਹੇ ਕੁਝ ਵੀ ਬੋਲੇ।

"ਜੇ ਇਹੀ ਗੱਲ ਹੈ ਤਾਂ ਸੁਣੋ, ਹੁਣ ਆਪਣੀ ਥਾਂ ਛੱਡ ਕੇ ਨਾ ਭੱਜਿਓ, ਤੁਸੀਂ ਜੋ ਦੋਸ਼ ਮੇਰੇ 'ਤੇ ਲਾਏ ਐ, ਸਭ ਦਾ ਇੱਕ ਇੱਕ ਕਰਕੇ ਜਵਾਬ ਦਿਊਂ,

ਪਹਿਲਾ, ਦੇਸ਼ ਧ੍ਰੋਹ ਤੇ ਅੱਤਵਾਦੀ ਕਾਰਵਾਈਆਂ,

'ਕਿੰਨੀ ਕੁ ਦੇਰ ਮਿੱਟੀ ਖਾਮੋਸ਼ ਰਹਿ ਸਕੇਗੀ,
ਕਿੰਨਾ ਕੁ ਚਿਰ ਰਹੇਗਾ ਖਾਮੋਸ਼ ਖੂਨ ਮੇਰਾ'

ਧਿਆਨ ਨਾਲ ਸੁਣਿਓ, ਅੱਤਵਾਦੀ ਕੌਣ ਹੈ,

ਦੇਸ਼ ਦੀ ਵੰਡ ਤੁਸੀਂ ਫਿਰਕੂ ਬੀਜ, ਬੀਜ ਕੇ ਜਾਣ ਬੁੱਝ ਕੇ ਕਰਵਾਈ, ਯਾਦ ਹੈ ਸਾਧੂ ਦਯਾਨੰਦ ਦੁਆਰਾ ਪੰਜਾਬ ਦੀ ਧਰਤੀ 'ਤੇ ਉਗਲੱਛਿਆ ਗਿਆ ਜ਼ਹਿਰ, ਜਿਸ ਨੇ ਬਟਵਾਰੇ ਦੀ ਨੀਂਹ ਰੱਖੀ................, ਤੁਸੀਂ ਸਿਖਾਂ ਤੇ ਮੁਸਲਮਾਨਾਂ ਨੂੰ ਕਤਲ ਕਰਨਾ ਚਾਹੁੰਦੇ ਸੀ, ਹਾਂ ਤੁਹਾਡੇ ਹਿੰਦੂ ਭਰਾ ਵੀ ਬਹੁਤ ਮਾਰੇ ਗਏ ਪਰ ਤੁਹਾਨੂੰ ਕੋਈ ਫਰਕ ਨਹੀਂ ਪੈਂਦਾ.................. ਤੁਸੀਂ ਤਾਂ ਆਪਣੇ ਵਿਰੋਧੀ ਨੂੰ ਖਤਮ ਕਰਨ ਲਈ ਆਪਣੇ ਪੁੱਤ ਭਤੀਜੇ ਦੀ ਜਾਨ ਦੀ ਪ੍ਰਵਾਹ ਨਹੀਂ ਵੀ ਕਰਦੇ.............. ਚੇਤੇ ਹੋਵੇਗਾ ਕੰਵਰ ਨੌਨਿਹਾਲ ਸਿੰਘ ਨਾਲ ਤੁਰਿਆ ਆਉਂਦਾ ਡੋਗਰੇ ਧਿਆਨ ਸਿੰਹੁ ਦਾ ਪੁੱਤ................, ਤੁਸੀਂ ਉਸਨੂੰ ਬਚਾ ਸਕਦੇ ਸੀ ਜੇ ਪੜਛੱਤੀ ਨਾ ਸੁੱਟਦੇ, ਪਰ ਫੇਰ ਕੰਵਰ ਵੀ ਬਚ ਜਾਣਾ ਸੀ...................., ਤੇ ਤੁਸੀਂ ਫੈਸਲਾ ਕੀਤਾ 'ਆਪਣਾ ਪੁੱਤ ਮਰਦਾ ਹੈ ਤਾਂ ਮਰਨ ਦਿਓ ਪਰ ਕੰਵਰ ਕਿਸੇ ਹਾਲਤ ਵਿਚ ਬਚਣਾ ਨਹੀਂ ਚਾਹੀਦਾ।

ਪਾਕਿਸਤਾਨ 'ਚੋਂ ਉੱਜੜ ਕੇ ਆਏ ਮੇਰੇ ਪੁੱਤਰਾਂ ਨੂੰ ਤੁਸੀਂ ਦੂਰ ਦੁਰਾਡੇ ਖਿਲਾਰ ਦਿੱਤਾ ਕਿ ਕਿਤੇ ਇਹ 'ਕੱਠੇ ਨਾ ਹੋ ਜਾਣ, ਅਮਨ ਦੇ ਰਾਖਿਆਂ ਨੂੰ ਤੁਸੀਂ ਜ਼ਰਾਇਮ ਪੇਸ਼ਾ ਕਿਹਾ, ਤੁਹਾਨੂੰ ਸ਼ਰਮ ਨਾ ਆਈ................, ਮੇਰੇ ਇਹਨਾਂ ਪੁੱਤਰਾਂ ਨੇ ਹੀ ਗੋਰਿਆਂ ਨੂੰ ਭਜਾ ਕੇ ਤੁਹਾਨੂੰ ਚੌਧਰ ਦਿਵਾਈ, ਓਦੋਂ ਅਸੀਂ 'ਖੜਗਧਾਰੀ

ਬਾਂਹ' ਸਾਂ, ਪਰ ਹੁਣ ਇੱਕ ਦਮ ਜ਼ਰਾਇਮ ਪੇਸ਼ਾ ਕਿਵੇਂ ਬਣ ਗਏ......................., ਹੈ ਕੋਈ ਜਵਾਬ................, ਸ਼ਾਇਦ ਤੁਹਾਨੂੰ ਪਤਾ ਸੀ ਕਿ ਸਿਖ ਹੁਣ ਆਪਣੇ ਹੱਕ ਮੰਗਣਗੇ ਸੋ ਤੁਸੀਂ ਪਹਿਲਾਂ ਹੀ ਆਪਣਾ ਪੈਂਤਰਾ ਖੇਡਿਆ........, ਆਹ ਬੀਬੀ ਹੁਣੇ ਬੋਲ ਕੇ ਗਈ ਐ 'ਨਹਿਰੂ ਜੀ ਨੇ ਤੋ ਐਸੇ ਹੀ ਕਹਿ ਦੀਆ ਥਾ, ਔਰ ਇਨਹੋਂਨੇ ਸਚ ਮਾਨ ਲੀਆ'................, ਸਾਨੂੰ ਭੋਲਿਆਂ ਨੂੰ ਕੀ ਪਤਾ, ਅਸੀਂ ਤਾਂ ਗੁਰੂ ਦੀ ਹਜ਼ੂਰੀ ਵਿਚ ਕਦੇ ਝੂਠ ਨਹੀਂ ਬੋਲਦੇ, ਅਸੀਂ ਸੋਚਿਆ ਕਿ ਤੁਸੀਂ ਵੀ ਗੁਰਦੁਆਰੇ 'ਚ ਖਲੋ ਕੇ ਵਾਅਦਾ ਕਰ ਰਹੇ ਹੋ ਝੂਠ ਥੋੜਾ ਬੋਲੋਗੇ........., ਸਾਨੂੰ ਕੀ ਪਤਾ ਸੀ ਕਿ ਤੁਹਾਡੇ ਲਈ ਕੋਈ ਧਾਰਮਿਕ ਸਥਾਨ ਕੋਈ ਮਾਈਨੇ ਨਹੀਂ ਰੱਖਦਾ.........., ਤੇਰੇ ਗਾਂਧੀ ਨੇ ਨੌਂਵੇਂ ਪਾਤਸ਼ਾਹ ਦੇ ਸ਼ਹੀਦੀ ਸਥਾਨ 'ਤੇ ਖੜ੍ਹ ਕੇ ਕਿਹਾ, 'ਕਾਂਗਰਸ ਸਿਖ ਭਾਈਚਾਰੇ ਨਾਲ ਤਾਂ ਕੀ ਕਿਸੇ ਇੱਕ ਵਿਅਕਤੀ ਨਾਲ ਵੀ ਵਿਸ਼ਵਾਸ਼ਘਾਤ ਨਹੀਂ ਕਰੇਗੀ...................... ਸਿਖ, ਭਾਈਓ ਤੇ ਭੈਣੋਂ, ਮੇਰੀ ਬੇਨਤੀ ਹੈ ਕਿ ਤੁਸੀਂ ਸਾਰੇ ਸ਼ੱਕ ਤੇ ਸੰਸੇ ਤਿਆਗ ਦਿਓ.............. ਪਰਮਾਤਮਾਂ ਸਾਖੀ ਹੈ ਕਿ ਮੈਂ ਜੋ ਬਚਨ ਕਰ ਰਿਹਾ ਹਾਂ ਉਹਨਾਂ ਤੋਂ ਮੈਂ ਤੇ ਕਾਂਗਰਸ ਕਦੇ ਨਹੀਂ ਫਿਰਾਂਗੇ', ਤੇ ਨਹਿਰੂ, ਜਿਸ ਦੀ ਵਕਾਲਤ ਆਹ ਬੀਬੀ ਕਰ ਕੇ ਗਈ ਹੈ, ਨੇ ਕਲਕੱਤੇ ਕਿਹਾ, 'ਘੱਟ ਗਿਣਤੀਆਂ ਦੇ ਰਾਜਸੀ ਅਧਿਕਾਰਾਂ ਦੀ ਸੁਰੱਖਿਆ ਲਈ ਪੂਰਨ ਪ੍ਰਬੰਧ ਕੀਤੇ ਜਾਣਗੇ। ਇਹ ਸਾਡਾ ਐਲਾਨ, ਸਾਡਾ ਪ੍ਰਣ ਤੇ ਸਾਡਾ ਬਚਨ ਹੈ, ਜੋ ਅਸੀਂ ਸਾਰੇ ਸੰਸਾਰ ਦੇ ਸਨਮੁਖ ਹਿੰਦੋਸਤਾਨ ਦੇ ਕਰੋੜਾਂ ਨਾਗਰਿਕਾਂ ਨੂੰ ਦਿੰਦੇ ਹਾਂ, ਇਹ ਇੱਕ ਪਵਿੱਤਰ ਸੌਂਹ ਹੈ ਜਿਸ ਦਾ ਪਾਲਣ ਕਰਨਾ ਸਾਡਾ ਪਰਮ ਧਰਮ ਹੈ' ਤੇ ਅਸੀਂ ਤੁਹਾਡੀ ਪਰਮਾਤਮਾਂ ਦੀ ਸੌਂਹ ਉੱਤੇ ਭਰੋਸਾ ਕਰ ਲਿਆ ਪਰ ਅਸੀਂ ਇਹ ਭੁੱਲ ਗਏ ਕਿ ਕਸਮਾਂ ਤਾਂ ਤੁਸੀਂ ਅਕਸਰ ਤੋੜ ਦਿੰਦੇ ਹੋ, ਯਾਦ ਹੈ ਅਨੰਦਪੁਰ, ਆਟੇ ਦੀ ਗਾਂ ਦੀ ਸੌਂਹ............,

ਸਾਰੇ ਦੇਸ਼ ਵਿਚ ਭਾਸ਼ਾ ਦੇ ਅਧਾਰ 'ਤੇ ਸੂਬੇ ਬਣਾਏ ਗਏ ਪਰ ਮੇਰੇ ਵਾਰੀ ਤੁਹਾਨੂੰ ਪਾਂ ਕਿਉਂ ਪੈ ਗਈ, ਕਿਉਂ ਮੇਰੇ ਹਜ਼ਾਰਾਂ ਪੁੱਤ ਏਸ ਨਿੱਕੀ ਜਿਹੀ ਮੰਗ ਪਿੱਛੇ ਜ਼ੇਲ੍ਹੀਂ ਤਾੜ ਦਿੱਤੇ ਤੇ ਮੇਰਾ ਮਾਸੂਮ ਛੋਟਾ ਜਿਹਾ ਪੁੱਤ, ਕਰਨਾਲ ਦਾ ਇੰਦਰਜੀਤ ਸਿਹੁੰ ਖੂਹ ਵਿਚ ਡੋਬ ਕੇ ਮਾਰ ਦਿੱਤਾ................, ਸਾਡੇ ਨਾਹਰਿਆਂ 'ਤੇ ਵੀ ਪਾਬੰਦੀ, ਕਿਸੇ ਨੇ 'ਪੰਜਾਬੀ ਸੂਬਾ ਜਿੰਦਾਬਾਦ ਨਹੀਂ ਕਹਿਣਾ ਤੇ ਤੂੰ ਸ਼ਰੇਆਮ ਸੜਕਾਂ 'ਤੇ ਖਲੋ ਕੇ ਚਾਂਗਰਾਂ ਮਾਰੀਆਂ,

'ਈੜਾ ਊੜਾ ਕਹਿਣ ਨੀ ਦੇਣੀ ਸਿਰ 'ਤੇ ਪਗੜੀ ਰਹਿਣ ਨੀ ਦੇਣੀ'

ਹੈ ਭੋਰਾ ਸ਼ਰਮ, ਪਰ ਸ਼ਰਮ ਤਾਂ ਤੁਸੀਂ ਵੇਚ ਕੇ ਖਾਧੀ ਹੈ,

ਐਮਰਜੈਂਸੀ, ਜਿਸ ਨੂੰ ਪਿੱਛੋਂ ਸਭ ਨੇ ਗ਼ਲਤ ਕਿਹਾ, ਤੇ ਜੇ ਅਸੀਂ ਵਿਰੋਧ ਕੀਤਾ ਤਾਂ ਅੱਤਵਾਦੀ............, ਤੁਸੀਂ ਰੱਥ ਯਾਤਰਾਵਾਂ ਕਰੋ, ਗਣੇਸ਼ ਵਿਸਰਜਨ ਲਈ ਜਲੂਸ ਕੱਢੋ, ਪਰ ਜੇ ਅਸੀਂ ਗੁਰਬਾਣੀ ਗਾਉਂਦੇ-ਗਾਉਂਦੇ ਕੋਈ ਨਗਰ ਕੀਰਤਨ ਵੀ ਕੱਢੀਏ ਤਾਂ ਦੇਸ਼ ਧ੍ਰੋਹੀ................, ਸਾਡਾ ਰਹਿਬਰ, ਸਾਡਾ ਸਿਧਾਂਤ,

ਸਾਨੂੰ ਸੋਧ ਦੇਣ ਵਾਲੇ 'ਗੁਰੂ ਗ੍ਰੰਥ ਸਾਹਿਬ' ਦੇ ਸ਼ਰੀਕ ਪੈਦਾ ਕਰ ਕੇ ਤੁਸੀਂ ਦੇਹਧਾਰੀ ਰੂਪ ਵਿਚ ਮੇਰੇ ਵੱਲ ਧੱਕੇ, ਉਹਨਾਂ ਨੇ ਬਥੇਰਾ ਗੰਦ ਬਕਿਆ ਤੇ ਅਸੀਂ ਬਰਦਾਸ਼ਤ ਕਰਦੇ ਰਹੇ ਮਗਰ ਜਦੋਂ ਅੱਤ ਹੀ ਹੋ ਗਈ ਤਾਂ ਮੇਰੇ ਪੁੱਤ ਉਸ ਦੇ ਬਕਵਾਸ ਨੂੰ ਰੋਕਣ ਲਈ ਸ਼ਾਂਤਮਈ ਢੰਗ ਨਾਲ ਗਏ ਤੇ ਤੁਸੀਂ, ਸਾਰੇ ਗੋਲੀਆਂ ਨਾਲ ਭੁੰਨ ਦਿੱਤੇ, ਮੇਰੇ ੧੩ ਪੁੱਤ ਸ਼ਰੇਆਮ ਮਾਰ ਕੇ ਵੀ ਨਰਕਧਾਰੀ ਸੱਤਵਾਦੀ ਤੇ ਤੁਹਾਡੀਆਂ ਅਦਾਲਤਾਂ ਵੱਲੋਂ ਇਨਸਾਫ਼ ਨਾ ਮਿਲਣ 'ਤੇ ਜੇ ਮੇਰੇ ਕਿਸੇ ਪੁੱਤ ਨੇ ਉਸ ਨੂੰ ਮਾਰ ਦਿੱਤਾ ਤਾਂ ਅਸੀਂ ਅੱਤਵਾਦੀ................,

ਤੁਹਾਡੇ ਸਾਰੇ ਜ਼ੁਲਮਾਂ ਵਿਚੋਂ ਮੇਰਾ ਇੱਕ ਸੂਰਮਾਂ ਪੁੱਤ ਉੱਠਿਆ, ਉਸ ਨੇ ਗਰਜ ਕੇ ਕਿਹਾ, "ਜਾਨ ਦੀ ਪ੍ਰਵਾਹ ਨਾ ਕਰੋ, ਜ਼ਮੀਰ ਜਾਗਦੀ ਰੱਖੋ, ਸਾਰੇ ਹੱਕ ਲੈ ਲਵਾਂਗੇ" ਪਰ ਤੁਸੀਂ ਉਸ ਨੂੰ ਵੀ ਸਾਰੀ ਦੁਨੀਆਂ ਵਿਚ ਭੰਡਣਾ ਸ਼ੁਰੂ ਕਰ ਦਿੱਤਾ, ਸਾਰੇ ਵਾਧੂ ਘਾਟੂ ਦੋਸ਼ ਉਸ ਦੇ ਮੱਥੇ ਮੜ੍ਹ ਦਿੱਤੇ, ਹਰੇਕ ਛੋਟੀ ਵੱਡੀ ਘਟਨਾਂ ਨਾਲ ਉਸ ਦਾ ਨਾਂ ਜੋੜ ਦਿੱਤਾ...................., ਤੇ ਫੇਰ ਪੂਰੀ ਤਿਆਰੀ ਕਰਕੇ ਉਸ ਨੂੰ ਮਾਰਨ ਦੇ ਬਹਾਨੇ ਮੇਰੇ 'ਤੇ ਚੜਾਈ ਕੀਤੀ, ਟੈਂਕਾਂ ਤੋਪਾਂ ਨਾਲ ਮੇਰਾ ਤਖਤ ਢਹਿ ਢੇਰੀ ਕਰ ਦਿੱਤਾ, ਹਰਿਮੰਦਰ ਗੋਲੀਆਂ ਨਾਲ 'ਛਲਣੀ ਕਰ ਦਿੱਤਾ, ਆਪਣੇ ਸ਼ਹੀਦ ਮਾਹੀ ਦੀ ਯਾਦ ਵਿਚ ਜੁੜੀ ਸਾਰੀ ਸੰਗਤ ਗੋਲੀਆਂ ਨਾਲ ਭੁੰਨ ਦਿੱਤੀ.................., ਤੇ ਤੇਰੇ ਸੂਰਮੇ ਫੌਜੀ ਬੂਟਾਂ ਸਮੇਤ ਪ੍ਰਕਰਮਾਂ ਵਿਚ ਬੀੜੀਆਂ ਪੀਂਦੇ ਮੈਨੂੰ ਚਿੜਾ ਕੇ ਕਹਿ ਰਹੇ ਸਨ, 'ਕਹਾਂ ਹੈ ਤੁਮਾਹਰਾ ਭਿੰਡੀ ਵਾਲਾ, ਕਹਾਂ ਹੈ ਤੁਮਾਹਰੇ ਦਰਬਾਰ ਕੀ ਵੋਹ ਤਾਕਤ'................., ਓ ਥੋਨੂੰ ਰਤਾ ਸ਼ਰਮ ਨਾ ਆਈ ਸ਼ਰੇਆਮ ਪ੍ਰਕਰਮਾਂ ਵਿਚ ਧੀਆਂ ਦੇ ਬਲਾਤਕਾਰ ਕਰਦਿਆਂ, ਏਨਾ ਕਮੀਨਾ ਤਾਂ ਸ਼ੈਤਾਨ ਵੀ ਨਹੀਂ ਹੋ ਸਕਦਾ........... ਲਾਹਨਤ..............................

.... ਤੇ ਫੇਰ ਜਦੋਂ ਤੁਸੀਂ ਮੇਰਾ ਦਿਲ, ਮੇਰਾ ਤਖ਼ਤ ਹੀ ਢਾਹ ਦਿੱਤਾ ਤਾਂ ਮੇਰੇ ਪੁੱਤ ਘਰਾਂ ਵਿਚ ਟਿਕ ਕੇ ਕਿਵੇਂ ਬਹਿੰਦੇ, ਉਨ੍ਹਾਂ ਧਹਈਆ ਕੀਤਾ ਬਾਪੂ ਦੀ ਪਰ੍ਹੇ ਵਿਚ ਲੱਥੀ ਪੱਗ ਨੂੰ ਚੁੱਕ ਕੇ ਮੁੜ ਸਿਰ ਸਜਾਉਣ ਦਾ..............,

ਤੇਰੀ ਦੁਰਗਾ ਦੇਵੀ ਮੇਰੇ ਪ੍ਰਾਣਾ ਤੋਂ ਪਿਆਰੇ ਗੁਰਧਾਮ ਢਾਹ ਕੇ, ਮੇਰੇ ਹਜ਼ਾਰਾਂ ਪੁੱਤ ਮਾਰ ਕੇ 'ਦੇਸ਼ ਭਗਤ' ਤੇ ਓਸੇ ਇੰਦਰਾ ਨੂੰ ਕੀਤੇ ਦੀ ਸਜਾ ਦੇਣ 'ਤੇ ਮੇਰੀ ਸਾਰੀ ਕੌਮ ਅੱਤਵਾਦੀ..................., ਵਾਹ ਭਾਰਤ ਵਾਹ........., ਸਦਕੇ ਤੇਰੀ ਧਰਮ ਨਿਰਪੱਖਤਾ ਦੇ................,

ਹੋਰ ਸੁਣ.............., ਮੇਰੀ 'ਗਵਾਚੀ ਪੱਗ' ਲੱਭਣ ਤੁਰੇ ਮੇਰੇ ਪੁੱਤ ਜਦੋਂ ਤੇਰੀ ਨਜ਼ਰੀਂ ਪਏ ਤਾਂ ਤੂੰ ਫੌਜ ਨੂੰ ਸਰਕੂਲਰ ਜਾਰੀ ਕੀਤਾ, ਮੇਰੀ ਸਾਰੀ ਕੌਮ ਨੂੰ ਖਤਮ ਕਰਨ ਦਾ................, ਯਾਦ ਹੈ ਉਸ ਦੀ ਸ਼ਬਦਾਵਲੀ, ਸ਼ਾਇਦ ਭੁੱਲ ਗਿਆ ਹੋਵੇਂਗਾ, ਕਿਉਂਕਿ ਇਹੋ ਜਹੇ ਕਈ ਸਰਕੂਲਰ ਤੂੰ ਜਾਰੀ ਕਰ ਚੁੱਕਾ ਹੈਂ,

"ਕੁਝ ਲੋਕਾਂ ਨੂੰ ਧਰਮ ਦੇ ਨਾਂ 'ਤੇ ਸੌਂਹ ਚੁਕਾਈ ਗਈ, ਇਹ ਗਲ ਦੇ ਦੁਆਲੇ ਛੋਟੀ ਕਿਰਪਾਨ ਪਾਉਂਦੇ ਨੇ ਤੇ ਇਹਨਾਂ ਨੂੰ ਅੰਮ੍ਰਿਤਧਾਰੀ ਕਿਹਾ ਜਾਂਦੇ,

ਇਹ ਅੰਮ੍ਰਿਤਧਾਰੀ ਲੋਕ ਬਹੁਤ ਖਤਰਨਾਕ ਹਨ, ਇਹਨਾਂ ਨੂੰ ਭਰਤੀ ਕਰਕੇ ਸਾਨੂੰ ਮਾਰਨ ਤੇ ਲੁੱਟਣ ਦੀ ਜਿੰਮੇਵਾਰੀ ਸੌਂਪੀ ਗਈ ਹੈ, ਕੋਈ ਵੀ ਜਾਣਕਾਰੀ, ਇਹਨਾਂ ਅੰਮ੍ਰਿਤਧਾਰੀਆਂ ਬਾਰੇ, ਨੇੜੇ ਦੇ ਆਰਮੀ ਦਫਤਰ ਵਿਚ ਦਿੱਤੀ ਜਾਵੇ, ਇਹ ਆਪਣੇ ਦੇਸ਼ ਦੀ ਇਕ ਸੱਚੀ ਸੁੱਚੀ ਤੇ ਮਹਾਨ ਸੇਵਾ ਹੋਵੇਗੀ" ਕਿਉਂ ਕੁਛ ਯਾਦ ਆਇਆ, ਤੂੰ ਫੌਜ ਨੂੰ ੧੭ ਤੋਂ ੩੫ ਸਾਲ ਤੱਕ ਦੇ ਮੇਰੇ ਸਾਰੇ ਪੁੱਤਰਾਂ ਨੂੰ ਨਿਸ਼ਾਨਾ ਬਣਾਉਣ ਦੇ ਹੁਕਮ ਦਿੱਤੇ, ਇਹੀ ਸੀ ਨਾ ਤੇਰਾ 'ਵੁੱਡ ਰੋਜ਼'............., 'ਜੰਗਲ ਦੇ ਗੁਲਾਬ'............., ਇਸ ਤਰ੍ਹਾਂ ਤਾਂ ਨਾਜ਼ੀ ਹਿਟਲਰ ਨੇ ਵੀ ਯਹੂਦੀਆਂ ਵਿਰੁੱਧ ਨਹੀਂ ਕੀਤਾ, ੪ ਤੋਂ ੧੨ ਸਾਲ ਤੱਕ ਦੇ ੫੨ ਬੱਚੇ ਦੇਸ਼ ਧ੍ਰੋਹ ਦਾ ਕੇਸ ਪਾ ਕੇ ਤਿੰਨ ਮਹੀਨੇ ਲੁਧਿਆਣੇ ਕੈਦ ਰੱਖੇ, ਜਿਹਨਾਂ ਮਾਸੂਮਾਂ ਨੂੰ ਦੇਸ਼ ਧ੍ਰੋਹ ਦਾ ਮਤਲਬ ਵੀ ਨਹੀਂ ਪਤਾ ਸੀ................, ਸੁੰਨ ਕਿਉਂ ਹੋ ਗਿਹੈਂ, ਅਜੇ ਤਾਂ ਬੜਾ ਕੁਝ ਬਾਕੀ ਐ..............., ਤੇ ਫੇਰ ਖੁੱਲੀ ਜੰਗ ਛਿੜ ਪਈ ਤੇਰੇ ਤੇ ਮੇਰੇ ਵਿਚਕਾਰ, ਪਰ ਤੂੰ ਬ੍ਰਾਹਮਣ, ਜੰਗ ਦੇ ਸਾਰੇ ਅਸੂਲ ਛਿੱਕੇ ਟੰਗ ਦਿੱਤੇ ਤੇ ਆਪਣੇ ਸਾਮ, ਦਾਮ, ਦੰਡ, ਭੇਦ ਵਰਤੇ......................., ਹੁਕਮ ਜਾਰੀ ਕੀਤੇ ਆਪਣੀ ਪੁਲਸ ਨੂੰ, "ਜਿਸ ਦਾ ਵੀ ਨਾਮ ਸਿੱਧੇ ਜਾਂ ਅਸਿੱਧੇ ਰੂਪ ਵਿਚ ਕਦੇ ਵੀ ਪੁਲਸ ਰਿਕਾਰਡ ਵਿਚ ਆਇਆ ਹੈ, ਉਸ ਨੂੰ ਹਿਰਾਸਤ ਵਿਚ ਲਿਆ ਜਾਵੇ ਤੇ ਸਖਤੀ ਨਾਲ ਪੁੱਛ ਪੜਤਾਲ ਕੀਤੀ ਜਾਵੇ........................., ਇਹ ਸਾਰੇ ਹੁਕਮ ਆਪਣੇ ਏਰੀਏ ਵਿਚ ਅਮਲ ਹੇਠ ਲਿਆਓ, ਤੁਹਾਨੂੰ ਕੋਈ ਸਵਾਲ ਨਹੀਂ ਪੁੱਛਿਆ ਜਾਵੇਗਾ, ਸਗੋਂ ਮੈਡਲ ਤੇ ਤਰੱਕੀਆਂ ਨਾਲ ਨਿਵਾਜਿਆ ਜਾਵੇਗਾ" ਤੇ ਸਚਮੁੱਚ ਤੂੰ ਸਿਖਾਂ ਦੇ ਕਾਤਲਾਂ ਨੂੰ ਕੋਈ ਸਵਾਲ ਨਹੀਂ ਪੁੱਛਿਆਂ ਸਗੋਂ ਰੁਤਬੇ ਬਖ਼ਸ਼ੇ, ਇੱਕ ਤਾਂ ਕਰੇਲਾ ਤੇ ਉੱਤੋਂ ਨਿੰਮ ਚਾੜ੍ਹ ਦਿੱਤਾ, ਪੁਲਸ ਵਾਲੇ ਤਾਂ ਪਹਿਲਾਂ ਹੀ ਮਾਣ ਨਹੀਂ ਸਨ..........., ਕੈਟਾਂ ਦੀ ਫੌਜ ਤਿਆਰ ਕੀਤੀ ਗਈ, ਹਰ ਤਰ੍ਹਾਂ ਦੇ ਮਾੜੇ ਕੰਮ ਉਨ੍ਹਾਂ ਤੋਂ ਕਰਵਾਏ ਗਏ, ਲੁੱਟਾਂ ਖੋਹਾਂ, ਡਾਕੇ, ਬਲਾਤਕਾਰ........... ਤੇ ਸਭ ਕੁਝ ਮੜ੍ਹਿਆ ਮੇਰੇ ਸਾਊ ਪੁੱਤਰਾਂ ਦੇ ਸਿਰ................., ਫੇਰ ਇੱਕ ਅਜਿਹਾ ਸਿਲਸਿਲਾ ਸ਼ੁਰੂ ਕੀਤਾ ਗਿਆ ਜੋ ਤੇਰਾ ਬ੍ਰਹਮ ਅਸਤਰ ਹੈ ਤੇ ਕਿਸੇ ਨੂੰ ਮਾਰਨ ਲਈ ਸਭ ਤੋਂ ਵਧੀਆ ਕਨੂੰਨੀ ਤਰੀਕਾ, 'ਝੂਠਾ ਪੁਲਸ ਮੁਕਾਬਲਾ', ਸਿਵੇ ਆਪ ਬੋਲ ਕੇ ਦੱਸ ਰਹੇ ਨੇ ਕਿ ਘੱਟੋ ਘੱਟ ੨੫੦੦੧ ਤਾਂ ਝੂਠੇ ਮੁਕਾਬਲੇ ਬਣਾਏ ਹੀ ਗਏ ਨੇ, ਲੱਕੜਾਂ ਬੋਲਦੀਆਂ ਨੇ, ਦਰਿਆਵਾਂ ਨਹਿਰਾਂ ਦੇ ਪੁਲ ਗਵਾਹੀ ਭਰ ਰਹੇ ਨੇ..........., ਤੂੰ ਕਹੇਂਗਾ ੨੫੦੦੦ ਤਾਂ ਸੁਣਿਆਂ ਸੀ ਇਹ ਇੱਕ ਹੋਰ ਕਿੱਥੋਂ ਆ ਗਿਆ, ਦਿਮਾਗ 'ਤੇ ਜ਼ੋਰ ਪਾ, ਯਾਦ ਆ ਜਾਵੇਗਾ, ਇੱਕ ਪੜ੍ਹਿਆ ਲਿਖਿਆ ਅਧਖੜ੍ਹ ਉਮਰ ਦਾ ਭੋਲਾ ਜਿਹਾ ਇਨਸਾਨ, ਜਿਹੜਾ ਜਦੋਂ ਬੋਲਦਾ ਸੀ ਤਾਂ ਤੇਰੀ ਪੁਲਸ ਤੇ ਤੇਰੀਆਂ ਅਦਾਲਤਾਂ ਲੁਕਣ ਨੂੰ ਥਾਂ ਲੱਭਦੀਆਂ ਸਨ, ਜਿਸਦੇ ਨਾਲ ੨੫੦੦੦ ਲਾਸ਼ਾਂ ਦੀਆਂ ਰੂਹਾਂ ਇਨਸਾਫ ਦੀ ਭਾਲ ਵਿਚ ਤੁਰੀਆਂ ਫਿਰਦੀਆਂ ਸਨ, ਇਹਨਾਂ ਲਾਵਾਰਸ ਲਾਸ਼ਾਂ ਨੂੰ ਲੱਭਣ ਵਾਲਾ ਮੇਰਾ ਯੋਧਾ ਪੁੱਤ 'ਜਸਵੰਤ ਸਿੰਘ ਖਾਲੜਾ', ਯਾਦ

ਆਇਆ..........., ਤੇ ਤੂੰ ਉਸ ਨੂੰ ਵੀ ਗਾਇਬ ਕਰ ਦਿੱਤਾ, ਤੂੰ ਸੋਚਿਆ ਹੋਣੈ ਜਿੱਥੇ ੨੫੦੦੦ ਖਪਾ ਦਿੱਤੇ ਉੱਥੇ ਇੱਕ ਹੋਰ ਸਹੀ, ਕਿਹੜਾ ਕਿਸੇ ਨੇ ਹਿਸਾਬ ਮੰਗਣੈ.........., ਦੁਰ.ਫਿਟੇ ਮੂੰਹ ਤੇਰੇ ਨਿਆਂ ਦੇ, ਮੇਰੇ ੨ ਲੱਖ ਪੁੱਤ ਤੂੰ ਸ਼ਰੇਆਮ ਅੱਤਵਾਦੀ ਕਹਿ ਕੇ ਭੁੰਨ ਦਿੱਤੇ, ਸੈਕੜੇ ਜ਼ੇਲ੍ਹੀਂ ਤੁੰਨ ਦਿੱਤੇ ਤੇ ਕਾਤਲ ਸ਼ਰੇਆਮ ਦਨਦਨਾਉਂਦੇ ਫਿਰ ਰਹੇ ਨੇ, ਹੂਟਰ ਵਾਲੀਆਂ ਸਰਕਾਰੀ ਗੱਡੀਆਂ ਵਿਚ, ਸੱਜਣ, ਟਾਈਟਲਰ, ਅਰਜਨ:................., ਤੇ ਕਾਤਲ ਪੁਲਸ ਅਫਸਰ, ਜਿਨ੍ਹਾਂ ਨੂੰ ਤੂੰ ਅਜੇ ਤੱਕ ਇਨਾਮਾਂ ਦੇ ਰੂਪ ਵਿਚ ਵੱਡੇ ਵੱਡੇ ਅਹੁਦੇ ਬਖਸ਼ ਰਿਹੈ, ਵਿਜੀਲੈਂਸ ਕਮਿਸ਼ਨ ਦੇ ਮੁਖੀ, ਹੱਕੀ ਫੈਡਰੇਸ਼ਨ ਦੇ ਪ੍ਰਧਾਨ................"

ਬੇਅੰਤ ਦਾ ਸੁਪਨਾ ਬਿਲਕੁਲ ਹਕੀਕਤ ਸੀ। ਜੋ ਜੋ ਉਸ ਨੇ ਹੁਣ ਤੱਕ ਪੜ੍ਹਿਆ-ਸੁਣਿਆਂ ਸੀ, ਉਹ ਸਭ ਉਸ ਨੂੰ ਪ੍ਰਤੱਖ ਦਿਸ ਰਿਹਾ ਸੀ, ਸੁੱਤੇ ਪਏ ਉਸ ਦੇ ਚਿਹਰੇ ਦੇ ਹਾਵ ਭਾਵ ਪਲ ਪਲ ਬਦਲ ਰਹੇ ਸਨ।

ਖ਼ੈਰ, ਸੁਪਨਾ ਜਾਰੀ ਰਿਹਾ....................

"ਹੁਣ ਦੱਸ ਅੱਤਵਾਦੀ ਕੌਣ ਐਂ, ਤੂੰ ਜਿਹੜਾ ਕਾਤਲ ਐਂ ਕਿ ਮੈਂ ਜਿਸਦਾ ਕਤਲ ਕੀਤਾ ਗਿਆ................, ਤੇ ਹੁਣ ਤੂੰ ਆ ਗਿਐਂ ਕਰਜ਼ਾ ਮੰਗਣ, ਇਹ ਦੱਸ ਬਈ ਮੈਨੂੰ ਇੱਕ ਨੰਬਰ ਸੂਬੇ ਨੂੰ ਕੰਗਾਲ ਕੀਹਨੇ ਬਣਾਇਐ, ਰਾਜ ਕਰਦੇ ਨੂੰ ਕਰਜਾ ਲੈਣ ਲਈ ਮਜਬੂਰ ਕਿਸ ਨੇ ਕੀਤੈ, ਦੇਸ਼ ਦੇ ੭੦% ਲੋਕਾਂ ਦਾ ਢਿੱਡ ਭਰਨ ਵਾਲਾ ਚਾਰ ਰੁਪਈਏ ਆਟੇ ਲਈ ਵਿਲਕਣ ਕਿਸ ਨੇ ਲਾਇਐ। ਸਭ ਤੇਰੀਆਂ ਕਮੀਨੀਆਂ ਚਾਲਾਂ ਤਹਿਤ ਹੋਇਐ..........., ਅਸੀਂ ਹਾੜ੍ਹ ਵੇਖੇ ਨਾ ਸਿਆਲ, ਸੱਪਾਂ ਦੀਆਂ ਸਿਰੀਆਂ ਮਿੱਧ, ਪੋਹ ਮਾਘ ਦੀਆਂ ਰਾਤਾਂ ਜਾਗ, ਅਮੁਲਾ ਅੰਨ ਪੈਦਾ ਕੀਤਾ ਤੇ ਤੁਸੀ ਹਰ ਵਾਰ ਕੌਡੀਆਂ ਦੇ ਭਾਅ ਚੁੱਕ ਕੇ ਲੈ ਗਏ, ਸਾਡੇ ਤੋਂ ਮੁਫਤੋ ਮੁਫਤੀ ਖ੍ਰੀਦੇ ਅਨਾਜ ਵਿਚੋਂ ਘਰ ਬੈਠੇ ਹੀ ਕਰੋੜਾਂ ਕਮਾਉਂਦੇ, ਬਸ ਤੁਹਾਡੇ ਮਹਿਲ ਉਸਰਦੇ ਗਏ ਤੇ ਸਾਡੇ ਕੱਚੇ ਕੋਠੇ ਵੀ ਖੁਰਦੇ ਗਏ। ਹੜ੍ਹ ਆਵੇ ਤਾਂ ਮਾਰੇ ਸਾਨੂੰ, ਸੋਕਾ ਪਵੇ ਤਾਂ ਸਾੜੇ ਸਾਨੂੰ, ਤੇ ਤੁਸੀ ਸਾਡਾ ਮਜਾਕ ਉਡਾਉਣ ਲਈ ਮੁਆਵਜੇ ਦੇ ਨਾਂ 'ਤੇ ਪੰਜ-ਪੰਜ ਰੁਪਈਏ ਦੇ ਚੈਕ ਦਿੱਤੇ ਕਿੱਲੇ ਮਗਰ, ਜੇ ਝੂਠ ਸਮਝਦੇ ਤਾਂ ਚੱਲ ਮਲੋਟ, ਦਿਖਾਵਾਂ, ਅਜੇ ਤੱਕ ਤੇਰੇ ਦਿੱਤੇ ਮੁਆਵਜੇ ਦੇ ਚੈਕ ਅਸੀਂ ਸਾਂਭੀ ਬੈਠੇ ਆਂ, ਔਖੇ ਵੇਲੇ ਲਈ, ਤੇ ਕਈਆਂ ਕੋਲ ਤਾਂ ਬੈਂਕ ਵਿਚ ਖਾਤਾ ਖੁਲਾਉਣ ਲਈ ਪੈਸੇ ਨਹੀਂ........., ਕਿਉਂਕਿ ਖਾਤਾ ਖੁਲਾਉਣ ਲਈ ੫੦੦ ਲੱਗਦੇ ਨੇ ਤੇ ਤੇਰੇ ਚੈਕ................, ਹੈ ਕੋਈ ਸ਼ਰਮ............., ਤੇ ਨਾਲੇ ਕਰਜਾ ਤੂੰ ਸਾਡੀ ਲੋੜ ਨੂੰ ਨਹੀਂ ਦਿੱਤਾ, ਤੈਨੂੰ ਪਤਾ ਸੀ ਕਿ ਇਨ੍ਹਾਂ ਦਾ ਮਿੱਟੀ ਨਾਲ ਮੋਹ ਬਹੁਤ ਐ, ਜ਼ਮੀਨ ਨੂੰ ਇਹ ਮਾਂ ਸਮਝਦੇ ਐ, ਕਿਸੇ ਹੋਰ ਢੰਗ ਨਾਲ ਜ਼ਮੀਨ ਖੋਹੀ ਨਹੀਂ ਜਾਣੀ ਸੋ ਤੂੰ ਸਾਡਾ ਹਮਦਰਦ ਬਣ ਕੇ ਕਰਜ਼ਿਆਂ ਦਾ ਹਥਿਆਰ ਵਰਤਿਆ............,

ਹੁਣ ਜ਼ਰਾ ਤੇਰੀ ਤੋਹ ਵੀ ਮਾਰ ਦੇਵਾਂ, ਪਾਣੀ ਦੀ ਗੱਲ ਕਰਕੇ..............., ਪਹਿਲੀ ਗੱਲ ਤਾਂ ਇਹ ਕਿ ਸਾਡੇ ਤਾਂ ਆਪਣੇ ਹੀ ਤੌੜੇ ਖਾਲੀ ਨੇ ਗੁਆਂਢੀਆਂ

ਵਾਸਤੇ ਛਬੀਲਾਂ ਕਿੱਥੋਂ ਲਾ ਦੇਈਏ..............., ਹਕੀਕਤ ਤਾਂ ਇਹ ਐ ਕਿ ਆਉਂਦੇ ਚਾਰ ਪੰਜ ਸਾਲਾਂ ਨੂੰ ਸਾਡਾ ੧੦ ਲੱਖ ਟਿਊਬਵੈਲ ਸਿਸਟਮ ਫੇਲ੍ਹ ਹੋ ਜਾਣੈ, ਜਾਂ ਹੋ ਗਿਐ, ਮੱਛੀ ਮੋਟਰਾਂ 'ਤੇ ਤਾਂ ਅਸੀਂ ਆ ਈ ਗਏ ਆਂ...................., ਸਾਡੇ ਦਰਿਆਵਾਂ ਦਾ ਪਾਣੀ ਤਾਂ ਸਾਡੇ ਲਈ ਈ ਥੋੜੈ, ਤੁਹਾਨੂੰ ਕਿੱਥੋਂ ਰਜਾ ਦੀਏ, ਨਾਲੇ ਥੋੜੀ ਤੇਹ ਤਾਂ ਬੁਝਦੀ ਨੀ, ਪਹਿਲੀਆਂ ਏਨੀਆਂ ਨਹਿਰਾਂ ਨਾਲ ਨੀ ਬੁਝੀ................, ਸਾਡੇ ਆਪਣੇ ਖੇਤ ਪਾਣੀ ਬਿਨਾਂ ਉਜਾੜ ਹੋ ਰਹੇ ਨੇ ਤੇ ਅਸੀਂ ਥੋੜੀ ਹਰਿਆਲੀ ਫੂਕਣੀ ਐਂ................, ਤੇ ਨਾਲੇ ਜਦੋਂ ਦਰਿਆਵਾਂ ਨਾਲ ਹੜ੍ਹ ਆ ਜਾਂਦੇ ਐ ਜਾਂ ਨਹਿਰਾਂ ਟੁੱਟ ਕੇ ਸਾਡੀ ਫਸਲ ਤਬਾਹ ਕਰ ਦਿੰਦੀਐ ਤਾਂ ਤੇਰੇ ਹਰਿਆਣੇ, ਰਾਜਸਥਾਨ ਜਾਂ ਤੈਥੋਂ ਕਦੇ ਸਰਿਐ ਕਿ ਸਾਡੀ ਸਾਰ ਲਵੇਂ, ਸਾਡਾ ਨੁਕਸਾਨ ਵੇਖ ਲਵੇਂ, ਹਰਜਾਨੇ ਦੀ ਆਸ ਤਾਂ ਤੈਥੋਂ ਕਦੇ ਅਸੀਂ ਰੱਖੀ ਨਈ..........., ਸਾਡਾ ਸਾਰਾ ਪਾਣੀ ਤੁਸੀਂ ਕਿੱਦੋਂ ਦੇ ਮੁਫਤ ਲੈ ਰਹੇ ਓ ਤੇ ਜੇ ਅਸੀਂ ਪਾਣੀ ਵੱਟੇ ਕੁਝ ਮੰਗ ਲਈਏ ਤਾਂ ਝੱਟ ਭੋਲੇ ਬਣ ਕੇ ਦਿਨੇ ਓ, ਜੀ ਹਰਿਆਣਾ ਤਾਂ ਪੰਜਾਬ ਦਾ ਛੋਟਾ ਭਰਾ ਐ, ਭਰਾਵਾਂ-ਭਰਾਵਾਂ 'ਚ ਵੰਡ ਤਾਂ ਹੁੰਦੀ ਆਈ ਐ, ਤੇ ਮੈਂ ਪੁੱਛਦਾਂ ਕਿ ਪਾਕਿਸਤਾਨ ਵੀ ਭਾਰਤ ਦਾ ਛੋਟਾ ਭਰਾ ਐ, ਕੀ ਤੁਸੀਂ ਕਦੇ ਕੁਝ ਮੁਫਤ ਦਿੱਤੈ ਪਾਕਿਸਤਾਨ ਨੂੰ, ਸਿਵਾਏ ਬੰਬਾਂ ਤੋਂ........, ਰਾਜਸਥਾਨ ਵੇਖਲੋ, ਘਰ ਨੂੰ ਸਿਆਣਾ, ਕਹਿੰਦਾ, "ਬਿਜਲੀ ਸਾਥੋਂ ਮੁੱਲ ਲੈ ਲਓ, ਪਾਣੀ ਸਾਨੂੰ ਮੁਫਤ ਦੇਈ ਚੱਲੋ"..............., ਸਾਨੂੰ ਤਾਂ ਤੁਸੀਂ ਮੂਰਖ ਸਮਝਿਐ....................,

ਤੇ ਜੇ ਕਿਤੇ ਤੁਹਾਡੇ ਹੀ ਕਿਸੇ ਬੰਦੇ ਦੀ ਜ਼ਮੀਰ ਜਾਗ ਪਵੇ ਤੇ ਉਹ ਮੇਰੇ ਹੱਕ ਵਿਚ ਬੋਲ ਪਵੇ ਤਾਂ ਤੁਸੀਂ ਪਲ ਨਹੀਂ ਲਾਉਂਦੇ ਉਸ ਨੂੰ ਅੱਤਵਾਦੀ ਕਹਿਣ ਲੱਗੋ, ਰੋਲ ਕੇ ਰੱਖ ਦਿੰਨੇ ਐਂ, ਵੇਖਿਆ ਨਹੀਂ ਕਚਿਹਰੀਆਂ ਦੇ ਧੱਕੇ ਖਾ ਰਿਹਾ ਸਾਬਕਾ ਮੁੱਖ ਮੰਤਰੀ, ਹੈ ਕੋਈ ਜਵਾਬ ਮੇਰੇ ਸਾਰੇ ਸਵਾਲਾਂ ਦਾ" ਪੰਜਾਬ ਗੁੱਸੇ ਵਿਚ ਲਗਾਤਾਰ ਬੋਲ ਰਿਹੈ, ਪਰ ਸਭ ਚੁੱਪ ਹਨ, ਕਿਸੇ ਦੀ ਹਿਮਤ ਨਹੀਂ ਪੈਂਦੀ ਕਿ ਉਸ ਦੇ ਮੂਹਰੇ ਖੜ੍ਹ ਕੇ ਕੁਝ ਬੋਲ ਸਕੇ, ਸਾਰੇ ਨੀਵੀਆਂ ਪਾਈ ਬੈਠੇ ਨੇ...........

"ਮੇਰੀ ਏਸ ਮਾੜੀ ਹਾਲਤ ਦੇ ਜ਼ਿੰਮੇਵਾਰ ਤੁਸੀਂ ਓ, ਪਹਿਲਾਂ ਮੇਰੇ ਸਾਰੇ ਹੱਕ ਖੋਹੇ, ਫੇਰ ਮੇਰੇ ਲੱਖਾਂ ਕਮਾਊ ਪੁੱਤ ਮਾਰੇ ਤੇ ਬਾਕੀ ਬਚਿਆਂ 'ਤੇ ਨਸ਼ਿਆਂ ਦਾ ਮਾਰੂ ਜਾਲ ਸੁੱਟ ਦਿੱਤਾ............, ਤੇ ਤੁਹਾਡੇ ਗੁਪਤ ਹਮਲੇ ਜਿਨ੍ਹਾਂ ਦੇ ਨਤੀਜੇ ਆਉਣੇ ਅਜੇ ਬਾਕੀ ਨੇ..............., ਤੂੰ ਕੀ ਸਮਝਦੈ ਭਾਰਤ, ਮੈਨੂੰ ਕੁਝ ਨਈ ਪਤਾ, ਦਵਾਈਆਂ ਵਿਚ ਮਿਲਾ ਕੇ ਦਿੱਤੀ ਜਾ ਰਹੀ ਜ਼ਹਿਰ ਕਿ ਆਉਣ ਵਾਲੀ ਪੀੜੀ ਨਾਮਰਦ ਹੋ ਜਾਵੇ, ਏਨੀਆਂ ਕਮੀਨੀਆਂ ਚਾਲਾਂ, ਐਵੇਂ ਨੀ ਗੁਰੂ ਨੇ ਕਿਹਾ,

"ਜਬ ਯਹ ਗਹੇ ਬਿਪਰਨ ਕੀ ਰੀਤ ਮੈ ਨ ਕਰੋ ਇਨ ਕੀ ਪਰਤੀਤ"

ਮੈਨੂੰ ਹੁਣ ਪਤਾ ਲੱਗਿਐ ਕਿ ਬਿਪਰਨ ਕੀ ਰੀਤ ਏਨੀ ਘਾਤਕ ਐ, ਜਿਹੜੀ ਹਮਲਾ ਕਰਨ ਲੱਗਿਆਂ ਇਹ ਵੀ ਨਹੀਂ ਵੇਂਹਦੀ ਕਿ ਸਾਹਮਣੇ ਵਾਲਾ ਅਜੇ ਪੰਜ ਸਾਲ ਤੋਂ ਵੀ ਛੋਟੈ" ਹੁਣ ਪੰਜਾਬ ਦੀਆਂ ਅੱਖਾਂ ਵਿਚੋਂ ਲਗਾਤਾਰ ਪਾਣੀ ਵਹਿ ਰਿਹਾ ਸੀ,

"ਕੁਝ ਕਸੂਰ ਮੇਰੇ ਆਪਣੇ ਪੁੱਤਰਾਂ ਦਾ ਵੀ ਐ, ਜਿਹੜੇ ਮੈਨੂੰ ਦੁਸ਼ਮਨਾ ਸਾਹਵੇਂ ਇਕੱਲਾ ਛੱਡ ਕੇ ਵਿਦੇਸ਼ਾਂ ਨੂੰ ਭੱਜ ਗਏ, ਮੈਨੂੰ ਆਸ ਸੀ ਕਿ ਉਹ ਪੈਰ ਸਿਰ ਹੋ ਕੇ ਡਿੱਗੇ ਪਏ ਬਾਪੂ ਦੀ ਸਾਰ ਲੈਣਗੇ, ਪਰ ਉਹ ਤਾਂ ਕਿਤੇ ਸਾਲ ਛਿਮਾਹੀ ਆਉਂਦੇ ਤੇ ਆਪਣੇਂ ਸੋਨੇ ਤੇ ਪੈਸੇ ਦਾ ਵਿਖਾਵਾ ਕਰ ਕੇ ਮੁੜ ਜਾਂਦੇ, ਮੇਰੀ ਹਿੱਕ 'ਤੇ ਵੱਡੇ ਵੱਡੇ ਮਹਿਲ ਉਸਾਰ ਜਾਂਦੇ ਭਈਆਂ ਦੇ ਰਹਿਣ ਲਈ, ਮੇਰੀ ਆਰਥਿਕਤਾ ਨੂੰ ਚੱਕਣ ਲਈ ਉਨ੍ਹਾਂ ਵੀ ਕੁਝ ਨਾ ਕੀਤਾ, ਮੈਂ ਉਨ੍ਹਾਂ ਦਾ ਰਾਹ ਵੇਂਹਦਾ ਰਹਿੰਦਾ, ਬਿਨਾ ਪਲਕਾਂ ਝਪਕੇ, ਪਰ ਉਹ ਆਉਂਦੇ ਤੇ ਬਾਪੂ ਦੇ ਪੈਰੀਂ ਹੱਥ ਵੀ ਨਾ ਲਾਉਂਦੇ, ਜਵਾਕਾਂ ਦੇ ਵਿਆਹਾਂ 'ਤੇ ਸ਼ਰਾਬਾਂ, ਖਾਣਿਆਂ ਤੇ ਕੰਜਰ ਕਿੱਤੇ 'ਤੇ ਲੱਖਾਂ ਲੁਟਾ ਕੇ ਮੁੜ ਜਾਂਦੇ, ਮੈਂ ਉੱਥੇ ਦਾ ਉੱਥੇ" ਏਨਾ ਕਹਿ ਕੇ ਪੰਜਾਬ ਗੋਡਿਆਂ ਭਾਰ ਡਿੱਗ ਪਿਆ............, ਜੱਜ ਸਮੇਤ ਸਾਰੇ ਵਕੀਲਾਂ ਤੇ ਬਾਕੀ ਤਮਾਸ਼ਬੀਨਾਂ ਦੇ ਚਿਹਰੇ 'ਤੇ ਰੌਣਕ ਆ ਗਈ, ਗੋਡਿਆਂ ਭਾਰ ਪਿਆ ਦੋਹੇਂ ਹੱਥ ਕਟਿਹਰੇ ਨੂੰ ਪਾ ਕੇ ਉਹ ਮੁੜ ਬੋਲਿਆ, "ਤੂੰ ਕਾਤਲ ਐਂ ਭਾਰਤ, ਸਭ ਤੋਂ ਵੱਡਾ ਕਾਤਲ, ਜਰਮਨੀ, ਇੰਗਲੈਂਡ, ਅਮਰੀਕਾ ਤੋਂ ਵੀ ਵੱਡਾ..............., ਤੈਨੂੰ ਤੇਰੇ ਕੀਤੇ ਦੀ ਸਜਾ ਜਰੂਰ ਮਿਲੂ............., ਤੇਰੇ ਟੁਕੜੇ ਟੁਕੜੇ ਹੋਣਗੇ.........., ਤੱਕ, ਤੂੰ ਚਾਰੇ ਪਾਸਿਓਂ ਘਿਰ ਗਿਐਂ, ਤੇਰੇ ਸਾਰੇ ਪੱਛਮੀਂ ਪ੍ਰਾਂਤ ਜੁਝਾਰੂਆਂ ਦੇ ਕਬਜੇ ਵਿਚ ਨੇ.........., ਨੇਪਾਲ ਦਾ ਹਾਲ ਵੇਖ........., ਤੇਰੇ ਨਾਲ ਓਦੂੰ ਵੀ ਭੈੜੀ ਹੋਊ.........., ਜਦੋਂ ਮੁਜ਼ਾਹਿਦ, ਖਾੜਕੂ, ਨਕਸਲੀ ਤੇ ਮਾਓਵਾਦੀ ਰਲ ਗਏ ਓਦੋਂ ਤੇਰਾ ਕੀ ਬਣੂ.........., ਰੱਬ ਦਾ ਤੇ ਅੱਤ ਦਾ ਵੈਰ ਹੁੰਦੈ, ਤੂੰ ਅੱਤ ਕਰ ਦਿੱਤੀ ਐ, ਤੇਰਾ ਅੰਤ ਨਜ਼ਦੀਕ ਐ............, ਤੇਰੇ ਦਿਨ ਥੋੜੇ ਨੇ........., ਤੂੰ ਨਹੀਂ ਬਚੇਂਗਾ........, ਮਨੁੱਖਤਾ ਦਿਆ ਕਾਤਲਾ...., ਨਹੀਂ ਬਚੇਂਗਾ......." ਇੰਝ ਬੋਲਦਾ ਪੰਜਾਬ ਜੱਜ ਤੋਂ ਬਹੁਤੀ ਦੇਰ ਜ਼ਰਿਆ ਨਹੀਂ ਜਾਂਦਾ, ਉਹ ਪੁਲਸ ਨੂੰ ਇਸ਼ਾਰਾ ਕਰਦੇ ਤੇ ਪੁਲਸੀਏ ਡਾਂਗਾਂ ਤੇ ਬੈਂਤਾਂ ਦਾ ਮੀਂਹ ਵਰ੍ਹਾ ਦਿੰਦੇ ਨੇ, ਪੰਜਾਬ ਲਹੂ ਲੁਹਾਣ ਹੋਇਆ ਵੀ ਬੋਲ ਰਿਹੈ, "ਤੂੰ ਕਾਤਲ ਐਂ......... ਭਾਰਤ....... ਮਨੁੱਖਤਾ ਦਾ ਕਾਤਲ......... ਸਭ ਤੋਂ ਵੱਡਾ........"

"ਚੁੱਪ ਕਰਾਓ ਏਹਦੀ ਬਕਵਾਸ.........., ਮੈਂ ਸਜ਼ਾ ਸੁਣਾਉਣ ਲੱਗਿਆਂ" ਜੱਜ ਚੀਕਦੈ,

ਏਧਰ ਸੁੱਤੇ ਪਏ ਬੇਅੰਤ ਦਾ ਸਾਰਾ ਸਰੀਰ ਮੁੜਕੋ ਮੁੜਕੀ ਹੋ ਗਿਐ।

"ਤੂੰ......... ਕਾਤਲ......... ਐ......... ਭੈਣਾ ਦੇ ਵੀਰਾਂ ਦਾ........... ਮਾਵਾਂ ਦੇ ਪੁੱਤਾਂ ਦਾ............"

"ਤਮਾਮ ਸਬੂਤਾਂ ਤੇ ਗਵਾਹਾਂ ਦੇ ਮੱਦੇਨਜ਼ਰ, ਇਹ ਅਦਾਲਤ ਇਸ ਨਤੀਜੇ 'ਤੇ ਪੁੱਜੀ ਹੈ ਕਿ ਮੁਜ਼ਰਮ ਪੰਜਾਬ ਸਿੰਘ, ਭਾਰਤ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਬਹੁਤ ਵੱਡਾ ਖਤਰਾ ਹੈ, ਸੋ ਇਸ ਦੇ ਪਿਛਲੇ ਸਾਰੇ ਸੰਗੀਨ ਜੁਰਮਾਂ ਨੂੰ ਧਿਆਨ ਵਿਚ ਰੱਖਦੇ ਹੋਏ ਅਦਾਲਤ ਇਸ ਨੂੰ ਤੁਰੰਤ ਫਾਂਸੀ ਦਾ ਹੁਕਮ ਸੁਣਾਉਂਦੀ ਹੈ, ਠੋ ਬਇ ਹਉਨਗ ਟਲਿਲ ਦਏਓਟਹ" ਜੱਜ ਫੈਸਲਾ ਸੁਣਾ ਕੇ ਕਲਮ ਤੋੜਦਾ ਨਹੀਂ

ਸਗੋਂ ਜੇਬ ਵਿਚ ਪਾ ਲੈਂਦੈ, ਕਿਉਂਕਿ ਉਹ ਇਸ ਫੈਸਲੇ 'ਤੇ ਬਹੁਤ ਖ਼ੁਸ਼ ਹੈ,

ਪੰਜਾਬ ਨੂੰ ਘੜੀਸ ਕੇ ਫਾਂਸੀ ਵਾਲੀ ਥਾਂ 'ਤੇ ਲੈ ਜਾਂਦੇ ਹਨ, ਬਿਨਾ ਨੁਹਾਏ ਧੁਆਏ, ਬਿਨਾ ਕੋਈ ਆਖ਼ਰੀ ਇੱਛਾ ਪੁੱਛੇ, ਤੁਰੰਤ ਮੂੰਹ 'ਤੇ ਨਕਾਬ ਚੜ੍ਹਾ ਕੇ ਗਲ ਵਿਚ ਰੱਸਾ ਪਾ ਦਿੱਤਾ ਜਾਂਦੈ..............,

ਨਕਾਬ ਵਿਚੋਂ ਸ਼ਬਦ ਦੀ ਆਵਾਜ ਸੁਣਾਈ ਦਿੰਦੀ ਹੈ,

"ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥"

ਇਸ਼ਾਰਾ ਹੋਣ 'ਤੇ ਜਲਾਦ ਡੰਡਾ ਖਿੱਚ ਦਿੰਦੈ ਤੇ ਏਧਰ ਬੇਅੰਤ ਦੀ ਚੀਕ ਨਿਕਲ ਜਾਂਦੀ ਐ, "ਬਾ..............ਪੂ...................." ਉਹ ਉੱਠ ਕੇ ਬੈਠ ਜਾਂਦਾ ਹੈ, ਸਾਹੋ ਸਾਹ ਹੋਇਆ ਭਮੱਤਰਿਆ ਲਗਾਤਾਰ ਉੱਚੀ ਉੱਚੀ ਰੋ ਰਿਹੈ, ਉਸਦੀ ਮਾਂ ਚੀਕ ਸੁਣ ਕੇ ਭੱਜੀ ਆਉਂਦੀ ਐ,

"ਕੀ ਗੱਲ ਪੁੱਤ ਕੀ ਹੋ ਗਿਆ"

"ਬੇਬੇ............. ਬਾਪੂ............... ਬਾਪੂ" ਉਸ ਦੇ ਮੂੰਹੋਂ ਕੋਈ ਹੋਰ ਸ਼ਬਦ ਨਹੀਂ ਨਿਕਲਦੇ,

"ਕੋਈ ਨੀ ਪੁੱਤ ਕੋਈ ਭੈੜਾ ਸੁਪਨਾ ਦੇਖਿਆ ਹੋਣੈ, ਆਹ ਫੜ੍ਹ ਪਾਣੀ ਪੀ ਲਾ" ਮਾਂ ਉਸ ਨੂੰ ਪਾਣੀ ਦਿੰਦੀ ਹੈ।

"ਸੁਪਨਾ ਨ੍ਹੀ ਬੇਬੇ ਸਭ ਹਕੀਕਤ ਐ, ਸਭ ਸੱਚ ਐ ਬੇਬੇ, ਸੱਚ ਐ"

ਮਾਂ ਨੂੰ ਉਸ ਦੀ ਕੋਈ ਗੱਲ ਸਮਝ ਨਹੀਂ ਆਉਂਦੀ ਤੇ ਉਹ ਡੌਰ ਭੌਰ ਹੋਈ ਕੁਝ ਦੇਰ ਉਸ ਕੋਲ ਖੜ੍ਹੀ ਰਹਿੰਦੀ ਹਾਂ ਤੇ ਫੇਰ ਚੌਤਰੇ 'ਤੇ ਜਾ ਕੇ ਚਾਹ ਧਰਨ ਲੱਗਦੀ ਐ, ਤੜਕੇ ਦਾ ਚਾਰ ਵੱਜ ਗਏ ਹਨ, ਮਾਂ ਮੂੰਹ ਵਿਚ ਬੋਲ ਰਹੀ ਐ "ਪਤਾ ਨ੍ਹੀ ਮੁੰਡੇ ਨੇ ਕੀ ਸੁਪਨਾ ਵੇਖਿਐ, ਕਹਿੰਦੇ ਐ ਤੜਕੇ ਦਾ ਸੁਪਨਾ ਸੱਚ ਹੁੰਦੈ ਕਿਤੇ..............., ਰੱਬਾ ਸੁੱਖ ਰੱਖੀਂ"

ਓਧਰ ਗੁਰਦੁਆਰੇ ਦੇ ਸਪੀਕਰ ਵਿਚੋਂ ਅਵਾਜ ਆਉਂਦੀ ਐ,

"ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥"

ਕਾਂਡ ੨੨

ਸਾਰੇ ਮੁੰਡਿਆਂ ਦੇ ਅੰਦਰੋਂ ਬਹੁਤ ਕੁਝ ਢਹਿ ਕੇ ਮੁੜ ਨਵੇਂ ਸਿਰਿਉਂ ਦੁਬਾਰਾ ਉੱਸਰ ਰਿਹਾ ਸੀ। ਅੱਜ ਤੋਂ ਬਾਅਦ ਦੀ ਇਹਨਾਂ ਦੀ ਜ਼ਿੰਦਗੀ ਵਿਚ ਇਸ ਵਾਰਤਾ ਨੇ ਬਹੁਤ ਬਦਲਾਵ ਲਿਆਉਣੇ ਸਨ। ਇਹਨਾਂ ਨੂੰ ਹੁਣ ਪੰਜਾਬ ਦੇ ਲੱਖਾਂ ਪੁੱਤਰਾਂ ਦਾ ਡੁੱਲ੍ਹਿਆ ਬੇਦੋਸ਼ਾ ਲਹੂ ਕਦੇ ਨਹੀਂ ਭੁੱਲਣਾ ਸੀ। ਹਜ਼ਾਰਾਂ ਭੈਣਾਂ ਦੀ ਹਿੰਦੂ ਗੁੰਡਿਆਂ, ਫ਼ੌਜ ਤੇ ਪੁਲਿਸ ਦੁਆਰਾ ਕੀਤੀ ਬੇਪਤੀ ਕਦੇ ਇਹਨਾਂ ਨੂੰ ਚੈਨ ਨਾਲ ਨਹੀਂ ਬੈਠਣ ਦਿੰਦੀ ਸੀ।

ਬੇਅੰਤ ਨੂੰ ਆਏ ਸੁਪਨੇ ਵਰਗੇ ਸੁਪਨੇ ਤਕਰੀਬਨ ਇਹਨਾਂ ਸਾਰਿਆਂ ਨੂੰ ਹੀ ਆਉਂਦੇ ਸਨ ਤੇ ਇਹ ਤ੍ਰਬਕ ਕੇ ਉੱਠਦੇ ਸਨ। ਫੇਰ ਇਕ ਦਿਨ ਸਹਿਜ-ਸੁਭਾਅ ਬੇਅੰਤ ਨੇ ਸਾਰਿਆਂ ਨੂੰ ਕਿਹਾ, ''ਚਲੋ ਯਾਰੋ, ਅੰਮ੍ਰਿਤਸਰ ਸਾਹਿਬ ਹੋ ਕੇ ਆਈਏ..........ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦੇ ਦਰਸ਼ਨ ਕਰ ਕੇ ਆਈਏ।''

ਕਿਸੇ ਤੋਂ ਵੀ ਨਾਂਹ ਨਹੀਂ ਕਹੀ ਗਈ।

ਸਾਰੇ ਅੰਮ੍ਰਿਤਸਰ ਸਾਹਿਬ ਪਹੁੰਚੇ। ਐਤਕੀਂ ਇਹਨਾਂ ਦਾ ਜਲ੍ਹਿਆਂ ਵਾਲੇ ਬਾਗ ਵੱਲ ਵੇਖਣ ਨੂੰ ਜੀਅ ਨਹੀਂ ਕੀਤਾ..........ਕਿਉਂਕਿ ਉਥੇ ਲੱਗੇ ਗੋਲੀਆਂ ਦੇ ਦਾਗ ਇਹਨਾਂ ਨੂੰ ਅਕਾਲ ਤਖ਼ਤ ਸਾਹਿਬ 'ਤੇ ਵੱਜੇ ਤੋਪਾਂ ਟੈਂਕਾਂ ਦੇ ਗੋਲਿਆਂ ਤੋਂ ਛੋਟੇ ਲੱਗੇ ਸਨ।

..........ਤੇ ਜਨਰਲ ਡਾਇਰ ਵੀ ਡੈਣ ਇੰਦਰਾ ਦੇ ਨਾਲ ਖੜ੍ਹਾ ਬੌਣਾ ਜਿਹਾ ਪ੍ਰਤੀਤ ਹੋ ਰਿਹਾ ਸੀ।

ਜਦੋਂ ਇਹ ਘੰਟਾ ਘਰ ਤੋਂ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਦਾਖ਼ਲ ਹੋਏ ਤਾਂ ਸ਼ਬਦ ਚੱਲ ਰਿਹਾ ਸੀ:

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ
ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ
ਜਨ ਕਉ ਪੂਰਨੁ ਦੀਜੈ ॥੧॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥
ਕਾਰਨ ਕਵਨ ਅਬੋਲ ॥ ਰਹਾਉ ॥

ਬਹੁਤ ਜਨਮ ਬਿਛੁਰੇ ਥੇ ਮਾਧਉ
ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ
ਚਿਰ ਭਇਓ ਦਰਸਨੁ ਦੇਖੇ ॥੨॥

ਇਹ ਪਰਕਰਮਾ ਵਿਚ ਅੱਗੇ ਵਧਣ ਲੱਗੇ। ਨਵੇਂ ਬਣੇ ਬੁੰਗਿਆਂ ਵੱਲ ਵੇਖ ਕੇ ਹਰਪ੍ਰੀਤ ਬੋਲਿਆ, ''ਯਾਰ, ਥੋਨੂੰ ਨੀਂ ਲੱਗਦਾ ਬਈ ਕੌਮ ਨੂੰ 84 ਵਿਚ ਭਾਰਤੀ ਫ਼ੌਜ ਦੁਆਰਾ ਚਲਾਈਆਂ ਗਈਆਂ ਗੋਲੀਆਂ ਦੇ ਨਿਸ਼ਾਨ ਜਲ੍ਹਿਆਂ ਵਾਲੇ ਬਾਗ ਵਾਂਗ ਸਾਂਭ ਕੇ ਰੱਖਣੇ ਚਾਹੀਦੇ ਸਨ..........।''

''ਏਥੋਂ ਤਾਂ ਹਰਪ੍ਰੀਤ ਸਿਆਂ, ਪ੍ਰੋਫ਼ੈਸਰ ਸਾਹਿਬ ਦੱਸਦੇ ਸਨ ਕਿ ਰਹਿੰਦੇ ਨਿਸ਼ਾਨ ਵੀ ਮਿਟਾਏ ਜਾ ਰਹੇ ਹਨ..........।'' ਮੰਦਰ ਨੇ ਪਰਕਰਮਾ ਦੇ ਆਲੇ-ਦੁਆਲੇ ਦੇ ਬਰਾਂਡਿਆਂ ਦੀ ਚੱਲ ਰਹੀ 'ਕਾਰ ਸੇਵਾ' ਨੂੰ ਵੇਖ ਕੇ ਕਿਹਾ।

''ਕਹਿੰਦੇ ਨੇ ਢੱਠੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੇਖ ਕੇ ਭਾਈ ਬੇਅੰਤ ਸਿੰਘ ਦੀ ਭੁੱਬ ਨਿਕਲ ਗਈ ਸੀ ਤੇ ਉਹਨਾਂ ਨੇ ਏਥੇ ਹੀ ਇੰਦਰਾ ਨੂੰ ਮਾਰਨ ਦੀ ਸਹੁੰ ਖਾ ਲਈ ਸੀ..........ਹਾਕਮ ਜਾਣਦੇ ਸਨ ਕਿ ਜਿੰਨੀ ਦੇਰ ਇਹ ਢੱਠਾ ਤਖ਼ਤ ਸਿੱਖਾਂ ਦੇ ਸਾਹਮਣੇ ਰਹੇਗਾ ਤਾਂ ਉਹਨਾਂ ਦਾ ਖ਼ੂਨ ਉੱਬਲਦਾ ਰਹੇਗਾ..........ਸੋ ਉਹਨਾਂ ਨੇ ਆਪਣੇ ਟੁਕੜ-ਬੋਚਾਂ ਰਾਹੀਂ ਜੂਨ 84 ਦੇ ਸਾਰੇ ਨਿਸ਼ਾਨ ਮਿਟਵਾ ਦਿੱਤੇ।'' ਬੇਅੰਤ ਨੂੰ ਵੀ ਨਿਸ਼ਾਨ ਮਿਟਾਏ ਜਾਣ ਦਾ ਦੁੱਖ ਸੀ।

ਗੱਲਾਂ ਕਰਦੇ-ਕਰਦੇ ਉਹ ਬਾਬਾ ਦੀਪ ਸਿੰਘ ਦੀ ਸ਼ਹੀਦੀ ਦੀ ਯਾਦ ਵਿਚ ਬਣੀ ਥਾਂ ਕੋਲ ਪਹੁੰਚ ਗਏ।

''ਸੱਚਮੁੱਚ ਬਈ ਬਹੁਤ ਸਿਦਕ ਸੀ ਯੋਧਿਆਂ ਵਿਚ..........'ਸੂਰਬੀਰ ਬਚਨ ਕੇ ਬਲੀ'..........ਹਰ ਤਰੀਕੇ ਆਪਣੇ ਮੂੰਹੋਂ ਨਿਕਲੇ ਬੋਲ ਪੁਗਾਉਂਦੇ ਸਨ ਫੇਰ ਭਾਵੇਂ ਸਿਰ ਧੜ ਨਾਲੋਂ ਅੱਡ ਕਿਉਂ ਨਾ ਹੋ ਜਾਵੇ।'' ਬਾਬਾ ਦੀਪ ਸਿੰਘ ਦੀ ਤਸਵੀਰ ਵੱਲ ਵੇਖ ਕੇ ਹਰਮੀਤ ਬੋਲਿਆ।

ਉਹ ਦਰਬਾਰ ਸਾਹਿਬ ਪਹੁੰਚ ਗਏ, ਜਦੋਂ ਉਹ ਮੱਥਾ ਟੇਕ ਰਹੇ ਸਨ ਤਾਂ ਰਾਗੀ ਸਿੰਘ ਗਾ ਰਹੇ ਸਨ:

ਅਬ ਹਮ ਚਲੀ ਠਾਕੁਰ ਪਹਿ ਹਾਰਿ ॥
ਜਬ ਹਮ ਸਰਣਿ ਪ੍ਰਭੂ ਕੀ ਆਈ
ਰਾਖੁ ਪ੍ਰਭੂ ਭਾਵੈ ਮਾਰਿ ॥੧॥ ਰਹਾਉ ॥
ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥
ਕੋਈ ਭਲਾ ਕਹਉ ਭਾਵੈ ਬੁਰਾ ਕਹਉ
ਹਮ ਤਨੁ ਦੀਓ ਹੈ ਢਾਰਿ ॥੧॥
ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ

ਤਿਸੁ ਰਾਖਹੁ ਕਿਰਪਾ ਧਾਰਿ ॥
ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ
ਰਾਖਹੁ .ਲਾਜ ਮੁਰਾਰਿ ॥੨॥

ਉਹ ਦਰਬਾਰ ਸਾਹਿਬ ਦੀ ਉਪਰਲੀ ਮੰਜ਼ਿਲ 'ਤੇ ਗਏ..........ਉਸ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕੀਤੇ ਜਿਸ ਵਿਚ ਜੂਨ 84 ਵੇਲੇ ਗੋਲੀ ਲੱਗੀ ਸੀ। ਦਰਬਾਰ ਸਾਹਿਬ ਦੇ ਦਰਸ਼ਨ ਦੀਦਾਰਿਆਂ ਤੋਂ ਬਾਅਦ ਉਹ ਅਕਾਲ ਤਖ਼ਤ ਸਾਹਿਬ ਵੱਲ ਆਏ। ਲਾਚੀ ਬੇਰ ਕੋਲੋਂ ਲੰਘਦਿਆਂ ਉਹਨਾਂ ਨੂੰ ਭਾਈ ਸੁੱਖਾ ਸਿੰਘ, ਮਹਿਤਾਬ ਸਿੰਘ ਦੀ ਯਾਦ ਆਈ।

ਅਕਾਲ ਤਖ਼ਤ ਸਾਹਿਬ ਉੱਤੇ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਮਹਾਰਾਜ ਦੇ ਪਾਵਨ ਸ਼ਸਤਰਾਂ ਦੇ ਸਨਮੁਖ ਖਲੋ ਕੇ ਉਹ ਅਰਦਾਸ ਕਰ ਰਹੇ ਸਨ:

''ਹੇ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਸ਼ਾਹ, ਆਪ ਜੀ ਦੇ ਬੱਚਿਆਂ ਤੋਂ ਅੱਜ ਤਕ ਬਹੁਤ ਭੁੱਲਾਂ ਹੋਈਆਂ ਨੇ..........ਪਾਤਸ਼ਾਹ, ਅੱਜ ਤਕ ਅਸੀਂ ਭਟਕੇ ਰਹੇ ਹਾਂ ਤੇ ਤੁਹਾਨੂੰ ਪਿੱਠ ਦੇਈ ਰੱਖੀ ਹੈ..........ਮਿਹਰ ਕਰੋ ਪਾਤਸ਼ਾਹ ਤੇ ਆਪਣੇ ਬੱਚਿਆਂ ਨੂੰ ਆਪਣੇ ਚਰਨਾਂ ਨਾਲ ਜੋੜੋ..........ਸਾਡਾ ਮਾਰਗ ਦਰਸ਼ਨ ਕਰੋ ਪਾਤਸ਼ਾਹ ਤੇ ਸਾਨੂੰ ਸਾਡਾ ਨਿਸ਼ਾਨਾ ਦੱਸੋ, ਜਿਸ ਦੀ ਪ੍ਰਾਪਤੀ ਲਈ ਅਸੀਂ ਸੰਘਰਸ਼ ਕਰੀਏ..........।'' ਬੇਅੰਤ ਨੇ ਸਾਰਿਆਂ ਵੱਲੋਂ ਬੇਨਤੀ ਕੀਤੀ।

..........ਤੇ ਜਦੋਂ ਉਹ ਅਜੇ ਪ੍ਰਸ਼ਾਦ ਲੈ ਰਹੇ ਸਨ ਤਾਂ ਅਕਾਲ ਤਖ਼ਤ ਸਾਹਿਬ 'ਤੇ ਰਾਗੀ ਸਿੰਘਾਂ ਨੇ ਸ਼ਬਦ ਪੜ੍ਹਨਾ ਸ਼ੁਰੂ ਕੀਤਾ:

ਬੇਗਮ ਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥
ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥
ਊਹਾਂ ਗਨੀ ਬਸਹਿ ਮਾਮੂਰ ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥
ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥
ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥

ਬਾਹਰ ਆ ਕੇ ਮੰਦਰ ਸਾਰਿਆਂ ਨੂੰ ਕਹਿਣ ਲੱਗਾ, ''ਸੁਣ ਲਿਐ..........ਲੋਕ ਕਹਿੰਦੇ ਥੋੜਾ ਗੁਰੂ ਬੋਲ ਕੇ ਨਹੀਂ ਦੱਸਦਾ..........ਅਜੇ ਹੁਣ ਅਸੀਂ ਅਰਦਾਸ ਕਰ ਕੇ ਹਟੇ ਹਾਂ ਕਿ ਪਾਤਸ਼ਾਹ ਸਾਨੂੰ ਸਾਡਾ ਨਿਸ਼ਾਨਾ ਦੱਸੋ ਤੇ ਦੂਜੇ ਪਲ ਹੀ ਗੁਰੂ ਮਹਾਰਾਜ ਨੇ ਦੱਸ ਦਿੱਤਾ।''

ਮੰਦਰ ਨੇ ਸਾਰਿਆਂ ਨੂੰ 'ਬੇਗਮਪੁਰਾ ਸਹਰ ਕੋ ਨਾਉ' ਸ਼ਬਦ ਦੇ ਅਰਥ ਦੱਸੇ।

ਮੀਰੀ-ਪੀਰੀ ਦੇ ਨਿਸ਼ਾਨਾਂ ਕੋਲ ਜਾ ਕੇ ਉਹਨਾਂ ਨੂੰ ਸੰਤ ਜਰਨੈਲ ਸਿੰਘ ਦੀ ਯਾਦ ਆਈ।

''ਯਾਰ, ਮੈਂ ਸੁਣਿਆ ਬਈ ਅਜਾਇਬ ਘਰ 'ਚ ਸੰਤ ਜੀ ਦੀ ਤਸਵੀਰ ਲੱਗੀ ਐ..........ਚਲੋ ਵੇਖ ਕੇ ਆਈਏ।'' ਗੁਰਪ੍ਰੀਤ ਕਹਿਣ ਲੱਗਾ।

ਅਜਾਇਬ ਘਰ ਵਿਚ ਉਹ ਜਦੋਂ ਭਾਈ ਇੰਦਰਜੀਤ ਸਿੰਘ ਕਰਨਾਲ ਦੀ ਤਸਵੀਰ ਕੋਲੋਂ ਲੰਘ ਰਹੇ ਸਨ ਤਾਂ ਗੁਰਪ੍ਰੀਤ ਦੇ ਮੂੰਹੋਂ ਇਕਦਮ ਨਿਕਲਿਆ, ''ਪੰਜਾਬੀ ਸੂਬਾ ਜ਼ਿੰਦਾਬਾਦ।''

1978 ਦੇ 13 ਸ਼ਹੀਦ ਸਿੰਘਾਂ ਦੀਆਂ ਤਸਵੀਰਾਂ ਦੇਖ ਕੇ ਉਹਨਾਂ ਦੀ ਧਾਹ ਨਿਕਲ ਗਈ। ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ, ਭਾਈ ਸਤਵੰਤ ਸਿੰਘ, ਬੇਅੰਤ ਸਿੰਘ ਤੇ ਭਾਈ ਸੁੱਖੇ ਜਿੰਦੇ ਦੀਆਂ ਤਸਵੀਰਾਂ ਦੇਖਦਿਆਂ ਉਹਨਾਂ ਦੇ ਮਨ ਵਿਚ ਆਈ, ''ਵਾਹ ਯੋਧਿਓ, ਰੱਖ ਵਿਖਾਈ.........॥

..........ਤੇ ਜਦੋਂ ਉਹ ਢੱਠੇ ਅਕਾਲ ਤਖ਼ਤ ਦੀ ਤਸਵੀਰ ਦੇਖ ਰਹੇ ਸਨ ਤਾਂ ਉਹਨਾਂ ਕੋਲ ਖੜਾ ਇਕ ਮੁੰਡਾ ਕੁਝ ਸਤਰਾਂ ਪੜ੍ਹ ਰਿਹਾ ਸੀ:

ਮੇਰੀਆਂ ਖੁੱਥੀਆਂ ਟੌਂਕਾਂ ਮੀਢੀਆਂ,
ਮੇਰੀ ਲੂਹੀ ਬੰਬਾ ਗੁੱਤ।
ਮੇਰੇ ਕੁੱਛੜ ਅੰਨ੍ਹੀਆਂ ਗੋਲੀਆਂ,
ਭੁੰਨ ਸੁੱਟੇ ਮੇਰੇ ਪੁੱਤ।

ਸੰਤ ਜੀ ਦੀ ਫੋਟੋ ਉਹਨਾਂ ਨੂੰ ਬੜੀ ਪਛਾਣੀ-ਪਛਾਣੀ ਲੱਗੀ। ਜਿਹੋ ਜਿਹੀ ਤਸਵੀਰ ਉਹਨਾਂ ਮਨ ਵਿਚ ਸੰਤਾਂ ਦੀ ਬਣਾਈ ਸੀ, ਇਹ ਹੂ-ਬ-ਹੂ ਉਹੋ ਜਿਹੀ ਹੀ ਸੀ। ਸੰਤ ਜੀ ਦੀ ਤਸਵੀਰ ਵੱਲ ਵੇਖਦੇ ਹੋਏ ਬੇਅੰਤ ਨੇ ਉਸ ਮੁੰਡੇ ਨੂੰ ਕਿਹਾ, ''ਭਾਈ ਜੀ, ਏਸ ਕਵਿਤਾ ਦਾ ਕੋਈ ਹੋਰ ਬੰਦ ਸੁਣਾ ਦਿਓ.........।''

ਮੇਰਾ ਸ਼ੇਰ ਬਹਾਦਰ ਸੂਰਮਾ
ਜਰਨੈਲਾਂ ਦਾ ਜਰਨੈਲ।
ਉਸ ਮੌਤ ਵਿਆਹੀ ਹੱਸ ਕੇ
ਉਹਦੇ ਦਿਲ 'ਤੇ ਰਤਾ ਨਾ ਮੈਲ।

ਉਹ ਮੁੰਡਾ ਬੋਲ ਗਿਆ।

"ਵਾਹ ਬਾਈ ਜੀ, ਵਾਹ..........ਕਮਾਲ ਦੀ ਕਵਿਤਾ ਐ..........ਕੀਹਦੀ ਲਿਖੀ ਐ ਬਾਈ ਜੀ?" ਹਰਮੀਤ ਨੇ ਉਸ ਮੁੰਡੇ ਨੂੰ ਪੁੱਛਿਆ।

"ਪਾਕਿਸਤਾਨ ਦਾ ਇਕ ਮੁਸਲਮਾਨ ਕਵੀ ਐ ਅਫ਼ਜ਼ਲ ਅਹਿਸਾਨ ਰੰਧਾਵਾ, ਉਹਨੇ ਜੂਨ 84 'ਤੇ ਇਹ ਕੰਵਿਤਾ ਲਿਖੀ ਸੀ 'ਨਵਾਂ ਘੱਲੂਘਾਰਾ'।" ਉਸ ਮੁੰਡੇ ਨੇ ਦੱਸਿਆ।

ਅਜਾਇਬ ਘਰ ਤੋਂ ਬਾਹਰ ਆ ਕੇ ਉਸ ਨੇ ਸਾਰੀ ਕਵਿਤਾ ਮੁੰਡਿਆਂ ਨੂੰ ਸੁਣਾਈ। ਕਈ ਵਾਰ ਉਹ ਸੁਣਾਉਂਦਾ ਤੇ ਇਹ ਸੁਣਦੇ ਹੰਝੂ ਸੁੱਟਦੇ ਰਹੇ।

ਵਾਪਸੀ 'ਤੇ ਜਦੋਂ ਇਹ ਦੁਬਾਰਾ ਪਰਕਰਮਾ ਵਿਚ ਮੱਥਾ ਟੇਕਣ ਗਏ ਤਾਂ ਦੂਰ ਅਕਾਲ ਤਖਤ ਸਾਹਿਬ ਵੱਲ ਵੇਖ ਕੇ ਮੰਦਰ ਬੋਲਣ ਲੱਗਾ, "ਲੜਾਂਗੇ ਸਾਥੀ..........

ਜੇ ਰੋਟੀ ਨਾ ਮਿਲੀ ਤਾਂ ਬਾਰੂਦ ਖਾ ਕੇ ਲੜਾਂਗੇ..........
ਲੜ ਕੇ ਮਰ ਚੁੱਕਿਆਂ ਦੀ ਯਾਦ ਜਿਉਂਦੀ ਰੱਖਣ ਲਈ ਲੜਾਂਗੇ..........।"

"ਠੀਕ ਆਹਨੈਂ ਬਾਈ..........ਇਹ ਲੜਾਈ ਖਤਮ ਨਹੀਂ ਹੋਈ..........ਇਹ ਤਾਂ ਅਜੇ ਸ਼ੁਰੂ ਹੋਈ ਐ..........ਤੇ ਹਾਰਨ ਵਾਲਿਆਂ ਨੇ ਜਿੱਤਣੈ।

ਜੰਗ ਹਿੰਦ ਪੰਜਾਬ ਦਾ ਮੁੜ ਹੋਸੀ
ਸਾਥੋਂ ਖੁੱਸੀਆਂ ਭਾਵੇਂ ਸਰਦਾਰੀਆਂ ਨੇ।
ਉਦੋਂ ਤਕ ਨਹੀਂ ਜੰਗ ਇਹ ਖ਼ਤਮ ਹੋਣੀ,
ਜਦ ਤਕ ਜਿੱਤਦੀਆਂ ਨਹੀਂ ਜੋ ਹਾਰੀਆਂ ਨੇ।

ਹਰਪ੍ਰੀਤ ਵੀ ਆਵਦੀ ਸਹਿਮਤੀ ਦੇ ਗਿਆ।

"ਆਹੋ ਮਿੱਤਰੋ..........ਜੰਗ ਅਜੇ ਜਾਰੀ ਹੈ..........ਤੇ ਜੰਗ ਜਾਰੀ ਰਹੇਗੀ" ਦਰਬਾਰ ਸਾਹਿਬ ਵਿਚੋਂ ਰਸ ਭਿੰਨੀ ਆਵਾਜ਼ ਆ ਰਹੀ ਸੀ..

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥੧॥

*

7.7.010



ਭਾਈ ਜਗਦੀਪ ਸਿੰਘ ਫਰੀਦਕੋਟ, ਜਿਹਨਾਂ ਦੀ ਕਲਮ ਵਿਚ ਸੰਘਰਸ਼ ਕਰਨ ਦਾ ਦਮ ਹੈ ਤੇ ਪਿਛਲੇ ਕਾਫੀ ਸਮੇਂ ਤੋਂ ਉਹ ਸੰਘਰਸ਼ ਕਰ ਵੀ ਰਹੀ ਹੈ।

ਜਿਹਨਾਂ ਨੇ ਕੌਮ ਦੀ ਆਜ਼ਾਦੀ ਦੇ ਚੱਲੇ ਸੰਘਰਸ਼ ਦੌਰਾਨ ਚਾਹੇ ਹਥਿਆਰ ਨਹੀਂ ਸੰਭਾਲੇ, ਪਰ ਅੱਜ ਉਹਨਾਂ ਦੀ ਕਲਮ ਹਥਿਆਰ ਦਾ ਹੀ ਕੰਮ ਕਰ ਰਹੀ ਹੈ। ਅੱਜ ਦੁਸ਼ਮਨ ਨਜ਼ਰਾਂ ਇਹਨਾਂ ਕਲਮਾਂ ਤੋਂ ਉਵੇਂ ਹੀ ਭੈਅ ਖਾ ਰਹੀਆਂ ਹਨ ਜਿਵੇਂ ਕਦੇ ਉਹ ਯੋਧਿਆਂ ਦੀਆਂ ਅਸਾਲਟਾਂ ਤੋਂ ਖਾਂਦੀਆਂ ਸਨ।

'ਅਬ ਜੂਝਨ ਕੋ ਦਾਉ' ਨਾਮੀ ਇਹ ਨਾਵਲ, ਮੌਤ ਸਾਹਮਣੇ ਸਰ ਕਰਨ ਵਾਲੀਆਂ ਅਧੂਰੀਆਂ ਵਾਟਾਂ ਨੂੰ ਮੰਜ਼ਿਲ ਤੇ ਪਹੁੰਚਦੇ ਕਰਨ ਵਾਲਾ ਇਕ ਦਸਤਾਵੇਜ਼ ਹੈ ਜੋ ਹਰੇਕ ਪੰਥ ਦਰਦੀ ਤੇ ਨੌਜੁਆਨ ਲਈ ਪੜ੍ਹਨਾ ਜਰੂਰੀ ਹੈ।

ਇਹ ਕਹਾਣੀ ਸਿਰਫ ਇਕ ਅਜਮੇਰ ਸਿੰਘ ਦੇ ਆਪਣੇ ਪੋਤਰਿਆਂ ਨੂੰ ਸੁਣਾਇਆਂ ਨਹੀਂ ਸਰਨਾਂ, ਸਗੋਂ ਪੰਜਾਬ ਦੇ ਸਾਰੇ ਦਾਦੇ ਜੇ ਆਪਣੇ ਪੋਤਰਿਆਂ ਨੂੰ ਜੇ ਇਹ ਬੇਵਫਾਈਆਂ ਦੀ ਲੰਬੀ ਦਾਸਤਾਨ ਸੁਣਾਉਣਗੇ ਤਾਂ ਹੀ 'ਪੰਥ ਖਾਲਸੇ' ਦਾ ਕੁਝ ਭਲਾ ਹੋ ਸਕੇਗਾ। ਭੁੱਬਾਂ ਮਾਰ-ਮਾਰ ਰੋਂਦੇ ਬਾਪੂ ਪੰਜਾਬ ਦੀ ਸਾਰ ਓਨਾ ਚਿਰ ਓਹਦੇ ਪੁੱਤਰ ਨਹੀਂ ਲੈਣਗੇ, ਜਿੰਨਾ ਚਿਰ ਉਹ ਬਾਪੂ ਦੀ ਪੀੜ ਨੂੰ ਮਹਿਸੂਸ ਨਹੀਂ ਕਰਨਗੇ। ਜਗਦੀਪ ਨੇ ਉਹੀ ਪੀੜ ਨੌਜੁਆਨਾਂ ਦੇ ਸਾਹਮਣੇ ਰੱਖਣ ਦਾ ਯਤਨ ਕੀਤਾ ਹੈ। ਯੋਧਿਆਂ ਦੀ ਇਹ ਕੌਮ, ਜਿਹੜੀ ਕਿ ਹੁਣ ਨਚਾਰਾਂ ਦੀ ਕੌਮ ਬਣਦੀ ਜਾ ਰਹੀ ਹੈ, ਜੇ ਕੁਝ ਸਮਾਂ ਹੋਰ ਇਸ ਪੀੜ ਤੋਂ ਅਣਜਾਣ ਰਹੀ ਤਾਂ ਬਾਪੂ ਦਰਦ ਨਾਲ ਕਰਾਹੁੰਦਾ ਮਰ ਜਾਵੇਗਾ......

ਵਾਹਿਗੁਰੂ, ਜਗਦੀਪ ਦੀ ਕਲਮ ਨੂੰ ਹੋਰ ਬਲ ਬਖਸ਼ੇ......

ਕਰਮਜੀਤ ਸਿੰਘ ਸਿੱਖਾਂਵਾਲਾ

ਗੁਰਮਤਿ ਪੁਸਤਕ ਭੰਡਾਰ (31 ਨੰਬਰ ਵਾਲੇ)

ਦੁਕਾਨ ਨੰ: 134 (ਸਕੂਟਰ ਸਟੈਂਡ ਉੱਪਰ), ਚੌਂਕ ਘੰਟਾ ਘਰ ਮਾਰਕੀਟ, ਅੰਮ੍ਰਿਤਸਰ

ਫੋਨ : 0183-5101231 ਮੋਬਾਇਲ : 98726-58302, 98151-61234